ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Tuesday, 29 July, 2025) ਪਟਿਆਲਾ ਮੰਗਲਵਾਰ, 29 ਜੁਲਾਈ, 2025, 14 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 208 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਵਿਰੋਧੀ ਧਿਰਾਂ ਦੇ ਹੰਗਾਮੇ ਕਾਰਨ ਰਾਜ ਸਭਾ ਦੀ ਕਾਰਵਾਈ ਮੁਲਤਵੀ

ਨਵੀਂ ਦਿੱਲੀ, 28 ਜੁਲਾਈ (ਚੜ੍ਹਦੀਕਲਾ ਬਿਊਰੋ) :ਬਿਹਾਰ 'ਚ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ ਦੇ ਮੁੱਦੇ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਰਾਜ ਸਭਾ 'ਚ ਸਰਕਾਰ ਅਤੇ ਵਿਰੋਧੀ ਧਿਰ ਵਿਚਕਾਰ ਡੈੱਡਲਾਕ ਸੋਮਵਾਰ ਨੂੰ ਵੀ ਹੱਲ ਨਹੀਂ ਹੋ ਸਕਿਆ ਤੇ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਪਹਿਲਾਂ ਬਾਰਾਂ ਵਜੇ, ਫਿਰ ਦੋ ਵਜੇ ਤੇ ਅੰਤ ਵਿੱਚ ਪੂਰੇ ਦਿਨ ਲਈ ਮੁਲਤਵੀ ਕਰਨੀ ਪਈ। ਮਾਨਸੂਨ ਸੈਸ਼ਨ ਦਾ ਪਹਿਲਾ ਹਫ਼ਤਾ (ਬਾਕੀ ਸਫਾ 2 'ਤੇ)

### ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਸੱਦਾ

## ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਜੰਗ 'ਚ ਸਾਥ ਦੇ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ 'ਚ ਦੇਵੋ ਸਹਿਯੋਗ

### 'ਲਾਲ ਕਿਲ੍ਹੇ ਦੀ ਫਸੀਲ 'ਤੇ ਪ੍ਰਧਾਨ ਮੰਤਰੀ ਤਾਂ ਬਦਲਦੇ ਰਹੇ, ਪਰ ਉਨ੍ਹਾਂ ਦੇ ਭਾਸ਼ਣ ਨਹੀਂ'

ਸੁਖਦੇਵ ਸਿੰਘ ਉੜਾਪੜ'

================



ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ), 28 ਜੁਲਾਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਬਣਾਉਣ ਲਈ ਸੂਬਾ ਵਾਸੀਆਂ ਨੂੰ ਸਰਕਾਰ ਨਾਲ ਡਟ ਕੇ ਚੱਲਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਯਤਨ ਸਾਡੇ ਸਾਰਿਆਂ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਅੱਜ ਇੱਥੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਜੰਗ ਛੇੜੀ ਹੈ ਅਤੇ ਇਨ੍ਹਾਂ ਅਪਰਾਧਾਂ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟਿਆਂ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਜੰਗ ਨੇ ਰਵਾਇਤੀ ਪਾਰਟੀਆਂ ਦੇ ਦੋਗਲੇ ਚਿਹਰੇ ਨੂੰ ਵੀ ਨੰਗਾ ਕੀਤਾ ਹੈ ਜੋ ਸੂਬੇ ਨੂੰ ਲੁੱਟਣ ਅਤੇ ਨਸ਼ਿਆਂ ਰਾਹੀਂ ਨੌਜਵਾਨਾਂ ਦੀ ਨਸਲਕੁਸ਼ੀ ਲਈ ਆਪਸ ਵਿੱਚ ਮਿਲੀਆਂ ਹੋਈਆਂ ਅਤੇ ਬਰਾਬਰ ਦੀਆਂ ਜ਼ਿੰਮੇਵਾਰ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਇਹ ਜੰਗ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਸੂਬੇ ਦੇ ਲੋਕ ਇਸ ਵਿੱਚ ਸਰਗਰਮ ਭੂਮਿਕਾ ਨਿਭਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਕੈਪਟਨ, ਬਾਦਲ, ਮਜੀਠੀਆ ਨੇ ਆਪਣੇ ਨਿੱਜੀ ਹਿੱਤਾਂ ਖ਼ਾਤਰ ਪੰਜਾਬ ਅਤੇ ਇਸਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਨ ਦੀ ਆਪਣੇ ਪਰਿਵਾਰਾਂ ਦੀ 'ਦੋਗਲੀ ਵਿਰਾਸਤ' ਨੂੰ ਜਾਰੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ, ਜੋ ਕਿ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹੋਣ ਕਾਰਨ ਅੱਜ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ, ਦੇ ਪੁਰਖਿਆਂ ਨੇ 1919 ਵਿੱਚ ਜਲ੍ਹਿਆਂਵਾਲਾ ਬਾਗ ਕਤਲੇਆਮ ਵਾਲੀ ਰਾਤ ਜਨਰਲ ਡਾਇਰ ਲਈ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਕੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਸੀ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ (ਬਾਕੀ ਸਫਾ 2 'ਤੇ)

### ਸੰਸਦ 'ਚ 'ਆਪ੍ਰੇਸ਼ਨ ਸਿੰਦੂਰ' 'ਤੇ ਬੋਲੇ ਰੱਖਿਆ ਮੰਤਰੀ

# ਪਾਕਿਸਤਾਨ ਨੇ 10 ਮਈ ਨੂੰ ਫ਼ੌਜੀ ਕਾਰਵਾਈ ਰੋਕਣ ਦੀ ਕੀਤੀ ਸੀ ਅਪੀਲ: ਰਾਜਨਾਥ ਸਿੰਘ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੁਲਾਈ :ਅਮਰੀਕਾ ਵੱਲੋਂ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਨੂੰ ਰੋਕਣ ਲਈ ਵਿਚੋਲਗੀ ਕਰਨ ਦੇ ਦਾਅਵੇ ਤੋਂ ਬਾਅਦ ਪਹਿਲੀ ਵਾਰ ਸਰਕਾਰ ਨੇ ਅੱਜ ਸੰਸਦ ਵਿੱਚ ਸਪੱਸ਼ਟ ਕੀਤਾ ਕਿ 'ਆਪ੍ਰੇਸ਼ਨ ਸਿੰਦੂਰ' ਪਾਕਿਸਤਾਨ ਦੀ ਅਪੀਲ 'ਤੇ ਰੋਕਿਆ ਗਿਆ ਸੀ। ਸਰਕਾਰ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਤਹਿਤ ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ ਦੇ ਕਈ ਮਹੱਤਵਪੂਰਨ ਹਵਾਈ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਪਾਕਿਸਤਾਨ ਨੇ ਗੋਲੀਬਾਰੀ ਬੰਦ ਕਰਨ ਦੀ ਅਪੀਲ ਕੀਤੀ ਸੀ।

ਅੱਜ ਲੋਕ ਸਭਾ ਵਿੱਚ ਪਹਿਲਗਾਮ ਅਤਿਵਾਦੀ ਹਮਲੇ ਅਤੇ ਭਾਰਤ ਦੀ ਫੌਜੀ ਪ੍ਰਤੀਕਿਰਿਆ 'ਤੇ ਚਰਚਾ ਸ਼ੁਰੂ ਕਰਦਿਆਂ ਰੱਖਿਆ ਮੰਤਰੀ ਰਾਜਨਾਥ



ਸਿੰਘ ਨੇ ਕਿਹਾ ਕਿ ਇਹ ਦਾਅਵੇ ਕਿ 'ਆਪ੍ਰੇਸ਼ਨ ਸਿੰਦੂਰ' ਕਿਸੇ ਦੇ ਦਬਾਅ ਹੇਠ ਰੋਕਿਆ ਗਿਆ ਸੀ, ਪੂਰੀ ਤਰ੍ਹਾਂ ਝੂਠੇ ਅਤੇ ਬੇਬੁਨਿਆਦ ਹਨ।ਉਨ੍ਹਾਂ ਕਿਹਾ, "ਆਪ੍ਰੇਸ਼ਨ ਸਿੰਦੂਰ ਦਾ ਉਦੇਸ਼ ਪਾਕਿਸਤਾਨ ਨੂੰ ਭਾਰਤ ਖ਼ਿਲਾਫ਼ ਅਤਿਵਾਦ ਦੀ ਵਰਤੋਂ ਕਰਨ ਲਈ ਸਜ਼ਾ ਦੇਣਾ ਅਤੇ 22 ਅਪ੍ਰੈਲ ਦੇ ਪਹਿਲਗਾਮ ਅਤਿਵਾਦੀ ਹਮਲੇ ਦੇ ਪੀੜਤਾਂ ਲਈ ਨਿਆਂ ਪ੍ਰਾਪਤ ਕਰਨਾ ਸੀ। ਇਸ ਆਪ੍ਰੇਸ਼ਨ ਨੇ ਕਦੇ ਵੀ ਇਲਾਕੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦਾ ਉਦੇਸ਼ ਦਹਾਕਿਆਂ ਤੋਂ ਪਾਕਿਸਤਾਨ ਦੁਆਰਾ ਪਾਲੀਆਂ ਜਾ ਰਹੀਆਂ ਅਤਿਵਾਦੀ ਨਰਸਰੀਆਂ 'ਤੇ ਹਮਲਾ ਕਰਨਾ ਸੀ। (ਬਾਕੀ ਸਫਾ 2 'ਤੇ)

## ਸੋਨੀਆ, ਖੜਗੇ, ਅਖਿਲੇਸ਼ ਤੇ ਹੋਰ ਵਿਰੋਧੀ ਆਗੂਆਂ ਵੱਲੋਂ ਐਸ.ਆਈ.ਆਰ. ਵਿਰੁੱਧ ਪ੍ਰਦਰਸ਼ਨ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੁਲਾਈ :ਬਿਹਾਰ ਵਿੱਚ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਦੇ ਖਿਲਾਫ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' ਦੇ ਕਈ ਭਾਈਵਾਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੋਮਵਾਰ ਨੂੰ ਸੰਸਦ ਭਵਨ ਕੰਪਲੈਕਸ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ।

ਕਾਂਗਰਸ ਸੰਸਦੀ ਪਾਰਟੀ ਦੀ ਮੁਖੀ ਸੋਨੀਆ ਗਾਂਧੀ, ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਅਤੇ ਕਈ ਹੋਰ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੰਸਦ ਦੇ 'ਮਕਰ ਦੁਆਰ' ਦੇ ਨੇੜੇ ਆਯੋਜਿਤ ਇਸ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਇੱਕ ਵੱਡਾ ਬੈਨਰ ਵੀ ਚੁੱਕਿਆ ਹੋਇਆ ਸੀ ਜਿਸ 'ਤੇ ਲਿਖਿਆ ਸੀ-

'ਐਸ.ਆਈ. ਆਰ. - ਲੋਕਤੰਤਰ 'ਤੇ ਹਮਲਾ'। ਖੜਗੇ ਨੇ ਐਸ.ਆਈ.ਆਰ. ਵਿਰੁੱਧ 'ਸੰਵਿਧਾਨ ਬਚਾਓ' ਅਤੇ 'ਲੋਕਤੰਤਰ ਨੂੰ ਮਾਰਨਾ ਬੰਦ ਕਰੋ' ਦੇ ਨਾਅਰੇ ਲਗਾਏ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਕਿਹਾ ਕਿ ਇਸ ਮੁੱਦੇ 'ਤੇ ਸੰਸਦ ਵਿੱਚ ਚਰਚਾ ਹੋਣੀ ਚਾਹੀਦੀ ਹੈ।

(ਬਾਕੀ ਸਫਾ 2 'ਤੇ)

## ਯੂ.ਪੀ. ਦੇ ਅਵਸਾਨੇਸ਼ਵਰ ਮੰਦਰ 'ਚ ਭਾਜੜ ਕਾਰਨ ਦੋ ਮਰੇ, 32 ਜ਼ਖ਼ਮੀ

ਚੜ੍ਹਦੀਕਲਾ ਬਿਊਰੋ

================





ਬਾਰਾਬੰਕੀ, 28 ਜੁਲਾਈ :ਇਥੇ ਹੈਦਰਗੜ੍ਹ ਇਲਾਕੇ ਵਿਚ ਅਵਸਾਨੇਸ਼ਵਰ ਮੰਦਰ ਵਿਚ ਭਗਦੜ ਮਚਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ 32 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਅਧਿਕਾਰੀਆਂ ਨੇ ਕਿਹਾ ਕਿ ਸੋਮਵਾਰ ਸਵੇਰੇ ਬਾਂਦਰਾਂ ਵੱਲੋਂ ਤੋੜੀ ਬਿਜਲੀ ਦੀ ਕਰੰਟ ਵਾਲੀ ਤਾਰ ਦੇ ਟੀਨ ਦੇ ਸ਼ੈੱਡਾਂ 'ਤੇ ਡਿੱਗਣ ਮਗਰੋਂ ਭਗਦੜ ਮਚ ਗਈ। ਸਾਉਣ ਦੇ ਮਹੀਨੇ ਕਰਕੇ ਵੱਡੀ ਗਿਣਤੀ ਸ਼ਰਧਾਲੂ 'ਜਲਅਭਿਸ਼ੇਕ' ਲਈ ਮੰਦਰ ਵਿਚ ਇਕੱਠੇ ਹੋਏ ਸਨ।

ਤਾਰ ਡਿੱਗਣ ਨਾਲ ਟੀਨ ਸ਼ੈੱਡ ਵਿੱਚ ਬਿਜਲੀ ਦਾ ਕਰੰਟ ਫੈਲ ਗਿਆ, ਜਿਸ ਨਾਲ ਮੰਦਰ ਦੇ ਅਹਾਤੇ ਵਿੱਚ ਦਹਿਸ਼ਤ ਫੈਲ ਗਈ ਅਤੇ ਭਗਦੜ ਮਚ ਗਈ।ਅਧਿਕਾਰੀਆਂ ਨੇ ਦੱਸਿਆ ਕਿ ਲੋਨੀਕਤਰਾ ਪੁਲਿਸ ਥਾਣਾ ਖੇਤਰ ਅਧੀਨ ਆਉਂਦੇ ਮੁਬਾਰਕਪੁਰਾ ਪਿੰਡ ਦੇ ਰਹਿਣ ਵਾਲੇ ਪ੍ਰਸ਼ਾਂਤ (22) ਅਤੇ ਇੱਕ ਹੋਰ 30 ਸਾਲਾ ਸ਼ਰਧਾਲੂ ਦੀ ਤ੍ਰਿਵੇਦੀਗੰਜ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਕੁੱਲ 10 ਜ਼ਖ਼ਮੀਆਂ ਨੂੰ ਤ੍ਰਿਵੇਦੀਗੰਜ ਸੀਐਚਸੀ ਲਿਆਂਦਾ ਗਿਆ, (ਬਾਕੀ ਸਫਾ 2 'ਤੇ)

## ਵਿਰੋਧੀ ਧਿਰ 'ਆਪ੍ਰੇਸ਼ਨ ਸਿੰਦੂਰ' 'ਤੇ ਬਹਿਸ ਤੋਂ ਭੱਜ ਰਹੀ ਹੈ : ਰਿਜਿਜੂ

ਨਵੀਂ ਦਿੱਲੀ, 28 ਜੁਲਾਈ (ਚੜ੍ਹਦੀਕਲਾ ਬਿਊਰੋ) : ਸਰਕਾਰ ਨੇ ਸੋਮਵਾਰ ਨੂੰ ਵਿਰੋਧੀ ਧਿਰ ਉਤੇ 'ਪਹਿਲਗਾਮ ਹਮਲੇ' ਅਤੇ 'ਆਪ੍ਰੇਸ਼ਨ ਸਿੰਦੂਰ' 'ਤੇ ਬਹਿਸ ਤੋਂ ਭੱਜਣ ਦਾ ਦੋਸ਼ ਲਾਇਆ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਦੱਸਿਆ ਕਿ ਚਰਚਾ ਸ਼ੁਰੂ ਹੋਣ ਤੋਂ ਕੁਝ ਮਿੰਟ ਪਹਿਲਾਂ ਵਿਰੋਧੀ ਧਿਰ ਚਾਹੁੰਦੀ ਸੀ ਕਿ ਸਰਕਾਰ ਇਹ ਭਰੋਸਾ ਦੇਵੇ ਕਿ ਉਹ 'ਆਪ੍ਰੇਸ਼ਨ ਸਿੰਦੂਰ' ਦੀ ਚਰਚਾ ਖ਼ਤਮ ਹੋਣ ਤੋਂ ਬਾਅਦ ਬਿਹਾਰ ਵਿੱਚ ਵੋਟਰ ਸੂਚੀਆਂ ਦੀ 'ਵਿਸ਼ੇਸ਼ ਵਿਆਪਕ ਸੁਧਾਈ' (ਸਿਰ) 'ਤੇ ਬਹਿਸ ਦੀ ਆਗਿਆ ਦੇਵੇਗੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਸਮਝੌਤੇ ਤੋਂ ਬਾਅਦ ਆਪ੍ਰੇਸ਼ਨ ਸਿੰਦੂਰ' 'ਤੇ ਚਰਚਾ ਤੋਂ ਭੱਜ ਰਹੀ ਹੈ ਅਤੇ ਹੁਣ ਸ਼ਰਤਾਂ ਲਗਾ ਰਹੀ ਹੈ। ਉਨ੍ਹਾਂ ਕਿਹਾ ਕਿ ਸੰਸਦ (ਬਾਕੀ ਸਫਾ 2 'ਤੇ)

## ਸਰਕਾਰ ਦੱਸੇ ਕਿ 'ਆਪ੍ਰੇਸ਼ਨ ਸਿੰਦੂਰ' ਕਿਉਂ ਰੋਕਿਆ ਗਿਆ: ਗੋਗੋਈ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੁਲਾਈ :ਲੋਕ ਸਭਾ ਵਿੱਚ ਕਾਂਗਰਸ ਦੇ ਡਿਪਟੀ ਲੀਡਰ ਗੌਰਵ ਗੋਗੋਈ ਨੇ ਸੋਮਵਾਰ ਨੂੰ ਕਿਹਾ ਕਿ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ 'ਆਪ੍ਰੇਸ਼ਨ ਸਿੰਦੂਰ' ਕਿਉਂ ਰੋਕਿਆ ਗਿਆ ਅਤੇ ਪਹਿਲਗਾਮ ਵਿੱਚ 26 ਮਾਸੂਮ ਨਾਗਰਿਕਾਂ ਨੂੰ ਮਾਰਨ ਵਾਲੇ ਅੱਤਵਾਦੀ ਅਜੇ ਵੀ ਫ਼ਰਾਰ ਕਿਉਂ ਹਨ। ਹੇਠਲੇ ਸਦਨ ਵਿੱਚ 'ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਭਾਰਤ ਦੇ ਮਜ਼ਬੂਤ, ਸਫਲ ਅਤੇ ਫੈਸਲਾਕੁੰਨ 'ਆਪ੍ਰੇਸ਼ਨ ਸਿੰਦੂਰ'' 'ਤੇ ਇੱਕ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦੇ ਕਾਂਗਰਸ ਨੇਤਾ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਸੁਰੱਖਿਆ ਵਿੱਚ ਹੋਈ ਕੁਤਾਹੀ ਲਈ ਨੈਤਿਕ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਕੁਝ ਫੌਜੀ ਅਧਿਕਾਰੀਆਂ ਦੇ ਬਿਆਨਾਂ ਦਾ ਹਵਾਲਾ ਦਿੰਦੇ ਕਿਹਾ



ਕਿ ਪਾਕਿਸਤਾਨ ਨਾਲ ਫੌਜੀ ਟਕਰਾਅ ਵਿੱਚ ਕਿੰਨੇ ਜਹਾਜ਼ ਡਿੱਗੇ, ਦੇ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਨਾ ਸਿਰਫ਼ ਜਨਤਾ ਲਈ ਸਗੋਂ ਸੈਨਿਕਾਂ ਲਈ ਵੀ ਮਹੱਤਵਪੂਰਨ ਹੈ। ਸਦਨ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਕਾਂਗਰਸ ਨੇਤਾ ਨੇ ਦਾਅਵਾ ਕੀਤਾ ਕਿ ਸਿੰਘ ਨੇ ਬਹੁਤ ਸਾਰੀਆਂ ਸੱਚਾਈਆਂ ਦਾ ਖੁਲਾਸਾ ਨਹੀਂ ਕੀਤਾ।

ਗੋਗੋਈ ਨੇ ਕਿਹਾ, 'ਹਾਲ ਹੀ ਵਿੱਚ, ਜੋ ਜੰਗ ਹੋਈ, ਉਹ ਸੂਚਨਾ ਦੀ ਜੰਗ ਸੀ। ਅਸੀਂ ਦੁਨੀਆਂ ਨੂੰ ਸੱਚਾਈ ਬਾਰੇ ਦੱਸਣਾ ਚਾਹੁੰਦੇ ਸੀ ਪਰ ਕੁਝ ਤਾਕਤਾਂ ਝੂਠ ਫੈਲਾ ਰਹੀਆਂ ਸਨ। ਇਸ ਚਰਚਾ ਦਾ ਮਕਸਦ ਇਹ ਹੈ ਕਿ ਸੱਚਾਈ ਸਦਨ ਵਿੱਚ ਜ਼ਰੂਰ ਆਵੇ।' ਉਨ੍ਹਾਂ ਕਿਹਾ ਰਾਜਨਾਥ ਸਿੰਘ ਜੀ ਨੇ ਬਹੁਤ ਸਾਰੀ ਜਾਣਕਾਰੀ ਦਿੱਤੀ ਪਰ ਰੱਖਿਆ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਅੱਤਵਾਦੀ ਪਹਿਲਗਾਮ ਕਿਵੇਂ ਆਏ ? ਅੱਤਵਾਦੀਆਂ ਨੇ ਕਿਵੇਂ ਉੱਥੇ ਪਹੁੰਚ ਕੇ ਲੋਕਾਂ ਨੂੰ ਮਾਰਿਆ ?

ਉਨ੍ਹਾਂ ਕਿਹਾ, 'ਵਿਰੋਧੀ ਧਿਰ ਦਾ ਫਰਜ਼ ਬਣਦਾ ਹੈ ਕਿ ਉਹ ਰਾਸ਼ਟਰੀ ਹਿੱਤ ਵਿੱਚ ਸਵਾਲ ਪੁੱਛੇ। ਦੇਸ਼ ਜਾਣਨਾ ਚਾਹੁੰਦਾ ਹੈ ਕਿ ਪੰਜ ਅੱਤਵਾਦੀ ਕਿਵੇਂ ਦਾਖਲ ਹੋਏ ? ਉਨ੍ਹਾਂ ਅੱਤਵਾਦੀਆਂ ਦਾ ਉਦੇਸ਼ ਜੰਮੂ-ਕਸ਼ਮੀਰ ਦੀ ਆਰਥਿਕਤਾ ਨੂੰ ਤਬਾਹ ਕਰਨਾ ਅਤੇ ਦੇਸ਼ ਵਿੱਚ ਫਿਰਕੂ ਮਾਹੌਲ ਬਣਾਉਣਾ ਸੀ।' ਕਾਂਗਰਸ (ਬਾਕੀ ਸਫਾ 2 'ਤੇ)

## ਤੁਸੀਂ ਸਦਨ ਨੂੰ ਕਿਉਂ ਨਹੀਂ ਚੱਲਣ ਦੇ ਰਹੇ ? ਵਿਰੋਧੀ ਧਿਰ 'ਤੇ ਭੜਕੇ ਸਪੀਕਰ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 28 ਜੁਲਾਈ : ਇੱਕ ਹਫ਼ਤੇ ਦੀ ਰੁਕਾਵਟ ਤੋਂ ਬਾਅਦ ਸੰਸਦ ਦਾ ਮਾਨਸੂਨ ਸੈਸ਼ਨ ਅੱਜ ਤੋਂ ਫਿਰ ਸ਼ੁਰੂ ਹੋ ਗਿਆ ਹੈ। ਅੱਜ ਦੇ ਸੈਸ਼ਨ ਵਿਚ ਪਹਿਲਗਾਮ ਅੱਤਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਵਰਗੇ ਗੰਭੀਰ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਮੁੱਦਿਆਂ 'ਤੇ ਲੋਕ ਸਭਾ ਅਤੇ ਰਾਜ ਸਭਾ ਵਿੱਚ ਜ਼ੋਰਦਾਰ ਚਰਚਾ ਸ਼ੁਰੂ ਹੋਵੇਗੀ। ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਅੱਜ ਤੋਂ ਸੁਚਾਰੂ ਢੰਗ ਨਾਲ ਚੱਲਣ ਦੀ ਉਮੀਦ ਸੀ ਪਰ ਵਿਰੋਧੀ ਧਿਰ ਨੇ ਹੰਗਾਮੇ ਕਾਰਨ ਕਾਰਵਾਈ 12 ਵਜੇ ਤੱਕ ਮੁਲਤਵੀ ਕਰਨੀ ਪਈ। ਸਦਨ ਦੀ ਕਾਰਵਾਈ ਦੌਰਾਨ ਵਿਰੋਧੀ ਧਿਰ 'ਤੇ ਭੜਕੇ ਹੋਏ ਸਪੀਕਰ ਓਮ ਬਿਰਲਾ ਨੇ ਕਿਹਾ ਕਿ ਅੱਜ ਪ੍ਰਸ਼ਨ ਕਾਲ ਵਿੱਚ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਹੋਣੀ ਹੈ। ਬਿਰਲਾ ਨੇ ਅੰਦੋਲਨਕਾਰੀ ਮੈਂਬਰਾਂ



ਵੱਲੋਂ ਤਖ਼ਤੀਆਂ ਦਿਖਾ ਕੇ ਅਤੇ ਨਾਅਰੇਬਾਜ਼ੀ ਕਰਨ 'ਤੇ ਨਿਰਾਸ਼ਾ ਪ੍ਰਗਟ ਕੀਤੀ ਅਤੇ ਪੁੱਛਿਆ ਕਿ ਪ੍ਰਸ਼ਨ ਕਾਲ ਨੂੰ ਯੋਜਨਾਬੱਧ ਤਰੀਕੇ ਨਾਲ ਕਿਉਂ ਰੋਕਿਆ ਜਾ ਰਿਹਾ ਹੈ ? ਤੁਸੀਂ ਪ੍ਰਸ਼ਨ ਕਾਲ ਕਿਉਂ ਨਹੀਂ ਜਾਰੀ ਰੱਖਣਾ ਚਾਹੁੰਦੇ ? ਤੁਸੀਂ ਇਥੇ ਆ ਕੇ ਨਾਅਰੇਬਾਜ਼ੀ ਕਰਦੇ ਹੋ, ਪਰਚੇ ਸੁੱਟਦੇ ਹੋ। ਬਿਰਲਾ ਨੇ ਕਿਹਾ, 'ਕੀ ਤੁਸੀਂ ਸਦਨ ਨੂੰ ਵਿਗਾੜਨਾ ਚਾਹੁੰਦੇ ਹੋ, ਕੀ ਤੁਸੀਂ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਨਹੀਂ ਕਰਨਾ (ਬਾਕੀ ਸਫਾ 2 'ਤੇ)

## ਚੀਫ਼ ਖ਼ਾਲਸਾ ਦੀਵਾਨ ਦੇ ਐਡੀਸ਼ਨਲ ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਸੇਠੀ ਖ਼ਿਲਾਫ਼ ਪੋਕਸੋ ਐਕਟ ਤਹਿਤ ਐਫ.ਆਈ.ਆਰ. ਦਰਜ

ਬਬਲੂ ਮਹਾਜਨ

================



ਅੰਮ੍ਰਿਤਸਰ, 28 ਜੁਲਾਈ :ਚੀਫ ਖ਼ਾਲਸਾ ਦੀਵਾਨ ਦੇ ਵਧੀਕ ਆਨਰੇਰੀ ਸਕੱਤਰ ਹਰਿੰਦਰ ਪਾਲ ਸਿੰਘ ਸੇਠੀ ਦੇ ਖਿਲਾਫ ਇਕ ਨਬਾਲਗ ਲੜਕੀ ਦਾ ਸਰੀਰਕ ਸ਼ੋਸ਼ਣ ਕਰਨ ਦਾ ਮਾਮਲਾ ਦਰਜ ਹੋਇਆ ਹੈ। ਇਸ ਮਾਮਲੇ ਦੇ ਦਰਜ ਦੀ ਘਟਨਾ ਕਾਰਨ ਦੀਵਾਨ ਦੇ ਸਾਰੇ ਮੈਂਬਰ ਹੈਰਾਨ ਹਨ।ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਝਰ ਨੇ ਇਸ ਮਾਮਲੇ ਨੂੰ ਬੇਹਦ ਗੰਭੀਰ ਦਸਦਿਆਂ ਸਬੰਧਤ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਗਲ ਕਹੀ ਹੈ। ਦਸਣਯੋਗ ਹੈ ਕਿ ਵਧੀਕ ਆਨਰੇਰੀ ਸਕੱਤਰ ਦੇ ਪਿਤਾ ਸੰਤੋਖ ਸਿੰਘ ਸੇਠੀ ਕਰੀਬ ਅੱਧੀ ਸਦੀ ਤੋਂ ਦੀਵਾਨ ਸਮੇਤ ਵਖ-ਵਖ ਵਿਦਿਅਕ ਸੰਸਥਾਵਾਂ ਦੇ ਮੈਂਬਰ ਚਲੇ ਆ ਰਹੇ ਹਨ।ਜਾਣਕਾਰੀ ਮੁਤਾਬਿਕ ਹਰਿੰਦਰ ਪਾਲ ਸਿੰਘ ਸੇਠੀ ਪਹਿਲਾਂ ਆਪਣੇ ਅਤਿ ਨਜ਼ਦੀਕੀ ਰਿਸ਼ਤੇਦਾਰ ਦੀ ਪਤਨੀ ਨਾਲ ਕਥਿਤ ਤੌਰ 'ਤੇ ਨਜਾਇਜ਼ ਸਬੰਧ ਰਖਦਾ ਸੀ ਫਿਰ ਉਸ ਦੀ ਨਜ਼ਰ ਰਿਸ਼ਤੇਦਾਰ ਦੀ ਨਬਾਲਗ ਲੜਕੀ 'ਤੇ ਆ ਟਿਕੀ ਤੇ ਉਸ ਨਾਲ ਕਈ ਵਾਰ ਕਥਿਤ ਤੌਰ 'ਤੇ ਸਰੀਰਕ ਛੇੜਛਾੜ ਕੀਤੀ। ਲੜਕੀ ਦੇ ਚੀਕ ਚਿਹਾੜਾ ਪਾਉਣ 'ਤੇ ਸੇਠੀ ਨੇ ਉਸ ਨੂੰ ਲਾਲਚ ਤੇ ਧਮਕੀਆਂ ਵੀ ਦਿੱਤੀਆਂ ਸਨ।ਪੀੜਤ ਨਾਬਾਲਗ ਲੜਕੀ ਨੇ ਸੇਠੀ ਬਾਰੇ ਦਰਜ ਕਰਵਾਈ ਐਫ ਆਈ ਆਰ ਵਿਚ ਪੁਲਿਸ ਨੂੰ ਦਸਿਆ ਕਿ ਉਹ ਗਰਮੀਆਂ ਦੀਆਂ ਛੁਟੀਆਂ ਵਿਚ ਸੇਠੀ ਜੋ ਕਿ ਉਸ ਦਾ ਨੇੜੇ ਦਾ ਰਿਸ਼ਤੇਦਾਰ ਹੈ ਦੇ ਅੰਮ੍ਰਿਤਸਰ ਵਿਚਲੇ ਘਰ ਆਪਣੀ ਮਾਂ ਨਾਲ ਸਾਲ 2022 ਤੇ 2023 ਵਿਚ ਗਈ ਸੀ।ਘਰ ਵਿਚ ਸੇਠੀ ਨੇ ਉਸ ਨਾਲ ਸਰੀਰਕ ਛੇੜਛਾੜ ਕੀਤੀ। ਉਸ ਤੋਂ ਬਾਅਦ 24 ਅਕਤੂਬਰ 2023 ਨੂੰ ਸੇਠੀ ਉਸ ਨੂੰ ਤੇ ਉਸ ਦੀ ਮਾਂ ਨੂੰ ਦਿੱਲੀ ਦੇ ਇਕ ਹੋਟਲ ਵਿਚ ਲੈ ਗਿਆ, ਜਿਥੇ ਉਸ ਨੇ ਫਿਰ ਤੋਂ ਮੇਰੇ ਸਰੀਰ ਦੇ ਨਾਲ ਛੇੜਛਾੜ ਕੀਤੀ।ਨਾਬਾਲਗ ਪੀੜਤਾ ਨੇ ਐਫ ਆਈ ਆਰ ਵਿਚ ਕਿਹਾ ਕਿ ਸੇਠੀ ਨੇ ਮੇਰੀ ਮਾਂ ਨਾਲ ਵੀ ਹੋਟਲ ਵਿਚ ਸਰੀਰਕ ਸੰਬਧ ਬਣਾਏ ਤੇ ਬਾਅਦ ਵਿਚ ਮੈਨੂੰ ਦਸ ਹਜ਼ਾਰ ਰੁਪਏ ਤੇ ਇਕ ਫੋਨ ਵੀ ਲੈ ਕੇ ਦਿੱਤਾ।ਪੀੜਤ ਨੇ ਦਸਿਆ ਕਿ ਉਸ ਨੇ ਆਪਣੀ ਮਾਂ ਤੇ ਸੇਠੀ ਵਿਚਾਲੇ ਫੋਨ 'ਤੇ ਹੋਈ ਇਕ ਗੰਦੀ ਗੱਲਬਾਤ ਵੀ ਸੁਣੀ।ਇਸ ਸਾਰੇ ਮਾਮਲੇ ਦੀ ਸ਼ਿਕਾਇਤ ਦਿੱਲੀ ਦੇ ਇੱਕ ਥਾਣੇ ਵਿਚ ਦਰਜ (ਬਾਕੀ ਸਫਾ 2 'ਤੇ)

## ਗ਼ਰੀਬਾਂ ਦੇ ਘਰ ਢਾਹੁਣੇ ਦਰਸਾਉਂਦੈ ਭਾਜਪਾ ਦੇ ਹੰਕਾਰ ਨੂੰ: ਰਾਹੁਲ

ਨਵੀਂ ਦਿੱਲੀ, 28 ਜੁਲਾਈ (ਚ.ਨ.ਸ.) : ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਦਿੱਲੀ 'ਚ ਸੈਂਕੜੇ ਝੁੱਗੀ-ਝੌਂਪੜੀ ਵਾਲੇ ਬੇਘਰ ਹੋਣ ਕਾਰਨ ਬਹੁਤ ਦੁਖੀ ਹਨ ਕਿਉਂਕਿ ਭਾਜਪਾ ਸਰਕਾਰ ਨੇ ਉਨ੍ਹਾਂ ਦੇ ਘਰ ਢਾਹ ਦਿੱਤੇ ਹਨ।ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਇਸ ਸਬੰਧੀ ਅਸ਼ੋਕ ਵਿਹਾਰ ਖੇਤਰ ਦੇ ਆਪਣੇ ਤਾਜ਼ਾ ਦੌਰੇ ਦੀ ਇਕ ਵੀਡੀਓ ਸਾਂਝੀ ਕੀਤੀ, ਜਿੱਥੇ ਪ੍ਰਸ਼ਾਸਨ ਵੱਲੋਂ ਕਈ ਲੋਕਾਂ ਦੇ ਘਰ ਢਾਹ ਦਿੱਤੇ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਇਹ 'ਅੱਤਿਆਚਾਰ' ਸੱਤਾਧਾਰੀ ਪਾਰਟੀ ਦੀ ਗਰੀਬਾਂ ਪ੍ਰਤੀ ਗੈਰ-ਸੰਵੇਦਨਸ਼ੀਲਤਾ ਤੇ ਉਸ ਦੇ ਸੱਤਾ ਦੇ ਹੰਕਾਰ ਨੂੰ ਉਜਾਗਰ ਕਰਦਾ ਹੈ। ਇਕ ਵੀਡੀਓ ਸਾਂਝਾ ਕਰਦੇ ਹੋਏ ਰਾਹੁਲ ਗਾਂਧੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਕਲਪਨਾ ਕਰੋ, ਜੇ ਤੁਹਾਡੇ ਮਾਪਿਆਂ, ਬੱਚਿਆਂ ਜਾਂ ਭੈਣ-ਭਰਾਵਾਂ (ਬਾਕੀ ਸਫਾ 2 'ਤੇ)

### ਫ਼ੌਜ ਵੱਲੋਂ 'ਆਪ੍ਰੇਸ਼ਨ ਮਹਾਦੇਵ'

## ਪਹਿਲਗਾਮ ਹਮਲੇ ਦੇ ਸਾਜਿਸ਼ਘਾੜੇ ਸੁਲੇਮਾਨ ਸ਼ਾਹ ਸਣੇ 3 ਅੱਤਵਾਦੀ ਢੇਰ

ਚੜ੍ਹਦੀਕਲਾ ਬਿਊਰੋ

================

ਜੰਮੂ, 28 ਜੁਲਾਈ : ਫ਼ੌਜ ਦੇ ਐਲੀਟ ਪੈਰਾ ਕਮਾਂਡੋਜ਼ ਨੇ ਅੱਜ ਕਸ਼ਮੀਰ ਵਿੱਚ ਸ੍ਰੀਨਗਰ ਦੇ ਬਾਹਰਵਾਰ ਇੱਕ ਜੰਗਲੀ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਲ ਕਰਦਿਆਂ ਮੁਕਾਬਲੇ ਦੌਰਾਨ ਪਹਿਲਗਾਮ ਅੱਤਵਾਦੀ ਹਮਲੇ ਦੇ ਕਥਿਤ ਸਾਜਿਸ਼ਘਾੜੇ ਨੂੰ ਉਸ ਦੇ ਦੋ ਸਾਥੀਆਂ ਸਣੇ ਮਾਰ ਮੁਕਾਇਆ। ਅਧਿਕਾਰੀਆਂ ਨੇ ਅੱਜ ਇੱਥੇ ਦੱਸਿਆ ਕਿ ਸੁਲੇਮਾਨ ਸ਼ਾਹ ਉਰਫ਼ ਆਸਿਫ਼, ਜਿਸ ਨੂੰ 22 ਅਪਰੈਲ ਨੂੰ ਹੋਏ ਹਮਲੇ ਦਾ ਸਾਜਿਸ਼ਘਾੜਾ ਮੰਨਿਆ ਜਾਂਦਾ ਹੈ, ਸੁਰੱਖਿਆ ਬਲਾਂ ਵੱਲੋਂ ਅੱਜ ਅਚਾਨਕ 'ਆਪ੍ਰੇਸ਼ਨ ਮਹਾਦੇਵ' ਤਹਿਤ ਸ਼ੁਰੂ ਕੀਤੀ ਗਈ ਕਾਰਵਾਈ ਦੌਰਾਨ ਮਾਰਿਆ ਗਿਆ। ਇਹ ਕਾਰਵਾਈ ਪਹਿਲਗਾਮ ਹਮਲੇ ਦੇ ਮੁਲਜ਼ਮਾਂ ਵੱਲੋਂ ਵਰਤੇ ਗਏ ਸੈਟੇਲਾਈਟ ਫੋਨ ਦੀ ਵਰਤੋਂ ਦੇ ਸੰਕੇਤ



ਸਬੰਧੀ ਤਕਨੀਕੀ ਸਿਗਨਲ ਮਿਲਣ ਤੋਂ ਬਾਅਦ ਕੀਤੀ ਗਈ। ਮੁਕਾਬਲੇ ਦੌਰਾਨ ਮਾਰੇ ਗਏ ਦੋ ਹੋਰ ਅੱਤਵਾਦੀਆਂ ਦੀ ਪਛਾਣ ਜਿਬਰਾਨ, ਜੋ ਪਿਛਲੇ ਸਾਲ ਸੋਨਮਾਰਗ ਸੁਰੰਗ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਸੀ ਅਤੇ ਹਮਜ਼ਾ ਅਫਗਾਨੀ ਵਜੋਂ ਹੋਈ ਹੈ। ਪਹਿਲਗਾਮ ਦੇ ਬੈਸਰਨ ਮੈਦਾਨਾਂ 'ਚ ਅੱਤਵਾਦੀਆਂ ਨੇ 26 ਜਣਿਆਂ, ਜ਼ਿਆਦਾਤਰ ਸੈਲਾਨੀਆਂ, ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਕਾਰਨ ਹਥਿਆਰਬੰਦ ਬਲਾਂ ਨੇ 7 ਮਈ ਨੂੰ ਪਾਕਿਸਤਾਨ ਵਿੱਚ ਅਤਿਵਾਦੀ ਢਾਂਚੇ ਵਿਰੁੱਧ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਖੁਫੀਆ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਇਲਾਕੇ ਵਿੱਚ ਅੱਤਵਾਦੀਆਂ ਦੇ ਇੱਕ ਹੋਰ ਸਮੂਹ ਦੀ ਮੌਜੂਦਗੀ ਹੈ, ਇਸ ਲਈ ਫ਼ੌਜ ਅਤੇ ਹੋਰ ਸੁਰੱਖਿਆ ਬਲਾਂ ਦੀਆਂ ਵਾਧੂ ਫੋਰਸਾਂ ਭੇਜੀਆਂ ਗਈਆਂ ਹਨ। (ਬਾਕੀ ਸਫਾ 2 'ਤੇ)

## ਰਾਜਪਾਲ ਨੂੰ ਇਹ ਕਹਿਣਾ ਸ਼ੋਭਾ ਨਹੀਂ ਦਿੰਦਾ ਕਿ 'ਹਿਮਾਚਲ ਉੜਤਾ ਪੰਜਾਬ ਬਣ ਜਾਵੇਗਾ': ਸੁੱਖੂ

ਸ਼ਿਮਲਾ, 28 ਜੁਲਾਈ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਵਲੋਂ ਸੂਬੇ 'ਚ ਨਸ਼ਿਆਂ ਦੀ ਸਮੱਸਿਆ ਉਤੇ ਕੀਤੀ ਗਈ ਟਿਪਣੀ ਉਤੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਕਿਹਾ ਹੈ ਕਿ ਸੰਵਿਧਾਨਕ ਅਹੁਦੇ ਉਤੇ ਬੈਠੇ ਕਿਸੇ ਵਿਅਕਤੀ ਨੂੰ ਅਜਿਹੇ ਬਿਆਨ ਦੇਣਾ ਸ਼ੋਭਾ ਨਹੀਂ ਦਿੰਦਾ। ਰਾਜਪਾਲ ਨੇ ਵੀਰਵਾਰ ਨੂੰ ਸੂਬੇ 'ਚ ਸਰਕਾਰੀ ਮੁੜ ਵਸੇਬਾ ਕੇਂਦਰਾਂ ਦੀ ਘਾਟ ਉਤੇ ਨਾਰਾਜ਼ਗੀ ਜ਼ਾਹਰ ਕੀਤੀ ਸੀ ਅਤੇ ਚਿਤਾਵਨੀ ਦਿਤੀ ਸੀ ਕਿ ਜੇਕਰ ਨਸ਼ਿਆਂ ਦੇ ਖਾਤਮੇ ਲਈ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਹਿਮਾਚਲ ਪ੍ਰਦੇਸ਼ ਅਗਲੇ ਪੰਜ ਸਾਲਾਂ 'ਚ 'ਉੜਤਾ ਪੰਜਾਬ' ਬਣ ਜਾਵੇਗਾ। ਰਾਜਪਾਲ ਨੇ ਕਿਹਾ ਸੀ,"ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ (ਬਾਕੀ ਸਫਾ 2 'ਤੇ)

### ਲੈਂਡ ਪੂਲਿੰਗ ਨੀਤੀ 'ਤੇ ਬੋਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

## ਜਦੋਂ ਤੱਕ ਮੈਂ ਜ਼ਿੰਦਾ ਹਾਂ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਹੀਂ ਹੋਣ ਦਿਆਂਗਾ: ਸੁਖਬੀਰ ਸਿੰਘ ਬਾਦਲ





ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 28 ਜੁਲਾਈ :ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਸ਼੍ਰੋਮਣੀ ਅਕਾਲੀ ਦਲ ਨੇ ਮੋਹਾਲੀ ਵਿਚ ਵੱਡਾ ਪ੍ਰਦਰਸ਼ਨ ਕੀਤਾ। ਵੱਡੀ ਗਿਣਤੀ ਵਿਚ ਅਕਾਲੀ ਵਰਕਰ ਪੁੱਡਾ ਭਵਨ ਦੇ ਬਾਹਰ ਇਕੱਠੇ ਹੋਏ। ਅਕਾਲੀ ਨੇਤਾਵਾਂ ਨੇ ਦਾਅਵਾ ਕੀਤਾ ਕਿ ਪੰਜਾਬ ਲਈ ਜੇ ਕੋਈ ਕੁਝ ਕਰ ਸਕਦਾ ਹੈ ਤਾਂ ਉਹ ਸਿਰਫ ਅਕਾਲੀ ਦਲ ਹੈ। ਪ੍ਰਦਰਸ਼ਨ ਵਿਚ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ, ਐਨ.ਕੇ.ਸ਼ਰਮਾ ਤੇ ਅਰਸ਼ਦੀਪ ਸਿੰਘ ਕਲੇਰ ਸਣੇ ਕਈ ਆਗੂ ਸ਼ਾਮਲ ਹੋਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਉਸ ਇਲਾਕੇ ਦੇ ਲੋਕ ਨਹੀਂ ਚਾਹੁੰਦੇ ਕਿ ਜ਼ਮੀਨ (ਬਾਕੀ ਸਫਾ 2 'ਤੇ)

### ਐਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ 'ਚ ਕਈ ਅਹਿਮ ਫ਼ੈਸਲੇ

## ਸ੍ਰੀ ਫ਼ਤਹਿਗੜ੍ਹ ਸਾਹਿਬ 'ਵਰਸਿਟੀ 'ਚ ਨੌਵੇਂ ਪਾਤਸ਼ਾਹ ਦੇ ਨਾਂ 'ਤੇ ਚੇਅਰ ਹੋਵੇਗੀ ਸਥਾਪਤ

### ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰੇ ਕੇਂਦਰ ਸਰਕਾਰ:ਧਾਮੀ

ਗੁਰਦਿਆਲ ਸਿੰਘ

================

ਅੰਮ੍ਰਿਤਸਰ, 28 ਜੁਲਾਈ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਅੱਜ ਇਕ ਮਤਾ ਪਾਸ ਕਰਕੇ ਭਾਰਤ ਸਰਕਾਰ ਪਾਸੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਨਾਲ-ਨਾਲ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ।

ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ



ਨਾਨਕ ਦੇਵ ਜੀ ਦੇ 2019 'ਚ ਮਨਾਏ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਕੁਝ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਇੱਕ ਇਤਿਹਾਸਕ ਮੌਕਾ ਹੈ, ਜਿਸ 'ਤੇ ਭਾਰਤ ਸਰਕਾਰ ਨੂੰ ਆਪਣੇ ਵੱਲੋਂ ਕੀਤਾ ਹੋਇਆ ਫੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਇਹ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਸ਼ਹਾਦਤ ਦੇਣ ਵਾਲੇ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਸੰਦੇਸ਼ਾਂ, ਉਪਦੇਸ਼ਾਂ ਅਤੇ ਪ੍ਰੇਰਣਾ ਦੀ ਸੇਧ ਵਿਚ ਸ਼੍ਰੋਮਣੀ ਕਮੇਟੀ ਹਮੇਸ਼ਾ ਮਾਨਵ ਹਿਤਕਾਰੀ ਕਾਰਜਾਂ ਲਈ ਯਤਨਸ਼ੀਲ ਰਹੀ ਹੈ ਅਤੇ ਇਸੇ ਦਿਸ਼ਾ ਵਿਚ ਗੁਰੂ ਨਾਨਕ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਮਰੀਜ਼ਾਂ ਅਤੇ ਲੋੜਵੰਦਾਂ ਲਈ ਲੰਗਰ ਸੇਵਾ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਤੋਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਭੇਜੀ ਜਾਇਆ ਕਰੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਯੂਨੀਵਰਸਿਟੀ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਇਸ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਅਕੈਡਮੀ ਅਤੇ ਨਿਸ਼ਚੈ ਜੂਡੀਸ਼ੀਅਲ ਅਕੈਡਮੀ ਦੀ ਲਗਾਤਾਰਤਾ ਵਿਚ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਦੀ ਪ੍ਰੀਖਿਆ ਦੀ ਤਿਆਰੀ ਵੀ (ਬਾਕੀ ਸਫਾ 2 'ਤੇ)

## ਵਿਰੋਧੀ ਧਿਰਾਂ ਦੇ ਹੰਗਾਮੇ ਕਾਰਨ

ਵਿਰੋਧੀ ਧਿਰ ਦੇ ਹੰਗਾਮੇ ਦਾ ਸ਼ਿਕਾਰ ਹੋਣ ਤੋਂ ਬਾਅਦ ਦੂਜੇ ਹਫ਼ਤੇ ਦੇ ਪਹਿਲੇ ਦਿਨ ਵੀ ਕੋਈ ਵਿਧਾਨਕ ਕੰਮ ਨਹੀਂ ਹੋ ਸਕਿਆ। ਪਹਿਲੇ ਹਫ਼ਤੇ ਵਿਰੋਧੀ ਧਿਰ ਦੀ ਗੈਰਹਾਜ਼ਰੀ 'ਚ ਸਿਰਫ਼ ਇੱਕ ਬਿੱਲ ਪਾਸ ਹੋ ਸਕਿਆ। ਜਦੋਂ ਸਦਨ ਦੀ ਕਾਰਵਾਈ ਬਾਰਾਂ ਵਜੇ ਮੁਲਤਵੀ ਹੋਣ ਤੋਂ ਬਾਅਦ ਦੋ ਵਜੇ ਮੁੜ ਸ਼ੁਰੂ ਹੋਈ, ਤਾਂ ਪ੍ਰਧਾਨਗੀ ਕਰ ਰਹੇ ਡਿਪਟੀ ਚੇਅਰਮੈਨ ਭੁਵਨੇਸ਼ਵਰ ਕਲਿਤਾ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪ੍ਰਫੁੱਲ ਪਟੇਲ ਨੂੰ ਸਮੁੰਦਰੀ ਮਾਲ ਦੀ ਢੋਆ-ਢੁਆਈ ਬਿੱਲ 2025 'ਤੇ ਚਰਚਾ ਸ਼ੁਰੂ ਕਰਨ ਲਈ ਕਿਹਾ। ਜਿਵੇਂ ਹੀ ਸ਼੍ਰੀ ਪਟੇਲ ਬੋਲਣ ਲਈ ਖੜ੍ਹੇ ਹੋਏ, ਵਿਰੋਧੀ ਮੈਂਬਰ ਕੁਰਸੀ ਦੇ ਨੇੜੇ ਆ ਗਏ ਅਤੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ।

ਕਲਿਤਾ ਨੇ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਸਦਨ 'ਚ ਅਨੁਸ਼ਾਸਨ ਬਣਾਈ ਰੱਖਣਾ ਚਾਹੀਦਾ ਹੈ ਤੇ ਕਾਰਵਾਈ ਜਾਰੀ ਰੱਖਣੀ ਚਾਹੀਦੀ ਹੈ। ਇਹ ਦੇਖਦੇ ਹੋਏ ਕਿ ਉਨ੍ਹਾਂ ਦੀ ਅਪੀਲ ਦਾ ਕੋਈ ਅਸਰ ਨਹੀਂ ਹੋਇਆ, ਪ੍ਰਧਾਨਗੀ ਕਰ ਰਹੇ ਡਿਪਟੀ ਚੇਅਰਮੈਨ ਨੇ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ, ਜ਼ੀਰੋ ਆਵਰ 'ਤੇ ਪ੍ਰਸ਼ਨ ਕਾਲ ਦੌਰਾਨ, ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਇਸੇ ਮੁੱਦੇ 'ਤੇ ਹੰਗਾਮਾ ਕੀਤਾ, ਜਿਸ ਕਾਰਨ ਕਾਰਵਾਈ ਪਹਿਲਾਂ ਬਾਰਾਂ ਵਜੇ ਤੱਕ ਅਤੇ ਫਿਰ ਦੋ ਵਜੇ ਤੱਕ ਮੁਲਤਵੀ ਕਰਨੀ ਪਈ। ਇਸ ਤੋਂ ਪਹਿਲਾਂ ਸਵੇਰੇ, ਡਿਪਟੀ ਚੇਅਰਮੈਨ ਹਰੀਵੰਸ਼ ਨੇ ਏਆਈਏਡੀਐਮਕੇ ਦੇ ਨਵੇਂ ਚੁਣੇ ਗਏ ਮੈਂਬਰਾਂ, ਐਮ ਧਨਪਾਲ ਅਤੇ ਆਈਐਸ ਇੰਬਾਦੁਰਾਈ ਨੂੰ ਰਾਜ ਸਭਾ ਦੀ ਮੈਂਬਰਸ਼ਿਪ ਦੀ ਸਹੁੰ ਚੁਕਾਈ। ਦੋਵੇਂ ਮੈਂਬਰ ਉੱਚ ਸਦਨ ਵਿੱਚ ਤਾਮਿਲਨਾਡੂ ਦੀ ਨੁਮਾਇੰਦਗੀ ਕਰਨਗੇ। ਉਨ੍ਹਾਂ ਨੇ ਤਾਮਿਲ ਭਾਸ਼ਾ ਵਿੱਚ ਸਹੁੰ ਚੁੱਕੀ।

**ਨਵੇਂ ਚੁਣੇ ਗਏ ਦੋਵਾਂ ਮੈਂਬਰਾਂ ਨੂੰ ਸਦਨ ਦੀ ਮੈਂਬਰਸ਼ਿਪ ਦੀ ਸਹੁੰ ਚੁਕਾਈ** : ਨਵੇਂ ਚੁਣੇ ਗਏ ਦੋਵਾਂ ਮੈਂਬਰਾਂ ਨੂੰ ਸਦਨ ਦੀ ਮੈਂਬਰਸ਼ਿਪ ਦੀ ਸਹੁੰ ਚੁਕਾਈ ਗਈ ਅਤੇ ਵਿਧਾਨਕ ਦਸਤਾਵੇਜ਼ ਸਦਨ ਦੀ ਮੇਜ਼ 'ਤੇ ਰੱਖੇ ਜਾਣ ਤੋਂ ਬਾਅਦ, ਡਿਪਟੀ ਚੇਅਰਮੈਨ ਨੇ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਨਿਯਮ 267 ਦੇ ਤਹਿਤ ਮੁਲਤਵੀ ਪ੍ਰਸਤਾਵ ਦੇ 26 ਨੋਟਿਸ ਪ੍ਰਾਪਤ ਹੋਏ ਹਨ। ਉਨ੍ਹਾਂ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਨਦੀਮੁਲ ਹੱਕ, ਆਮ ਆਦਮੀ ਪਾਰਟੀ ਦੇ ਸੰਦੀਪ ਪਾਠਕ, ਕਾਂਗਰਸ ਦੇ ਰਣਜੀਤ ਰੰਜਨ ਅਤੇ ਰਜਨੀ ਪਾਟਿਲ, ਡੀਐਮਕੇ ਦੇ ਤਿਰੁਚੀ ਸਿਵਾ ਅਤੇ ਤ੍ਰਿਣਮੂਲ ਕਾਂਗਰਸ ਦੇ ਸਾਕੇਤ ਗੋਖਲੇ ਅਤੇ ਹੋਰ ਮੈਂਬਰਾਂ ਨੇ ਸਾਰੇ ਵਿਧਾਨਕ ਕੰਮ ਰੋਕਣ ਅਤੇ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ ਦੇ ਮੁੱਦੇ 'ਤੇ ਚਰਚਾ ਕਰਨ ਦੀ ਮੰਗ ਕੀਤੀ ਹੈ।

## ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ

ਕੈਪਟਨ ਅਮਰਿੰਦਰ ਸਿੰਘ, ਜੋ ਆਪਣੇ ਭਤੀਜੇ ਮਜੀਠੀਆ ਦੇ ਮਨੁੱਖੀ ਅਧਿਕਾਰਾਂ ਬਾਰੇ ਵਧ-ਚੜ੍ਹ ਕੇ ਬੋਲ ਰਹੇ ਹਨ, ਅਤੇ ਉਨ੍ਹਾਂ ਦਾ ਪਰਿਵਾਰ ਦਾ ਸ਼ੱਕੀ ਰਿਕਾਰਡ ਹੈ ਕਿ ਉਹ ਪੰਜਾਬ ਨੂੰ ਲੋਕਾਂ ਨੂੰ ਹਮੇਸ਼ਾ ਧੋਖਾ ਦਿੰਦੇ ਆਏ ਹਨ ਅਤੇ ਹਮੇਸ਼ਾ ਪੰਜਾਬ ਵਿਰੋਧੀ ਤਾਕਤਾਂ ਚਾਹੇ ਉਹ ਮੁਗਲ , ਅੰਗਰੇਜ਼ ਜਾਂ ਹੁਣ ਭਾਜਪਾ ਹੋਵੇ, ਨਾਲ ਖੜ੍ਹੇ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਉਲਟ ਉਨ੍ਹਾਂ ਦੀ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਠੋਸ ਯਤਨ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਜ਼ਾਦੀ ਦਾ ਫਲ ਹਰ ਘਰ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਆਜ਼ਾਦੀ ਦੇ 75 ਵਰ੍ਹਿਆਂ ਤੋਂ ਵੀ ਜ਼ਿਆਦਾ ਸਮਾਂ ਬੀਤਣ ਦੇ ਬਾਅਦ ਵੀ ਅਸਲ ਮਾਇਨੇ ਵਿੱਚ ਆਜ਼ਾਦੀ ਦਾ ਲਾਭ ਹਰ ਘਰ ਤੱਕ ਨਹੀਂ ਪਹੁੰਚਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੱਤਾ ਵਿੱਚ ਬੈਠੇ ਲੋਕਾਂ ਨੇ ਆਜ਼ਾਦੀ ਦਾ ਨਾਜਾਇਜ਼ ਫਾਇਦਾ ਚੁੱਕਦਿਆਂ ਪੰਜਾਬ ਨੂੰ ਚਿੱਟੇ ਵਰਗੇ ਨਸ਼ਿਆਂ, ਲੋਕਾਂ ਦੇ ਪੈਸੇ ਨੂੰ ਲੁੱਟਣ, ਭ੍ਰਿਸ਼ਟਾਚਾਰ ਅਤੇ ਹੋਰ ਅਲਾਮਤਾਂ ਨੂੰ ਹੱਲਾਸ਼ੇਰੀ ਦੇਣ ਤੋਂ ਸਿਵਾਏ ਹੋਰ ਕੁਝ ਨਹੀਂ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਹੁਣ ਤੱਕ ਦੇ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਤੋਂ ਆਪਣੇ ਆਜ਼ਾਦੀ ਦਿਵਸ ਭਾਸ਼ਣਾਂ ਵਿੱਚ ਇਹੀ ਬਿਆਨ ਦਿੰਦੇ ਆਏ ਹਨ। ਉਨ੍ਹਾਂ ਕਿਹਾ ਕਿ ਇਹ ਵਧੇਰੇ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਆਗੂਆਂ ਨੇ ਲੋਕਾਂ ਨੂੰ ਸਿਰਫ਼ ਡਰਾਮੇ ਹੀ ਦਿੱਤੇ ਹਨ ਅਤੇ ਜਨਤਾ ਅਜੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨੇ ਅਜੇ ਵੀ ਸਾਕਾਰ ਨਹੀਂ ਹੋਏ ਕਿਉਂਕਿ ਇਨ੍ਹਾਂ ਲੋਕਾਂ ਨੇ ਇਸ ਲਈ ਕਦੇ ਕੋਈ ਠੋਸ ਯਤਨ ਨਹੀਂ ਕੀਤੇ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਈ ਭਾਗੋ, ਗ਼ਦਰੀ ਬਾਬੇ ਅਤੇ ਹੋਰ ਮਹਾਨ ਸ਼ਹੀਦਾਂ ਨੂੰ ਕੇਂਦਰ ਵਿਚਲੇ ਸੱਤਾਧਾਰੀ ਲੋਕਾਂ ਤੋਂ ਸਰਟੀਫਿਕੇਟ ਦੀ ਲੋੜ ਨਹੀਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਵਿੱਚ ਮਹਾਨ ਭੂਮਿਕਾ ਨਿਭਾਈ ਹੈ ਅਤੇ ਉਨ੍ਹਾਂ ਨੂੰ ਆਪਣੀ ਦੇਸ਼ ਭਗਤੀ ਲਈ ਸੱਤਾਧਾਰੀ ਲੋਕਾਂ ਤੋਂ ਕਿਸੇ ਵੀ ਤਰ੍ਹਾਂ ਦੇ ਐਨਓਸੀ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਦੇਸ਼ ਭਗਤਾਂ ਅਤੇ ਕੌਮੀ ਨਾਇਕਾਂ ਦਾ ਅਜਿਹਾ ਨਿਰਾਦਰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕੋਈ ਰਾਜਨੀਤਿਕ ਸਮਾਗਮ ਨਹੀਂ ਬਲਕਿ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਸਮਾਂ ਹੈ, ਜਿਨ੍ਹਾਂ ਨੇ ਮਾਤ ਭੂਮੀ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਮਹਾਨ ਸ਼ਹੀਦਾਂ ਦੀ ਵਿਰਾਸਤ ਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਾਇਮ ਰੱਖਣ ਵਾਸਤੇ ਠੋਸ ਯਤਨ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਹਮੇਸ਼ਾ ਸ਼ਹੀਦ ਭਗਤ ਸਿੰਘ ਦਾ ਰਿਣੀ ਰਹੇਗਾ ਜਿਸਨੇ 23 ਸਾਲ ਦੀ ਛੋਟੀ ਉਮਰ ਵਿੱਚ ਦੇਸ਼ ਨੂੰ ਬ੍ਰਿਟਿਸ਼ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗੇ ਸ਼ਹੀਦ ਕੋਈ ਆਮ ਇਨਸਾਨ ਨਹੀਂ ਸਨ ਸਗੋਂ ਉਹ ਇੱਕ ਸੋਚ ਸਨ ਅਤੇ ਸਾਨੂੰ ਦੇਸ਼ ਦੀ ਤਰੱਕੀ ਲਈ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਹਰ ਯਤਨ ਸ਼ਹੀਦ ਭਗਤ ਸਿੰਘ ਦੇ ਸੁਪਨੇ ਅਨੁਸਾਰ ਇੱਕ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਪੰਜਾਬ ਬਣਾਉਣ ਵੱਲ ਸਮਰਪਿਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਹਰ ਕੰਮ ਸ਼ਹੀਦ-ਏ-ਆਜ਼ਮ ਤੋਂ ਪ੍ਰੇਰਿਤ ਰਿਹਾ ਕਿਉਂਕਿ ਉਨ੍ਹਾਂ ਨੂੰ ਉਸੇ ਜਗ੍ਹਾ 'ਤੇ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਜਿੱਥੇ ਸ਼ਹੀਦ ਭਗਤ ਸਿੰਘ ਨੇ ਬੋਲ਼ਿਆਂ ਦੇ ਕੰਨ੍ਹ ਖੋਲ੍ਹਣ ਲਈ ਸ਼ਕਤੀਸ਼ਾਲੀ ਬ੍ਰਿਟਿਸ਼ ਰਾਜ ਨੂੰ ਬੰਬ ਸੁੱਟ ਕੇ ਨੂੰ ਹਿਲਾ ਦਿੱਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਮੁੱਖ ਮੰਤਰੀ ਅਤੇ ਪੂਰੇ ਮੰਤਰੀ ਮੰਡਲ ਨੇ ਖਟਕੜ ਕਲਾਂ ਦੀ ਪਵਿੱਤਰ ਧਰਤੀ 'ਤੇ ਆਪਣਏ ਅਹੁਦੇ ਦੀ ਸਹੁੰ ਚੁੱਕੀ ਹੋਵੇ। ਉਨ੍ਹਾਂ ਕਿਹਾ ਕਿ 23 ਮਾਰਚ, 2022 ਨੂੰ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਹੁਸੈਨੀਵਾਲਾ ਤੋਂ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਸ਼ੁਰੂ ਕੀਤੀ ਗਈ ਸੀ, ਜੋ ਭ੍ਰਿਸ਼ਟਾਚਾਰ ਵਿਰੁੱਧ ਜੰਗ ਦੀ ਸ਼ੁਰੂਆਤ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਐਸਏਐਸ ਨਗਰ (ਮੋਹਾਲੀ) ਦੇ ਪ੍ਰਵੇਸ਼ ਦੁਆਰ 'ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਸਨਮਾਨ ਵਿੱਚ ਉਨ੍ਹਾਂ ਦਾ 30 ਫੁੱਟ ਉੱਚਾ ਦਿਉ-ਕੱਦ ਬੁੱਤ ਸਥਾਪਤ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਹੀ ਮੋਹਾਲੀ ਹਵਾਈ ਅੱਡੇ ਦਾ ਨਾਮ ਅਧਿਕਾਰਤ ਤੌਰ 'ਤੇ ਸ਼ਹੀਦ ਭਗਤ ਸਿੰਘ ਜੀ ਦੇ ਨਾਮ 'ਤੇ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਡਾ. ਬੀ.ਆਰ. ਅੰਬੇਡਕਰ ਦੀਆਂ ਤਸਵੀਰਾਂ ਲਾਉਣ ਦਾ ਵੀ ਫੈਸਲਾ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਦੇ ਲੋਕ ਇਨ੍ਹਾਂ ਮਹਾਨ ਸ਼ਖਸੀਅਤਾਂ ਤੋਂ ਪ੍ਰੇਰਨਾ ਲੈ ਕੇ ਸੂਬੇ ਦੀ ਵੱਧ ਤੋਂ ਵੱਧ ਸੇਵਾ ਕਰਨ।

ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਸੰਤੋਸ਼ ਕਟਾਰੀਆ ਸਮੇਤ ਹੋਰ ਵੀ ਮੌਜੂਦ ਸਨ।

## ਪਾਕਿਸਤਾਨ ਨੇ 10 ਮਈ ਨੂੰ ਫ਼ੌਜੀ

ਅਪਰੇਸ਼ਨ ਦੇ ਸਮੁੱਚੇ ਰਾਜਨੀਤਿਕ ਅਤੇ ਫ਼ੌਜੀ ਉਦੇਸ਼ਾਂ ਨੂੰ ਸਫਲਤਾਪੂਰਵਕ ਪੂਰਾ ਕੀਤਾ ਗਿਆ ਸੀ।" ਰਾਜਨਾਥ ਸਿੰਘ ਨੇ ਕਿਹਾ, "10 ਮਈ ਨੂੰ ਸਵੇਰੇ ਜਦੋਂ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਦੇ ਹਵਾਈ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਤਾਂ ਪਾਕਿਸਤਾਨ ਨੇ ਆਪਣੀ ਹਾਰ ਸਵੀਕਾਰ ਕਰ ਲਈ ਅਤੇ ਭਾਰਤ ਨੂੰ ਬੇਨਤੀ ਕੀਤੀ 'ਅਬ ਰੋਕ ਦੀਜੀਏ ਮਹਾਰਾਜ'। ਉਨ੍ਹਾਂ ਕਿਹਾ ਕਿ ਭਾਰਤ ਨੇ 'ਅਪਰੇਸ਼ਨ ਸਿੰਧੂਰ' ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਨੂੰ ਖ਼ਤਮ ਨਹੀਂ ਕੀਤਾ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਮਿਲਟਰੀ ਅਪਰੇਸ਼ਨਜ਼ ਵੱਲੋਂ 10 ਮਈ ਦੀ ਸਵੇਰੇ ਆਪਣੇ ਭਾਰਤੀ ਹਮਰੁਤਬਾ ਨਾਲ ਸੰਪਰਕ ਸਥਾਪਤ ਕਰਨ ਤੋਂ ਬਾਅਦ, ਹਾਰ ਸਵੀਕਾਰ ਕਰਨ ਮਗਰੋਂ ਭਾਰਤ ਨੇ ਇੱਕ ਚਿਤਾਵਨੀ ਨਾਲ 'ਅਪਰੇਸ਼ਨ ਸਿੰਧੂਰ' ਨੂੰ ਰੋਕਣਾ ਸਵੀਕਾਰ ਕਰ ਲਿਆ। ਰਾਜਨਾਥ ਨੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਸਮੇਤ ਮੁੱਖ ਵਿਰੋਧੀ ਆਗੂਆਂ ਦੀ ਮੌਜੂਦਗੀ ਵਿੱਚ ਸਦਨ ਨੂੰ ਸੰਬੋਧਨ ਕਰਦਿਆਂ ਕਿਹਾ, "ਅਪਰੇਸ਼ਨ ਸਿੰਧੂਰ ਨੂੰ ਰੋਕਿਆ ਗਿਆ ਹੈ ਅਤੇ ਇਹ ਖ਼ਤਮ ਨਹੀਂ ਹੋਇਆ ਹੈ। ਜੇਕਰ ਪਾਕਿਸਤਾਨ ਭਵਿੱਖ ਵਿੱਚ ਕੋਈ ਗਲਤ ਕੰਮ ਕਰਦਾ ਹੈ ਤਾਂ ਇਸ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ।"

ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਵੱਲੋਂ ਭਾਰਤ ਤਰਫ਼ੋਂ ਲੜਾਈ ਵਿੱਚ ਗੁਆਏ ਗਏ ਜੈੱਟਾਂ ਦੀ ਗਿਣਤੀ

# ਪਹਿਲੇ ਸਫ਼ੇ ਦੀ ਬਾਕੀ

ਦੱਸਣ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਮੰਗਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਵੱਲੋਂ ਉਠਾਇਆ ਜਾ ਰਿਹਾ ਸਵਾਲ ਰਾਸ਼ਟਰੀ ਭਾਵਨਾ ਨੂੰ ਦਰਸਾਉਂਦਾ ਨਹੀਂ ਹੈ।

ਇਸ ਸਵਾਲ ਦੀ ਉੱਚ ਅੰਕ ਨਾਲ ਪ੍ਰੀਖਿਆ ਪਾਸ ਕਰਨ ਵਾਲੇ ਬੱਚੇ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ, 'ਜਦੋਂ ਕੋਈ ਬੱਚਾ ਚੰਗੇ ਅੰਕ ਪ੍ਰਾਪਤ ਕਰਦਾ ਹੈ ਤਾਂ ਤੁਸੀਂ ਨਤੀਜੇ ਦਾ ਜਸ਼ਨ ਮਨਾਉਂਦੇ ਹੋ ਕਿਉਂਕਿ ਇਹ ਨਤੀਜਾ ਹੀ ਮਾਇਨੇ ਰੱਖਦਾ ਹੈ।' ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਤਾੜੀਆਂ ਦੀ ਗੂੰਜ 'ਚ ਕਿਹਾ, "ਤੁਸੀਂ ਇਹ ਪੁੱਛਣਾ ਸ਼ੁਰੂ ਨਹੀਂ ਕਰਦੇ ਕਿ ਕੀ ਪ੍ਰੀਖਿਆ ਲਿਖਣ ਦੀ ਪ੍ਰਕਿਰਿਆ ਦੌਰਾਨ ਬੱਚੇ ਨੇ ਆਪਣੀ ਪੈਨਸਿਲ ਤੋੜੀ ਜਾਂ ਆਪਣਾ ਪੈੱਨ ਗੁਆਇਆ।" ਉਨ੍ਹਾਂ ਵਿਰੋਧੀ ਧਿਰ ਨੂੰ ਸਵਾਲ ਕੀਤਾ ਕਿ ਉਨ੍ਹਾਂ ਕਦੇ ਕਿਉਂ ਨਹੀਂ ਪੁੱਛਿਆ ਕਿ ਭਾਰਤੀ ਹਥਿਆਰਬੰਦ ਬਲਾਂ ਨੇ ਕਿੰਨੇ ਦੁਸ਼ਮਣ ਜਹਾਜ਼ਾਂ ਨੂੰ ਡੇਗਿਆ।

ਰੱਖਿਆ ਮੰਤਰੀ ਨੇ ਕਿਹਾ, 'ਵਿਰੋਧੀ ਧਿਰ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਭਾਰਤ ਨੇ ਪਾਕਿਸਤਾਨ ਵਿੱਚ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ, ਕੀ ਅਪਰੇਸ਼ਨ ਸਿੰਧੂਰ ਸਫ਼ਲ ਰਿਹਾ ਅਤੇ ਕੀ ਭਾਰਤੀ ਹਥਿਆਰਬੰਦ ਬਲਾਂ ਨੇ ਪਹਿਲਗਾਮ ਹਮਲੇ ਲਈ ਜ਼ਿੰਮੇਵਾਰ ਅੱਤਵਾਦ ਦੇ ਸਰਪ੍ਰਸਤਾਂ ਨੂੰ ਖਤਮ ਕਰ ਦਿੱਤਾ, ਜਿਨ੍ਹਾਂ ਨੇ ਸਾਡੀਆ ਧੀਆਂ ਅਤੇ ਮਾਵਾਂ ਦੇ ਮੱਥੇ ਤੋਂ 'ਸਿੰਧੂਰ' ਨੂੰ ਮਿਟਾ ਦਿੱਤਾ ਸੀ।'

ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਜੈੱਟਾਂ ਦੇ ਨੁਕਸਾਨ ਸਬੰਧੀ ਵਿਰੋਧੀ ਧਿਰ ਦੇ ਸਵਾਲਾਂ ਨੂੰ ਟਾਲਦਿਆਂ ਰਾਜਨਾਥ ਸਿੰਘ ਨੇ ਕਿਹਾ, "ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਹਾਂ ਵਿੱਚ ਹੈ। ਅਤੇ ਜੇ ਤੁਸੀਂ ਸਾਨੂੰ ਪੁੱਛਦੇ ਹੋ ਕਿ ਕੀ ਕਿਸੇ ਸੈਨਿਕ ਨੂੰ ਕੋਈ ਨੁਕਸਾਨ ਹੋਇਆ ਹੈ, ਤਾਂ ਜਵਾਬ ਨਹੀਂ ਹੈ। ਜਦੋਂ ਟੀਚੇ ਵੱਡੇ ਹੁੰਦੇ ਹਨ ਤਾਂ ਸਾਨੂੰ ਛੋਟੇ ਮੁੱਦਿਆਂ 'ਤੇ ਧਿਆਨ ਨਹੀਂ ਦੇਣਾ ਚਾਹੀਦਾ ਕਿਉਂਕਿ ਛੋਟੇ ਮੁੱਦੇ ਸਾਨੂੰ ਕੌਮੀ ਸੁਰੱਖਿਆ ਅਤੇ ਸਾਡੀਆਂ ਹਥਿਆਰਬੰਦ ਸੈਨਾਵਾਂ ਦੇ ਹਿੱਤਾਂ ਦੇ ਵੱਡੇ ਮਾਮਲਿਆਂ ਤੋਂ ਭਟਕਾਉਂਦੇ ਹਨ।"

ਪਾਕਿਸਤਾਨ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਗੱਲਬਾਤ ਅਤੇ ਅੱਤਵਾਦ ਨਾਲ-ਨਾਲ ਨਹੀਂ ਚੱਲ ਸਕਦੇ ਹਨ।

ਇਹ ਨੋਟ ਕਰਦਿਆਂ ਕਿ ਭਾਰਤ ਹਮੇਸ਼ਾ ਸ਼ਾਂਤੀ ਦਾ ਰਸਤਾ ਅਪਣਾਉਂਦਾ ਰਿਹਾ ਹੈ ਉਨ੍ਹਾਂ ਪਾਕਿਸਤਾਨ ਦੇ ਪਿਛਲੇ ਮਾੜੇ ਕੰਮਾਂ ਨੂੰ ਯਾਦ ਕੀਤਾ, ਜਿਸ ਵਿੱਚ ਕਾਰਗਿਲ ਯੁੱਧ ਵੀ ਸ਼ਾਮਲ ਹੈ, ਜਦੋਂ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਦੋਸਤੀ ਦਾ ਹੱਥ ਵਧਾਇਆ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ ਦੀ ਨੀਤੀ ਅਤੇ ਇਰਾਦੇ ਸਾਰਿਆਂ ਲਈ ਸਪੱਸ਼ਟ ਹੋਣੇ ਚਾਹੀਦੇ ਹਨ।

ਰਾਜਨਾਥ ਸਿੰਘ ਨੇ ਕਿਹਾ, "ਪਾਕਿਸਤਾਨ ਗਲੋਬਲ ਅੱਤਵਾਦ ਦੀ ਨਰਸਰੀ ਹੈ। ਇਹ ਉਨ੍ਹਾਂ ਦੀ ਰਾਜ ਨੀਤੀ ਹੈ। ਪਾਕਿਸਤਾਨ ਨੇ ਅੱਤਵਾਦੀਆਂ ਲਈ ਸਰਕਾਰੀ ਅੰਤਿਮ ਸੰਸਕਾਰ ਦਾ ਪ੍ਰਬੰਧ ਕੀਤਾ ਜਿਵੇਂ ਕਿ ਅਸੀਂ 'ਅਪਰੇਸ਼ਨ ਸਿੰਧੂਰ' ਤੋਂ ਬਾਅਦ ਵੀ ਦੇਖਿਆ ਸੀ। ਪਾਕਿਸਤਾਨੀ ਫ਼ੌਜ ਦੇ ਅਧਿਕਾਰੀਆਂ ਨੇ ਅਤਿਵਾਦੀਆਂ ਦੇ ਅੰਤਿਮ ਸੰਸਕਾਰ ਵਿੱਚ ਸ਼ਿਰਕਤ ਕੀਤੀ।'

ਰੱਖਿਆ ਮੰਤਰੀ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ, "ਪਾਕਿਸਤਾਨੀ ਫ਼ੌਜ ਅਤੇ ਆਈਐੱਸਆਈ ਦੋਵੇਂ ਭਾਰਤ ਨੂੰ ਅਸਥਿਰ ਕਰਨ ਲਈ ਅਤਿਵਾਦ ਨੂੰ ਉਤਸ਼ਾਹਿਤ ਕਰ ਰਹੇ ਹਨ। ਪਰ ਜਿਹੜੇ ਲੋਕ 1,000 ਜਵਾਨਾਂ ਨੂੰ ਵੱਢ ਕੇ ਭਾਰਤ ਨੂੰ ਖ਼ੂਨ ਨਾਲ ਨਾਸ਼ ਕਰਨ ਦਾ ਸੁਫ਼ਨਾ ਦੇਖ ਰਹੇ ਹਨ, ਉਨ੍ਹਾਂ ਨੂੰ ਹੁਣ ਨੀਂਦ ਤੋਂ ਜਾਗਣਾ ਚਾਹੀਦਾ ਹੈ ਅਤੇ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਅੱਤਵਾਦ ਨੂੰ ਜੜ੍ਹੋਂ ਪੁੱਟਣ ਲਈ ਕਿਸੇ ਵੀ ਹੱਦ ਤੱਕ ਜਾਵੇਗਾ।"

ਮਈ ਵਿੱਚ ਪਾਕਿਸਤਾਨ ਨਾਲ ਦੁਸ਼ਮਣੀ ਦੇ ਅਚਾਨਕ ਬੰਦ ਹੋਣ 'ਤੇ ਵਿਰੋਧੀ ਧਿਰ ਦੀ ਆਲੋਚਨਾ ਦਾ ਜਵਾਬ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ 'ਅਪਰੇਸ਼ਨ ਸਿੰਧੂਰ' ਦਾ ਉਦੇਸ਼ ਨਾ ਤਾਂ ਜੰਗ ਸੀ ਅਤੇ ਨਾ ਹੀ ਖੇਤਰੀ ਵਿਸਥਾਰ।

ਉਨ੍ਹਾਂ ਕਿਹਾ, "ਅਪਰੇਸ਼ਨ ਸਿੰਧੂਰ ਨੂੰ ਉਦੋਂ ਰੋਕ ਦਿੱਤਾ ਗਿਆ ਜਦੋਂ ਇਸ ਦੇ ਉਦੇਸ਼ ਸਫ਼ਲਤਾਪੂਰਵਕ ਪੂਰੇ ਹੋ ਗਏ। ਜਿਵੇਂ ਕਿ ਸਵਾਮੀ ਤੁਲਸੀਦਾਸ ਨੇ ਸਾਨੂੰ ਸਿਖਾਇਆ ਸੀ ਕਿ ਯੁੱਧ ਸਿਰਫ ਬਰਾਬਰ ਦੇ ਲੋਕਾਂ ਨਾਲ ਹੀ ਲੜਿਆ ਜਾਣਾ ਚਾਹੀਦਾ ਹੈ, ਸ਼ੇਰ ਸ਼ੇਰਾਂ ਨਾਲ ਲੜਦੇ ਹਨ, ਡੱਡੂਆਂ ਨਾਲ ਲੜਨਾ ਸ਼ੋਭਾ ਨਹੀਂ ਦਿੰਦਾ।"

ਰਾਜਨਾਥ ਸਿੰਘ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਵਾਂਗ, ਜਿਸ ਨੇ ਸ਼ਿਸ਼ੂਪਾਲ ਦੀਆਂ ਸੌ ਗਲਤੀਆਂ ਨੂੰ ਮੁਆਫ਼ ਕਰਨ ਤੋਂ ਬਾਅਦ ਸੁਦਰਸ਼ਨ ਚੱਕਰ ਚੁੱਕਿਆ ਸੀ, ਭਾਰਤ ਨੇ ਵੀ 'ਸੁਦਰਸ਼ਨ ਚੱਕਰ' ਚੁੱਕਿਆ ਹੈ ਅਤੇ ਫ਼ੈਸਲਾ ਕੀਤਾ ਹੈ ਕਿ ਹੁਣ ਬਹੁਤ ਹੋ ਗਿਆ।

## ਸੋਨੀਆ, ਖੜਗੇ, ਅਖਿਲੇਸ਼ ਤੇ ਹੋਰ ਵਿਰੋਧੀ ਆਗੂਆਂ

ਵਿਰੋਧ ਪ੍ਰਦਰਸ਼ਨ ਤੋਂ ਪਹਿਲਾਂ, ਵਿਰੋਧੀ ਧਿਰ ਦੇ ਨੇਤਾਵਾਂ ਨੇ ਸੰਸਦ ਭਵਨ ਕੰਪਲੈਕਸ ਵਿੱਚ ਇੱਕ ਮੀਟਿੰਗ ਕੀਤੀ, ਜਿਸ ਵਿੱਚ ਸੰਸਦ ਦੇ ਮਾਨਸੂਨ ਸੈਸ਼ਨ ਵਿੱਚ ਅੱਗੇ ਦੀ ਰਣਨੀਤੀ 'ਤੇ ਚਰਚਾ ਕੀਤੀ ਗਈ।

## ਤੁਸੀਂ ਸਦਨ ਨੂੰ ਕਿਉਂ ਨਹੀਂ ਚੱਲਣ ਦੇ ਰਹੇ ?

ਚਾਹੁੰਦੇ ? ਤੁਸੀਂ ਲੋਕ ਆਏ ਅਤੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਹੋਣੀ ਚਾਹੀਦੀ ਹੈ... ਤੁਸੀਂ ਹੁਣ ਸਦਨ ਨੂੰ ਕਿਉਂ ਨਹੀਂ ਚੱਲਣ ਦੇ ਰਹੇ ?' ਉਨ੍ਹਾਂ ਵਿਰੋਧੀ ਧਿਰ ਦੇ ਨੇਤਾ ਨੂੰ ਆਪਣੇ ਨੇਤਾਵਾਂ ਨੂੰ ਮਨਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਸਦਨ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਕਿਹਾ, 'ਮਾਨਯੋਗ ਵਿਰੋਧੀ ਧਿਰ ਦੇ ਨੇਤਾ, ਤੁਹਾਨੂੰ ਆਪਣੇ ਨੇਤਾਵਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਦਨ ਵਿੱਚ ਪੈਂਫਲੇਟ ਸੁੱਟਣ ਅਤੇ ਤਖ਼ਤੀਆਂ ਲਿਆਉਣ ਲਈ ਨਹੀਂ ਭੇਜਿਆ ਗਿਆ ਹੈ।'

ਦੱਸ ਦੇਈਏ ਕਿ ਸ਼ੁੱਕਰਵਾਰ ਨੂੰ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਸਾਰੀਆਂ ਪਾਰਟੀਆਂ ਦੇ ਫਲੋਰ ਲੀਡਰਾਂ ਨੇ ਵੀ 28 ਜੁਲਾਈ ਤੋਂ ਸਦਨ ਦੇ ਨਿਯਮਤ ਕੰਮਕਾਜ 'ਤੇ ਸਹਿਮਤੀ ਜਤਾਈ ਸੀ। ਜਿਵੇਂ ਹੀ ਕਾਰਵਾਈ ਸ਼ੁਰੂ ਹੋਈ ਬਿਹਾਰ ਵਿੱਚ ਵੋਟਰ ਸੂਚੀ ਸੋਧ ਦੇ ਮੁੱਦੇ 'ਤੇ ਵਿਰੋਧੀ ਧਿਰ ਦੇ ਆਗੂਆਂ ਨੇ ਜ਼ਬਰਦਸਤ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਹੰਗਾਮੇ ਕਾਰਨ ਸਪੀਕਰ ਓਮ ਬਿਰਲਾ ਨੇ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰਨ ਦਾ ਐਲਾਨ ਕੀਤਾ।

## ਯੂਪੀ ਦੇ ਅਵਸਾਨੇਸ਼ਵਰ ਮੰਦਰ 'ਚ

ਜਿਨ੍ਹਾਂ ਵਿੱਚੋਂ ਪੰਜ ਨੂੰ ਗੰਭੀਰ ਹਾਲਤ ਕਾਰਨ ਉੱਚ ਮੈਡੀਕਲ ਕੇਂਦਰਾਂ ਵਿੱਚ ਰੈਫਰ ਕਰ ਦਿੱਤਾ ਗਿਆ।

ਇਸ ਦੌਰਾਨ, 26 ਜ਼ਖਮੀ ਸ਼ਰਧਾਲੂਆਂ ਦਾ ਹੈਦਰਗੜ੍ਹ ਸੀਐਚਸੀ ਵਿੱਚ ਇਲਾਜ ਚੱਲ ਰਿਹਾ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਗੰਭੀਰ ਸੱਟਾਂ ਕਾਰਨ ਐਡਵਾਂਸ ਕੇਅਰ ਲਈ ਰੈਫਰ ਕਰ ਦਿੱਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਮੰਦਰ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਹਫੜਾ-ਦਫੜੀ ਮਚ ਗਈ। ਜ਼ਿਲ੍ਹਾ ਅਤੇ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਸਥਿਤੀ ਨੂੰ ਸੰਭਾਲਣ ਲਈ ਕੰਮ ਕਰ ਰਹੇ ਹਨ। ਘਟਨਾ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

## ਵਿਰੋਧੀ ਧਿਰ 'ਆਪ੍ਰੇਸ਼ਨ ਸਿੰਦੂਰ' 'ਤੇ

ਨਿਯਮਾਂ ਅਨੁਸਾਰ ਚੱਲਦੀ ਹੈ ਅਤੇ ਵਿਰੋਧੀ ਧਿਰ ਆਪਣੀ ਵਚਨਬੱਧਤਾ ਤੋਂ ਪਿੱਛੇ ਹਟ ਕੇ ਸਭ ਨਾਲ ਧੋਖਾ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ, "ਵਿਰੋਧੀ ਧਿਰ ਆਪ੍ਰੇਸ਼ਨ ਸਿੰਦੂਰ' 'ਤੇ ਬਹਿਸ ਤੋਂ ਭੱਜਣ ਦੇ ਰਸਤੇ ਤਲਾਸ਼ ਰਹੀ ਹੈ।"

## ਸਰਕਾਰ ਦੱਸੇ ਕਿ 'ਆਪ੍ਰੇਸ਼ਨ ਸਿੰਦੂਰ' ਕਿਉਂ

ਨੇਤਾ ਨੇ ਕਿਹਾ, '100 ਦਿਨ ਬੀਤ ਗਏ ਹਨ ਪਰ ਪੰਜ ਅੱਤਵਾਦੀ ਨਹੀਂ ਫੜੇ ਜਾ ਸਕੇ। ਅਜਿਹਾ ਕਿਉਂ ਹੈ ? ਇਹ ਦੇਸ਼ ਜਾਣਨਾ ਚਾਹੁੰਦਾ ਹੈ।'

ਉਨ੍ਹਾਂ ਕਿਹਾ, 'ਤੁਸੀਂ ਕਿਹਾ ਸੀ ਕਿ ਧਾਰਾ 370 ਹਟਾਏ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਆਓ ਅਤੇ ਲੋਕ ਆਏ ਪਰ ਜਦੋਂ ਲੋਕ ਅੱਤਵਾਦੀਆਂ ਦੀ ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਤਾਂ ਐਂਬੂਲੈਂਸ ਨੂੰ ਪਹੁੰਚਣ ਵਿੱਚ ਇੱਕ ਘੰਟਾ ਲੱਗਿਆ।' ਉਪ ਰਾਜਪਾਲ (ਮਨੋਜ ਸਿਨਹਾ) ਨੇ ਸੁਰੱਖਿਆ ਵਿੱਚ ਕੁਤਾਹੀ ਦੀ ਜ਼ਿੰਮੇਵਾਰੀ ਲਈ ਹੈ। ਪਰ ਇਹ ਜ਼ਿੰਮੇਵਾਰੀ ਗ੍ਰਹਿ ਮੰਤਰੀ ਨੂੰ ਲੈਣੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਰਕਾਰ ਇੰਨੀ 'ਕਮਜ਼ੋਰ ਅਤੇ ਕਾਇਰ' ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਇਸਨੇ ਟੂਰ ਆਪਰੇਟਰ 'ਤੇ ਦੋਸ਼ ਲਗਾਇਆ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕ ਉੱਥੇ ਪਹੁੰਚ ਗਏ ਹਨ। ਗੋਗੋਈ ਨੇ ਦੋਸ਼ ਲਗਾਇਆ, 'ਇਸ ਸਰਕਾਰ 'ਚ ਹੰਕਾਰ ਆ ਗਿਆ ਹੈ।'

ਮੋਦੀ 'ਤੇ ਨਿਸ਼ਾਨਾ ਸਾਧਦੇ ਉਨ੍ਹਾਂ ਕਿਹਾ, 'ਮੋਦੀ ਜੀ, ਜਦੋਂ ਤੁਸੀਂ (ਹਮਲੇ ਤੋਂ ਬਾਅਦ) ਸਾਊਦੀ ਅਰਬ ਤੋਂ ਵਾਪਸ ਆਏ ਸੀ, ਤਾਂ ਤੁਹਾਨੂੰ ਪਹਿਲਗਾਮ ਜਾਣਾ ਚਾਹੀਦਾ ਸੀ। ਪਰ ਤੁਸੀਂ ਬਿਹਾਰ ਗਏ ਅਤੇ ਚੋਣ ਭਾਸ਼ਣ ਦਿੱਤਾ। ਜੇਕਰ ਕੋਈ ਪਹਿਲਗਾਮ ਗਿਆ ਤਾਂ ਉਹ ਸਾਡੇ ਨੇਤਾ ਰਾਹੁਲ ਗਾਂਧੀ ਸਨ।' ਇਸ 'ਤੇ ਸੱਤਾਧਾਰੀ ਧਿਰ ਸਦਨ ਵਿੱਚ ਵਿਘਨ ਪਾਉਣ ਲੱਗੀ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਗੋਗੋਈ ਨੂੰ ਸਦਨ ਵਿੱਚ ਤੱਥ ਰੱਖਣ ਲਈ ਕਿਹਾ।

ਬਾਰਾਬਾਂਕੀ ਦੇ ਜ਼ਿਲ੍ਹਾ ਮੈਜਿਸਟਰੇਟ ਸ਼ਸ਼ਾਂਕ ਤ੍ਰਿਪਾਠੀ ਨੇ ਕਿਹਾ ਕਿ 'ਜਲਭਿਸ਼ੇਕ' ਰਸਮ ਦੌਰਾਨ ਬਾਂਦਰਾਂ ਨੇ ਇੱਕ ਬਿਜਲੀ ਦੀ ਤਾਰ ਨੂੰ ਨੁਕਸਾਨ ਪਹੁੰਚਾਇਆ ਸੀ, ਜਿਸ ਕਾਰਨ ਮੰਦਰ ਕੰਪਲੈਕਸ ਵਿੱਚ ਤਿੰਨ ਟੀਨ ਸ਼ੈੱਡਾਂ ਵਿੱਚੋਂ ਕਰੰਟ ਆ ਗਿਆ। ਉਨ੍ਹਾਂ ਕਿਹਾ ਕਿ ਨਤੀਜੇ ਵਜੋਂ ਘਬਰਾਹਟ ਕਾਰਨ ਭਗਦੜ ਮਚ ਗਈ ਜਿਸ ਵਿੱਚ ਦੋ ਲੋਕਾਂ ਦੀ ਜਾਨ ਚਲੀ ਗਈ ਅਤੇ ਦੋ ਦਰਜਨ ਤੋਂ ਵੱਧ ਜ਼ਖਮੀ ਹੋ ਗਏ। ਹਾਲਾਂਕਿ ਮਗਰੋਂ ਸ਼ਰਧਾਲੂਆਂ ਨੇ ਮੰਦਰ ਵਿੱਚ ਪੂਜਾ ਮੁੜ ਸ਼ੁਰੂ ਕਰ ਦਿੱਤੀ।

ਚੇਤੇ ਰਹੇ ਕਿ ਉੱਤਰਾਖੰਡ ਵਿਚ ਹਰਿਦੁਆਰ ਦੇ ਮਨਸਾ ਦੇਵੀ ਮੰਦਰ ਵਿਚ ਐਤਵਾਰ ਨੂੰ ਮੰਦਰ ਦੀਆਂ ਪੌੜੀਆਂ ਵਿਚ ਕਰੰਟ ਆਉਣ ਦੀ ਅਫ਼ਵਾਹ ਕਰਕੇ ਮਚੀ ਭਗਦੜ ਵਿਚ 6 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 28 ਜਣੇ ਜ਼ਖ਼ਮੀ ਹੋ ਗਏ ਸਨ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਉਸ ਘਟਨਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਸਨ। ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ ਵਿਚ ਗਈਆਂ ਜਾਨਾਂ 'ਤੇ ਦੁੱਖ ਪ੍ਰਗਟਾਇਆ ਸੀ।

## ਚੀਫ ਖ਼ਾਲਸਾ ਦੀਵਾਨ ਦੇ ਐਡੀਸ਼ਨਲ ਆਨਰੇਰੀ ਸਕੱਤਰ

ਕਰਵਾਈ ਪਰ ਮਾਮਲਾ ਅੰਮ੍ਰਿਤਸਰ ਦਾ ਹੋਣ ਕਾਰਨ ਇਸ ਮਾਮਲੇ ਨੂੰ ਦਿੱਲੀ ਪੁਲੀਸ ਨੇ ਅੰਮ੍ਰਿਤਸਰ ਭੇਜ਼ ਦਿੱਤਾ, ਜਿੱਥੇ ਸੇਠੀ ਦੇ ਖਿਲਾਫ ਐਫ ਆਈ ਆਰ ਨੰਬਰ 0077, 25 ਜੂਨ 2025 ਨੂੰ ਧਾਰਾ 354 ਏ ਤੇ 506 ਦੇ ਤਹਿਤ ਮਾਮਲਾ ਦਰਜ ਕੀਤੀ ਹੈ। ਇਸ ਸੰਬਧੀ ਹਰਿੰਦਰ ਪਾਲ ਸਿੰਘ ਸੇਠੀ ਨਾਲ ਗਲ ਕਰਨ ਤੇ ਉਸ ਨੇ ਪੀੜਤ ਲੜਕੀ ਦੇ ਪਿਤਾ ਤੇ ਇਲਜਾਮਾਂ ਦੀ ਝੜੀ ਲਗਾਉਂਦਿਆਂ ਕਿਹਾ ਕਿ ਉਕਤ ਮੈਨੂੰ ਬਲੈਕ ਮੇਲ ਕਰਨ ਦੀ ਨੀਯਤ ਨਾਲ ਮੇਰੇ ਪਾਸੋਂ ਪੈਸੇ ਮੰਗਦਾ ਸੀ ਤੇ ਜਦ ਮੈ ਪੈਸੇ ਨਹੀਂ ਦਿੱਤੇ ਤਾਂ ਉਕਤ ਨੇ ਮੇਰੇ ਖਿਲਾਫ ਘਿਣਾਉਣਾ ਮਾਮਲਾ ਦਰਜ ਕਰਵਾ ਦਿੱਤਾ ਹੈ। ਜਿਕਰਯੋਗ ਹੈ ਕਿ ਸੇਠੀ ਦੀ ਪੀੜਤ ਲੜਕੀ ਦੀ ਮਾਂ ਨਾਲ ਫੋਨ 'ਤੇ ਕੀਤੀ ਗੱਲਬਾਤ ਵੀ ਬੇਹੱਦ ਅਸ਼ਲੀਲ ਹੈ।

## ਗ਼ਰੀਬਾਂ ਦੇ ਘਰ ਢਾਹੁਣੇ ਦਰਸਾਉਂਦੇ

ਕੋਲੋਂ ਅਚਾਨਕ ਛੱਤ ਖੋਹ ਲਈ ਜਾਵੇ, ਜੇ ਤੁਹਾਡਾ ਪੂਰਾ ਪਰਿਵਾਰ ਇਕ ਪਲ 'ਚ ਬੇਘਰ ਹੋ ਜਾਵੇ ਤਾਂ ਤੁਹਾਨੂੰ ਕਿਵੇਂ ਲੱਗੇਗਾ ? ਦਿੱਲੀ ਦੀਆਂ ਝੁੱਗੀਆਂ-ਝੌਂਪੜੀਆਂ 'ਚ ਰਹਿਣ ਵਾਲੇ ਸੈਂਕੜੇ ਗਰੀਬ ਪਰਿਵਾਰ ਅੱਜ ਬਹੁਤ ਦੁਖੀ ਹਨ। ਉਨ੍ਹਾਂ ਕਿਹਾ ਕਿ ਉਹ ਛੋਟੇ ਘਰ ਜਿਨ੍ਹਾਂ 'ਚ ਉਨ੍ਹਾਂ ਦੀ ਪੂਰੀ ਜ਼ਿੰਦਗੀ ਵਸੀ ਸੀ, ਭਾਜਪਾ ਸਰਕਾਰ ਨੇ ਬੇਰਹਿਮੀ ਨਾਲ ਡੇਗ ਦਿੱਤੇ। ਇਹ ਸਿਰਫ਼ ਘਰ ਨਹੀਂ ਸਨ, ਇਹ ਉਨ੍ਹਾਂ ਦੇ ਸੁਪਨੇ, ਉਨ੍ਹਾਂ ਦੀ ਇੱਜ਼ਤ ਤੇ ਉਨ੍ਹਾਂ ਦੇ ਰਹਿਣ-ਸਹਿਣ ਦੇ ਸਾਧਨ ਸਨ। ਕਾਂਗਰਸ ਨੇਤਾ ਨੇ ਕਿਹਾ ਕਿ ਪ੍ਰਸ਼ਾਸਨ ਦੀ ਆੜ 'ਚ ਕੀਤਾ ਜਾ ਰਿਹਾ ਇਹ ਅੱਤਿਆਚਾਰ ਭਾਜਪਾ ਦੀ ਗਰੀਬਾਂ ਪ੍ਰਤੀ ਗੈਰ-ਸੰਵੇਦਨਸ਼ੀਲਤਾ ਤੇ ਸੱਤਾ ਦੇ ਹੰਕਾਰ ਨੂੰ ਉਜਾਗਰ ਕਰਦਾ ਹੈ। ਅਸੀਂ ਇਨ੍ਹਾਂ ਉੱਜੜੇ ਪਰਿਵਾਰਾਂ ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ। ਇਹ ਲੜਾਈ ਹੁਣ ਸਿਰਫ਼ ਘਰਾਂ ਲਈ ਨਹੀਂ, ਸਗੋਂ ਨਿਆਂ ਅਤੇ ਮਨੁੱਖਤਾ ਲਈ ਹੈ । ਅਸੀਂ ਹਰ ਮੋਰਚੇ 'ਤੇ ਲੜਾਂਗੇ।

## ਜਦੋਂ ਤੱਕ ਮੈਂ ਜ਼ਿੰਦਾ ਹਾਂ ਕਿਸਾਨਾਂ ਦੀ ਜ਼ਮੀਨ

ਐਕੁਆਇਰ ਹੋਵੇ ਤਾਂ ਅਜਿਹਾ ਨਹੀਂ ਹੋ ਸਕਦਾ। ਬਾਦਲ ਨੇ ਕਿਹਾ ਕਿ 1995 ਐਕਟ ਅਧੀਨ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਜਿੰਨਾ ਮਰਜ਼ੀ ਜ਼ੋਰ ਲਗਾ ਲਓ ਅਸੀਂ ਇੱਕ ਇੰਚ ਵੀ ਜ਼ਮੀਨ ਨਹੀਂ ਲੈਣ ਦਿਆਂਗੇ। ਲੋਕ ਇਕੱਠੇ ਹੋ ਕੇ ਬਸ ਤੂਫ਼ਾਨ ਖੜ੍ਹਾ ਕਰਨ, ਉਸ ਦੀ ਅਗਵਾਈ ਅਸੀਂ ਕਰਾਂਗੇ। ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਮਾਂ ਪਾਰਟੀ ਹੈ ਤੇ ਪੰਜਾਬ ਦੀ ਮਾਂ ਪਾਰਟੀ ਹੀ ਪੰਜਾਬ ਨੂੰ ਬਚਾ ਸਕਦੀ ਹੈ। ਡੇਰਾਬੱਸੀ ਦੇ ਸਾਬਕਾ ਵਿਧਾਇਕ ਐੱਨ.ਕੇ.ਸ਼ਰਮਾ ਨੇ ਕਿਹਾ ਕਿ ਅਸੀਂ ਪੰਜਾਬ ਦੀ ਇਕ ਇੰਚ ਜ਼ਮੀਨ ਵੀ ਨਹੀਂ ਲੁੱਟਣ ਦੇਵਾਂਗੇ। ਇਨ੍ਹਾਂ ਨੇ 64 ਹਜ਼ਾਰ ਏਕੜ ਜ਼ਮੀਨ 'ਤੇ ਨਜ਼ਰ ਰੱਖੀ ਹੈ। ਜਿਸ ਐਕਟ ਨਾਲ ਹੁਣ ਜ਼ਮੀਨ ਐਕਵਾਇਰ ਕਰਨ ਜਾ ਰਹੇ ਹਨ, ਉਸੇ 1995 ਐਕਟ ਨਾਲ ਜ਼ਮੀਨ ਲੈਣ ਜਾ ਰਹੇ ਹਨ ਇਹ ਕੋਸ਼ਿਸ਼ ਕਾਂਗਰਸ ਨੇ ਵੀ ਕੀਤੀ ਸੀ। ਉਸ ਸਮੇਂ ਕਿਸਾਨਾਂ ਨੇ ਧਰਨਾ ਲਗਾਇਆ ਤੇ ਜ਼ਮੀਨ ਐਕੁਆਇਰ ਨਹੀਂ ਹੋਣ ਦਿੱਤੀ। ਇਹ ਫ੍ਰੀ ਵਿਚ ਜ਼ਮੀਨ ਐਕੁਵਾਇਰ ਕਰਨ ਆਏ ਹਨ। ਇਨ੍ਹਾਂ ਨੂੰ ਅਸੀਂ ਜ਼ਮੀਨ ਨਹੀਂ ਦੇਵਾਂਗੇ। ਦੋਂ ਤੱਕ ਜ਼ਮੀਨ ਨੋਟੀਫਾਈ ਨਹੀਂ ਹੁੰਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਅਸੀਂ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ। ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਪੰਜਾਬ ਦੀ ਕਿਸਾਨੀ ਤੇ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਲੜਦਾ ਆਇਆ ਹੈ।

## ਪਹਿਲਗਾਮ ਹਮਲੇ ਦੇ ਸਾਜਿਸ਼ਘਾੜੇ

ਜਿਬਰਾਨ ਪਿਛਲੇ ਸਾਲ ਅਕਤੂਬਰ ਵਿੱਚ ਗਗਨਗੀਰ ਵਿੱਚ ਸੋਨਮਾਰਗ ਸੁਰੰਗ ਪ੍ਰਾਜੈਕਟ 'ਤੇ ਹੋਏ ਅੱਤਵਾਦੀ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਸੀ। ਹਮਲੇ ਵਿੱਚ ਇੱਕ ਡਾਕਟਰ ਸਣੇ ਸੱਤ ਜਣੇ ਮਾਰੇ ਗਏ ਸਨ। ਅੱਤਵਾਦੀਆਂ ਤੋਂ ਅਮਰੀਕਾ ਵਿੱਚ ਬਣੀ ਐਮ4 ਕਾਰਬਾਈਨ, ਏ.ਕੇ.-47, 17 ਰਾਈਫਲ ਗ੍ਰਨੇਡ ਬਰਾਮਦ ਕੀਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਕਈ ਹੋਰ ਸ਼ੱਕੀ ਚੀਜ਼ਾਂ ਵੀ ਬਰਾਮਦ ਕੀਤੀਆਂ ਗਈਆਂ ਹਨ। ਮਾਰੇ ਗਏ ਅੱਤਵਾਦੀਆਂ ਦੀਆਂ ਲਾਸ਼ਾਂ ਸਥਾਨਕ ਪੁਲੀਸ ਨੂੰ ਸੌਂਪ ਦਿੱਤੀਆਂ ਗਈਆਂ ਹਨ, ਜਿਨ੍ਹਾਂ ਪਛਾਣ ਪ੍ਰਕਿਰਿਆ ਵਿੱਚ ਮਦਦ ਕੀਤੀ, ਤਾਂ ਜੋ ਕਾਨੂੰਨੀ ਰਸਮਾਂ ਅਤੇ ਅੰਤਿਮ ਸੰਸਕਾਰ ਮਿਆਰੀ ਸੰਚਾਲਨ ਪ੍ਰਕਿਰਿਆ ਅਨੁਸਾਰ ਪੂਰਾ ਕੀਤਾ ਜਾ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਲਗਭਗ 11.30 ਵਜੇ 24 ਰਾਸ਼ਟਰੀ ਰਾਈਫਲਜ਼ ਅਤੇ 4 ਪੈਰਾ ਯੂਨਿਟ ਦੇ ਜਵਾਨਾਂ ਦੀ ਇੱਕ ਪਾਰਟੀ ਨੇ ਤਿੰਨ ਅੱਤਵਾਦੀਆਂ ਦੇ ਸਮੂਹ ਦਾ ਪਤਾ ਲਗਾਇਆ। ਪੁਲੀਸ ਦੇ ਇੰਸਪੈਕਟਰ ਜਨਰਲ (ਕਸ਼ਮੀਰ ਜ਼ੋਨ) ਵੀਕੇ ਬਿਰਦੀ ਨੇ ਕਿਹਾ ਕਿ ਇਹ ਇੱਕ ਲੰਮਾ ਸਮਾਂ ਚੱਲਿਆ ਅਪਰੇਸ਼ਨ ਸੀ ਜੋ ਆਖਰੀ ਰਿਪੋਰਟਾਂ ਆਉਣ ਤੱਕ ਜਾਰੀ ਸੀ। ਇਸ ਤੋਂ ਪਹਿਲਾਂ ਸ੍ਰੀਨਗਰ ਸਥਿਤ ਚਿਨਾਰ ਕੋਰ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ ਸੀ ਕਿ ਆਪ੍ਰੇਸ਼ਨ ਮਹਾਦੇਵ ਤਹਿਤ ਤਿੰਨ ਅਤਿਵਾਦੀ ਮਾਰੇ ਗਏ ਹਨ। ਫ਼ੌਜ ਦੇ ਚਿਨਾਰ ਕੋਰ ਨੇ ਕਿਹਾ, "ਤਿੰਨ ਅੱਤਵਾਦੀਆਂ ਨੂੰ ਮੁਕਾਬਲੇ ਦੌਰਾਨ ਮਾਰ ਮੁਕਾਇਆ ਗਿਆ। ਆਪ੍ਰੇਸ਼ਨ ਜਾਰੀ ਹੈ।"

## ਰਾਜਪਾਲ ਨੂੰ ਇਹ ਕਹਿਣਾ ਸ਼ੋਭਾ ਨਹੀਂ

ਤਹਿਤ ਮਾਮਲੇ 2012 'ਚ 500 ਤੋਂ ਵਧ ਕੇ 2023 'ਚ 2,200 ਹੋ ਗਏ ਹਨ। ਅਸੀਂ ਸੁਣ ਰਹੇ ਹਾਂ ਕਿ ਸਿਰਮੌਰ ਜ਼ਿਲ੍ਹੇ ਵਿਚ ਮੁੜ ਵਸੇਬਾ ਕੇਂਦਰ ਸਥਾਪਤ ਕਰਨ ਲਈ ਜ਼ਮੀਨ ਦੀ ਪਛਾਣ ਕੀਤੀ ਜਾ ਰਹੀ ਹੈ, ਪਰ ਜ਼ਮੀਨੀ ਪੱਧਰ ਉਤੇ ਕੁੱਝ ਵੀ ਨਹੀਂ ਚੱਲ ਰਿਹਾ ਹੈ।" ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁੱਖੂ ਨੇ ਕਿਹਾ, "ਰਾਜਪਾਲ ਸੰਵਿਧਾਨਕ ਅਤੇ ਸਨਮਾਨਜਨਕ ਅਹੁਦਾ ਸੰਭਾਲ ਰਹੇ ਹਨ ਅਤੇ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਪਰ ਅਜਿਹੇ ਬਿਆਨ ਦੇਣਾ ਉਸ ਨੂੰ ਸ਼ੋਭਾ ਨਹੀਂ ਦਿੰਦਾ। ਸਾਨੂੰ ਸਾਰਿਆਂ ਨੂੰ ਹਿਮਾਚਲ ਪ੍ਰਦੇਸ਼ ਦੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।" ਸੂਬੇ ਵਿਚ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਅਪਣੀ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਵੇਰਵਾ ਦਿੰਦਿਆਂ ਸੁੱਖੂ ਨੇ ਕਿਹਾ, "ਪਿਛਲੀਆਂ ਕਿਸੇ ਵੀ ਸਰਕਾਰ ਨੇ ਉਹ ਨਹੀਂ ਕੀਤਾ ਜੋ ਅਸੀਂ ਨਸ਼ਿਆਂ ਵਿਰੁਧ ਕੀਤਾ ਹੈ। ਹਿਮਾਚਲ ਪ੍ਰਦੇਸ਼ 'ਚ ਕਾਂਗਰਸ ਸਰਕਾਰ ਬਣਨ ਦੇ ਤਿੰਨ ਮਹੀਨਿਆਂ ਦੇ ਅੰਦਰ ਪਹਿਲੀ ਵਾਰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰਪਿਕ ਸਬਸਟੈਂਸ (ਪੀ.ਆਈ.ਟੀ.-ਐਨ.ਡੀ.ਪੀ.ਐਸ.) ਐਕਟ ਲਾਗੂ ਕੀਤਾ ਗਿਆ ਹੈ।" ਉਨ੍ਹਾਂ ਕਿਹਾ, "ਮੈਂ ਰਾਜਪਾਲ ਨੂੰ ਨਸ਼ਿਆਂ ਵਿਰੁਧ ਚੁਕੇ ਗਏ ਕਦਮਾਂ ਤੋਂ ਜਾਣੂ ਕਰਾਵਾਂਗਾ ਅਤੇ ਉਨ੍ਹਾਂ ਨੂੰ ਸੂਚਿਤ ਕਰਾਂਗਾ ਕਿ ਕਈ ਗੈਰ-ਸਰਕਾਰੀ ਸੰਗਠਨ ਇਸ ਦਿਸ਼ਾ ਵਿਚ ਕੰਮ ਕਰ ਰਹੇ ਹਨ।

## ਸ੍ਰੀ ਫ਼ਤਹਿਗੜ੍ਹ ਸਾਹਿਬ 'ਵਰਸਿਟੀ 'ਚ ਨੌਵੇਂ

ਕਰਵਾਈ ਜਾਵੇਗੀ। ਚੁਣੇ ਗਏ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੀ ਮੁਫ਼ਤ ਪੜ੍ਹਾਈ ਅਤੇ ਮਹੀਨਾਵਾਰ ਵਜੀਫ਼ਾ ਦਿੱਤਾ ਜਾਵੇਗਾ।

ਰਾਜਿਸਥਾਨ 'ਚ ਬੀਤੇ ਕੱਲ੍ਹ ਗੁਰਸਿੱਖ ਲੜਕੀ ਨੂੰ ਪੇਪਰ ਦੇਣ ਤੋਂ ਰੋਕਣ ਦੇ ਮਾਮਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵੀ ਇਸ ਦੇਸ਼ ਦੇ ਬਾਸ਼ਿੰਦੇ ਹਨ ਅਤੇ ਇੱਥੋਂ ਦੇ ਤਰੱਕੀ ਅਤੇ ਸੁਰੱਖਿਆ ਲਈ ਸਿੱਖਾਂ ਨੇ ਵੱਡੀਆਂ ਘਾਲਨਾਵਾਂ ਘਾਲੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀ ਖੁੱਲ੍ਹ ਦਿੰਦਾ ਹੈ ਤਾਂ ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਸਿੱਖ ਮਨਾਂ ਨੂੰ ਸੱਟ ਮਾਰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹਾ ਮਾਮਲਾ ਆਇਆ ਸੀ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੀ ਸੰਸਥਾ ਵੱਲੋਂ ਢੁੱਕਵੇਂ ਕਦਮ ਚੁੱਕੇ ਜਾਣਗੇ।

ਐਡਵੋਕੇਟ ਧਾਮੀ ਨੇ ਭਾਰਤ ਅਤੇ ਪਾਕਿਸਤਾਨ ਵਿਚ ਪਿਛਲੇ ਸਮੇਂ ਬਣੇ ਤਲਖ਼ੀ ਭਰੇ ਹਾਲਾਤਾਂ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸ਼ਰਧਾਲੂਆਂ ਦੀ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਇਹ ਲਾਂਘਾ ਆਪਸੀ ਪਿਆਰ, ਸਦਭਾਵਨਾ ਅਤੇ ਸਾਂਝਾਂ ਦਾ ਪ੍ਰਤੀਕ ਹੈ, ਜਿਸ ਨੂੰ ਜਲਦ ਖੋਲ੍ਹਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਵੀ ਇਜਾਜ਼ਤ ਦਿੱਤੇ ਜਾਣ ਦੀ ਦੋਹਾਂ ਸਰਕਾਰਾਂ ਪਾਸੋਂ ਮੰਗ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਨਾਂਦੇੜ ਦੇ ਪ੍ਰਬੰਧਕਾਂ ਵੱਲੋਂ ਪੁੱਜੀ ਮੰਗ ਅਨੁਸਾਰ ਤਖ਼ਤ ਸਾਹਿਬ ਅਤੇ ਦੱਖਣ ਪ੍ਰਦੇਸ਼ ਦੀਆਂ ਸੰਗਤਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 200 ਪਾਵਨ ਸਰੂਪ ਭੇਜਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਮਰਯਾਦਾ ਅਨੁਸਾਰ ਤਖ਼ਤ ਸਾਹਿਬ 'ਤੇ ਪਹੁੰਚਾਏ ਜਾਣਗੇ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਖੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਹੋਈ ਮਰਯਾਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ।

ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋੜੇ, ਸ. ਜਸਵਿੰਦਰ ਸਿੰਘ ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਆਦਿ ਮੌਜੂਦ ਸਨ।

## ਚਿਦੰਬਰਮ ਨੇ ਪਹਿਲਗਾਮ ਅੱਤਵਾਦੀ ਹਮਲੇ 'ਤੇ ਖੜ੍ਹਾ ਕੀਤਾ ਵੱਡਾ ਸਵਾਲ



ਨਵੀਂ ਦਿੱਲੀ, 28 ਜੁਲਾਈ (ਚ.ਨ.ਸ.): ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਅੱਜ ਇਕ ਵਿਵਾਦਪੂਰਨ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਿਵੇਂ ਪਤਾ ਕਿ ਅੱਤਵਾਦੀ ਪਾਕਿਸਤਾਨ ਤੋਂ ਆਏ ਸਨ ? ਕਾਂਗਰਸ ਦੇ ਸਾਬਕਾ ਵਿੱਤ ਮੰਤਰੀ ਦਾ ਇਹ ਬਿਆਨ ਸੰਸਦ ਵਿਚ ਪਹਿਲਗਾਮ ਅੱਤਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਤੋਂ ਕੁੱਝ ਘੰਟੇ ਪਹਿਲਾਂ ਆਇਆ ਹੈ।

ਚਿਦੰਬਰਮ ਨੇ ਇਕ ਇੰਟਰਵਿਊ ਵਿਚ ਕਿਹਾ, 'ਐਨ.ਆਈ.ਏ. ਇਹ ਦੱਸਣ ਲਈ ਤਿਆਰ ਨਹੀਂ ਹੈ ਕਿ ਉਨ੍ਹਾਂ ਨੇ ਇਨ੍ਹਾਂ ਹਫ਼ਤਿਆਂ ਵਿਚ ਕੀ ਕੀਤਾ ਹੈ। ਕੀ ਐਨ.ਆਈ.ਏ. ਨੇ ਅੱਤਵਾਦੀਆਂ ਦੀ ਪਛਾਣ ਕੀਤੀ ਹੈ ਜਾਂ ਪਤਾ ਲਗਾਇਆ ਹੈ ਕਿ ਉਹ ਕਿੱਥੋਂ ਆਏ ਸਨ ? ਹਮਲਾਵਰ ਦੇਸ਼ ਅੰਦਰਲੇ ਵੀ ਹੋ ਸਕਦੇ ਹਨ। ਤੁਸੀਂ ਇਹ ਕਿਉਂ ਮੰਨ ਰਹੇ ਹੋ ਕਿ ਉਹ ਪਾਕਿਸਤਾਨ ਤੋਂ ਆਏ ਸਨ। ਇਸ ਦਾ ਕੀ ਸਬੂਤ ਹੈ ?

ਇਸ ਦੌਰਾਨ, ਭਾਜਪਾ ਨੇਤਾ ਅਮਿਤ ਮਾਲਵੀਆ ਨੇ ਕਿਹਾ ਕਿ ਕਾਂਗਰਸ ਪਾਕਿਸਤਾਨ ਨੂੰ ਕਲੀਨ ਚਿੱਟ ਦੇਣ ਵਿਚ ਉਤਾਵਲੀ ਹੈ। ਜਦੋਂ ਵੀ ਸਾਡੀ ਫ਼ੌਜ ਪਾਕਿਸਤਾਨ ਨਾਲ ਸਬੰਧਤ ਅੱਤਵਾਦੀ ਹਮਲੇ ਜਾਂ ਹਾਦਸਿਆਂ ਦਾ ਸਾਹਮਣਾ ਕਰਦੀ ਹੈ। ਰਾਸ਼ਟਰੀ ਸੁਰੱਖਿਆ ਦੇ ਮਾਮਲਿਆਂ ਵਿਚ, ਕਾਂਗਰਸ ਹਮੇਸ਼ਾ ਦੁਸ਼ਮਣ ਨੂੰ ਬਚਾਉਣ ਵਿਚ ਰੁੱਝੀ ਰਹਿੰਦੀ ਹੈ। ਕਾਂਗਰਸੀ ਨੇਤਾ ਇਸਲਾਮਾਬਾਦ ਦੇ ਵਕੀਲਾਂ ਵਾਂਗ ਜ਼ਿਆਦਾ ਜਾਪਦੇ ਹਨ।

ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਕਾਂਗਰਸ ਹੁਣ ਇਕ ਗੱਦਾਰ ਸੰਗਠਨ ਬਣ ਗਈ ਹੈ। ਅੱਜ ਆਜ਼ਾਦੀ ਸੰਗਰਾਮ ਵਿਚ ਅਪਣੀ ਹਿੱਸੇਦਾਰੀ 'ਤੇ ਮਾਣ ਕਰਨ ਵਾਲੀ ਕਾਂਗਰਸ ਦੀ ਕੀ ਸਥਿਤੀ ਹੈ ? ਰਾਹੁਲ ਗਾਂਧੀ ਨੇ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਸਮਝੌਤਾ ਪੱਤਰ 'ਤੇ ਦਸਤਖ਼ਤ ਕੀਤੇ। ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਵੱਡੇ ਦੋਸ਼ ਹਨ। ਉਨ੍ਹਾਂ ਨੇ ਦੇਸ਼ ਨੂੰ ਵੇਚਣ ਦਾ ਫ਼ੈਸਲਾ ਕੀਤਾ ਸੀ। ਪਰ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਆ ਗਏ। ਹੁਣ ਉਹ ਇਸ ਮਜ਼ਬੂਤ ਲੀਡਰਸ਼ਿਪ ਨੂੰ ਹਜ਼ਮ ਨਹੀਂ ਕਰ ਪਾ ਰਹੇ ਹਨ।

ਭਾਜਪਾ ਸੰਸਦ ਮੈਂਬਰ ਸੰਜੇ ਜੈਸਵਾਲ ਉਨ੍ਹਾਂ ਨੂੰ ਇਹ ਸਵਾਲ ਰਾਜ ਸਭਾ ਵਿਚ ਪੁੱਛਣਾ ਚਾਹੀਦਾ ਹੈ। ਜਦੋਂ ਚਰਚਾ ਸਦਨ ਵਿਚ ਹੋਣੀ ਹੈ, ਤਾਂ ਉਹ ਇਸ ਮੁੱਦੇ ਨੂੰ ਬਾਹਰ ਕਿਉਂ ਉਠਾ ਰਹੇ ਹਨ। ਭਾਰਤ ਸਰਕਾਰ ਅੱਜ ਲੋਕ ਸਭਾ ਵਿਚ ਉਨ੍ਹਾਂ ਦੇ ਹਰ ਸਵਾਲ ਦਾ ਜਵਾਬ ਦੇਵੇਗੀ।

## ਕਾਂਗਰਸ ਨੇ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਨੂੰ ਲੈ ਕੇ ਪੁੱਛੀ ਸੀ ਥਰੂਰ ਦੀ ਇੱਛਾ, ਐਮ.ਪੀ. ਨੇ ਕੀਤਾ ਇਨਕਾਰ



ਨਵੀਂ ਦਿੱਲੀ, 28 ਜੁਲਾਈ (ਚ.ਨ.ਸ.) : ਕਾਂਗਰਸ ਨੇ ਲੋਕ ਸਭਾ 'ਚ ਆਪਰੇਸ਼ਨ ਸਿੰਦੂਰ 'ਤੇ ਚਰਚਾ 'ਚ ਹਿੱਸਾ ਲੈਣ ਲਈ ਆਪਣੇ ਸੰਸਦ ਮੈਂਬਰ ਸ਼ਸ਼ੀ ਥਰੂਰ ਤੋਂ ਉਨ੍ਹਾਂ ਦੀ ਇੱਛਾ ਪੁੱਛੀ ਸੀ, ਹਾਲਾਂਕਿ, ਉਨ੍ਹਾਂ ਨੇ ਚਰਚਾ 'ਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਲੋਕ ਸਭਾ 'ਚ ਕਾਂਗਰਸ ਦੇ ਡਿਪਟੀ ਲੀਡਰ ਗੌਰਵ ਗੋਗੋਈ ਅਤੇ ਚੀਫ਼ ਸਚੇਤਕ ਕੋਡਿਕੁਨਿਲ ਸੁਰੇਸ਼ ਨੇ ਥਰੂਰ ਨਾਲ ਸੰਪਰਕ ਕੀਤਾ ਅਤੇ ਪੁੱਛਿਆ ਕਿ ਕੀ ਉਹ ਆਪਰੇਸ਼ਨ ਸਿੰਦੂਰ 'ਤੇ ਚਰਚਾ 'ਚ ਹਿੱਸਾ ਲੈਣਾ ਚਾਹੁੰਦੇ ਹਨ। ਉਨ੍ਹਾਂ ਕਿਹਾ,'ਇਸ 'ਤੇ ਥਰੂਰ ਨੇ ਕਿਹਾ ਕਿ ਉਹ ਇਸ ਚਰਚਾ 'ਚ ਹਿੱਸਾ ਲੈਣ ਦੇ ਇੱਛੁਕ ਨਹੀਂ ਹਨ ਅਤੇ ਸਦਨ 'ਚ ਬਾਅਦ 'ਚ ਦੂਜੇ ਵਿਸ਼ੇ 'ਤੇ ਬੋਲ ਸਕਦੇ ਹਨ।'

ਆਪਰੇਸ਼ਨ ਸਿੰਦੂਰ 'ਤੇ ਚਰਚਾ ਦੌਰਾਨ ਕਾਂਗਰਸ ਵੱਲੋਂ ਪ੍ਰਿਯੰਕਾ ਗਾਂਧੀ ਵਾਡਰਾ, ਗੌਰਵ ਗੋਗੋਈ, ਸਪਤਗਿਰੀ ਉਲਕਾ, ਪ੍ਰਨਿਤੀ ਸ਼ਿੰਦੇ ਅਤੇ ਬ੍ਰਜੇਂਦਰ ਓਲਾ ਬੋਲਣਗੇ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਰੱਖਣਗੇ। ਪਹਿਲਗਾਮ ਹਮਲੇ ਅਤੇ ਇਸ ਦੇ ਜਵਾਬ 'ਚ ਸ਼ੁਰੂ ਕੀਤੇ ਗਏ ਆਪਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਦਾ ਪੱਖ ਪੇਸ਼ ਕਰਨ ਲਈ ਸਰਕਾਰ ਵੱਲੋਂ ਵਿਦੇਸ਼ਾਂ 'ਚ ਭੇਜੇ ਗਏ ਸੱਤ ਵਫ਼ਦਾਂ 'ਚੋਂ ਇਕ ਦੀ ਅਗਵਾਈ ਕਰਨ ਵਾਲੇ ਥਰੂਰ ਨੇ ਹਾਲ ਹੀ 'ਚ ਕੁਝ ਬਿਆਨ ਦਿੱਤੇ ਸਨ ਜੋ ਕਾਂਗਰਸ ਦੇ ਅਧਿਕਾਰਤ ਸਟੈਂਡ ਦੇ ਉਲਟ ਸਨ। ਇਸ ਤੋਂ ਬਾਅਦ, ਕਾਂਗਰਸ ਦੇ ਸੂਤਰਾਂ ਨੇ ਕਿਹਾ ਸੀ ਕਿ ਤਿਰੂਵਨੰਤਪੁਰਮ ਤੋਂ ਲੋਕ ਸਭਾ ਮੈਂਬਰ ਨੇ 'ਲਕਸ਼ਮਣ ਰੇਖਾ' ਪਾਰ ਕਰ ਲਈ ਸੀ। ਹਾਲਾਂਕਿ, ਕਾਂਗਰਸ ਨੇ ਥਰੂਰ ਵਿਰੁੱਧ ਕਿਸੇ ਵੀ ਕਾਰਵਾਈ ਤੋਂ ਇਨਕਾਰ ਕੀਤਾ ਹੈ।

## ਭਾਰਤ ਨੂੰ ਅਸਲ ਖ਼ਤਰਾ ਪਾਕਿਸਤਾਨ ਤੋਂ ਨਹੀਂ, ਚੀਨ ਤੋਂ: ਅਖਿਲੇਸ਼

ਨਵੀਂ ਦਿੱਲੀ, 28 ਜੁਲਾਈ (ਚ.ਨ.ਸ.) : ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਸੋਮਵਾਰ ਨੂੰ ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਫੌਜਾਂ ਦੀ ਬਹਾਦਰੀ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਜੇ ਉਨ੍ਹਾਂ ਕੋਲ ਹੋਰ ਸਮਾਂ ਹੁੰਦਾ ਤਾਂ ਉਹ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) 'ਤੇ ਵੀ ਕਬਜ਼ਾ ਕਰ ਲੈਂਦੇ। ਅਖਿਲੇਸ਼ ਯਾਦਵ ਨੇ ਕਿਹਾ ਕਿ ਸਰਕਾਰ ਭਾਵੇਂ ਪਾਕਿਸਤਾਨ ਬਾਰੇ ਹੀ ਗੱਲ ਕਰ ਰਹੀ ਹੈ, ਜਦੋਂਕਿ ਦੇਸ਼ ਨੂੰ ਅਸਲ ਖ਼ਤਰਾ ਚੀਨ ਤੋਂ ਹੈ। ਉਨ੍ਹਾਂ ਕਿਹਾ, "ਅਸੀਂ ਭਾਰਤੀ ਫੌਜ ਨੂੰ ਅਪਰੇਸ਼ਨ ਸਿੰਧੂਰ ਦੌਰਾਨ ਉਨ੍ਹਾਂ ਦੀ ਬਹਾਦਰੀ ਅਤੇ ਜਿਨ੍ਹਾਂ ਹਾਲਾਤ ਦਾ ਉਨ੍ਹਾਂ ਸਾਹਮਣਾ ਕੀਤਾ, ਉਸ ਲਈ ਵਧਾਈ ਦਿੰਦੇ ਹਾਂ। ਜੇ ਭਾਰਤੀ ਫੌਜ ਕੋਲ ਹੋਰ ਸਮਾਂ ਹੁੰਦਾ ਤਾਂ ਉਨ੍ਹਾਂ ਨੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) 'ਤੇ ਵੀ ਕਬਜ਼ਾ ਕਰ ਲੈਣਾ ਸੀ। ਇਸਦੇ ਨਾਲ ਹੀ ਅਖਿਲੇਸ਼ ਯਾਦਵ ਨੇ ਇਹ ਸਵਾਲ ਵੀ ਕੀਤਾ ਕਿ ਪਹਿਲਗਾਮ ਹਮਲੇ ਦੇ ਅੱਤਵਾਦੀ ਹਾਲੇ ਤੱਕ ਫ਼ਰਾਰ ਕਿਓਂ ਹਨ, ਅੱਤਵਾਦੀ ਕਿੱਥੇ ਗਾਇਬ ਹੋ ਗਏ ? ਇਹ ਦਸੱਦਿਆਂ ਹੋਇਆਂ ਕਿ ਭਾਰਤ ਨੂੰ ਚੀਨ ਤੋਂ ਖ਼ਤਰਾ ਹੈ, ਉਨ੍ਹਾਂ ਕੇਂਦਰ ਸਰਕਾਰ ਤੋਂ ਚੀਨ ਤੋਂ ਸਾਮਾਨ ਦੀ ਦਰਾਮਦ 'ਤੇ ਪਾਬੰਦੀ ਲਗਾਉਣ ਲਈ ਨੀਤੀ ਲਿਆਉਣ ਦੀ ਅਪੀਲ ਕੀਤੀ।

## ਰਮਾਸ਼ੰਕਰ ਨੇ ਘੇਰੀ ਕੇਂਦਰ ਸਰਕਾਰ, ਬੋਲੇ- ਜਾਂ ਤਾਂ ਟਰੰਪ ਝੂਠ ਬੋਲ ਰਿਹੈ ਜਾਂ...



ਨਵੀਂ ਦਿੱਲੀ, 28 ਜੁਲਾਈ (ਚ.ਨ.ਸ.) : ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਸੋਮਵਾਰ ਨੂੰ ਲੋਕ ਸਭਾ ਵਿੱਚ 'ਆਪ੍ਰੇਸ਼ਨ ਸਿੰਦੂਰ' 'ਤੇ ਗਰਮਾ-ਗਰਮ ਬਹਿਸ ਹੋਈ। ਇਸ ਦੌਰਾਨ ਜਿੱਥੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕਾਂਗਰਸ ਸੰਸਦ ਮੈਂਬਰ ਗੌਰਵ ਗੋਗੋਈ ਨੇ ਆਪਣੇ ਵਿਚਾਰ ਰੱਖੇ, ਉੱਥੇ ਹੀ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਰਾਮਸ਼ੰਕਰ ਰਾਜਭਰ ਨੇ ਵੀ ਇਸ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਿਆ। ਉੱਤਰ ਪ੍ਰਦੇਸ਼ ਦੀ ਸਲੇਮਪੁਰ ਸੀਟ ਤੋਂ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਰਮਾਸ਼ੰਕਰ ਰਾਜਭਰ ਨੇ ਲੋਕ ਸਭਾ ਵਿੱਚ ਕੇਂਦਰ ਸਰਕਾਰ ਤੇ ਸਖ਼ਤ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਜਵਾਨ ਦੀ ਸੀਮਾ, ਕਿਸਾਨ ਦਾ ਖੇਤ ਤੇ ਗਰੀਬ ਦਾ ਪੇਟ ਸੁਰੱਖਿਅਤ ਹੋਣਾ ਚਾਹੀਦਾ ਹੈ - ਇਹੀ ਸੱਚੀ ਨੀਤੀ ਹੋ ਸਕਦੀ ਹੈ। ਰਾਜਭਰ ਨੇ ਸਾਬਕਾ ਰੱਖਿਆ ਮੰਤਰੀ ਵੱਲੋਂ 100 ਅੱਤਵਾਦੀਆਂ ਦੇ ਮਾਰੇ ਜਾਣ ਦੇ ਬਿਆਨ ਦਾ ਸਵਾਗਤ ਕੀਤਾ ਪਰ ਪੁੱਛਿਆ ਕਿ 22 ਅਪ੍ਰੈਲ ਨੂੰ ਪਹਿਲਗਾਮ ਹਮਲੇ 'ਚ ਸ਼ਾਮਲ ਚਾਰ ਅੱਤਵਾਦੀਆਂ ਦੀ ਗਿਣਤੀ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਘਟਨਾ ਤੋਂ 17 ਦਿਨ ਬਾਅਦ ਆਪਰੇਸ਼ਨ ਸਿੰਦੂਰ ਚਲਾਇਆ ਗਿਆ, ਜੋ 3 ਦਿਨ 'ਚ ਸਮਾਪਤ ਹੋ ਗਿਆ।

ਇਹ ਸਾਰੀ ਕਾਰਵਾਈ ਦੇਰ ਨਾਲ ਕਿਉਂ ਹੋਈ ? ਰਮਾਸ਼ੰਕਰ ਰਾਜਭਰ ਨੇ ਡੋਨਾਲਡ ਟਰੰਪ ਦੇ ਬਿਆਨਾਂ 'ਤੇ ਵੀ ਪ੍ਰਸ਼ਨ ਚਿੰਨ੍ਹ ਲਾਏ। ਉਨ੍ਹਾਂ ਦੱਸਿਆ ਕਿ ਟਰੰਪ ਨੇ ਕਈ ਵਾਰ ਕਿਹਾ ਕਿ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵਿਚਕਾਰ ਯੁੱਧ ਰੋਕਣ ਲਈ ਦਖ਼ਲ ਦਿੱਤਾ। ਰਾਜਭਰ ਨੇ ਸਵਾਲ ਕੀਤਾ ਕਿ ਜੇ ਇਹ ਗੱਲ ਸੱਚ ਹੈ ਤਾਂ ਭਾਰਤ ਨੇ ਆਪਣੀ ਫੌਜੀ ਤੇ ਰਣਨੀਤਕ ਆਜ਼ਾਦੀ ਖੋਹ ਦਿੱਤੀ। ਜੇ ਟਰੰਪ ਝੂਠ ਬੋਲ ਰਹੇ ਹਨ ਤਾਂ ਭਾਰਤ ਸਰਕਾਰ ਨੇ ਉਹ ਸੱਚਾਈ ਲੋਕਾਂ ਤੋਂ ਕਿਉਂ ਨਹੀਂ ਸਾਂਝੀ ਕੀਤੀ।

ਉਨ੍ਹਾਂ ਕਿਹਾ ਕਿ ਮੁਲਾਇਮ ਸਿੰਘ ਯਾਦਵ ਨੇ ਕਦੇ ਵੀ ਭਾਰਤ ਦੀ ਅੰਤਰਰਾਸ਼ਟਰੀ ਪੱਧਰ 'ਤੇ ਹੇਠਾਂ ਦਿਖਾਉਣ ਵਾਲੀ ਭਾਸ਼ਾ ਨਹੀਂ ਵਰਤੀ। ਰਾਜਭਰ ਨੇ ਇਹ ਵੀ ਆਖਿਆ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਲੋਨ ਦਿਵਾਉਣ ਲਈ ਵੋਟ ਕੀਤਾ, ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਟਰੰਪ ਦੀ ਮਿੱਤਰਤਾ ਦੱਸੀ ਜਾਂਦੀ ਹੈ। ਰਮਾਸ਼ੰਕਰ ਰਾਜਭਰ ਨੇ ਪੁੱਛਿਆ ਕਿ ਜੇ ਭਾਰਤ ਦਾ ਆਪਰੇਸ਼ਨ ਠੀਕ ਸੀ, ਤਾਂ ਅਸੀਂ 32 ਦੇਸ਼ਾਂ ਵਿਚ ਗਏ ਕਿਉਂ ? ਅਤੇ ਜੇ ਗਏ ਤਾਂ ਲਾਭ ਕੀ ਹੋਇਆ ? ਉਨ੍ਹਾਂ ਨੇ ਆਖਿਰ ਵਿੱਚ ਮੰਗ ਕੀਤੀ ਕਿ ਸਰਕਾਰ ਜਨਤਾ ਨੂੰ ਸੱਚਾਈ ਦੱਸੇ - ਕਿਉਂਕਿ ਜਾਂ ਤਾਂ ਟਰੰਪ ਝੂਠ ਬੋਲ ਰਹੇ ਹਨ ਜਾਂ ਫਿਰ ਸਰਕਾਰ ਕੁਝ ਲਕਾ ਰਹੀ ਹੈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਆਈ.ਆਈ.ਟੀ. ਰੂਪਨਗਰ ਤੇ ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਦਰਮਿਆਨ ਐਮ.ਓ.ਯੂ. 'ਤੇ ਹਸਤਾਖਰ

## ਪੰਜਾਬ ਸਰਕਾਰ ਤਕਨੀਕੀ ਸਿੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰਨ ਤੇ ਨੌਜਵਾਨਾਂ ਨੂੰ ਭਵਿੱਖੀ ਸਕਿੱਲਾਂ ਨਾਲ ਲੈਸ ਕਰਨ ਲਈ ਵਚਨਬੱਧ : ਈਟੀਓ



ਚੰਡੀਗੜ੍ਹ, 28 ਜੁਲਾਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨੌਜਵਾਨਾਂ ਨੂੰ ਕਿੱਤਾਮੁਖੀ ਸਿਖਲਾਈ ਦੇਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਇੱਕ ਅਹਿਮ ਕਦਮ ਪੁੱਟਦਿਆਂ, ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਤੇ ਆਈ.ਆਈ.ਟੀ. ਰੂਪਨਗਰ ਦਰਮਿਆਨ ਇੱਕ ਮੈਮੋਰੈਂਡਮ ਆਫ ਅੰਡਰਸਟੈਂਡਿੰਗ (ਐਮ.ਓ.ਯੂ.) 'ਤੇ ਹਸਤਾਖਰ ਕੀਤੇ ਗਏ। ਇਸ ਤਹਿਤ ਐਮ.ਓ.ਯੂ ਦੇ ਤਹਿਤ ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਵਿਖੇ ਏ.ਆਈ. ਅਧਾਰਤ ਸਾਈਬਰ-ਫ਼ਿਜ਼ੀਕਲ ਸਿਸਟਮ (ਸੀਪੀਐਸ) ਲੈਬ ਦੀ ਸਥਾਪਨਾ ਕੀਤੀ ਜਾਵੇਗੀ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਕੀਤੀ ਗਈ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਇਸ ਮੌਕੇ ਆਪਣੇ ਸੰਬੋਧਨ 'ਚ ਕਿਹਾ ਕਿ ਪੰਜਾਬ ਸਰਕਾਰ ਤਕਨੀਕੀ ਸਿੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਭਵਿੱਖੀ ਸਕਿੱਲਾਂ ਨਾਲ ਲੈਸ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਹ ਲੈਬ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਵੀਂ ਤਕਨਾਲੋਜੀ 'ਚ ਰਿਸਰਚ ਸਹਿਯੋਗ, ਤਕਨੀਕੀ ਸਹਾਇਤਾ ਤੇ ਪ੍ਰਯੋਗਾਤਮਕ ਸਿਖਲਾਈ ਪ੍ਰਦਾਨ ਕਰਨਾ ਵਿਚ ਮੱਦਦ ਕਰੇਗੀ। ਇਹ ਲੈਬ ਰਿਸਰਚ, ਨਵੀਨਤਾ ਤੇ ਤਕਨੀਕੀ ਤਾਲੀਮ 'ਚ ਸਹਿਯੋਗ ਤੇ ਉਦਯੋਗ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਦਿਆਂ ਸਕਿੱਲ ਅਧਾਰਿਤ ਸਿੱਖਿਆ ਮਡਿਊਲਾਂ ਦੀ ਤਿਆਰੀ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਏਗੀ। ਇਸ ਸਮਝੌਤੇ 'ਤੇ ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਅਤੇ ਆਈ.ਆਈ.ਟੀ. ਰੂਪਨਗਰ ਦੇ ਅਧਿਕਾਰੀਆਂ ਵੱਲੋਂ ਹਸਤਾਖਰ ਕੀਤੇ ਗਏ। ਇਸ ਮੌਕੇ 'ਤੇ ਆਈ.ਆਈ.ਟੀ. ਰੂਪਨਗਰ ਦੇ ਉੱਚ ਅਧਿਕਾਰੀ, ਨੋਮੀਨੀ ਡਾਇਰੈਕਟਰ ਤੇ ਪ੍ਰਿੰਸੀਪਲ ਕਮਲਦੀਪ ਕੌਰ, ਸਕਿਲਿੰਗ ਤੇ ਸਟਾਰਟਅੱਪ ਟੀਮ, ਪੰਜਾਬ ਸਰਕਾਰ ਦੇ ਪੰਜਾਬ ਕਮਿਊਨੀਕੇਸ਼ਨਜ਼ ਵਿਭਾਗ, ਤਕਨੀਕੀ ਸਿੱਖਿਆ ਵਿਭਾਗ ਤੇ ਸਰਕਾਰੀ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ ਦੀ ਫੈਕਲਟੀ ਟੀਮ ਕਸ਼ਮੀਰੀ ਲਾਲ, ਡਾ. ਹਰਪ੍ਰੀਤ ਸਿੰਘ ਸੋਚ, ਸਤੀਸ਼ ਕੁਮਾਰ, ਸੁਮੀਤਰਬੀਰ ਸਿੰਘ, ਨਵਨੀਤ ਕੌਰ, ਪ੍ਰਭਜੀਤ ਕੌਰ, ਸੁਰਿੰਦਰ ਸਿੰਘ,ਹਰਪ੍ਰੀਤ ਕੌਰ (ਜੀਪੀਸੀ ਭਿਖੀਵਿੰਡ) ਤੇ ਜਸਬੀਰ ਸਿੰਘ (ਜੀਪੀਸੀ ਬਟਾਲਾ) ਵੀ ਮੌਜੂਦ ਸਨ।

## ਸੂਬੇ 'ਚ ਅਗਲੇ 24 ਘੰਟਿਆਂ 'ਚ ਮੀਂਹ ਨਾਲ ਬਿਜਲੀ ਲਿਸ਼ਕਣ ਤੇ ਤੇਜ਼ ਹਵਾਵਾਂ ਦੀ ਚਿਤਾਵਨੀ

ਚੰਡੀਗੜ੍ਹ, 28 ਜੁਲਾਈ (ਚ.ਨ.ਸ.): ਮੌਸਮ ਵਿਭਾਗ ਵੱਲੋਂ ਤਾਜ਼ਾ ਭਵਿੱਖਬਾਣੀ ਅਨੁਸਾਰ ਪੰਜਾਬ ਦੇ ਕਈ ਹਿੱਸਿਆਂ 'ਚ ਆਉਣ ਵਾਲੇ ਘੰਟਿਆਂ 'ਚ ਦਰਮਿਆਨੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਮੀਂਹ ਨਾਲ ਅਸਮਾਨੀ ਬਿਜਲੀ ਲਿਸ਼ਕਣ ਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਵੱਗਣ ਦੀ ਵੀ ਸੰਭਾਵਨਾ ਜਤਾਈ ਗਈ ਹੈ। ਇਸ ਦੇ ਨਾਲ ਹੀ ਮੌਸਮ ਵਿਭਾਗ ਨੇ ਪੰਜਾਬ ਦੇ ਕਈ ਹਿੱਸਿਆਂ 'ਚ 1 ਅਗਸਤ ਤੱਕ ਮੀਂਹ ਦੀ ਸੰਭਾਵਨਾ ਜਤਾਈ ਹੈ। ਵਿਭਾਗ ਨੇ ਸੰਗਰੂਰ, ਪਟਿਆਲਾ, ਮੋਹਾਲੀ, ਫਤਹਿਗੜ੍ਹ ਸਾਹਿਬ, ਲੁਧਿਆਣਾ, ਚੰਡੀਗੜ੍ਹ, ਰੂਪਨਗਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਲਈ ਤੇਜ਼ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਹੈ ਤੇ ਹੋਰ ਕਈ ਜ਼ਿਲ੍ਹਿਆਂ ਵਿੱਚ ਦਰਮਿਆਨੀ ਮੀਂਹ (25-50%) ਪੈਣ ਦੀ ਸੰਭਾਵਨਾ ਹੈ। 29 ਜੁਲਾਈ ਨੂੰ ਜ਼ਿਆਦਾਤਰ ਥਾਵਾਂ 'ਤੇ ਹਲਕਾ ਮੀਂਹ ਪਵੇਗਾ। 30 ਜੁਲਾਈ ਨੂੰ ਨਵਾਂਸ਼ਹਿਰ, ਰੂਪਨਗਰ, ਹੁਸ਼ਿਆਰਪੁਰ ਆਦਿ ਵਿੱਚ ਫਿਰ ਕੁਝ ਹਿੱਸਿਆਂ 'ਚ ਮੀਂਹ ਦੀ ਸੰਭਾਵਨਾ ਜਤਾਈ ਗਈ ਹੈ। 31 ਜੁਲਾਈ ਨੂੰ ਹੋਸ਼ਿਆਰਪੁਰ, ਤਰਨ ਤਾਰਨ, ਕਪੂਰਥਲਾ ਆਦਿ ਜ਼ਿਲ੍ਹਿਆਂ 'ਚ ਵੀ ਦਰਮਿਆਨਾ ਮੀਂਹ ਪੈ ਸਕਦਾ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵਰੋਸਾਈ ਨਗਰੀ ਦਾ ਕੋਨਾ-ਕੋਨਾ ਲਿਸ਼ਕਾਇਆ ਜਾਵੇਗਾ : ਬੈਂਸ

## ਕੈਬਨਿਟ ਮੰਤਰੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸਵੱਛਤਾ ਮੁਹਿੰਮ ਦੀ ਸ਼ੁਰੂਆਤ

ਸ੍ਰੀ ਅਨੰਦਪੁਰ ਸਾਹਿਬ, 28 ਜੁਲਾਈ (ਤਰਲੋਚਨ ਸਿੰਘ): ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵਰੋਸਾਈ ਨਗਰੀ ਸ੍ਰੀ ਅਨੰਦਪੁਰ ਸਾਹਿਬ ਦਾ ਕਣ ਕਣ ਸਾਫ ਸੁਥਰਾ ਕਰਨ ਲਈ ਹਰ ਵਾਰਡ, ਸੜਕ, ਗਲੀ, ਚੌਗਿਰਦੇ ਵਿੱਚ ਸਫਾਈ ਅਭਿਆਨ ਚਲਾਇਆ ਜਾਵੇਗਾ। ਗੁਰੂ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਸਮੁੱਚਾ ਇਲਾਕਾ ਪੂਰੀ ਤਰਾਂ ਸਵੱਛ ਰੱਖਿਆ ਜਾਵੇਗਾ। ਇਸ ਦੇ ਲਈ ਨਗਰ ਕੌਂਸਲ ਤੋਂ ਇਲਾਵਾ ਹੋਰ ਵੱਖ ਵੱਖ ਵਿਭਾਗਾਂ ਦੀਆਂ ਡਿਊਟੀਆਂ ਦੇ ਨਾਲ ਨਾਲ ਸਥਾਨਕ ਵਾਸੀਆਂ ਤੋਂ ਵੀ ਇਸ ਨਗਰ ਨੂੰ ਸਵੱਛ ਰੱਖਣ ਲਈ ਸਹਿਯੋਗ ਲਿਆ ਜਾਵੇਗਾ। ਹਫਤਾਵਾਰੀ ਮੈਗਾ ਸਫਾਈ ਅਭਿਆਨ ਚਲਾ ਕੇ ਗੁਰੂ ਨਗਰੀ ਦਾ ਕੋਨਾ ਕੋਨਾ ਲਿਸ਼ਕਾਇਆ ਜਾਵੇਗਾ।

ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸ਼ੁਰੂ ਕੀਤੀ ਸਫਾਈ ਮੁਹਿੰਮ ਦੌਰਾਨ ਸਥਾਨਕ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦਾ ਕੋਨਾ ਕੋਨਾ ਲਿਸ਼ਕਾਇਆ ਜਾਵੇਗਾ। ਅੱਜ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੰਗੇ ਪੈਰ ਗੁਰੂ ਨਗਰੀ ਦੇ ਸੜਕਾਂ, ਬਜ਼ਾਰਾ 'ਚ ਸਫਾਈ ਸੇਵਾ ਕਰ ਰਹੇ ਸਨ। ਉਨ੍ਹਾਂ ਦੇ ਨਾਲ ਐਸ.ਡੀ.ਐਮ. ਜਸਪ੍ਰੀਤ ਸਿੰਘ, ਪ੍ਰਸ਼ਾਸਨ ਦੇ ਅਧਿਕਾਰੀ ਤੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਤੇ ਕੌਂਸਲਰ, ਨਗਰ ਕੌਂਸਲ ਦੇ ਮੁਲਾਜ਼ਮ ਅਤੇ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਰਕਰ ਇਸ ਸਫਾਈ ਸੇਵਾ ਵਿੱਚ ਲੱਗੇ ਹੋਏ ਸਨ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 2022 'ਚ ਗੁਰੂ ਸਾਹਿਬ ਦੀ ਬਖ਼ਸ਼ਿਸ ਨਾਲ ਇਸ ਇਲਾਕੇ ਦੇ ਸੰਗਤ ਨੇ ਉਨ੍ਹਾਂ ਨੂੰ ਇਸ ਹਲਕੇ ਦੀ ਸੇਵਾ ਸੌਂਪੀ ਹੈ, ਇਹ ਮੇਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਦਿੱਲੀ ਵਿਚ ਜਾ ਕੇ ਸ਼ਹੀਦੀ ਦਿੱਤੀ। ਨੌਵੇਂ ਪਾਤਸ਼ਾਹ ਦਾ ਸੀਸ ਭਾਈ ਜੈਤਾ ਜੀ ਬਾਬਾ ਜੀਵਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ ਤੇ ਜਿਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਹੀ ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਦੇ ਸ਼ਹੀਦੀ ਦਿਹਾੜੇ ਦੇ ਸਮਾਗਮ ਹੋਣਗੇ, ਜਿੱਥੇ ਸੰਸਾਰ ਭਰ ਤੋਂ ਲੱਖਾਂ ਕਰੋੜਾਂ ਸੰਗਤਾਂ ਪਹੁੰਚਣਗੀਆਂ। ਇਸ ਲਈ ਇਸ ਨਗਰੀ ਦੀ ਸਫਾਈ ਦੀ ਮੁਹਿੰਮ ਅੱਜ ਤੋਂ ਸ਼ੁਰੂ ਕੀਤੀ ਹੈ, ਜਿਸ ਨੂੰ ਸੇਵਾ ਦੀ ਭਾਵਨਾ ਨਾਲ ਕਰ ਰਹੇ ਹਾਂ। ਉਨ੍ਹਾਂ ਨੇ ਪ੍ਰਮੁੱਖ ਮਾਰਗਾਂ, ਬਜ਼ਾਰਾ, ਸੜਕਾਂ ਦੀ ਸਫਾਈ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗਿੱਲਾ ਤੇ ਸੁੱਕਾ ਕੂੜਾ ਵੱਖੋ ਵੱਖਰਾ ਰੱਖਣ, ਜਿਸ ਨੂੰ ਸਹੀ ਢੰਗ ਨਾਲ ਨਿਪਟਾਇਆ ਜਾ ਸਕੇ।



ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਖਾਲਸੇ ਦਾ ਜਨਮ ਅਸਥਾਨ ਹੈ, ਇਹ ਉਹ ਪਵਿੱਤਰ ਧਰਤੀ ਹੈ ਜਿਸ ਦੇ ਕਣ ਕਣ ਨੂੰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ, ਇਸ ਨੂੰ ਸਾਫ ਸੁਥਰਾ ਰੱਖਣਾ ਸਾਡਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਕਿਹਾ ਕਿ ਅੱਜ "World Nature Conservation Day" ਮੌਕੇ ਅਸੀਂ ਸਭ ਤੋਂ ਵਾਤਾਵਰਣ ਤੇ ਪੌਣ ਪਾਣੀ ਦੀ ਸਾਂਭ ਸੰਭਾਲ ਦਾ ਪ੍ਰਣ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਰੁੱਖਾਂ ਤੇ ਜੀਵਾਂ ਦੀ ਸਾਂਭ ਸੰਭਾਲ ਬਹੁਤ ਜਰੂਰੀ ਹੈ, ਧਰਤੀ ਦੀ ਸਿਹਤ, ਪਾਣੀ ਦੀ ਸੰਭਾਲ ਤੇ ਕੁਦਰਤੀ ਸ੍ਰੋਤਾਂ ਦਾ ਰੱਖ ਰਖਾਓ ਕਰਨ ਨੂੰ ਤਰਜੀਹ ਦੇਣੀ ਹੈ। ਉਹ ਅੱਜ ਆਪਣੇ ਸਾਥੀਆਂ ਨਾਲ ਨੰਗੇ ਪੈਰ ਇਸ ਸੇਵਾ ਵਿੱਚ ਲੰਮਾਂ ਸਮਾਂ ਜੁਟੇ ਰਹੇ। ਇਸ ਮੌਕੇ ਗੁਰਦੀਪ ਸਿੰਘ ਕਾਰਜ ਸਾਧਕ ਅਫਸਰ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਸੁਨੀਲ ਅਡਵਾਲ ਪ੍ਰਧਾਨ ਰੇੜ੍ਹੀ ਖੋਖਾ ਯੂਨੀਅਨ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਠੇਕੇਦਾਰ ਜਗਜੀਤ ਸਿੰਘ ਜੱਗੀ ਆਪ ਆਗੂ, ਮਨਜੀਤ ਸਿੰਘ ਬੀ.ਪੀ ਈ.ਓ, ਬਲਬੀਰ ਕੌਰ ਕੌਂਸਲਰ, ਕੁਲਦੀਪ ਸਿੰਘ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਬਿੱਲਾ, ਮਦਨ ਲਾਲ ਸੈਂਨਟਰੀ ਇੰਸਪੈਕਟਰ, ਇੰਦਰਜੀਤ ਸਿੰਘ ਅਰੋੜਾ, ਵਿਜੇ ਗਰਚਾ, ਪ੍ਰਧਾਨ ਕੁਲਦੀਪ ਸਿੰਘ ਦੀਪਾ, ਅਬਜੀਤ ਸਿੰਘ ਅਲੈਕਸੀ ਆਪ ਆਗੂ, ਕੈਪਟਨ ਦਲਜੀਤ ਸਿੰਘ ਸੁਪਰਵਾਈਜ਼ਰ, ਜਸਪਾਲ ਸਿੰਘ ਪੰਮੀ, ਹੁਸਨ ਚੰਦ, ਕੈਪ. ਅਨੂਪ ਸਿੰਘ ਘੱਟੀਵਾਲ, ਜਸਵੰਤ ਸਿੰਘ, ਬੀਬੀ ਰਣਜੀਤ ਕੌਰ ਆਪ ਆਗੂ, ਸਵਰਨ ਕੌਰ, ਤਰਲੋਕ ਸਿੰਘ ਹੋਲਗੜ੍ਹ ਹਾਜ਼ਰ ਸਨ।

## ਜਸਵੀਰ ਸਿੰਘ ਗੜ੍ਹੀ ਵੱਲੋਂ ਨਿਊਜ਼ੀਲੈਂਡ ਦੇ ਐਮ.ਪੀ. ਫਿਲਪ ਸਟੋਨਰ ਟੈਫੋਰਡ ਨਾਲ ਮੁਲਾਕਾਤ

ਚੰਡੀਗੜ੍ਹ/ਆਕਲੈਂਡ, 28 ਜੁਲਾਈ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਨਿਊਜ਼ੀਲੈਂਡ ਦੇ ਸੀਨੀਅਰ ਰਾਜਨੀਤਿਕ ਆਗੂ ਤੇ ਮੈਂਬਰ ਪਾਰਲੀਮੈਂਟ ਫਿਲਪ ਸਟੋਨਰ ਟੈਫੋਰਡ ਨਾਲ ਮੁਲਾਕਾਤ ਕੀਤੀ ਗਈ। ਟੈਫੋਰਡ ਨਿਊਜ਼ੀਲੈਂਡ ਦੇ ਸਾਬਕਾ ਕੇਂਦਰੀ ਮੰਤਰੀ ਹਨ। ਇਸ ਮੁਲਾਕਾਤ ਦੌਰਾਨ ਗੜ੍ਹੀ ਨੇ ਨਿਊਜ਼ੀਲੈਂਡ ਦੇ ਪੰਜਾਬੀਆਂ ਨਾਲ ਸਬੰਧਤ ਮਸਲੇ ਟੈਫੋਰਡ ਨਾਲ ਵਿਚਾਰੇ, ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਬੀਤੇ ਦਿਨੀਂ ਨਿਊਜ਼ੀਲੈਂਡ 'ਚ ਸਿੱਖ ਤੇ ਕੁਝ ਹੋਰ ਧਰਮਾਂ ਦੇ ਝੰਡੇ ਸਾੜਨ ਸਬੰਧੀ ਵਾਪਰੀਆਂ ਘਟਨਾਵਾਂ ਬਾਰੇ ਵੀ ਚਰਚਾ ਕੀਤੀ ਗਈ ਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਸਬੰਧੀ ਨਿਊਜ਼ੀਲੈਂਡ ਦੀ ਸਰਕਾਰ ਨੂੰ ਕਹਿਣ ਕਿ ਲੋਕਾਂ ਨੂੰ ਦੂਸਰੇ ਧਰਮਾਂ ਪ੍ਰਤੀ ਜਾਗਰੂਕ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਬੇਨਤੀ ਕੀਤੀ ਕਿ ਉਹ ਪੰਜਾਬ ਵਿੱਚ ਨਿਵੇਸ਼ ਲਈ ਨਿਊਜ਼ੀਲੈਂਡ ਦੀਆਂ ਕੰਪਨੀਆਂ ਨੂੰ ਪ੍ਰੇਰਿਤ ਕਰਨ।



ਗੜ੍ਹੀ ਵੱਲੋਂ ਮੈਂਬਰ ਫਿਲਪ ਸਟੋਨਰ ਟੈਫੋਰਡ ਨੂੰ ਪੰਜਾਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ ਹੋਰ ਥਾਵਾਂ ਦੀ ਯਾਤਰਾ ਕਰਨ ਦਾ ਸੱਦਾ ਦਿੱਤਾ, ਜਿਸਨੂੰ ਫਿਲ ਟੀਫੋਰਡ ਵੱਲੋਂ ਸਵੀਕਾਰ ਕੀਤਾ ਗਿਆ।

# ਪੰਜਾਬ ਨਸ਼ਾ ਰੋਕਥਾਮ ਪਾਠਕ੍ਰਮ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣੇਗਾ : ਸਿੱਖਿਆ ਮੰਤਰੀ

## ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਵੱਲੋਂ ਨਸ਼ਾ ਰੋਕਥਾਮ ਪਾਠਕ੍ਰਮ ਦੀ ਸ਼ੁਰੂਆਤ 1 ਅਗਸਤ ਤੋਂ

ਚੰਡੀਗੜ੍ਹ, 28 ਜੁਲਾਈ (ਚ.ਨ.ਸ.): ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਨਸ਼ਿਆਂ ਵਿਰੁੱਧ ਪੰਜਾਬ ਦੀ ਜੰਗ ਇੱਕ ਅਹਿਮ ਮੋੜ 'ਤੇ ਪਹੁੰਚ ਗਈ ਹੈ, ਤੇ ਸੂਬਾ ਸਰਕਾਰ ਵੱਲੋਂ ਵਿੱਢੀ ਗਈ "ਯੁੱਧ ਨਸ਼ਿਆ ਵਿਰੁੱਧ" ਮੁਹਿੰਮ ਦੇ ਤੀਜੇ ਪੜਾਅ ਦੇ ਹਿੱਸੇ ਵਜੋਂ ਸਾਰੇ ਸਰਕਾਰੀ ਸਕੂਲਾਂ 'ਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਨਿਵੇਕਲਾ ਨਸ਼ਾ ਰੋਕਥਾਮ ਪਾਠਕ੍ਰਮ ਸ਼ੁਰੂ ਕੀਤਾ ਜਾ ਰਿਹਾ ਹੈ। ਸ਼ਾਮ ਨੂੰ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 1 ਅਗਸਤ ਨੂੰ ਫਾਜ਼ਿਲਕਾ ਜ਼ਿਲ੍ਹੇ ਦੇ ਅਰਨੀਵਾਲਾ ਵਿਖੇ ਸੂਬਾ ਪੱਧਰੀ ਨਸ਼ਾ ਰੋਕਥਾਮ ਪਾਠਕ੍ਰਮ ਦੀ ਸ਼ੁਰੂਆਤ ਕੀਤੀ ਜਾਵੇਗੀ।



ਪਾਠਕ੍ਰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਅਨੋਖਾ ਪ੍ਰੋਗਰਾਮ ਨੋਬਲ ਪੁਰਸਕਾਰ ਜੇਤੂ ਪ੍ਰੋਫੈਸਰ ਅਭਿਜੀਤ ਬੈਨਰਜੀ ਦੀ ਅਗਵਾਈ ਵਾਲੀ ਸੰਸਥਾ ਜੇ-ਪਾਲ ਸਾਊਥ ਏਸ਼ੀਆ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ ਤੇ ਇਸ ਪ੍ਰੋਗਰਾਮ ਤਹਿਤ ਮੋਹਰੀ ਵਿਵਹਾਰ ਵਿਗਿਆਨੀ, ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਲਗਭਗ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਤੋਂ ਦੂਰ ਰਹਿਣ ਸਬੰਧੀ ਗਿਆਨ ਤੇ ਹੁਨਰਾਂ ਨਾਲ ਸਸ਼ਕਤ ਬਣਾਉਣਗੇ। ਉਨ੍ਹਾਂ ਦੱਸਿਆ ਕਿ ਪਾਠਕ੍ਰਮ 'ਚ 35-ਮਿੰਟ ਦੇ ਸੈਸ਼ਨ ਹੋਣਗੇ, ਜੋ 27 ਹਫ਼ਤਿਆਂ ਲਈ ਹਰ ਪੰਦਰਵਾੜੇ ਕਰਵਾਏ ਜਾਣਗੇ ਅਤੇ ਇਸ ਵਿੱਚ ਦਸਤਾਵੇਜ਼ੀ, ਕੁਇੱਜ਼, ਪੋਸਟਰ ਤੇ ਇੰਟਰਐਕਟਿਵ ਗਤੀਵਿਧੀਆਂ ਸ਼ਾਮਲ ਹੋਣਗੀਆਂ। ਇਹ ਸੈਸ਼ਨ ਨਸ਼ਿਆਂ ਬਾਰੇ ਮਿੱਥ ਨੂੰ ਦੂਰ ਕਰਨ, ਨਸ਼ਿਆਂ ਨੂੰ ਨਾਂਹ ਕਰਨ ਸਬੰਧੀ ਰਣਨੀਤੀਆਂ ਤੇ ਸਾਥੀਆਂ ਦੇ ਦਬਾਅ ਦਾ ਵਿਰੋਧ ਕਰਨ ਵਰਗੇ ਮੁੱਖ ਖੇਤਰਾਂ 'ਤੇ ਕੇਂਦ੍ਰਤ ਹੋਣਗੇ ਤੇ ਵਿਦਿਆਰਥੀਆਂ ਨੂੰ ਸੂਚਿਤ ਫੈਸਲੇ ਲੈਣ ਸਬੰਧੀ ਗਿਆਨ ਤੇ ਹੁਨਰਾਂ ਨਾਲ ਲੈਸ ਕਰਨਗੇ। ਬੈਂਸ ਨੇ ਕਿਹਾ ਕਿ ਇਸ ਨਸ਼ਾ ਵਿਰੋਧੀ ਪ੍ਰੋਗਰਾਮ ਦੀ ਵਿਆਪਕ ਪਹੁੰਚ ਹੋਵੇਗੀ, ਜਿਸ ਵਿੱਚ 3,658 ਸਕੂਲ ਸ਼ਾਮਲ ਹੋਣਗੇ। ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਲੱਗਭੱਗ ਅੱਠ ਲੱਖ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਲਈ 6,500 ਤੋਂ ਵੱਧ ਸਿਖਲਾਈ ਪ੍ਰਾਪਤ ਅਧਿਆਪਕਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਪਹਿਲ ਪ੍ਰੋਗਰਾਮ ਖੋਜ ਆਧਾਰਿਤ ਹੈ, ਜੋ ਮੋਹਰੀ ਵਿਵਹਾਰ ਵਿਗਿਆਨੀਆਂ ਵੱਲੋਂ ਵਿਕਸਤ ਕੀਤਾ ਗਿਆ ਹੈ ਤੇ ਵਿੱਤੀ ਸਾਲ 2024-25 ਦੌਰਾਨ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ 78 ਸਰਕਾਰੀ ਸਕੂਲਾਂ ਵਿੱਚ 9600 ਵਿਦਿਆਰਥੀਆਂ ਉੱਤੇ ਕੀਤੇ ਗਏ ਰੈਂਡਮ ਟਰਾਇਲਾਂ ਰਾਹੀਂ ਇਸ ਦਾ ਮੁਲਾਂਕਣ ਕੀਤਾ ਗਿਆ, ਦਿਸ ਦੇ ਬੇਹੱਦ ਮਹੱਤਵਪੂਰਨ ਨਤੀਜੇ ਸਾਹਮਣੇ ਆਏ। ਇਹਨਾਂ ਟਰਾਇਲਾਂ ਵਿੱਚ ਨਸ਼ੇ ਦੇ ਜ਼ੋਖਮ ਪ੍ਰਤੀ ਜਾਗਰੂਕਤਾ 'ਚ ਇੱਕ ਵਿਸ਼ੇਸ਼ ਸੁਧਾਰ ਦੇਖਣ ਨੂੰ ਮਿਲਿਆ। ਚਿੱਟੇ ਦੀ ਇੱਕ ਵਾਰ ਵਰਤੋਂ ਨਾਲ ਆਦਤ ਲੱਗਣ ਦੇ ਖ਼ਤਰੇ ਨੂੰ 90 ਫ਼ੀਸਦ ਵਿਦਿਆਰਥੀਆਂ ਨੇ ਸਮਝਿਆ, ਜਦੋਂਕਿ ਕੰਟਰੋਲਡ ਸਮੂਹ ਵਿੱਚ ਇਹ ਦਰ 69 ਫ਼ੀਸਦ ਸੀ। ਇਸ ਤੋਂ ਇਲਾਵਾ ਟਰਾਇਲ ਦੌਰਾਨ "ਨਸ਼ੇ ਨੂੰ ਇੱਛਾ-ਸ਼ਕਤੀ ਨਾਲ ਛੱਡਿਆ ਜਾ ਸਕਦਾ ਹੈ" ਉੱਤੇ ਵਿਸ਼ਵਾਸ ਕਰਨ ਵਾਲਿਆਂ ਦੀ ਗਿਣਤੀ 50 ਫ਼ੀਸਦ ਤੋਂ ਘੱਟ ਕੇ 20 ਫ਼ੀਸਦ ਰਹਿ ਗਈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ 'ਚ ਨਸ਼ੇ ਦੀ ਸਮੱਸਿਆ ਦਹਾਕਿਆਂ ਤੋਂ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਤੇ ਸਰਪ੍ਰਸਤੀ ਦਾ ਨਤੀਜਾ ਹੈ। ਸਿੱਖਿਆ ਮੰਤਰੀ ਨੇ ਇਸ ਸਾਲ ਮਾਰਚ 'ਚ ਸ਼ੁਰੂ ਕੀਤੀ ਗਈ "ਯੁੱਧ ਨਸ਼ਿਆ ਵਿਰੁੱਧ" ਮੁਹਿੰਮ ਬਾਰੇ ਵੇਰਵੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਸਖ਼ਤ ਕਾਰਵਾਈਆਂ ਕੀਤੀਆਂ ਹਨ, ਜਿਸ 'ਚ 23,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟਣਾ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨਾ ਤੇ 1000 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕਰਨਾ ਸ਼ਾਮਲ ਹੈ। ਇਹ ਯਤਨ ਨਸ਼ਿਆਂ ਦੀ ਲਾਹਣਤ ਨਾਲ ਨਜਿੱਠਣ ਤੇ ਪੰਜਾਬ ਦੇ ਨੌਜਵਾਨਾਂ ਲਈ ਇੱਕ ਉੱਜਵਲ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਦੀ ਸਮਰਪਣ ਭਾਵਨਾ ਨੂੰ ਦਰਸਾਉਂਦੇ ਹਨ।

# ਦਿਸ਼ਾ ਟਰੱਸਟ ਨੇ ਲਗਾਈਆਂ 'ਮੋਹਾਲੀ ਵਾਕ' ਵਿੱਚ ਤੀਆਂ ਦੀਆਂ ਰੌਣਕਾਂ

## ਜਿਹੜੇ ਵਿਹੜੇ 'ਚ ਧੀਆਂ ਹੱਸਦੀਆਂ, ਗਾਉਂਦੀਆਂ ਨੇ ਉਹ ਵਿਹੜਾ ਹੁੰਦੈ ਭਾਗਾਂ ਵਾਲਾ : ਗੁਰਪ੍ਰੀਤ ਕੌਰ ਸੰਧਵਾਂ

ਮੋਹਾਲੀ, 28 ਜੁਲਾਈ (ਹਰਦੀਪ ਕੌਰ): ਜਿਹੜੇ ਵਿਹੜੇ 'ਚ ਧੀਆਂ ਹੱਸਦੀਆਂ, ਗਾਉਂਦੀਆਂ ਹਨ, ਜਿਹੜੇ ਘਰ 'ਚ ਖੁੱਲ੍ਹ ਕੇ ਆਪਣੇ ਦਿਲ ਦੀ ਗੱਲ ਮਾਪਿਆ ਅੱਗੇ ਰੱਖਦੀਆਂ ਹਨ, ਉਹ ਘਰ ਉਹ ਵਿਹੜਾ ਭਾਗਾਂ ਵਾਲਾ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਦਿਸ਼ਾ ਵੂਮੈਨ ਵੈੱਲਫੇਅਰ ਟਰੱਸਟ ਰਜਿ. ਪੰਜਾਬ ਵੱਲੋਂ ਟਰੱਸਟ ਪ੍ਰਧਾਨ ਹਰਦੀਪ ਕੌਰ ਦੀ ਅਗਵਾਈ ਹੇਠ ਅਤੇ ਮੋਹਾਲੀ ਵਾਕ ਦੇ ਡਾਇਰੈਕਟਰ ਵਿਕਰਮਪੁਰੀ ਦੇ ਸਹਿਯੋਗ ਨਾਲ ਕਰਵਾਏ ਗਏ "ਤੀਆਂ ਤੀਜ ਦੀਆਂ" ਪ੍ਰੋਗਰਾਮ ਦੌਰਾਨ ਉਚੇਚੇ ਤੌਰ 'ਤੇ ਬਤੌਰ ਮੁੱਖ ਮਹਿਮਾਨ ਪਹੁੰਚੇ ਗੁਰਪ੍ਰੀਤ ਕੌਰ ਸੰਧਵਾਂ ਧਰਮ ਸੁਪਤਨੀ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਕੀਤਾ ਗਿਆ। ਦਿਸ਼ਾ ਟਰੱਸਟ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਮਹਿਲਾ ਸਸ਼ਕਤੀਕਰਨ ਦੇ ਖੇਤਰ 'ਚ ਟਰੱਸਟ ਦੀਆਂ ਪ੍ਰਾਪਤੀਆਂ ਇਤਿਹਾਸਿਕ ਹਨ ਤੇ ਟਰੱਸਟ ਦੇ ਉਪਰਾਲਿਆਂ ਸਦਕਾ ਸੈਂਕੜੇ ਨੌਜਵਾਨ ਕੁੜੀਆਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਪ੍ਰੋਗਰਾਮ 'ਚ ਰਾਜ ਲਾਲੀ ਗਿੱਲ ਚੇਅਰਪਰਸਨ ਪੰਜਾਬ ਸਟੇਟ ਵੂਮੈਨ ਕਮਿਸ਼ਨ, ਜਸਵੰਤ ਕੌਰ ਉੱਘੇ ਸਮਾਜ ਸੇਵੀ, ਜਗਜੀਤ ਕੌਰ ਕਾਹਲੋਂ ਉੱਘੇ ਸਮਾਜ ਸੇਵੀ ਤੇ ਵਿਦਿਆਰਥੀਆਂ ਲਈ ਚਾਨਣ ਮੁਨਾਰੇ ਬਣੇ ਜਸਕਿਰਨ ਕੌਰ ਸ਼ੇਰ ਗਿੱਲ ਬਤੌਰ ਗੈਸਟ ਆਫ ਆਨਰ ਹਾਜ਼ਰ ਹੋਏ। ਮੋਹਾਲੀ ਵਾਕ ਦੇ ਵਿਹੜੇ 'ਚ ਤੀਆਂ ਦੀਆਂ ਰੌਣਕਾਂ ਨੇ ਖਰੀਦਦਾਰੀ ਕਰਨ ਆਏ ਗ੍ਰਾਹਕਾਂ ਦਾ ਧਿਆਨ ਵੀ ਆਪਣੇ ਵੱਲ ਆਕਰਸ਼ਿਤ ਕੀਤਾ। ਪੂਰਾ ਮਾਲ ਇਕ ਪੁਰਾਤਨ ਪਿੰਡ ਦੇ ਵਾਂਗ ਸੱਜਿਆ ਹੋਇਆ ਸੀ। ਅਮੀਰ ਪੰਜਾਬੀ ਵਿਰਸੇ ਦੀਆਂ ਝਲਕਾਂ ਖੂਹ, ਖੂੰਡੇ, ਡਾਂਗਾਂ, ਪੱਖੀਆਂ, ਮੰਜੇ ਫੁਲਕਾਰੀਆਂ, ਚਰਖੇ, ਚਾਟੀ ਤੇ ਮਧਾਣੀਆਂ ਆਦਿ ਨੇ ਮਾਲ ਵਿੱਚ ਹਾਜ਼ਰ ਹਰ ਵਿਅਕਤੀ ਦਾ ਧਿਆਨ ਆਪਣੇ ਵੱਲ ਖਿਚਿਆ। ਇਸ ਮੌਕੇ ਪੰਜਾਬੀ ਲੋਕ ਗਾਇਕਾ ਆਰ.ਦੀਪ.ਰਮਨ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗੀਤਾਂ ਦੀ ਝੜੀ ਲਾ ਕੇ ਮੇਲਾ ਲੁੱਟਿਆ।



ਆਏ ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਟਰੱਸਟ ਵੱਲੋਂ ਗਿੱਧਾ, ਭੰਗੜਾ, ਬੋਲੀਆਂ, ਟੱਪੇ, ਸੁਹਾਗ ਤੇ ਸਿੱਠਣੀਆਂ ਦੇ ਮੁਕਾਬਲੇ ਕਰਵਾਏ ਗਏ। ਇਸ ਦੇ ਨਾਲ ਹੀ ਪ੍ਰੋਗਰਾਮ 'ਚ ਹਾਜ਼ਰ ਹੋਰਨਾਂ ਮਹਿਲਾਵਾਂ ਨੂੰ ਹਰਾਉਂਦੇ ਹੋਏ ਕੁਲਵਿੰਦਰ ਕੌਰ ਨੇ ਸੁਨੱਖੀ ਪੰਜਾਬਣ, ਮਨਦੀਪ ਕੌਰ ਨੇ ਮਿਸਿਜ਼ ਪੰਜਾਬਣ ਤੇ ਨਰਿੰਦਰ ਕੌਰ ਨੇ ਮਿਸਿਜ਼ ਤੀਜ ਦਾ ਖਿਤਾਬ ਜਿੱਤਿਆ। ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ 17 ਮਹਿਲਾਵਾਂ ਨੂੰ ਮੰਚ ਵੱਲੋਂ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿੱਚ ਡਾਕਟਰ ਰਵੀਨਾ ਸੂਰੀ, ਐੱਮ ਸੀ ਰਮਨਦੀਪ ਕੌਰ , ਐੱਮ ਸੀ ਹਰਜਿੰਦਰ ਕੌਰ ਸੋਹਾਣਾ, ਕੁਲਦੀਪ ਕੌਰ ਨਰਸਿੰਗ ਸੁਪਰੀਡੈਂਟ ਇੰਡਸ ਇੰਟਰਨੈਸ਼ਨਲ ਹੌਸਪੀਟਲ, ਹਰਭਜਨ ਕੌਰ ਉੱਘੇ ਸਮਾਜ ਸੇਵੀ, ਕੁਲਦੀਪ ਕੌਰ ਪ੍ਰੈਜੀਡੈਂਟ ਵੂਮਨ ਸੈਲ ਮੋਹਾਲੀ, ਸਮਾਜ ਸੇਵੀ ਗੁਰਪ੍ਰੀਤ ਕੌਰ ਉੱਭਾ, ਜਤਿੰਦਰ ਕੌਰ ਗੁਰਦੁਆਰਾ ਲੰਬਿਆਂ ਸਾਹਿਬ, ਪੱਤਰਕਾਰ ਉਮਾ ਰਾਵਤ, ਪੱਤਰਕਾਰ ਸਿਮਰਜੀਤ ਕੌਰ ਧਾਲੀਵਾਲ, ਪੱਤਰਕਾਰ ਮਮਤਾ ਸ਼ਰਮਾ ਦਾ ਨਾਂ ਸ਼ਾਮਿਲ ਹੈ । ਦਿਸ਼ਾ ਟਰੱਸਟ ਵੱਲੋਂ ਮਨਾਈ ਗਏ ਤੀਆਂ ਦੇ ਤਿਉਹਾਰ ਨੇ ਜਿੱਥੇ ਧੀਆਂ ਦੇ ਚਿਹਰਿਆਂ ਦੇ ਉੱਤੇ ਰੌਣਕ ਲਿਆਂਦੀ , ਉਥੇ ਹੀ ਲੋਕਾਂ ਨੂੰ ਬੇਟੀ ਬਚਾਓ ਬੇਟੀ ਪੜਾਓ ਤੇ ਸਮਾਜ ਬਚਾਓ ਦਾ ਹੋਕਾ ਵੀ ਦਿੱਤਾ।

# ਮੁੱਖ ਮੰਤਰੀ ਨੇ ਸ਼ਹੀਦ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਇੱਕ ਕਰੋੜ ਦਾ ਚੈੱਕ ਸੌਂਪਿਆ

ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ), 28 ਜੁਲਾਈ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਡਿਊਟੀ ਦੌਰਾਨ ਸ਼ਹੀਦ ਹੋਏ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਮੁੱਖ ਮੰਤਰੀ ਨੇ ਦੇਸ਼ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸ਼ਹੀਦ ਏ.ਐਸ.ਆਈ. ਧਨਵੰਤ ਸਿੰਘ ਦੇ ਪਰਿਵਾਰ ਨੂੰ ਚੈੱਕ ਸੌਂਪਿਆ। ਉਨ੍ਹਾਂ ਕਿਹਾ ਕਿ ਏ.ਐਸ.ਆਈ. ਧਨਵੰਤ ਸਿੰਘ ਨੇ 18 ਜਨਵਰੀ, 2025 ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਆਪਣੀ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਨਿਮਾਣੇ ਜਿਹੇ ਉਪਰਾਲੇ ਨਾਲ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਅਫ਼ਸਰ ਦੇ ਅਥਾਹ ਯੋਗਦਾਨ ਪ੍ਰਤੀ ਸ਼ੁਕਰਗੁਜ਼ਾਰ ਪ੍ਰਗਟ ਕਰਦੀ ਹੈ।





ਮਾਤ ਭੂਮੀ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸੈਨਿਕਾਂ ਦੇ ਪਰਿਵਾਰਾਂ ਦੀ ਮੱਦਦ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹਨਾਂ ਪਰਿਵਾਰਾਂ ਦੀ ਸਹਾਇਤਾ ਕਰਨਾ ਪੰਜਾਬ ਸਰਕਾਰ ਦਾ ਮੁਢਲਾ ਫਰਜ਼ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨਾਇਕਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਸੂਬਾ ਸਰਕਾਰ ਦਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਪ੍ਰਤੀ ਸੁਹਿਰਦ ਯਤਨ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਜਿੱਥੇ ਪਰਿਵਾਰ ਨੂੰ ਧਰਵਾਸ ਦੇਵੇਗਾ, ਉੱਥੇ ਹੀ ਭਵਿੱਖ ਨੂੰ ਸੁਰੱਖਿਅਤ ਬਣਾਏਗਾ। ਉਨ੍ਹਾਂ ਕਿਹਾ ਕਿ ਇਹ ਕਦਮ ਨੌਜਵਾਨਾਂ ਨੂੰ ਆਪਣੀ ਮਾਤ ਭੂਮੀ ਦੀ ਸੇਵਾ ਕਰਨ ਲਈ ਹਥਿਆਰਬੰਦ ਸੈਨਾਵਾਂ ਤੇ ਪੰਜਾਬ ਪੁਲਿਸ ਵਿੱਚ ਜਾਣ ਲਈ ਵੀ ਉਤਸ਼ਾਹਿਤ ਕਰੇਗਾ।

# ਪੰਜਾਬ ਭਵਨ ਜਲੰਧਰ ਵਿਖੇ ਵਿਸ਼ੇਸ਼ ਮਹਿਮਾਨਾਂ ਦਾ ਨਿੱਘਾ ਸਵਾਗਤ !



ਜਲੰਧਰ, 28 ਜੁਲਾਈ (ਅੰਮ੍ਰਿਤਪਾਲ ਸਿੰਘ): ਪੰਜਾਬ ਜਲੰਧਰ ਦੇ ਦਫ਼ਤਰ ਵਿਖੇ ਬਹੁਤ ਹੀ ਖਾਸ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਚੈਨਲ ਪੰਜਾਬੀ ਤੇ ਪੰਜਾਬ ਰੇਡੀਓ, ਕੈਨੇਡਾ ਦੇ ਉੱਘੇ ਹੋਸਟ ਜਸਕਰਨ ਸਹੋਤਾ ਵਿਸ਼ੇਸ਼ ਤੌਰ 'ਤੇ ਪੰਜਾਬ ਭਵਨ ਪਹੁੰਚੇ। ਉਨ੍ਹਾਂ ਦੇ ਨਾਲ ਉੱਘੇ ਬਿਜ਼ਨਸਮੈਨ ਗੁਰਦੀਪ ਸਿੰਘ ਵੀ ਸ਼ਾਮਲ ਹੋਏ। ਇਸ ਮੌਕੇ 'ਤੇ ਪੰਜਾਬ ਭਵਨ ਸਰੀ, ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਤੇ ਤਜਿੰਦਰ ਬਾਜਵਾ ਵੀ ਹਾਜ਼ਰ ਸਨ। ਇਹ ਮੁਲਾਕਾਤ ਬਹੁਤ ਹੀ ਖੁਸ਼ਗਵਾਰ ਰਹੀ ਤੇ ਪੰਜਾਬੀ ਭਾਈਚਾਰੇ ਤੇ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਅਸੀਂ ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਦਾ ਪੰਜਾਬ ਭਵਨ ਜਲੰਧਰ ਵਿਖੇ ਆਉਣ 'ਤੇ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਆਸ ਹੈ ਕਿ ਭਵਿੱਖ 'ਚ ਵੀ ਅਜਿਹੀਆਂ ਮੁਲਾਕਾਤਾਂ ਜਾਰੀ ਰਹਿਣਗੀਆਂ।

## ਹਰਭਜਨ ਸਿੰਘ ਈ.ਟੀ.ਓ. ਅਮਰੀਕਾ 'ਚ ਹੋਣ ਵਾਲੇ ਅੰਤਰਰਾਸ਼ਟਰੀ ਲੈਜਿਸਲੇਟਿਵ ਸੰਮੇਲਨ 'ਚ ਹੋਣਗੇ ਸ਼ਾਮਲ

ਚੰਡੀਗੜ੍ਹ, 28 ਜੁਲਾਈ (ਚ.ਨ.ਸ): ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੂੰ 4 ਤੋਂ 6 ਅਗਸਤ ਤੱਕ ਬੋਸਟਨ, ਮੈਸੇਚਿਉਸੇਟਸ, ਅਮਰੀਕਾ 'ਚ ਹੋਣ ਵਾਲੇ ਵੱਕਾਰੀ ਨੈਸ਼ਨਲ ਕਾਨਫਰੰਸ ਆਫ਼ ਸਟੇਟ ਲੈਜਿਸਲੇਚਰਜ਼ (ਐਨ.ਸੀ.ਐਸ.ਐਲ.) ਲੈਜਿਸਲੇਟਿਵ ਸੰਮੇਲਨ-2025 ਵਿੱਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਹੈ। ਐਨ.ਸੀ.ਐਸ.ਐਲ. ਲੈਜਿਸਲੇਟਿਵ ਸੰਮੇਲਨ 2025 ਦੁਨੀਆ ਭਰ ਵਿੱਚ ਵਿਧਾਨਕ ਆਗੂਆਂ, ਸਟਾਫ਼ ਮਾਹਿਰਾਂ ਤੇ ਨੀਤੀ ਘਾੜਿਆਂ ਦੇ ਸਭ ਤੋਂ ਵੱਡੇ ਸੰਮੇਲਨਾਂ ਵਿੱਚੋਂ ਇੱਕ ਹੈ, ਜੋ ਲਰਨਿੰਗ, ਨੈੱਟਵਰਕਿੰਗ ਤੇ ਪ੍ਰੇਰਨਾ ਦੇ ਬੇਮਿਸਾਲ ਮੌਕਿਆਂ ਨਾਲ ਭਰਪੂਰ ਮਾਹੌਲ ਪ੍ਰਦਾਨ ਕਰਦਾ ਹੈ। ਹਰਭਜਨ ਸਿੰਘ ਈ.ਟੀ.ਓ., ਜੋ ਇਸ ਅੰਤਰਰਾਸ਼ਟਰੀ ਮੰਚ 'ਤੇ ਪੰਜਾਬ ਦੀ ਨੁਮਾਇੰਦਗੀ ਕਰਨਗੇ, ਨੇ ਕਿਹਾ ਇਹ ਸੰਮੇਲਨ ਦੁਨੀਆ ਭਰ ਦੇ ਵਿਧਾਨਕ ਆਗੂਆਂ ਤੇ ਨੀਤੀ ਘਾੜਿਆਂ ਨਾਲ ਜੁੜਨ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ ਅਤੇ ਮੈਂ ਇਥੋਂ ਪੰਜਾਬ ਦੇ ਹਿੱਤ 'ਚ ਲਾਗੂ ਕੀਤੇ ਜਾ ਸਕਣ ਵਾਲੇ ਨਵੀਨ ਵਿਚਾਰਾਂ ਤੇ ਬਿਹਤਰ ਅਭਿਆਸਾਂ ਦਾ ਅਨੁਭਵ ਲੈ ਕੇ ਆਵਾਂਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਸੱਦਾ ਪੰਜਾਬ ਸਰਕਾਰ ਦੀ ਬਿਹਤਰ ਸ਼ਾਸਨ ਤੇ ਲੋਕ ਭਲਾਈ ਪ੍ਰਤੀ ਪ੍ਰਗਤੀਸ਼ੀਲ ਪਹੁੰਚ ਦਾ ਪ੍ਰਮਾਣ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਮੀਦ ਕਰਦਾ ਹਾਂ ਕਿ ਇਸ ਸੰਮੇਲਨ ਵਿੱਚ ਸ਼ਾਮਲ ਹੋ ਕੇ ਮੈਨੂੰ ਦੁਨੀਆਂ ਭਰ ਦੇ ਵਿਧਾਨਕ ਆਗੂਆਂ ਤੋਂ ਸਿੱਖਣ ਲਈ ਬਹੁਤ ਕੁਝ ਨਵਾਂ ਮਿਲੇਗਾ, ਜਿਨ੍ਹਾਂ ਨੂੰ ਅਸੀਂ ਖਾਸ ਕਰਕੇ ਬਿਜਲੀ ਤੇ ਜਨਤਕ ਕਾਰਜ ਖੇਤਰਾਂ 'ਚ ਲਾਗੂ ਕਰਕੇ ਸਾਡੇ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਕੱਢ ਸਕਾਂਗੇ।

## ਪੰਜਾਬ ਦੀਆਂ ਜੇਲ੍ਹਾਂ ਲਈ 60 ਮਨੋਵਿਗਿਆਨੀ ਸਲਾਹਕਾਰ ਭਰਤੀ ਕੀਤੇ ਜਾਣਗੇ : ਚੀਮਾ

ਚੰਡੀਗੜ੍ਹ, 28 ਜੁਲਾਈ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਐਡ. ਹਰਪਾਲ ਸਿੰਘ ਚੀਮਾ ਨੇ ਰਾਜ ਦੇ ਸੁਧਾਰ ਘਰਾਂ (ਜੇਲ੍ਹਾਂ) 'ਚ ਮਾਨਸਿਕ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਦਾ ਐਲਾਨ ਕਰਦਿਆਂ ਦੱਸਿਆ ਕਿ ਪੰਜਾਬ ਭਰ ਦੀਆਂ ਜੇਲ੍ਹਾਂ ਲਈ 60 ਮਨੋਵਿਗਿਆਨੀ ਸਲਾਹਕਾਰਾਂ ਨੂੰ ਭਾਰਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਜਾਰੀ ਬਿਆਨ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕੈਦੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਪਹਿਲਕਦਮੀ ਜੇਲ੍ਹ ਪ੍ਰਣਾਲੀ ਦੇ ਅੰਦਰ ਵਿਅਕਤੀਆਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਨ, ਜਿਸ 'ਚ ਮਹੱਤਵਪੂਰਨ ਮਾਨਸਿਕ ਸਿਹਤ ਸੇਵਾਵਾਂ ਸ਼ਾਮਲ ਹਨ, ਪ੍ਰਤੀ ਰਾਜ ਸਰਕਾਰ ਦੇ ਸਮਰਪਣ ਨੂੰ ਦਰਸਾਉਂਦੀ ਹੈ। ਹੋਰ ਜਾਣਕਾਰੀ ਦਿੰਦੇ ਹੋਏ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਜੇਲ੍ਹ ਵਿਭਾਗ ਪੂਰੀ ਤਰ੍ਹਾਂ ਪਾਰਦਰਸ਼ੀ ਆਊਟਸੋਰਸਿੰਗ ਪ੍ਰਕਿਰਿਆ ਰਾਹੀਂ ਇਨ੍ਹਾਂ 60 ਮਨੋਵਿਗਿਆਨੀ ਸਲਾਹਕਾਰਾਂ ਦੀ ਭਰਤੀ ਕਰੇਗਾ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਕੈਦੀਆਂ ਨੂੰ ਉਪਲਬਧ ਮਨੋਵਿਗਿਆਨਕ ਸਹਾਇਤਾ 'ਚ ਵਾਧਾ ਹੋਣ ਦੀ ਉਮੀਦ ਹੈ, ਜੋ ਉਨ੍ਹਾਂ ਦੇ ਮੁੜ ਵਸੇਬੇ ਤੇ ਸਮੁੱਚੀ ਭਲਾਈ ਦੇ ਇੱਕ ਅਹਿਮ ਪਹਿਲੂ ਨੂੰ ਸੰਬੋਧਤ ਕਰੇਗਾ।



# ਸਾਲ 2025 'ਚ ਹੁਣ ਤੱਕ ਏਅਰਲਾਈਨਾਂ 'ਚ ਤਕਨੀਕੀ ਖ਼ਰਾਬੀ ਦੇ 183 ਮਾਮਲੇ ਦਰਜ

ਨਵੀਂ ਦਿੱਲੀ, 28 ਜੁਲਾਈ (ਪ.ਪ.): ਦੇਸ਼ 'ਚ ਇਸ ਸਾਲ ਹੁਣ ਤੱਕ ਜਹਾਜ਼ਾਂ ਵਿੱਚ ਤਕਨੀਕੀ ਖ਼ਰਾਬੀ ਦੇ 183 ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ 2024 ਵਿੱਚ ਅਜਿਹੇ ਮਾਮਲਿਆਂ ਵਿੱਚ ਲਗਭਗ ਛੇ ਫ਼ੀਸਦੀ ਦੀ ਗਿਰਾਵਟ ਆਈ ਹੈ। ਇਸ ਗੱਲ ਦੀ ਜਾਣਕਾਰੀ ਸਰਕਾਰ ਨੇ ਸੋਮਵਾਰ ਨੂੰ ਰਾਜ ਸਭਾ ਨੂੰ ਦਿੱਤੀ। ਸ਼ਹਿਰੀ ਹਵਾਬਾਜ਼ੀ ਮੰਤਰੀ ਕੇ.ਰਾਮ ਮੋਹਨ ਨਾਇਡੂ ਨੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਪਿਛਲੇ 5 ਸਾਲਾਂ ਵਿਚ (ਜੂਨ 2025 ਤੱਕ) ਜਹਾਜ਼ਾਂ ਵਿਚ ਗੰਭੀਰ ਖ਼ਰਾਬੀ ਦੇ 2,094 ਮਾਮਲਿਆਂ ਦੀ ਜਾਂਚ ਕੀਤੀ ਗਈ ਹੈ। 12 ਜੂਨ 2025 ਨੂੰ ਅਹਿਮਦਾਬਾਦ ਵਿਚ ਵਾਪਰੇ ਏਅਰ ਇੰਡੀਆ ਦੇ ਇਕ ਜਹਾਜ਼ ਹਾਦਸੇ ਵਿਚ 260 ਲੋਕਾਂ ਦੀ ਮੌਤ ਹੋਈ ਸੀ।

ਉਹਨਾਂ ਕਿਹਾ ਕਿ ਏਅਰ ਇੰਡੀਆ ਦੇ ਬੋਇੰਗ 787-8 ਜਹਾਜ਼ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਮਹੱਤਵਪੂਰਨ ਹਿੱਸਿਆਂ ਦੀ ਜਾਂਚ ਅਤੇ ਨਿਰੀਖਣ ਦੀ ਪ੍ਰਕਿਰਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ ਤਾਂਕਿ ਪ੍ਰਣਾਲੀਗਤ ਖਾਮੀਆਂ ਦੀ ਪਛਾਣ ਕਰਕੇ ਉਹਨਾਂ ਨੂੰ ਸੁਧਾਰਿਆ ਜਾ ਸਕੇ। ਏਅਰ ਇੰਡੀਆ ਦਾ ਬੋਇੰਗ 787-8 ਜਹਾਜ਼ ਲੰਡਨ ਗੈਟਵਿਕ ਲਈ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਅਹਿਮਦਾਬਾਦ ਵਿਚ ਹਾਦਸਾਗ੍ਰਸਤ ਹੋ ਗਿਆ ਸੀ। ਅਧਿਕਾਰਤ ਅੰਕੜਿਆ ਅਨੁਸਾਰ ਨਿਰਧਾਰਤ ਉਡਾਣਾਂ ਵਿਚ ਤਕਨੀਕੀ ਖ਼ਰਾਬੀ ਦੇ ਮਾਮਲਿਆਂ ਵਿਚ ਗਿਰਾਵਟ ਦੇਖੀ ਗਈ ਹੈ। ਇਸ ਸਾਲ ਜੁਲਾਈ ਮਹੀਨੇ ਤੱਕ ਅਜਿਹੇ ਮਾਮਲਿਆਂ ਦੀ ਗਿਣਤੀ 183 ਹੈ। ਸਾਲ 2024 ਵਿੱਚ ਜਹਾਜ਼ਾਂ ਵਿੱਚ ਤਕਨੀਕੀ ਖ਼ਰਾਬੀ ਦੇ ਮਾਮਲਿਆਂ ਦੀ ਗਿਣਤੀ 421, ਸਾਲ 2023 ਵਿੱਚ 448, ਸਾਲ 2022 ਵਿੱਚ 528 ਅਤੇ ਸਾਲ 2021 ਵਿੱਚ 514 ਸੀ।

ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਮੁਰਲੀਧਰ ਮੋਹੋਸੇ ਨੇ ਇਕ ਹੋਰ ਲਿਖਤੀ ਜਵਾਬ ਵਿਚ ਕਿਹਾ ਕਿ ਸਾਲ 2024 ਵਿਚ ਤਕਨੀਕੀ ਖ਼ਰਾਬੀ ਦੇ ਮਾਮਲਿਆਂ ਦੀ ਗਿਣਤੀ ਸਾਲ 2023 ਦੇ ਮੁਕਾਬਲੇ 5.9 ਫ਼ੀਸਦੀ ਘੱਟ ਸੀ। ਨਾਇਡੂ ਨੇ ਭਰੋਸਾ ਦਿਵਾਇਆ ਕਿ ਡੀਜੀਸੀਏ ਕੋਲ ਜਹਾਜ਼ਾਂ ਦੇ ਸੁਰੱਖਿਅਤ ਸੰਚਾਲਨ ਅਤੇ ਰੱਖ-ਰਖਾਅ ਲਈ ਵਿਆਪਕ ਅਤੇ ਸਪੱਸ਼ਟ ਨਾਗਰਿਕ ਹਵਾਬਾਜ਼ੀ ਨਿਯਮ ਹਨ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਨਾਗਰਿਕ ਹਵਾਬਾਜ਼ੀ ਸੰਗਠਨ (ਆਈਸੀਏਓ) ਤੇ ਯੂਰਪੀਅਨ ਯੂਨੀਅਨ ਹਵਾਬਾਜ਼ੀ ਸੁਰੱਖਿਆ ਏਜੰਸੀ (ਈਏਐਸਏ) ਦੇ ਮਾਪਦੰਡਾਂ ਅਨੁਸਾਰ ਲਗਾਤਾਰ ਅਪਡੇਟ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਡੀਜੀਸੀਏ ਕੋਲ ਦਰਜ ਯਾਤਰੀਆਂ ਦੀਆਂ ਸ਼ਿਕਾਇਤਾਂ ਦੀ ਗਿਣਤੀ ਵਿੱਚ ਵੀ ਕਾਫ਼ੀ ਕਮੀ ਆਈ ਹੈ। ਇਸ ਸਾਲ 23 ਜੁਲਾਈ ਯਾਨੀ 2025 ਤੱਕ 3,925 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।


ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਅਦਾਰਾ)
ਸ਼ਾਖਾ : ਨਾਭਾ - ਪਟਿਆਲਾ

**ਅੰਤਿਕਾ 4, ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ**,**ਸ਼ਾਖਾ ਨਾਭਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਾਲੀ 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰਾਂ/ਜ਼ਾਮਨ (ਾਂ)/ਗਿਰਵੀਕਾਰ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਂਵਾਂ ਅਧੀਨ ਦਰਸਾਈ ਧਾਰਾ 13 (2) ਅਧੀਨ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਜ਼ਾਮਨਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਂਵਾਂ ਅਧੀਲ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ**,**ਸ਼ਾਖਾ ਨਾਭਾ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ (13) ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ) ਅਤੇ ਗਿਰਵੀਕਾਰ (ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਮੈਸ. ਐਵਰਗ੍ਰੀਨ ਕੰਪਿਊਟਰਜ਼, ਪ੍ਰੋਪ. ਹਰਦੀਪ ਕੁਮਾਰ ਸਪੁੱਤਰ ਸੋਹਣ ਲਾਲ | ਪਟਿਆਲਾ ਰੋਡ, ਨਾਭਾ ਵਿਖੇ ਸਥਿਤ ਵਿਕਰੀ ਡੀਡ ਨੰ. 2967 ਮਿਤੀ 01.01.1986 ਦੇ ਅਧੀਨ ਦਰਸ਼ਨਾ ਦੇਵੀ ਸੁਪਤਨੀ ਸੋਹਣ ਲਾਲ ਦੀ ਮਾਲਕੀ ਹੇਠ 0 ਕਨਾਲ 6 ਮਰਲੇ ਅਤੇ ਵਿਕਰੀ ਡੀਡ ਨੰ. 2879 ਮਿਤੀ 23.12.1985 ਦੇ ਅਧੀਨ ਸੋਹਣ ਲਾਲ ਸਪੁੱਤਰ ਆਸ਼ਾ ਰਾਮ ਦੀ ਮਾਲਕੀ ਹੇਠ 0 ਕਨਾਲ 4 ਮਰਲੇ, 300 ਵਰਗ ਗਜ਼ ਮਾਪ ਵਾਲਾ ਰਿਹਾਇਸ਼ੀ ਪਲਾਟ/ਮਕਾਨ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਉਤਰ ਵੱਲ : ਮਾਲਕ, ਦੱਖਣ ਵੱਲ : ਸੜਕ, ਪੂਰਬ ਵੱਲ : ਛੱਜੂ, ਪੱਛਮ ਵੱਲ : ਚਰਨਜੀਤ ਸ਼ਰਮਾ। | 07.05.2025 | 22.07.2025 | Rs. 15,30,477.55/- (ਰੁਪਏ ਪੰਦਰਾਂ ਲੱਖ ਤੀਹ ਹਜ਼ਾਰ ਚਾਰ ਸੌ ਸਤੱਤਰ ਅਤੇ ਪਚਵੰਜਾ ਪੈਸੇ ਕੇਵਲ) ਅਤੇ ਵਿਆਜ। |

ਮਿਤੀ : 22.07.2025 ਸਥਾਨ : ਨਾਭਾ ਅਧਿਕਾਰਤ ਅਧਿਕਾਰੀ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਅਦਾਰਾ)
ਸ਼ਾਖਾ : ਗੁਰਬਖਸ਼ ਕਲੋਨੀ - ਪਟਿਆਲਾ

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਮਿਤੀ 29.05.2023 ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ, ਇਸ ਲਈ ਕਰਜ਼ਦਾਰ/ਜ਼ਾਮਨ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : 1. **ਸ੍ਰੀ ਮੁਕੇਸ਼ ਸਪੁੱਤਰ ਸ੍ਰੀ ਚੂੰਨੀ ਲਾਲ**, ਮਕਾਨ ਨੰ. 724/3, ਤੋਪਖਾਨਾ ਰੋਡ, ਪਟਿਆਲਾ, 2. **ਸ੍ਰੀਮਤੀ ਮਮਤਾ ਸੁਪਤਨੀ ਸ੍ਰੀ ਮੁਕੇਸ਼**, ਮਕਾਨ ਨੰ. 724/3, ਤੋਪਖਾਨਾ ਰੋਡ, ਪਟਿਆਲਾ, **ਜ਼ਾਮਨ : ਸ੍ਰੀ ਜੈਕੀ ਜੋਇਆ ਸਪੁੱਤਰ ਸ੍ਰੀ ਗਣਪਤ ਰਾਮ**, #717/2, ਡੂੰਮਾਂ ਵਾਲੀ ਗਲੀ, ਗੁਰੂ ਨਾਨਕ ਸਟ੍ਰੀਟ, ਪਟਿਆਲਾ। | ਕ੍ਰਮਵਾਰ ਵਿਕਰੀ ਡੀਡ ਨੰ. 14385 ਮਿਤੀ 18.03.2016 ਅਤੇ ਉਕਤ ਦਰਸਾਈ ਸੰਪੱਤੀ 'ਤੇ ਵਿਕਰੀ ਡੀਡ ਅਨੁਸਾਰ ਤੋਪਖਾਨਾ ਰੋਡ, ਪਟਿਆਲਾ ਵਿਖੇ ਸਥਿਤ 70 ਵਰਗ ਗਜ਼ ਮਾਪ ਵਾਲੀ ਸੰਪੱਤੀ/ਮਕਾਨ ਨੰ. 724/3, ਹੱਦਬੰਦੀ ਨਿਮਨ ਅਨੁਸਾਰ : ਪੂਰਬ : ਸੜਕ, ਪੱਛਮ : ਨਿਰਮਿਤ ਮਕਾਨ ਬਾਹੀ 18' 2", ਉਤਰ : ਰਘਬੀਰ ਸਿੰਘ ਦਾ ਮਕਾਨ ਬਾਹੀ 41' 7-1/2", ਦੱਖਣ : ਸੁਰਿੰਦਰ ਕੁਮਾਰ ਦੀ ਸੰਪੱਤੀ ਬਾਹੀ 40'। | 29.08.2024 | 22.07.2025 | ਰੁ. 35,61,647.62/- (**ਰੁ. ਪੈਂਤੀ ਲੱਖ ਇਕਾਹਠ ਹਜ਼ਾਰ ਛੇ ਸੌ ਸੰਤਾਲੀ ਅਤੇ ਬਾਹਠ ਪੈਸੇ ਕੇਵਲ**) ਮਕਾਨ ਕਰਜ਼ੇ ਵਿਚ ਅਤੇ **ਰੁ. 5,72,924.16/-** (**ਰੁਪਏ ਪੰਜ ਲੱਖ ਬਹੱਤਰ ਹਜ਼ਾਰ ਨੌਂ ਸੌ ਚੌਵੀ ਅਤੇ ਸੋਲਾਂ ਪੈਸੇ ਕੇਵਲ**), ਮਾਰਟਗੇਜ ਲੋਨ ਵਿਚ, 30.06.2025 ਤੋਂ ਪ੍ਰਭਾਵੀ ਲਾਗੂ ਵਿਆਜ ਸਮੇਤ। |

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਮੰਗ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀਆਂ ਵਿਵਸਥਾਵਾਂ ਦੇ ਅਨੁਸਾਰ ਮੰਗ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨ ਲੰਘਣ ਉਪਰੰਤ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇਸ ਦੁਆਰਾ ਸਾਡੀ ਅਗਾਊਂ ਪ੍ਰਵਾਨਗੀ ਲਏ ਬਿਨਾਂ ਕਿਸੇ ਵੀ ਰੂਪ ਵਿਚ, ਜੋ ਵੀ ਹੋਵੇ, ਉਕਤ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦੀ ਵੀ ਸੌਦੇਬਾਜ਼ੀ ਕਰਨ ਤੋਂ ਮਨਾਹੀ ਕੀਤੀ ਜਾਂਦੀ ਹੈ। ਇਹ ਸਬੰਧਤ ਕਾਨੂੰਨ ਅਤੇ/ਜਾਂ ਕਿਸੇ ਵੀ ਹੋਰ ਲਾਗੂ ਕਾਨੂੰਨ ਦੇ ਅਧੀਨ ਸਾਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਨਾਲ ਬਿਨਾਂ ਪੱਖਪਾਤ ਤੋਂ ਹੈ।

ਮਿਤੀ : 22.07.2025 ਸਥਾਨ : ਪਟਿਆਲਾ ਅਧਿਕਾਰਤ ਅਧਿਕਾਰੀ

## ਸੰਪਾਦਕੀ

# ਇੱਕ ਹੋਰ ਹਾਦਸਾ

ਧਾਰਮਿਕ ਸਥਾਨਾਂ ਉੱਤੇ ਜਦੋਂ ਵੀ ਕੋਈ ਸਮਾਗਮ ਹੁੰਦੇ ਹਨ ਤਾਂ ਉੱਥੇ ਬਹੁਤ ਸਾਵਧਾਨੀ ਦੀ ਲੋੜ ਹੁੰਦੀ ਹੈ ਕਿਉਂਕਿ ਕਦੇ ਕਦੇ ਕਿਸੇ ਵੀ ਛੋਟੇ ਜਿਹੇ ਕਾਰਨ ਕਰਕੇ ਵੱਡੇ ਹਾਦਸੇ ਵਾਪਰਦੇ ਹਨ ਅਤੇ ਬਹੁਤ ਸਾਰੇ ਲੋਕ ਉਸ ਸਮੇਂ ਹੋਈ ਭਗਦੜ ਵਿੱਚ ਆਪਣੀ ਜਾਨ ਗੁਆ ਬੈਠਦੇ ਹਨ। ਅਜਿਹਾ ਹੀ ਹੁਣ ਇਕ ਹੋਰ ਦੁਰਘਟਨਾ ਕੱਲ੍ਹ ਵਾਪਰ ਗਈ। ਹਰਿਦੁਆਰ ਦੇ ਮਸ਼ਹੂਰ ਮਨਸਾ ਦੇਵੀ ਮੰਦਰ ਵਿੱਚ ਇੱਕ ਅਫਵਾਹ ਨੇ ਕਈ ਜਾਨਾਂ ਲੈ ਲਈਆਂ। ਇਹ ਕਿਸੇ ਧਾਰਮਿਕ ਸਥਾਨ 'ਤੇ ਭਗਦੜ ਦੀ ਪਹਿਲੀ ਘਟਨਾ ਨਹੀਂ ਹੈ, ਪਰ ਇਹ ਮੰਦਭਾਗੀ ਗੱਲ ਹੈ ਕਿ ਪਿਛਲੀਆਂ ਗਲਤੀਆਂ ਤੋਂ ਸਬਕ ਨਹੀਂ ਸਿੱਖਿਆ ਜਾ ਰਿਹਾ ਹੈ। ਜੇਕਰ ਅਸੀਂ ਪਿਛਲੇ ਇੱਕ ਸਾਲ 'ਤੇ ਨਜ਼ਰ ਮਾਰੀਏ ਤਾਂ ਅਜਿਹੀਆਂ ਕਈ ਦੁਖਦਾਈ ਘਟਨਾਵਾਂ ਵਾਪਰੀਆਂ ਹਨ। ਪਿਛਲੇ ਸਾਲ ਜੁਲਾਈ ਵਿੱਚ ਹੀ ਹਾਥਰਸ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਭਗਦੜ ਵਿੱਚ 121 ਲੋਕਾਂ ਦੀ ਮੌਤ ਹੋ ਗਈ ਸੀ। ਪ੍ਰਬੰਧਕ ਉੱਥੇ ਭੀੜ ਨੂੰ ਕਾਬੂ ਕਰਨ ਵਿੱਚ ਅਸਮਰੱਥ ਰਹੇ। ਇਸ ਸਾਲ ਜਨਵਰੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਸ਼ਰਧਾਲੂ ਟੋਕਨ ਲੈਣ ਲਈ ਤਿਰੂਪਤੀ ਮੰਦਰ ਪਹੁੰਚੇ ਅਤੇ ਪੁਲਿਸ ਉਨ੍ਹਾਂ ਨੂੰ ਕਾਬੂ ਨਹੀਂ ਕਰ ਸਕੀ। ਭਗਦੜ ਨੇ 6 ਲੋਕਾਂ ਦੀ ਜਾਨ ਲੈ ਲਈ। ਇਸ ਸਾਲ, ਮੌਨੀ ਅਮਾਵਸਿਆ ਤੇ ਮਹਾਂਕੁੰਭ ਅਤੇ ਫਿਰ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਇੱਕ ਹਾਦਸਾ ਹੋਇਆ। ਧਾਰਮਿਕ ਸਮਾਗਮਾਂ ਵਿੱਚ ਭੀੜ ਪ੍ਰਬੰਧਨ ਹਮੇਸ਼ਾ ਇੱਕ ਵੱਡੀ ਚੁਣੌਤੀ ਰਿਹਾ ਹੈ। ਜਦੋਂ ਉਮੀਦ ਤੋਂ ਵੱਧ ਲੋਕ ਇੱਕ ਜਗ੍ਹਾ 'ਤੇ ਇਕੱਠੇ ਹੁੰਦੇ ਹਨ ਤਾਂ ਇੱਕ ਛੋਟੀ ਜਿਹੀ ਗਲਤੀ ਵੀ ਘਾਤਕ ਸਾਬਤ ਹੋ ਸਕਦੀ ਹੈ। ਇਨ੍ਹਾਂ ਸਾਰੇ ਮਾਮਲਿਆਂ ਵਿੱਚ ਕਾਰਨ ਇੱਕੋ ਸੀ-ਇੱਕ ਅਫਵਾਹ, ਭੀੜ ਦਾ ਬੇਕਾਬੂ ਹੋ ਜਾਣਾ ਅਤੇ ਬਾਹਰ ਨਿਕਲਣ ਦਾ ਰਸਤਾ ਨਾ ਲੱਭਣਾ। ਭੀੜ ਪ੍ਰਬੰਧਨ ਕਿਸੇ ਵੀ ਵੱਡੇ ਸਮਾਗਮ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਭੀੜ ਬਾਰੇ ਕੀਤਾ ਗਿਆ ਅੰਦਾਜ਼ਾ ਹਮੇਸ਼ਾ ਸਹੀ ਸਾਬਤ ਹੋਵੇ। ਅਜਿਹੀ ਸਥਿਤੀ ਵਿੱਚ ਅਸਲ ਸਮੇਂ ਦੀ ਨਿਗਰਾਨੀ ਮਹੱਤਵਪੂਰਨ ਹੋ ਜਾਂਦੀ ਹੈ ਤਾਂ ਜੋ ਸਥਿਤੀ ਦੇ ਅਨੁਸਾਰ ਤੁਰੰਤ ਫੈਸਲੇ ਲਏ ਜਾ ਸਕਣ। ਅਜਿਹੀ ਕਿਸੇ ਵੀ ਦੁਰਘਟਨਾ ਦੀ ਸਥਿਤੀ ਵਿੱਚ ਬਚਾਅ ਯੋਜਨਾ ਪਹਿਲਾਂ ਤੋਂ ਤਿਆਰ ਕੀਤੀ ਜਾਣੀ ਚਾਹੀਦੀ ਹੈ। ਪਰ, ਇਹ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਮੌਕਿਆਂ 'ਤੇ ਪਹਿਲਾਂ ਤੋਂ ਕੀਤੀ ਗਈ ਯੋਜਨਾ ਬੇਕਾਰ ਹੋ ਗਈ, ਕਿਉਂਕਿ ਪ੍ਰਬੰਧ ਨਾਕਾਫ਼ੀ ਸਨ। ਸਾਰੇ ਧਾਰਮਿਕ ਸਥਾਨਾਂ ਵਿੱਚ ਫੈਲੀ ਹਫੜਾ-ਦਫੜੀ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਤਿਲਕਣ ਵਾਲੇ ਰਸਤੇ, ਤੰਗ ਥਾਵਾਂ, ਆਉਣ-ਜਾਣ ਲਈ ਸਿਰਫ਼ ਇੱਕ ਰਸਤਾ ਵਰਗੀਆਂ ਚੀਜ਼ਾਂ ਲਗਭਗ ਹਰ ਜਗ੍ਹਾ ਵੇਖੀਆਂ ਜਾ ਸਕਦੀਆਂ ਹਨ। ਅਜਿਹੀ ਸਥਿਤੀ ਵਿੱਚ ਜਦੋਂ ਕਿਸੇ ਖਾਸ ਮੌਕੇ 'ਤੇ ਭੀੜ ਵੱਧ ਜਾਂਦੀ ਹੈ, ਤਾਂ ਕੁਦਰਤੀ ਤੌਰ 'ਤੇ ਹਾਦਸੇ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ, ਜਿਵੇਂ ਕਿ ਸਾਵਣ ਦੌਰਾਨ ਮਨਸਾ ਦੇਵੀ ਵਿੱਚ ਹੋਇਆ ਸੀ। ਬੈਂਗਲੂਰੂ ਵਿੱਚ ਆਰਸੀਬੀ ਸਮਾਗਮ ਵਿੱਚ ਹੋਏ ਹਾਦਸੇ ਤੋਂ ਬਾਅਦ, ਕਰਨਾਟਕ ਸਰਕਾਰ ਨੇ ਭੀੜ ਕੰਟਰੋਲ 'ਤੇ ਇੱਕ ਬਿੱਲ ਲਿਆਂਦਾ ਹੈ, ਜਿਸ ਵਿੱਚ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ। ਹਰ ਜਗ੍ਹਾ ਅਜਿਹੇ ਕਾਨੂੰਨ ਦੀ ਲੋੜ ਹੈ। ਨਾਲ ਹੀ ਅਜਿਹੇ ਹਾਦਸਿਆਂ ਤੋਂ ਬਚਣ ਲਈ ਪ੍ਰਬੰਧਕਾਂ, ਪੁਲਿਸ-ਪ੍ਰਸ਼ਾਸਨ ਅਤੇ ਜਨਤਾ ਨੂੰ ਤਾਲਮੇਲ ਨਾਲ ਕੰਮ ਕਰਨਾ ਪਵੇਗਾ। ਵੱਡੇ ਪੱਧਰ 'ਤੇ ਜਨਤਕ ਜਾਗਰੂਕਤਾ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਉਨ੍ਹਾਂ ਨੂੰ ਭੀੜ ਵਿੱਚ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ।

-ਜਗਜੀਤ ਸਿੰਘ ਦਰਦੀ

# ਸੰਸਦ ਸੈਸ਼ਨ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਬਹਿਸ ਅਤੇ ਰਾਜਨੀਤਿਕ ਸਰਗਰਮੀ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਸੰਸਦ ਦੇ ਮਾਨਸੂਨ ਸੈਸ਼ਨ ਦੇ ਪੂਰੇ ਇਕ ਹਫ਼ਤੇ ਦੀ ਬਰਬਾਦੀ ਤੋਂ ਬਾਅਦ ਅੱਜ ਆਪਰੇਸ਼ਨ ਸਿੰਦੂਰ 'ਤੇ ਮਹੱਤਵਪੂਰਨ ਚਰਚਾ ਸ਼ੁਰੂ ਹੋਈ, ਜਿਸ ਵਿੱਚ ਰਾਜਸੀ ਪਾਰਟੀਆਂ ਦੀ ਨੁਕਤਾਚੀਨੀ ਤੇ ਬਹਿਸ ਵਿੱਚ ਸਰਕਾਰ ਨੇ ਆਪਰੇਸ਼ਨ ਸਿੰਦੂਰ ਦੇ ਬਾਰੇ ਵਿੱਚ ਖੁੱਲ ਕੇ ਗੱਲਬਾਤ ਕੀਤੀ, ਹਾਲਾਂਕਿ ਵਿਰੋਧੀ ਧਿਰ ਕਾਂਗਰਸ ਦੇ ਸਾਰੇ ਜਵਾਬਾਂ ਦਾ ਪੂਰਾ ਵਿਸਥਾਰਤ ਜਵਾਬ ਦਿੱਤਾ ਗਿਆ ਪ੍ਰੰਤੂ ਫ਼ਿਰ ਵੀ ਰਾਜਨੀਤਿਕ ਸਰਗਰਮੀਆਂ ਵਿੱਚ ਆਪਣੇ ਆਪਣੇ ਏਜੰਡੇ ਦੀ ਰਾਜਨੀਤੀ ਤੇ ਰਾਜਨੀਤਿਕ ਪਾਰਟੀਆਂ ਚੱਲਦੀਆਂ ਹੋਈਆਂ ਦੇਖੀਆਂ ਜਾ ਸਕਦੀਆਂ ਹਨ।ਪਾਰਲੀਮੈਂਟ ਦੀ ਇਸ ਬਹਿਸ ਵਿੱਚ ਸੰਸਦ ਦਾ ਮਾਨਸੂਨ ਸੈਸ਼ਨ 2025, ਜੋ 21 ਜੁਲਾਈ ਨੂੰ ਸ਼ੁਰੂ ਹੋਇਆ, ਭਾਰਤੀ ਸਿਆਸਤ ਦੇ ਇੱਕ ਮਹੱਤਵਪੂਰਨ ਮੋੜ ਵਜੋਂ ਸਾਹਮਣੇ ਆਇਆ ਹੈ। ਇਸ ਸੈਸ਼ਨ ਦੀ ਅੱਜ ਦੀ ਕਾਰਵਾਈ ਵਿੱਚ ਆਪਰੇਸ਼ਨ ਸਿੰਦੂਰ 'ਤੇ ਗਰਮਾਗਰਮ ਬਹਿਸ ਨੇ ਸਰਕਾਰ ਅਤੇ ਵਿਰੋਧੀ ਧਿਰ ਵਿਚਕਾਰ ਤਿੱਖੀ ਤਕਰਾਰ ਨੂੰ ਜਨਮ ਦਿੱਤਾ।

ਇਸ ਵਿੱਚ ਆਪਰੇਸ਼ਨ ਸਿੰਦੂਰ ਦੀ ਸੰਸਦ ਵਿੱਚ ਚਰਚਾ, ਸਰਕਾਰ ਅਤੇ ਵਿਰੋਧੀ ਧਿਰ ਦੇ ਦ੍ਰਿਸ਼ਟੀਕੋਣ ਅਤੇ ਇਸ ਦੇ ਸੰਭਾਵੀ ਪ੍ਰਭਾਵਾਂ 'ਤੇ ਕੇਂਦਰਿਤ ਬਹਿਸ ਆਪਰੇਸ਼ਨ ਸਿੰਦੂਰ ਦੇ ਪਿਛੋਕੜ ਅਤੇ ਮਹੱਤਵ ਬਾਰੇ ਅਤੇ ਆਪਰੇਸ਼ਨ ਸਿੰਦੂਰ, ਜਿਸ ਦੀ ਸ਼ੁਰੂਆਤ 6-7 ਮਈ 2025 ਨੂੰ ਭਾਰਤੀ ਸੈਨਿਕ ਬਲਾਂ ਦੁਆਰਾ ਕੀਤੀ ਗਈ, ਇੱਕ ਮਹੱਤਵਪੂਰਨ ਅੱਤਵਾਦ ਵਿਰੋਧੀ ਸੈਨਿਕ ਕਾਰਵਾਈ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਨੂੰ ਭਾਰਤ ਦੀ ਸੰਪ੍ਰਭੂਤਾ, ਅਸਮਿਤਾ ਅਤੇ ਅੱਤਵਾਦ ਵਿਰੁੱਧ ਸਖ਼ਤ ਨੀਤੀ ਦਾ ਪ੍ਰਤੀਕ ਦੱਸਿਆ। ਇਸ ਆਪਰੇਸ਼ਨ ਵਿੱਚ ਭਾਰਤੀ ਸੈਨਾ ਨੇ 22 ਮਿੰਟਾਂ ਦੇ ਅੰਦਰ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ, ਜਿਸ ਨੂੰ ਸਰਕਾਰ ਨੇ ਮੇਡ ਇਨ ਇੰਡੀਆ ਸੈਨਿਕ ਸਮਰੱਥਾ ਦਾ ਸਫਲ ਪ੍ਰਦਰਸ਼ਨ ਕਰਾਰ ਦਿੱਤਾ। ਇਸ ਨੇ ਨਾ ਸਿਰਫ਼ ਭਾਰਤ ਦੀ ਸੈਨਿਕ ਸ਼ਕਤੀ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕੀਤਾ, ਸਗੋਂ ਅੱਤਵਾਦ ਦੇ ਖਿਲਾਫ਼ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਨੂੰ ਵੀ ਮਜ਼ਬੂਤ ਕੀਤਾ।

ਸੰਸਦ ਵਿੱਚ ਬਹਿਸ ਦੀ ਸ਼ੁਰੂਆਤ ਕੱਲ, 28 ਜੁਲਾਈ 2025 ਨੂੰ, ਸੰਸਦ ਵਿੱਚ ਆਪਰੇਸ਼ਨ ਸਿੰਦੂਰ 'ਤੇ ਚਰਚਾ ਲਈ 25 ਘੰਟੇ ਦਾ ਸਮਾਂ ਨਿਰਧਾਰਤ ਕੀਤਾ ਗਿਆ ਸੀ, ਜਿਸ ਵਿੱਚ ਲੋਕ ਸਭਾ ਵਿੱਚ 16 ਘੰਟੇ ਅਤੇ ਰਾਜ ਸਭਾ ਵਿੱਚ 9 ਘੰਟੇ ਸ਼ਾਮਲ ਸਨ ਪਰ ਚਰਚਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਰੋਧੀ ਧਿਰ ਨੇ ਹੰਗਾਮਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਸਦਨ ਦੀ ਕਾਰਵਾਈ ਵਿੱਚ ਵਿਘਨ ਪਿਆ।

ਭਾਜਪਾ ਸੰਸਦ ਮੈਂਬਰ ਸੰਬਿਤ ਪਾਤਰਾ ਨੇ ਦੋਸ਼ ਲਗਾਇਆ ਕਿ ਵਿਰੋਧੀ ਧਿਰ, ਖਾਸ ਕਰਕੇ ਕਾਂਗਰਸ, ਇਸ ਮੁੱਦੇ 'ਤੇ ਚਰਚਾ ਤੋਂ ਭੱਜ ਰਹੀ ਹੈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਨੂੰ ਹੰਗਾਮੇ ਲਈ ਸਖ਼ਤ ਤਾੜਨਾ ਕੀਤੀ ਅਤੇ ਸਰਬਸੰਮਤੀ ਦੇ ਬਾਵਜੂਦ ਚਰਚਾ ਤੋਂ ਪਿੱਛੇ ਹੱਟਣ 'ਤੇ ਸਵਾਲ ਉਠਾਏ। ਸਰਕਾਰ ਨੇ ਆਪਰੇਸ਼ਨ ਸਿੰਦੂਰ ਨੂੰ ਭਾਰਤ ਦੀ ਸੈਨਿਕ ਸਮਰੱਥਾ ਅਤੇ ਅੱਤਵਾਦ ਵਿਰੁੱਧ ਸਖ਼ਤ ਰੁਖ ਦਾ ਪ੍ਰਮਾਣ ਦੱਸਿਆ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਜ਼ੋਰ ਦੇ ਕੇ ਕਿਹਾ ਕਿ ਇਹ ਕਾਰਵਾਈ ਭਾਰਤ ਦੀ ਆਤਮਰੱਖਿਆ ਅਤੇ ਨਾਗਰਿਕਾਂ ਦੀ ਸੁਰੱਖਿਆ ਲਈ ਸਮਰਪਿਤ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਅੱਤਵਾਦੀਆਂ ਦੇ ਖਿਲਾਫ਼ ਸਰਹੱਦ ਪਾਰ ਜਾ ਕੇ ਵੀ ਕਾਰਵਾਈ ਕਰ ਸਕਦਾ ਹੈ, ਜੋ ਦੁਸ਼ਮਣ ਦੀ ਕਮਰ ਤੋੜਨ ਦੀ ਸਮਰੱਥਾ ਨੂੰ ਦਰਸਾਉਂਦਾ ਹੈ।

ਵਿਰੋਧੀ ਧਿਰ ਦਾ ਨਜ਼ਰੀਆ ਖਾਸ ਕਰਕੇ ਕਾਂਗਰਸ ਨੇ ਸਰਕਾਰ 'ਤੇ ਆਪਰੇਸ਼ਨ ਸਿੰਦੂਰ ਨੂੰ ਸਿਆਸੀ ਲਾਭ ਲਈ ਵਰਤਣ ਦਾ ਦੋਸ਼ ਲਗਾਇਆ। ਕਾਂਗਰਸ ਨੇਤਾ ਸ਼ਸ਼ੀ ਥਰੂਰ ਦੀ ਅਗਵਾਈ ਵਿੱਚ ਵਿਰੋਧੀ ਧਿਰ ਨੇ ਦਾਅਵਾ ਕੀਤਾ ਕਿ ਉਹ ਅੱਤਵਾਦ ਵਿਰੁੱਧ ਲੜਾਈ ਵਿੱਚ ਸਰਕਾਰ ਦੇ ਨਾਲ ਮੋਢੇ ਮਿਲਾ ਕੇ ਖੜ੍ਹੇ ਸਨ, ਪਰ ਸਰਕਾਰ ਇਸ ਮੁੱਦੇ ਨੂੰ ਸਿਆਸੀ ਰੰਗ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

ਅੱਜ ਵਿਰੋਧੀ ਧਿਰ ਨੇ ਸਰਕਾਰ ਦੀ ਵਿਦੇਸ਼ ਨੀਤੀ ਅਤੇ ਅੱਤਵਾਦ ਨਾਲ ਨਜਿੱਠਣ ਦੀ ਰਣਨੀਤੀ ਤੇ ਸਵਾਲ ਉਠਾਏ, ਖਾਸ ਕਰਕੇ ਅੰਤਰਰਾਸ਼ਟਰੀ ਮੰਚਾਂ 'ਤੇ ਪਾਕਿਸਤਾਨ ਨੂੰ ਅੱਤਵਾਦ ਦਾ ਸਪਾਂਸਰ ਘੋਸ਼ਿਤ ਕਰਨ ਦੀ ਪ੍ਰਕਿਰਿਆ ਵਿੱਚ ਕਥਿਤ ਕਮਜ਼ੋਰੀ ਨੂੰ ਲੈ ਕੇ।

ਵਿਰੋਧੀ ਧਿਰ ਨੇ ਇਹ ਵੀ ਮੰਗ ਕੀਤੀ ਕਿ ਆਪਰੇਸ਼ਨ ਸਿੰਦੂਰ ਦੀ ਪੂਰੀ ਜਾਣਕਾਰੀ ਸੰਸਦ ਵਿੱਚ ਸਾਂਝੀ ਕੀਤੀ ਜਾਵੇ, ਪਰ ਸਰਕਾਰ ਨੇ ਸੁਰੱਖਿਆ ਕਾਰਨਾਂ ਕਰਕੇ ਸੀਮਤ ਜਾਣਕਾਰੀ ਸਾਂਝੀ ਕਰਨ ਦੀ ਨੀਤੀ ਅਪਣਾਈ। ਇਸ ਨੇ ਵਿਰੋਧੀ ਧਿਰ ਦੇ ਹੰਗਾਮੇ ਨੂੰ ਹੋਰ ਹਵਾ ਦਿੱਤੀ।

ਸੰਸਦ ਵਿੱਚ ਤਕਰਾਰ ਅਤੇ ਰਾਜਨੀਤਕ ਪ੍ਰਭਾਵ ਅਧੀਨ ਬਹਿਸ ਦੌਰਾਨ ਸੱਤਾਧਾਰੀ ਭਾਜਪਾ ਨੇ ਵਿਰੋਧੀਆਂ ਦੇ ਅੱਤਵਾਦ ਵਿਰੁੱਧ ਰੁਖ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦੇ ਇਤਿਹਾਸਕ ਨਜ਼ਰੀਏ ਨੂੰ ਖੋਲ੍ਹ ਕੇ ਰੱਖ ਦਿੱਤਾ। ਭਾਜਪਾ ਨੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਨੇ ਅਤੀਤ ਵਿੱਚ ਅੱਤਵਾਦ ਵਿਰੁੱਧ ਨਰਮ ਰੁਖ ਅਪਣਾਇਆ ਸੀ, ਜਿਸ ਨੂੰ ਸਰਕਾਰ ਨੇ ਰਾਸ਼ਟਰੀ ਸੁਰੱਖਿਆ ਦੇ ਵਿਰੁੱਧ ਮੰਨਿਆ। ਦੂਜੇ ਪਾਸੇ, ਵਿਰੋਧੀ ਧਿਰ ਨੇ ਸਰਕਾਰ 'ਤੇ ਸਿਆਸੀ ਰੋਟੀਆਂ ਸੇਕਣ ਦਾ ਦੋਸ਼ ਲਗਾਇਆ, ਜਿਸ ਨੇ ਸਦਨ ਦੀ ਕਾਰਵਾਈ ਨੂੰ ਹੰਗਾਮੇਦਾਰ ਬਣਾ ਦਿੱਤਾ।

ਇਸ ਬਹਿਸ ਦਾ ਇੱਕ ਮਹੱਤਵਪੂਰਨ ਪਹਿਲੂ ਇਹ ਸੀ ਕਿ ਮੀਡੀਆ ਵਿੱਚ ਪਹਿਲਾਂ ਹੀ ਆਪਰੇਸ਼ਨ ਸਿੰਦੂਰ ਦੀ ਜਾਣਕਾਰੀ ਲੀਕ ਹੋ ਚੁੱਕੀ ਸੀ, ਜਿਸ ਕਾਰਨ ਆਮ ਲੋਕਾਂ ਦੀ ਨਜ਼ਰ ਵਿੱਚ ਸੰਸਦ ਦੀ ਇਹ ਚਰਚਾ ਸਿਰਫ਼ ਰਾਜਨੀਤਕ ਨੁਕਤਾਚੀਨੀ ਦਾ ਸਬਜੈਕਟ ਬਣ ਗਈ। ਭਾਜਪਾ ਨੇ ਇਸ ਮੁੱਦੇ ਨੂੰ ਜਨਤਕ ਸਮਰਥਨ ਪ੍ਰਾਪਤ ਕਰਨ ਦੇ ਮਕਸਦ ਨਾਲ ਪੇਸ਼ ਕੀਤਾ, ਜਦਕਿ ਵਿਰੋਧੀ ਧਿਰ ਨੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾ ਕੇ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਸੰਭਾਵੀ ਨਤੀਜੇ ਅਤੇ ਪ੍ਰਭਾਵ ਹੇਠ ਆਪਰੇਸ਼ਨ ਸਿੰਦੂਰ 'ਤੇ ਸੰਸਦ ਦੀ ਬਹਿਸ ਨੇ ਕਈ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ। ਪਹਿਲਾਂ ਇਸ ਨੇ ਅੱਤਵਾਦ ਵਿਰੁੱਧ ਸਰਕਾਰ ਦੀ ਸਖ਼ਤ ਨੀਤੀ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਸਰਕਾਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਪਾਕਿਸਤਾਨ ਨੂੰ ਅੱਤਵਾਦ ਦਾ ਸਪਾਂਸਰ ਘੋਸ਼ਿਤ ਕਰਨ ਦੀ ਪਹਿਲ ਨੂੰ ਹੋਰ ਬਲ ਮਿਲ ਸਕਦਾ ਹੈ, ਜੇ ਸੰਸਦ ਵਿੱਚ ਸਰਬਸੰਮਤੀ ਬਣੇ। ਸੰਸਦ ਦੀ ਅੱਜ ਦੀ ਕਾਰਵਾਈ ਅਤੇ ਆਪਰੇਸ਼ਨ ਸਿੰਦੂਰ 'ਤੇ ਸੰਗਰੂਰ ਦੀ ਚਰਚਾ ਨੇ ਕਈ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ। ਪਹਿਲਾਂ, ਇਸ ਨੇ ਅੱਤਵਾਦ ਵਿਰੁੱਧ ਸਰਕਾਰ ਦੀ ਸਖ਼ਤ ਨੀਤੀ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਸਰਕਾਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਪਾਕਿਸਤਾਨ ਨੂੰ ਅੱਤਵਾਦ ਦਾ ਸਪਾਂਸਰ ਘੋਸ਼ਿਤ ਕਰਨ ਦੀ ਪਹਿਲ ਨੂੰ ਹੋਰ ਮਜ਼ਬੂਤੀ ਮਿਲ ਸਕਦੀ ਹੈ, ਜਿਸ ਵਿੱਚ ਸੰਸਦ ਦੀ ਸਰਬਸੰਮਤੀ ਮਹੱਤਵਪੂਰਨ ਹੋਵੇਗੀ। ਦੂਜਾ, ਪੰਜਾਬ ਵਰਗੇ ਸੰਵੇਦਨਸ਼ੀਲ ਰਾਜਾਂ ਵਿੱਚ ਸੁਰੱਖਿਆ ਅਤੇ ਸਮਾਜਿਕ ਸਦਭਾਵਨਾ ਨੂੰ ਲੈ ਕੇ ਨਵੀਆਂ ਨੀਤੀਆਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਆਪਰੇਸ਼ਨ ਸਿੰਦੂਰ, ਜੇਕਰ ਇਹ ਅੱਤਵਾਦ ਜਾਂ ਸੁਰੱਖਿਆ ਨਾਲ ਜੁੜਿਆ ਹੈ, ਤਾਂ ਸਥਾਨਕ ਪੱਧਰ 'ਤੇ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਖੁਫੀਆ ਏਜੰਸੀਆਂ ਦੀ ਸਮਰੱਥਾ ਵਧਾਉਣ ਦੀ ਮੰਗ ਨੂੰ ਉਜਾਗਰ ਕਰ ਸਕਦਾ ਹੈ। ਤੀਜਾ, ਇਸ ਬਹਿਸ ਨੇ ਸਿਆਸੀ ਪਾਰਟੀਆਂ ਨੂੰ ਰਾਸ਼ਟਰੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਰਚਨਾਤਮਕ ਸਹਿਯੋਗ ਦੀ ਜ਼ਰੂਰਤ ਨੂੰ ਵੀ ਸਾਹਮਣੇ ਲਿਆਂਦਾ ਹੈ। ਉਧਰ ਵਿਰੋਧੀ ਧਿਰ ਦੀ ਨਕਾਰਾਤਮਕ ਪਹੁੰਚ ਅਤੇ ਸਰਕਾਰ ਦੀ ਜਵਾਬੀ ਹਮਲੇ ਦੀ ਰਣਨੀਤੀ ਨੇ ਸੰਸਦ ਦੀ ਗਰਿਮਾ ਨੂੰ ਪ੍ਰਭਾਵਿਤ ਕੀਤਾ। ਜੇਕਰ ਭਵਿੱਖ ਵਿੱਚ ਅਜਿਹੇ ਮੁੱਦਿਆਂ 'ਤੇ ਸਰਬਸੰਮਤੀ ਬਣ ਸਕੇ, ਤਾਂ ਇਹ ਨਵੀਆਂ ਨੀਤੀਆਂ ਅਤੇ ਅੰਤਰਰਾਸ਼ਟਰੀ ਸਹਿਯੋਗ ਦੀਆਂ ਪਹਿਲਕਦਮੀਆਂ ਨੂੰ ਜਨਮ ਦੇ ਸਕਦੀ ਹੈ।ਸੰਸਦ ਦੇ ਮਾਨਸੂਨ ਸੈਸ਼ਨ 2025 ਦੀ ਅੱਜ ਦੀ ਕਾਰਵਾਈ ਨੇ ਆਪਰੇਸ਼ਨ ਸਿੰਦੂਰ ਵਰਗੇ ਮੁੱਦਿਆਂ ਨੂੰ ਰਾਸ਼ਟਰੀ ਚਰਚਾ ਦਾ ਹਿੱਸਾ ਬਣਾਇਆ। ਹਾਲਾਂਕਿ, ਇਹ ਬਹਿਸ ਜ਼ਿਆਦਾਤਰ ਰਾਜਨੀਤਿਕ ਤਕਰਾਰ ਤੱਕ ਸੀਮਤ ਰਹੀ, ਪਰ ਇਸ ਨੇ ਅੱਤਵਾਦ, ਸੁਰੱਖਿਆ ਅਤੇ ਅੰਤਰਰਾਸ਼ਟਰੀ ਸਬੰਧਾਂ ਦੇ ਮੁੱਦਿਆਂ 'ਤੇ ਨਵੀਆਂ ਪਹਿਲਕਦਮੀਆਂ ਦੀ ਸੰਭਾਵਨਾ ਵੀ ਜਗਾਈ ਹੈ। ਸਰਕਾਰ ਅਤੇ ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਉਹ ਰਾਜਨੀਤਕ ਸੁਆਰਥਾਂ ਤੋਂ ਉੱਪਰ ਉੱਠ ਕੇ ਰਾਸ਼ਟਰੀ ਹਿੱਤ ਵਿੱਚ ਸਹਿਯੋਗ ਕਰਨ, ਤਾਂ ਜੋ ਅਜਿਹੀਆਂ ਬਹਿਸਾਂ ਨਵੇਂ ਮੁੱਦਿਆਂ ਅਤੇ ਸੁਰੱਖਿਆ ਨੀਤੀਆਂ ਨੂੰ ਜਨਮ ਦੇ ਸਕਣ। ਆਮ ਲੋਕਾਂ ਦੀ ਨਜ਼ਰ ਵਿੱਚ, ਸੰਸਦ ਦੀ ਇਹ ਕਾਰਵਾਈ ਸਿਰਫ਼ ਰਾਜਨੀਤਕ ਦਿਖਾਵੇ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਇਸ ਨੂੰ ਰਾਸ਼ਟਰ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਠੋਸ ਨਤੀਜਿਆਂ ਦਾ ਸਰੋਤ ਬਣਨਾ ਚਾਹੀਦਾ।

ਦੂਜਾ, ਇਸ ਬਹਿਸ ਨੇ ਸਿਆਸੀ ਪਾਰਟੀਆਂ ਨੂੰ ਰਾਸ਼ਟਰੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਰਚਨਾਤਮਕ ਸਹਿਯੋਗ ਦੀ ਜ਼ਰੂਰਤ ਨੂੰ ਉਜਾਗਰ ਕੀਤਾ। ਵਿਰੋਧੀ ਧਿਰ ਦੀ ਨਕਾਰਾਤਮਕ ਪਹੁੰਚ ਅਤੇ ਸਰਕਾਰ ਦੀ ਜਵਾਬੀ ਹਮਲੇ ਦੀ ਰਣਨੀਤੀ ਨੇ ਸੰਸਦ ਦੀ ਗਰਿਮਾ ਨੂੰ ਪ੍ਰਭਾਵਿਤ ਕੀਤਾ ਹੈ। ਜੇਕਰ ਭਵਿੱਖ ਵਿੱਚ ਅਜਿਹੇ ਮੁੱਦਿਆਂ 'ਤੇ ਸਹਿਮਤੀ ਬਣ ਸਕੇ, ਤਾਂ ਇਹ ਨਵੀਆਂ ਸੁਰੱਖਿਆ ਨੀਤੀਆਂ ਅਤੇ ਅੰਤਰਰਾਸ਼ਟਰੀ ਸਹਿਯੋਗ ਦੀਆਂ ਪਹਿਲਕਦਮੀਆਂ ਨੂੰ ਜਨਮ ਦੇ ਸਕਦੀ ਹੈ।

ਤੀਜਾ, ਆਪਰੇਸ਼ਨ ਸਿੰਦੂਰ ਨੇ ਭਾਰਤ ਦੀ ਮੇਡ ਇਨ ਇੰਡੀਆ ਸੈਨਿਕ ਸਮਰੱਥਾ ਨੂੰ ਵਿਸ਼ਵ ਪੱਧਰ 'ਤੇ ਪ੍ਰਦਰਸ਼ਿਤ ਕੀਤਾ, ਜਿਸ ਨਾਲ ਅੰਤਰਰਾਸ਼ਟਰੀ ਰੱਖਿਆ ਸਹਿਯੋਗ ਅਤੇ ਸਵਦੇਸ਼ੀ ਹਥਿਆਰ ਨਿਰਮਾਣ ਨੂੰ ਉਤਸ਼ਾਹ ਮਿਲ ਸਕਦਾ ਹੈ।ਸੰਸਦ ਦੇ ਮਾਨਸੂਨ ਸੈਸ਼ਨ 2025 ਵਿੱਚ ਆਪਰੇਸ਼ਨ ਸਿੰਦੂਰ 'ਤੇ ਹੋਈ ਬਹਿਸ ਨੇ ਭਾਰਤ ਦੀ ਸੈਨਿਕ ਸਮਰੱਥਾ ਅਤੇ ਅੱਤਵਾਦ ਵਿਰੁੱਧ ਸਖ਼ਤ ਨੀਤੀ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾਇਆ। ਹਾਲਾਂਕਿ, ਵਿਰੋਧੀ ਧਿਰ ਦੇ ਹੰਗਾਮੇ ਅਤੇ ਸਰਕਾਰ ਦੀ ਸਿਆਸੀ ਰਣਨੀਤੀ ਨੇ ਇਸ ਚਰਚਾ ਨੂੰ ਰਾਜਨੀਤਕ ਤਕਰਾਰ ਦਾ ਰੂਪ ਦੇ ਦਿੱਤਾ। ਆਮ ਲੋਕਾਂ ਦੀ ਨਜ਼ਰ ਵਿੱਚ ਇਹ ਬਹਿਸ ਸਿਰਫ਼ ਸਿਆਸੀ ਦਿਖਾਵੇ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਠੋਸ ਨਤੀਜਿਆਂ ਦਾ ਸਰੋਤ ਬਣਨਾ ਚਾਹੀਦਾ ਹੈ। ਸਰਕਾਰ ਅਤੇ ਵਿਰੋਧੀ ਧਿਰ ਨੂੰ ਰਾਜਨੀਤਕ ਸੁਆਰਥਾਂ ਤੋਂ ਉੱਪਰ ਉੱਠ ਕੇ ਸਹਿਯੋਗ ਕਰਨ ਦੀ ਜ਼ਰੂਰਤ ਹੈ ਤਾਂ ਜੋ ਅਜਿਹੀਆਂ ਕਾਰਵਾਈਆਂ ਭਾਰਤ ਦੀ ਸੁਰੱਖਿਆ ਅਤੇ ਵਿਸ਼ਵ ਪੱਧਰ 'ਤੇ ਸਾਖ ਨੂੰ ਹੋਰ ਮਜ਼ਬੂਤ ਕਰ ਸਕਨ।

# ਹਰਜੋਤ ਬੈਂਸ ਤੇ ਜ਼ਫਰ ਜੀ ਅਹੁਦੇ ਦਾ ਮੋਹ ਛੱਡਣ



ਕਮਲਜੀਤ ਸਿੰਘ ਬਨਵੈਤ
98147 34035

- ਜਥੇਦਾਰ ਅਕਾਲ ਤਖ਼ਤ ਨੇ ਬੈਂਸ ਤੇ ਜ਼ਫਰ ਨੂੰ ਪਹਿਲੀ ਅਗਸਤ ਨੂੰ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣ ਦੇ ਆਦੇਸ਼ ਦਿੱਤੇ
- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਮੌਕੇ ਦੋਵੇਂ ਰਹੇ ਹਾਜ਼ਰ
- ਸ਼ਹੀਦੀ ਸ਼ਤਾਬਦੀ ਮੌਕੇ ਗਾਇਕ ਬੀਰ ਸਿੰਘ ਦੇ ਗਾਣਿਆਂ 'ਤੇ ਨੱਚੇ ਸਰੋਤੇ
- ਗਾਇਕ ਬੀਰ ਸਿੰਘ ਦੇ ਘੜੇ ਬਹਾਨਿਆਂ 'ਚੋਂ ਨਜ਼ਰ ਆ ਰਿਹੈ ਝੂਠ
- ਭਾਸ਼ਾ ਵਿਭਾਗ ਨੂੰ ਦਹਾਕਿਆਂ ਬਾਅਦ ਮਿਲਿਆ ਸੀ ਰੈਗੂਲਰ ਡਾਇਰੈਕਟਰ
- ਮੀਤ ਹੇਅਰ ਦੇ ਹੰਭ ਜਾਣ ਪਿੱਛੋਂ ਹਰਜੋਤ ਸਿੰਘ ਬੈਂਸ ਨੇ ਮੰਗ ਕੇ ਲਿਆ ਸੀ ਸਿੱਖਿਆ ਵਿਭਾਗ

ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਅਵਤਾਰ ਸਿੰਘ ਬਰਾੜ ਕਿਹਾ ਕਰਦੇ ਸਨ ਕਿ ਜੇ ਕਿਸੇ ਵਿਧਾਇਕ ਨੂੰ ਅਗਲੀਆਂ ਚੋਣਾਂ ਵਿੱਚ ਹਰਾਉਣਾ ਹੋਵੇ ਤਾਂ ਉਸ ਨੂੰ ਸਕੂਲ ਸਿੱਖਿਆ ਵਿਭਾਗ ਦੇ ਦਿਓ। ਕਈ ਸਾਰੇ ਸਿੱਖਿਆ ਮੰਤਰੀ ਨਾਲ ਹੋਇਆ ਵੀ ਇਹੋ ਹੈ। ਉਹ ਆਪ ਵੀ ਅਗਲੀ ਵਾਰ ਹਾਰ ਗਏ ਸਨ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਤਾਂ ਸਿੱਖਿਆ ਵਿਭਾਗ ਮੰਗ ਕੇ ਲਿਆ ਹੈ, ਉਹ ਵੀ ਉਦੋਂ ਜਦੋਂ ਮੀਤ ਹੇਅਰ ਹੰਭ ਗਏ ਸਨ।

ਭਾਸ਼ਾ ਵਿਭਾਗ ਨੂੰ ਦਹਾਕਿਆਂ ਬੱਧੀ ਰੈਗੂਲਰ ਡਾਇਰੈਕਟਰ ਨਹੀਂ ਸੀ ਜੁੜਿਆ। ਭਾਸ਼ਾ ਵਿਭਾਗ ਸ਼੍ਰੋਮਣੀ ਪੁਰਸਕਾਰ ਦੇਣ ਤੱਕ ਸੀਮਤ ਹੋ ਕੇ ਰਹਿ ਗਿਆ ਸੀ। ਪੁਰਸਕਾਰਾਂ ਦੀ ਵੰਡ ਵਿਵਾਦਾਂ ਵਿੱਚ ਕਿਰਕ ਰਹਿ ਗਈ ਹੈ। ਮਾਮਲਾ ਅਦਾਲਤ ਚਲੇ ਜਾਣ ਤੋਂ ਬਾਅਦ ਜਿਨ੍ਹਾਂ ਕਈ ਆਪਣਿਆਂ ਦੇ ਨਾਂ ਪੁਰਸਕਾਰ ਕੀਤੇ ਗਏ ਉਹ ਉਹਨਾਂ ਦੀ ਝੋਲੀ ਨਾ ਪੈ ਸਕੇ। ਮਾਮਲਾ ਅਦਾਲਤ ਵਿੱਚ ਚਲੇ ਗਿਆ ਸੀ। ਜਸਬੀਰ ਭੁੱਲਰ ਦੀ ਪੁਸਤਕ ਖੁਦੋ ਇਸੇ ਦੁਆਲੇ ਘੁੰਮਦੀ ਹੈ।ਕਦੇ ਕਦੇ ਮੁਕਾਬਲੇ ਲਈ ਪੁੱਜੀਆਂ ਪੁਸਤਕਾਂ ਨੂੰ ਸਾਲਾਨਾ ਇਨਾਮ ਵੀ ਦੇ ਦਿੱਤੇ ਜਾਂਦੇ ਹਨ। ਸ਼੍ਰੋਮਣੀ ਪੁਰਸਕਾਰਾਂ ਦੀ ਤਰ੍ਹਾਂ ਪੁਸਤਕਾਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਉੱਤੇ ਵੀ ਤੂੰ ਮੈਨੂੰ ਮੈਂ ਤੈਨੂੰ ਚਲਦਾ ਰਿਹਾ ਹੈ। ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਜਸਵੰਤ ਜ਼ਫਰ ਨੂੰ ਭਾਸ਼ਾ ਵਿਭਾਗ ਦਾ ਡਾਇਰੈਕਟਰ ਨਿਯੁਕਤ ਕਰਕੇ ਇੱਕ ਨਵੀਂ ਰੂਹ ਫੂਕ ਦਿੱਤੀ ਗਈ। ਜਸਵੰਤ ਜ਼ਫਰ ਸੰਜੀਦਾ ਸਾਹਿਤਕਾਰ ਹਨ ਅਤੇ ਉਨ੍ਹਾਂ ਨੇ ਡਾਇਰੈਕਟਰ ਵਜੋਂ ਕੰਮ ਵੀ ਮਾਅਰਕੇ ਦਾ ਕਰ ਰਹੇ ਹਨ। ਭਾਵੇਂ ਕਿ ਹਾਲੇ ਬੜਾ ਕੁਝ ਕਰਨ ਨੂੰ ਪਿਆ ਹੈ। ਲੱਗਦੈ ਜਿਵੇਂ ਹਰਜੋਤ ਸਿੰਘ ਬੈਂਸ ਅਤੇ ਜਸਵੰਤ ਜਫਰ ਦੇ ਕੰਮਾਂ ਨੂੰ ਨਜ਼ਰ ਲੱਗ ਗਈ ਹੋਵੇ। ਬਿਜਲੀ ਤਾਂ ਗਾਇਕ ਬੀਰ ਸਿੰਘ ਉੱਤੇ ਵੀ ਕੜੱਕ ਕਰਕੇ ਡਿੱਗੀ ਹੈ। ਭਾਸ਼ਾ ਵਿਭਾਗ ਵੱਲੋਂ ਪਿਛਲੇ ਦਿਨੀਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਕ ਪ੍ਰੋਗਰਾਮ ਵਿੱਚ ਜਿਵੇਂ ਸ਼ਰਮ ਵਾਲੀ ਲੋਈ ਲਾਹੀ ਗਈ, ਉਸ ਨਾਲ ਤਿੰਨੋਂ ਕਟਹਿਰੇ ਵਿੱਚ ਆ ਖੜੇ ਹਨ।

ਗਾਇਕ ਬੀਰ ਸਿੰਘ ਨੇ ਜਿਸ ਤਰ੍ਹਾਂ ਰਿਐਕਸ਼ਨ ਕੀਤਾ ਹੈ ਉਸ ਨਾਲ ਉਹ ਝੂਠ 'ਤੇ ਝੂਠ ਬੋਲਦਾ ਨਜ਼ਰ ਆ ਰਿਹਾ ਹੈ। ਸੱਚ ਕਹਾਂ ਤਾਂ ਇਹ ਕਿ ਉਸਦੇ ਮਾਸੂਮ ਚਿਹਰੇ ਤੋਂ ਅਜਿਹੀ ਉਮੀਦ ਕਿਸੇ ਨੇ ਵੀ ਨਹੀਂ ਕੀਤੀ ਹੋਣੀ। ਉਹ ਦਾਅਵਾ ਕਰਦਾ ਹੈ ਕਿ ਉਸ ਨੂੰ ਪ੍ਰਬੰਧਕਾਂ ਜਾਂ ਉਸ ਦੀ ਆਪਣੀ ਟੀਮ ਨੇ ਸਮਾਗਮ ਦੀ ਰੂਪ ਰੇਖਾ ਬਾਰੇ ਜਾਣਕਾਰੀ ਨਹੀਂ ਸੀ ਦਿੱਤੀ। ਉਹ ਨਾਲ ਹੀ ਕਹਿੰਦਾ ਹੈ ਕਿ ਉਹ ਉਸ ਦਿਨ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਆਸਟਰੇਲੀਆ ਤੋਂ ਸਿੱਧਾ ਅੰਮ੍ਰਿਤਸਰ ਸਾਹਿਬ ਪੁੱਜਾ ਸੀ ਅਤੇ ਉਸਨੇ ਸਟੇਜ 'ਤੇ ਲੱਗਿਆ ਬੈਨਰ ਨਹੀਂ ਪੜ੍ਹਿਆ। ਅਜਿਹੀ ਬੇਤੁਕੀ ਦਲੀਲ ਨਾਲ ਉਸ ਦਾ ਕੱਦ ਬੌਣਾ ਹੋਇਆ ਹੈ। ਕੀ ਸੱਚਮੁੱਚ ਕੋਈ ਗਾਇਕ ਇਹਨਾਂ ਕਮਲਾ ਜਾਂ ਨਲਾਇਕ ਹੋ ਸਕਦਾ ਹੈ? ਇਹ ਝੂਠ ਤੂਫਾਨ ਤੋਂ ਉਰੇ ਕੁਝ ਨਹੀਂ ਦਿਸ ਰਿਹਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫਰ ਪ੍ਰੋਗਰਾਮ ਵਿੱਚ ਮੌਜੂਦ ਰਹੇ। ਇਹੋ ਉਨ੍ਹਾਂ ਦਾ ਸਭ ਤੋਂ ਵੱਡਾ ਕਸੂਰ ਬਣਿਆ ਜਾਂ ਆਪਾਂ ਇਹ ਕਹਿ ਲਈਏ ਕਿ ਉਹਨਾਂ ਦਾ ਗੁਨਾਹ ਹੋ ਨਿਬੜਿਆ। ਕਹਿਣ ਵਾਲੇ ਤੇ ਇਹ ਵੀ ਕਹਿੰਦੇ ਹਨ ਕਿ ਮਤੇ ਉਹਨਾਂ ਦੀ ਮੱਤ ਮਾਰੀ ਗਈ ਹੋਵੇ। ਪ੍ਰੋਗਰਾਮ ਦੀ ਵੀਡੀਓ ਵਾਇਰਲ ਹੋਣ ਤੋਂ ਸਿੱਖ ਜਗਤ ਇੱਕ ਤਰ੍ਹਾਂ ਨਾਲ ਤੜਫ ਉੱਠਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਆਮ ਸ਼ਹਾਦਤ ਨਹੀਂ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਮੀਡੀਆ ਸ਼ਿਕਾਇਤਾਂ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਇਕ ਅਗਸਤ ਨੂੰ ਤਲਬ ਕਰ ਲਿਆ ਹੈ। ਇਸ ਦਿਨ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮੂਹਰੇ ਉਹਨਾਂ ਦੀ ਪੇਸ਼ੀ ਹੋਵੇਗੀ। ਹੈਰਾਨੀ ਦੀ ਗੱਲ ਇਹ ਕਿ ਬੈਂਸ ਅਤੇ ਜ਼ਫਰ ਦੋਹਾਂ ਨੇ ਆਪਣੇ ਪੱਧਰ ਉੱਤੇ ਭੁੱਲ ਬਖਸ਼ਾਉਣ ਦੀ ਕੋਈ ਚਾਰਾਜੋਈ ਨਹੀਂ ਕੀਤੀ ਜਦੋਂ ਕਿ ਗਾਇਕ ਬੀਰ ਸਿੰਘ ਅਗਲੇ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾ ਪੇਸ਼ ਹੋਇਆ ਸੀ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਲਬ ਕੀਤੇ ਜਾਣ ਤੋਂ ਬਾਅਦ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਧੰਨ ਧੰਨ ਬੰਦੀ ਛੋੜ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਾਜੇ ਸੱਚੇ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਦੇ ਅੱਗੇ ਹਰ ਸਿੱਖ ਦਾ ਸਿਰ ਝੁਕਦਾ ਹੈ। ਉਹ ਆਪ ਵੀ ਨਿਮਾਣੇ ਸਿੱਖ ਹੋਣ ਦੇ ਨਾਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਨ। ਉਹਨਾਂ ਨੇ ਜਾਣੇ ਅਣਜਾਣੇ ਹੋਈ ਅਣਗਹਿਲੀ ਲਈ ਮੁਆਫ਼ੀ ਵੀ ਮੰਗੀ ਹੈ ਪਰ ਨਾਲ ਹੀ ਕਿਹਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨੰਗੇ ਪੈਰੀ ਹਾਜ਼ਰ ਹੋਣਗੇ। ਉਹਨਾਂ ਨੇ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਕਬੂਲ ਕਰਦਿਆਂ ਹਰ ਹੁਕਮ ਮੰਨਣ ਦੀ ਪਾਬੰਦੀ ਦੱਸੀ ਹੈ। ਦੂਜੇ ਬੰਨੇ ਹਾਲੇ ਤੱਕ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਦਾ ਕੋਈ ਅਜਿਹਾ ਬਿਆਨ ਨਹੀਂ ਆਇਆ ਹੈ ਜਿਸ ਨਾਲ ਉਹਨਾਂ ਨੂੰ ਪਛਤਾਵਾ ਹੋਇਆ ਹੋਵੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਇਹ ਪ੍ਰੋਗਰਾਮ ਪਿਛਲੇ ਸ਼ੁੱਕਰਵਾਰ ਨੂੰ ਸ੍ਰੀ ਨਗਰ ਵਿੱਚ ਜੰਮੂ ਕਸ਼ਮੀਰ, ਕਲਾ, ਸਭਿਆਚਾਰ ਤੇ ਭਾਸ਼ਾ ਅਕਾਦਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਗੁਰੂ ਸਾਹਿਬ ਨੇ ਲਾਸਾਨੀ ਕੁਰਬਾਨੀ ਇਸੇ ਖਿੱਤੇ ਦੇ ਹਿੰਦੂਆਂ ਦੀ ਰੱਖਿਆ ਖ਼ਾਤਰ ਦਿੱਤੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਲੈ ਕੇ ਪੰਜਾਬ ਸਰਕਾਰ ਵੀ ਆਪਣੇ ਪੱਧਰ 'ਤੇ ਪ੍ਰੋਗਰਾਮ ਕਰ ਰਹੀ ਹੈ। ਅਕਾਲ ਤਖ਼ਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ ਕਿ ਸਿੱਖ ਧਾਰਮਿਕ ਪ੍ਰੋਗਰਾਮ ਕਰਨ ਦਾ ਅਧਿਕਾਰ ਸਿਰਫ ਐਸਜੀਪੀਸੀ ਨੂੰ ਹੈ। ਸ਼੍ਰੋਮਣੀ ਕਮੇਟੀ ਸਰਕਾਰ ਦੇ ਪ੍ਰੋਗਰਾਮਾਂ ਨੂੰ ਧਾਰਮਿਕ ਮਾਮਲਿਆਂ ਵਿੱਚ ਦਖਲ ਦੇ ਰੂਪ ਵਿੱਚ ਦੇਖਦੀ ਹੈ। ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਹਿੰਦੇ ਹਨ ਕਿ ਸਰਕਾਰ ਦੇ ਪੱਧਰ 'ਤੇ ਪ੍ਰੋਗਰਾਮਾਂ ਵਿੱਚ ਸਿੱਖ ਮਰਿਆਦਾ ਦਾ ਧਿਆਨ ਨਹੀਂ ਰੱਖਿਆ ਜਾਵੇਗਾ। ਸ੍ਰੀਨਗਰ ਵਿਖੇ ਕਰਵਾਏ ਪ੍ਰੋਗਰਾਮ ਵਿੱਚ ਗੀਤ ਨਾਚ ਹੋਣ ਤੇ ਸ਼੍ਰੋਮਣੀ ਕਮੇਟੀ ਸੰਭਾਵਿਤ ਡਰ ਉੱਤੇ ਮੋਹਰ ਲੱਗ ਗਈ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰਜਿੰਦਰ ਸਿੰਘ ਧਾਮੀ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਕਹਿੰਦੇ ਹਨ ਕਿ ਖ਼ਾਲਸਾ ਸਾਜਨਾ ਦੇ 300 ਸਾਲਾ ਸਮਾਗਮਾਂ ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਨੂੰ ਅਜਿਹੀ ਮੱਤ ਨਹੀਂ ਸੀ ਦਿੱਤੀ ਗਈ। ਇਥੇ ਦੱਸਣਾ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਵੱਲੋਂ 23 ਤੋਂ 25 ਸਤੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਤਾਬਦੀ ਪ੍ਰੋਗਰਾਮਾਂ ਨੂੰ ਯਾਦਗਾਰ ਬਣਾਉਣਾ ਚਾਹੁੰਦੀ ਹੈ, ਜਿਸ ਲਈ ਦੇਸ਼ ਦੇ ਰਾਸ਼ਟਰਪਤੀ ਮੁਲਕ ਦੇ ਪ੍ਰਧਾਨ ਮੰਤਰੀ, ਲੋਕ ਸਭਾ ਦੇ ਸਪੀਕਰ ਸਮੇਤ ਹੋਰ ਅਹਿਮ ਹਸਤੀਆਂ ਨੂੰ ਸੱਦੇ ਭੇਜੇ ਜਾਣਗੇ।

ਸ੍ਰੀ ਅਕਾਲ ਤਖਤ ਸਾਹਿਬ ਸਕੱਤਰ ਵੱਲੋਂ ਸਿੱਖਿਆ ਮੰਤਰੀ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਪੇਸ਼ ਹੋਣ ਦੇ ਪੱਤਰ ਜਾਰੀ ਕੀਤੇ ਗਏ ਹਨ। ਜਥੇਦਾਰ ਗੜਗੱਜ ਦਾ ਦਾਅਵਾ ਹੈ ਕਿ ਉਕਤ ਪ੍ਰੋਗਰਾਮ ਦੇ ਸੰਦਰਭ ਵਿੱਚ ਵਾਰ ਵਾਰ ਸਮਾਂ ਦੇਣ ਦੇ ਬਾਵਜੂਦ ਮੰਤਰੀ ਹਰਜੋਤ ਸਿੰਘ ਬੈਂਸ ਤੇ ਡਾਇਰੈਕਟਰ ਜਸਵੰਤ ਸਿੰਘ ਨੇ ਸਪੱਸ਼ਟੀਕਰਨ ਨਹੀਂ ਦਿੱਤਾ। ਉਹ ਕਹਿੰਦੇ ਹਨ ਕਿ ਦੋਹਾਂ ਨੂੰ ਜਨਤਕ ਤੌਰ 'ਤੇ ਸਿੱਖ ਸੰਗਤ ਤੋਂ ਮੁਆਫੀ ਮੰਗਣੀ ਚਾਹੀਦੀ ਸੀ। ਪੰਜਾਬ ਦੇ ਸੰਵਿਧਾਨਿਕ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਸਮਾਜ ਦੇ ਪ੍ਰਤੀ ਜ਼ਿੰਮੇਵਾਰੀ ਹੈ ਅਤੇ ਧਾਰਮਿਕ ਮਾਮਲਿਆਂ ਵਿੱਚ ਚੁੱਪ ਰਹਿਣਾ ਕਈ ਸਵਾਲ ਖੜੇ ਕਰਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਸ੍ਰੀ ਅਕਾਲ ਤਖ਼ਤ ਮੂਹਰੇ ਆਪਣਾ ਆਪ ਸਮਰਪਿਤ ਕਰਕੇ ਸਜ਼ਾ ਲਵਾਈ ਸੀ। ਧਾਰਮਿਕ ਤਨਖਾਹ ਪੂਰੀ ਕਰਨ ਤੋਂ ਬਾਅਦ ਰਾਜਨੀਤਿਕ ਪੱਖ ਤੋਂ ਉਹਨਾਂ ਪਾਸਾ ਵੱਟ ਲਿਆ ਸੀ। ਉਸ ਤੋਂ ਬਾਅਦ ਚਾਹੇ ਉਹ ਕਈ ਤਰ੍ਹਾਂ ਦੇ ਜੁਗਾੜ ਲੜਾਉਂਦੇ ਆ ਰਹੇ ਹਨ ਪਰ ਪੰਥ ਦੇ ਦਿਲਾਂ ਵਿੱਚ ਮੁੜ ਆਪਣੀ ਥਾਂ ਨਹੀਂ ਬਣਾ ਸਕੇ ਹਨ। ਹਰਜੋਤ ਸਿੰਘ ਬੈਂਸ ਅਤੇ ਜਸਵੰਤ ਸਿੰਘ ਜ਼ਫ਼ਰ ਲਈ ਸੁਖਬੀਰ ਸਿੰਘ ਬਾਦਲ ਇੱਕ ਮਾਡਲ ਹੋ ਸਕਦੇ ਹਨ ਪਰ ਇੱਥੇ ਇਹ ਸਮਝਣਾ ਪਵੇਗਾ ਖੁਸ਼ੀਆਂ ਤੇ ਪਾਤਸ਼ਾਹੀਆਂ ਉੱਪਰ ਵਾਲੇ ਵੱਲੋਂ ਬਖਸ਼ੀਆਂ ਜਾਂਦੀਆਂ ਹਨ। ਉੱਪਰ ਵਾਲੇ ਦੀ ਰਜ਼ਾ ਹੈ ਕਿ ਉਸ ਨੇ ਰਾਜੇ ਨੂੰ ਰੰਕ ਕਿ ਰੰਕ ਨੂੰ ਰਾਜਾ ਬਣਾਉਣਾ ਹੈ। ਉਹ ਸੈਲ ਪੱਥਰ ਵਿੱਚ ਜੰਤ ਪੈਦਾ ਕਰਕੇ ਉਹਨਾਂ ਮੂਹਰੇ ਰਿਜਕ ਵੀ ਧਰ ਦਿੰਦਾ ਹੈ। ਬਜ਼ੁਰਗ ਐਵੇਂ ਹੀ ਤਾਂ ਨਹੀਂ ਕਿਹਾ ਕਰਦੇ ਸਨ ਮੈਂ ਕੀ ਜਾਣਾ ਕੁਦਰਤ ਤੇਰੀ ਤੂੰ ਕਿਹੜੇ ਰੰਗਾਂ ਵਿੱਚ ਖੇਡਦਾ।ਚਲ ਜਾ ਬਰਮਾ ਨੂੰ ਭਾਗ ਜਾਣਗੇ ਨਾਲੇ। ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਹਾਲੇ ਤੱਕ ਵੀ ਚੁੱਪ ਹਨ। ਉਹ ਜਨਤਕ ਤੌਰ 'ਤੇ ਮੁਆਫ਼ੀ ਮੰਗ ਲੈਂਦੇ ਤਾਂ ਕੱਦ ਵੱਡਾ ਹੋ ਜਾਣਾ ਸੀ। ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਜਸਵੰਤ ਜ਼ਫ਼ਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ ਤਾਂ ਉਹਨਾਂ ਦਾ ਕੱਦ ਬੁੱਤ ਉੱਚਾ ਹੋ ਜਾਵੇਗਾ। ਹਰਜੋਤ ਸਿੰਘ ਬੈਂਸ ਦੀ ਪੰਜਾਬ ਵਿੱਚ ਆਪਣੀ ਸਰਕਾਰ ਹੈ। ਜਸਵੰਤ ਸਿੰਘ ਜ਼ਫ਼ਰ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਸੰਦ ਹਨ। ਅਸਤੀਫ਼ਾ ਮਨਜ਼ੂਰ ਨਾ ਮਨਜ਼ੂਰ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇੱਛਾ 'ਤੇ ਨਿਰਭਰ ਕਰਦਾ ਹੈ ਪਰ ਉਹ ਅਹੁਦੇ ਦਾ ਮੋਹ ਛੱਡ ਦਿੰਦੇ ਹਨ ਤਾਂ ਵੱਡਾ ਤਿਆਗ ਮੰਨਿਆ ਜਾਵੇਗਾ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦੇ ਮੂਹਰੇ ਇਹ ਨਿਗੂਣਾ ਕਿਉਂ ਨਾ ਹੋਵੇ। ਅਸਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕੇਵਲ ਹਿੰਦੂ ਧਰਮ ਦੀ ਰੱਖਿਆ ਕਰਨਾ ਨਹੀਂ ਸੀ ਸਗੋਂ ਉਹਨਾਂ ਨੇ ਆਪਣਾ ਸੀਸ ਜ਼ੁਲਮ ਦੇ ਖਿਲਾਫ ਦਿੱਤਾ। ਮੈਂ ਸੋਚਦਾ ਹਾਂ ਕਿ ਜੇ ਮੁਗਲ ਹਾਕਮਾਂ ਦੀ ਥਾਂ ਕੋਈ ਹੋਰ ਵੀ ਹੁੰਦਾ ਤਦ ਵੀ ਖਿਲਾਫ ਤਾਂ ਉਹ ਇਵੇਂ ਹੀ ਨਿਤਰਦੇ। ਸ੍ਰੀ ਗੁਰੂ ਤੇਗ ਬਹਾਦਰ ਤੋਂ ਲੈ ਕੇ ਉਹਨਾਂ ਦੇ ਪੋਤਰੇ ਬਾਬਾ ਫਤਿਹ ਸਿੰਘ ਤੱਕ ਦੀਆਂ ਕੁਰਬਾਨੀਆਂ ਦਾ ਇਤਿਹਾਸ ਕਿਧਰੇ ਹੋਰ ਨਹੀਂ ਮਿਲਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮ ਆਪਣੇ ਪੱਧਰ 'ਤੇ ਮਨਾਉਣ ਦੀ ਥਾਂ ਸਹਿਯੋਗ ਦੇਣ ਦੀ ਸਲਾਹ ਦਿੱਤੀ ਸੀ। ਸ਼੍ਰੋਮਣੀ ਕਮੇਟੀ ਨੇ ਇਹ ਵੀ ਕਿਹਾ ਸੀ ਕਿ ਸਰਕਾਰਾਂ ਸ਼ਤਾਬਦੀ ਮਰਿਆਦਾ ਤੋਂ ਅਣਜਾਣ ਹੁੰਦੀਆਂ ਹਨ। ਸੱਚੀ ਹੋਇਆ ਵੀ ਉਹ ਕੁਝ। ਹਰਜੋਤ ਸਿੰਘ ਬੈਂਸ ਅਤੇ ਜਸਵੰਤ ਸਿੰਘ ਆਪਣੇ ਅਹੁਦਿਆਂ ਤੋਂ ਪਹਿਲਾਂ ਇੱਕ ਸਿੱਖ ਹਨ। ਇੱਕ ਸਿੱਖ ਦੀ ਹੈਸੀਅਤ ਵਿੱਚ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੁੰਦੇ ਹਨ ਤਾਂ ਉਹਨਾਂ ਨੂੰ ਕੀਤੀ ਬੱਜਰ ਗਲਤੀ ਲਈ ਤਨਖਾਹੀਆ ਕਰਾਰ ਦੇਣ ਤੱਕ ਦੀ ਸਜ਼ਾ ਲਾਈ ਜਾ ਸਕਦੀ ਹੈ। ਅਜਿਹਾ ਹੁੰਦਾ ਹੈ ਤਾਂ ਉਹਨਾਂ ਨੂੰ ਪਿੱਛੋਂ ਵੀ ਅਹੁਦੇ ਛੱਡਣੇ ਪੈਣਗੇ। ਹੋ ਸਕਦਾ ਹੈ ਕਿ ਉਹਨਾਂ ਦਾ ਤਿਆਗ ਦੇਖ ਕੇ ਪੰਜ ਸਿੰਘ ਸਾਹਿਬਾਨਾਂ ਦਾ ਦਿਲ ਪਿਘਲ ਜਾਵੇ, ਸਜ਼ਾ ਨਰਮ ਸੁਣਾ ਦੇਣ। ਨਾਲੇ ਸਰਕਾਰੀ ਅਹੁਦੇ ਤਾਂ ਆਉਂਦੇ ਜਾਂਦੇ ਰਹਿੰਦੇ ਹਨ। ਜਸਵੰਤ ਸਿੰਘ ਜ਼ਫ਼ਰ ਦੇ ਹੱਥ ਵਿੱਚ ਤਾਕਤਵਰ ਕਲਮ ਤਾਂ ਰਹੇਗੀ। ਇਸੇ ਕਲਮ ਸਦਕੇ ਹੀ ਉਹਨਾਂ ਦੇ ਸਿਰ ਉੱਤੇ ਡਾਇਰੈਕਟਰ ਦਾ ਤਾਜ ਸਜਿਆ ਸੀ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਰਾਜ ਨੇ ਸੇਵਾ ਦੇ ਰਾਹੇ ਪੈ ਜਾਣ। ਸੇਵਾ ਅਜਾਈਂ ਨਹੀਂ ਜਾਂਦੀ, ਮੇਵਾ ਮਿਲਦਾ ਹੈ, ਪੱਛੜ ਕੇ ਹੀ ਸਹੀ।



ਗੁਰਮੀਤ ਸਿੰਘ ਪਲਾਹੀ
9815802070

# ਕੀ ਕਾਂਗਰਸ ਦੂਜਾ ਆਜ਼ਾਦੀ ਅੰਦੋਲਨ ਲੜੇਗੀ ?

ਰਾਸ਼ਟਰੀ ਪੱਧਰ 'ਤੇ ਸਿਰਫ਼ ਕਾਂਗਰਸ ਪਾਰਟੀ ਹੀ ਹੈ, ਜਿਹੜੀ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਦੇ ਸਕਦੀ ਹੈ। ਪਰ ਕਾਂਗਰਸ ਨੂੰ ਸਮਝ ਹੀ ਨਹੀਂ ਆ ਰਿਹਾ, ਕਾਫ਼ੀ ਲੰਮੇ ਸਮੇਂ ਤੋਂ ਕਿ ਉਸ ਦੀ ਦੇਸ਼ ਭਰ 'ਚ ਭਾਜਪਾ ਦੀ ਪਿੱਠ ਲਾਉਣ ਲਈ ਰਣਨੀਤੀ ਕੀ ਹੋਵੇ?

ਉਧਰ ਭਾਜਪਾ ਲਗਾਤਾਰ ਕਾਂਗਰਸ ਅਤੇ ਉਸਦੇ ਨੇਤਾਵਾਂ ਨੂੰ ਠਿੱਠ ਕਰਨ ਲਈ ਯਤਨਸ਼ੀਲ ਹੈ। ਉਸਦੇ ਨਵੇਂ ਪੁਰਾਣੇ ਨੇਤਾਵਾਂ ਦਾ ਅਕਸ ਵਿਗਾੜਨ ਲਈ ਉਹ ਹਰ ਹੀਲਾ ਵਰਤ ਰਹੀ ਹੈ। ਨਰੇਂਦਰ ਮੋਦੀ ਨੇ ਨਹਿਰੂ-ਗਾਂਧੀ ਪਰਿਵਾਰਾਂ ਤੋਂ ਉਹਨਾਂ ਦੀ ਜ਼ਾਇਦਾਦ ਖੋਹ ਕੇ ਉਹਨਾ ਨੂੰ ਇੰਨੀ ਤਕਲੀਫ਼ ਦਿੱਤੀ ਹੈ ਕਿ ਹੁਣ ਉਸ ਪਰਿਵਾਰ ਤੋਂ ਇਹ ਸਹਿ ਹੀ ਨਹੀਂ ਹੋ ਰਿਹਾ। ਅਜ਼ਾਦੀ ਦੇ 75 ਵਰ੍ਹਿਆਂ 'ਚ ਨਹਿਰੂ-ਗਾਂਧੀ ਪਰਿਵਾਰ ਦਾ ਕੋਈ ਨਾ ਕੋਈ ਪਰਿਵਾਰਕ ਮੈਂਬਰ ਪ੍ਰਧਾਨ ਮੰਤਰੀ ਰਿਹਾ ਹੈ ਜਾਂ ਇਹ ਪਰਿਵਾਰ ਦੇਸ਼ ਦਾ ਪ੍ਰਧਾਨ ਮੰਤਰੀ ਨੀਯਤ ਕਰਨ ਲਈ ਜ਼ੁੰਮੇਵਾਰ ਰਿਹਾ ਹੈ। ਸਾਲ 1947 ਤੋਂ 1964 ਤੱਕ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸਨ। ਫਿਰ ਲਾਲ ਬਹਾਦਰ ਸ਼ਾਸਤਰੀ ਆਏ। ਇੰਦਰਾ ਗਾਂਧੀ 1967 ਤੋਂ 1977 ਤੱਕ ਪ੍ਰਧਾਨ ਮੰਤਰੀ ਬਣੇ। 1980 'ਚ ਇੰਦਰਾ ਗਾਂਧੀ ਫਿਰ ਪ੍ਰਧਾਨ ਮੰਤਰੀ ਵਜੋਂ ਪਰਤੇ। ਸਾਲ 1984 'ਚ ਉਹਨਾਂ ਦੀ ਹੱਤਿਆ ਕਰ ਦਿੱਤੀ ਗਈ। ਵਾਗਡੋਰ ਫਿਰ ਰਜੀਵ ਗਾਂਧੀ ਹੱਥ ਆਈ। ਉਹਨਾਂ ਦੀ ਹੱਤਿਆ 1992 'ਚ ਹੋਈ। ਸੋਨੀਆ ਗਾਂਧੀ ਤਾਕਤਵਰ ਨੇਤਾ ਵਜੋਂ ਉਭਰੀ। ਉਹਨਾਂ ਆਪ ਪ੍ਰਧਾਨ ਮੰਤਰੀ ਨਾ ਬਣਕੇ ਮੌਕਾ ਨਰਸਿਮਹਾਰਾਓ ਅਤੇ ਮਨਮੋਹਨ ਸਿੰਘ ਨੂੰ ਦਿੱਤਾ। ਫਿਰ ਕਾਂਗਰਸ ਹਾਰੀ ਤੇ ਤਾਕਤ ਨਰੇਂਦਰ ਮੋਦੀ ਹੱਥ ਆਈ, ਜਿਸਨੇ ਕਾਂਗਰਸ ਮੁਕਤ ਭਾਰਤ ਬਨਾਉਣ ਦਾ ਟੀਚਾ ਮਿਥਿਆ। ਪਿਛਲੇ ਗਿਆਰਾਂ ਵਰ੍ਹੇ ਦੇਸ਼ ਲਈ ਕਾਂਗਰਸੀ ਨੇਤਾਵਾਂ ਅਨੁਸਾਰ ਲੋਕਤੰਤਰ ਦੀ ਹੱਤਿਆ ਦੇ ਵਰ੍ਹੇ ਹਨ।

ਕਾਂਗਰਸੀ ਨੇਤਾ, ਰਾਹੁਲ ਗਾਂਧੀ ਜੋ ਲੋਕ ਸਭਾ 'ਚ ਆਪੋਜ਼ੀਸ਼ਨ ਨੇਤਾ ਹਨ, ਕਹਿ ਰਹੇ ਹਨ ਕਿ ਉਹਨਾਂ ਨੂੰ ਪਾਰਲੀਮੈਂਟ 'ਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਕਮਜ਼ੋਰ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੁਝ ਨਹੀਂ ਕਰ ਸਕੇ। ਜਦੋਂ ਵੀ ਦੇਸ਼ ਦੇ ਪਾਰਲੀਮੈਂਟ ਸ਼ੈਸ਼ਨ ਸ਼ੁਰੂ ਹੁੰਦੇ ਹਨ। ਆਪੋਜ਼ੀਸ਼ਨ ਵਲੋਂ ਖ਼ਾਸ ਕਰਕੇ ਕਾਂਗਰਸ ਵੱਲੋਂ ਸਦਨ ਦਾ ਬਾਈਕਾਟ ਕਰ ਦਿੱਤਾ ਜਾਂਦਾ ਹੈ। ਭਾਜਪਾ ਦੀ ਸਰਕਾਰ, ਜਿਹੜੀ ਪਹਿਲਾਂ ਹੀ ਨਤੀਸ਼ ਤੇ ਨਾਇਡੂ ਦੀਆਂ ਫਾਹੁੜੀਆਂ 'ਤੇ ਖੜੀ ਹੈ, ਉਹ ਮਨਮਾਨੀਆਂ ਵਾਲੇ ਬਿੱਲ ਪਾਸ ਕਰਵਾਉਂਦੀ ਹੈ, ਦੇਸ਼ ਉਤੇ ਸ਼ਾਨੋ-ਸ਼ੌਕਤ ਨਾਲ ਰਾਜ ਕਰੀ ਜਾਂਦੀ ਹੈ ਅਤੇ ਆਪੋਜ਼ੀਸ਼ਨ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ ਆਪਣੀ ਗੱਲ ਦੇਸ਼ ਵਾਸੀਆਂ ਤੱਕ ਪਹੁੰਚਾਉਂਦੀ ਹੈ।ਦੇਸ਼ ਦੇ ਲੋਕਾਂ ਦੇ ਵੱਡੇ ਮੁੱਦੇ ਹਨ। ਕਾਂਗਰਸ ਇਹਨਾਂ ਮੁੱਦਿਆਂ ਨੂੰ ਸੰਸਦ ਵਿੱਚ ਜੇਕਰ ਉਠਾਉਣ 'ਚ ਕਾਮਯਾਬ ਨਹੀਂ ਹੋ ਰਹੀ, ਜਿਵੇਂ ਕਿ ਉਹ ਕਹਿੰਦੀ ਹੈ, ਤਾਂ ਫਿਰ ਉਹ ਆਮ ਜਨਤਾ ਕੋਲ ਉਹਨਾਂ ਮੁੱਦਿਆਂ ਨੂੰ ਲੈ ਕੇ ਕਿਉਂ ਨਹੀਂ ਜਾਂਦੀ? ਲੋਕ ਸਵਾਲ ਪੁੱਛਦੇ ਹਨ।ਅੱਜ ਦੇਸ਼ ਦੇ ਲੋਕ ਐਮਰਜੈਂਸੀ ਦੇ ਦਿਨਾਂ ਵਰਗੇ ਹਾਲਾਤ ਦੇਸ਼ 'ਚ ਵੇਖ ਰਹੇ ਹਨ, ਜਿਥੇ ਲੋਕਾਂ ਨੂੰ ਬੋਲਣ ਦੀ ਅਜ਼ਾਦੀ ਨਹੀਂ, ਉਹ ਅਣ-ਐਲਾਨੀ ਐਮਰਜੈਂਸੀ 'ਚੋਂ ਲੰਘ ਰਹੇ ਹਨ। ਭੁੱਖਣ-ਭਾਣੇ, ਬੇਰੁਜ਼ਗਾਰ, ਛੱਤਾਂ ਤੋਂ ਵਿਹੂਣੇ, ਭੈੜੇ ਹਾਲਾਤ ਉਹਨਾਂ ਨੂੰ ਉਪਰਾਮ ਕਰ ਰਹੇ ਹਨ ਅਤੇ ਕਾਂਗਰਸ ਜਿਹੜੀ ਭਲੀ-ਭਾਂਤ ਇਸ ਸਥਿਤੀ ਤੋਂ ਵਾਕਿਫ਼ ਹੈ, ਲੋਕਾਂ ਨੂੰ ਲਾਮਬੰਦ ਕਿਉਂ ਨਹੀਂ ਕਰਦੀ? ਕਿਉਂ ਉਹਨਾ ਹਾਲਾਤਾਂ 'ਚ ਚੁੱਪ ਕਰਕੇ ਜਾਂ ਸਿਰਫ਼ ਬਿਆਨ ਦੇ ਕੇ ਬੈਠ ਜਾਂਦੀ ਹੈ, ਜਦੋਂ ਕਿ ਉਸ ਨੂੰ ਲੋਕਾਂ ਦੇ ਭੈੜੇ ਹਾਲਾਤ ਨਵਿਰਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਕੀ ਅੱਜ ਹਾਲਾਤ ਉਸ ਤੋਂ ਵੱਖਰੇ ਹਨ, ਜਦੋਂ ਦੇਸ਼ ਭਰ ਦੇ ਨੇਤਾ ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ, ਸਮਾਜਵਾਦੀ ਨੇਤਾ ਜਾਰਜ ਫਰਨਾਡਿਸ ਲੋਕਾਂ ਨੂੰ ਲਾਮਬੰਦ ਕਰਨ ਲਈ ਦੇਸ਼ ਦੇ ਕੋਨੇ-ਕੋਨੇ ਪਹੁੰਚੇ ਸਨ ਅਤੇ ਉਹਨਾਂ ਇੰਦਰਾ ਗਾਂਧੀ ਦਾ ਸਥਿਰ ਪ੍ਰਸ਼ਾ ਸਨ ਹਿਲਾ ਮਾਰਿਆ ਸੀ ਤੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਸੀ। ਗੱਲ ਵੱਖਰੀ ਹੈ ਕਿ ਉਹ ਆਪਣੀਆਂ ਅਸਪੱਸ਼ਟ-ਸਪੱਸ਼ਟ ਨੀਤੀਆਂ ਕਾਰਨ ਅੱਗੇ ਨਹੀਂ ਵੱਧ ਸਕੇ।ਕੁਝ ਸਮਾਂ ਪਹਿਲਾਂ ਕਾਂਗਰਸ ਦਾ ਨੌਜਵਾਨ ਨੇਤਾ ਰਾਹੁਲ ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜਨ-ਯਾਤਰਾ 'ਤੇ ਨਿਕਲਿਆ। ਉਸਨੇ ਜਾਗਰੂਕਤਾ ਲਹਿਰ ਚਲਾਉਣ ਲਈ ਹੰਭਲਾ ਮਾਰਿਆ। ਇਹ ਹੰਭਲਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਸੀ। ਇੰਡੀਆ ਗੱਠਜੋੜ ਦੀ ਸਥਾਪਨਾ ਹੋਈ। ਵਿਰੋਧੀ ਧਿਰਾਂ ਨੇ ਇਕਜੁੱਟਤਾ ਵਿਖਾਉਣ ਦਾ ਯਤਨ ਕੀਤਾ। ਕੁਝ ਕਾਮਯਾਬੀ ਵੀ ਮਿਲੀ ਪਰ ਲੋਕ ਹਿੱਤਾਂ ਨਾਲੋਂ ਸਿਆਸੀ ਧਿਰਾਂ ਦੇ ਸਵਾਰਥੀ ਹਿੱਤ ਭਾਰੂ ਹੋ ਗਏ। ਇੰਡੀਆ ਗੱਠਜੋੜ ਕੁਝ ਪ੍ਰਾਪਤ ਨਾ ਕਰ ਸਕਿਆ ਤੇ ਕਾਂਗਰਸ ਵੀ ਮਸਾਂ ਥੋੜ੍ਹਾ ਬਹੁਤਾ ਆਪਣਾ ਅਕਸ ਸੁਧਾਰ ਸਕੀ। ਇੰਜ ਜਿਸ ਗੱਲ ਦੀ ਆਸ ਸੀ ਕਿ ਭਾਜਪਾ ਲਈ ਕਾਂਗਰਸ ਵੱਡੀ ਚੁਣੌਤੀ ਬਣੇਗੀ, ਉਹ ਸਿਆਸੀ ਦੂਰਦਰਸ਼ਤਾ ਅਤੇ ਆਪਸੀ ਅੰਦਰਲੀ ਕਾਟੋ ਕਲੇਸ਼ ਕਾਰਨ ਵੱਡੀਆਂ ਪ੍ਰਾਪਤੀਆਂ ਨਾ ਕਰ ਸਕੀ। ਕਾਰਨ ਕੀ ਇਹੋ ਹੀ ਹੈ ਗਾਂਧੀ-ਨਹਿਰੂ ਪਰਿਵਾਰ ਕਾਂਗਰਸ ਨੂੰ ਆਪਣੇ ਹਿੱਤਾਂ ਤੋਂ ਅੱਗੇ ਨਹੀਂ ਵਧਣ ਦੇ ਰਿਹਾ ਜਾਂ ਕਾਰਨ ਕੁਝ ਹੋਰ ਵੀ ਨੇ? ਮਹਾਰਾਸ਼ਟਰ 'ਚ ਕਾਂਗਰਸ ਦੀ ਹਾਰ ਕੀ ਕਹਿੰਦੀ ਹੈ? ਹਰਿਆਣਾ 'ਚ ਜਿੱਤ ਕਿਨਾਰੇ ਪਹੁੰਚੀ ਕਾਂਗਰਸ ਹਾਰ ਕਿਉਂ ਗਈ? ਪੰਜਾਬ 'ਚ ਕਾਂਗਰਸ ਸਾਰਥਿਕ ਵਿਰੋਧੀ ਧਿਰ ਦਾ ਰੋਲ ਅਦਾ ਕਰਨ 'ਚ ਕਾਮਯਾਬ ਕਿਉਂ ਨਹੀਂ ਹੋ ਰਹੀ। ਸਾਫ਼ ਸਪੱਸ਼ਟ ਜਵਾਬ ਕਾਂਗਰਸ 'ਚ ਫੈਲੀ ਅਨੁਸਾਸ਼ਨਹੀਣਤਾ, ਧੜੇਬਾਜ਼ੀ ਅਤੇ ਸਮੇਂ-ਸਿਰ ਹਾਈਕਮਾਂਡ ਵੱਲੋਂ ਫ਼ੈਸਲੇ ਨਾ ਲੈਣ 'ਚ ਨਾਕਾਮੀ ਹੈ। ਦੇਸ਼ 'ਚ ਕਿੱਡੀਆਂ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਹਨ। ਧਰਮ ਜਾਤ ਦੇ ਨਾਂਅ 'ਤੇ ਧਰੁਵੀਕਰਨ ਹੋ ਰਿਹਾ ਹੈ। ਕਾਂਗਰਸ ਚੁੱਪ ਹੈ। ਦੇਸ਼ 'ਚ ਨਿੱਜੀਕਰਨ ਹੋ ਰਿਹਾ ਹੈ, ਕਾਂਗਰਸ ਚੁੱਪ ਹੈ। ਦੇਸ਼ ਦੇ ਕੁਦਰਤੀ ਸਾਧਨ ਵੱਡਿਆਂ ਨੂੰ ਸੌਂਪੇ ਜਾ ਰਹੇ ਹਨ, ਕਾਂਗਰਸ ਸੁਸਤ ਤੇ ਚੁੱਪ ਹੈ। ਦੇਸ਼, ਵਿਸ਼ਵ ਪੱਧਰ 'ਤੇ ਆਪਣੀ ਸਾਖ਼ ਗੁਆ ਰਿਹਾ ਹੈ, ਕਾਂਗਰਸ ਦੀ ਚੁੱਪੀ ਰੜਕਦੀ ਹੈ। ਦੇਸ਼ 'ਚ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ, ਸੰਵਿਧਾਨ ਨੂੰ ਬਦਲਣ ਜਾਂ ਨਵਾਂ ਸੰਵਿਧਾਨ ਬਨਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਤਾਂ ਕਾਂਗਰਸ ਵੱਡੀ ਹਰਕਤ 'ਚ ਕਿਉਂ ਨਹੀਂ ਹੈ? ਕੀ ਸਿਰਫ਼ ਸਦਨ ਦੇ ਬਾਹਰ ਲੋਕਤੰਤਰ ਦੀ ਹੱਤਿਆ ਦੇ ਝੰਡੇ ਲਾਕੇ ਪ੍ਰਦਰਸ਼ਨ ਕਰਨ ਨਾਲ ਮੋਦੀ ਸ਼ਾਸ਼ਨ ਦਾ ਖ਼ੂਨੀ ਪੰਜਾ ਬੰਦ ਹੋ ਜਾਏਗਾ? ਬਿਹਾਰ ਵਿੱਚ ਵੋਟਰਾਂ ਦੇ ਸ਼ੁੱਧੀਕਰਨ ਨਾਲ ਜੋ ਖਿਲਵਾੜ ਹੋ ਰਿਹਾ ਹੈ, ਕੀ ਕਾਂਗਰਸ ਉਸਨੂੰ ਚੋਣ ਕਮਿਸ਼ਨ ਅੱਗੇ ਰੋਕਣ 'ਚ ਕਾਮਯਾਬ ਹੋਈ ਹੈ ਜਾਂ ਹੋ ਸਕੇਗੀ? ਭਾਜਪਾ ਚੋਣ ਕਮਿਸ਼ਨ ਰਾਹੀਂ ਆਪਣੇ ਵਿਰੋਧੀਆਂ ਦੀਆਂ ਵੋਟਾਂ ਚੁਣ-ਚੁਣ ਕੇ ਬਿਹਾਰ 'ਚੋਂ ਕਟਵਾ ਰਹੀ ਹੈ, ਤੇ ਕਾਂਗਰਸੀ ਇਸਨੂੰ ਲੋਕਤੰਤਰ ਦੀ ਹੱਤਿਆ ਦਾ ਨਾਂਅ ਦੇ ਕੇ ਵਿਸ਼ਰਾਮ 'ਚ ਹਨ। ਜਿਸ ਢੰਗ ਨਾਲ ਦੇਸ਼ ਉਤੇ ਰਾਜ ਕਰ ਰਹੀ ਦੁਕੜੀ ਆਪਣੇ ਵਿਰੋਧੀਆਂ ਨੂੰ ਇਕੋ ਝਟਕੇ 'ਚ ਹਲਾਲ ਕਰਨਾ ਜਾਣਦੀ ਹੈ, ਉਸਦੀ ਉਦਾਹਰਨ ਦੇਸ਼ ਦੇ ਉਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਦਾ ਕੁਝ ਘੰਟਿਆਂ 'ਚ ਲਿਆ ਜਾਣ ਵਾਲਾ ਅਸਤੀਫ਼ਾ ਹੈ। ਬਿਨ੍ਹਾਂ ਝਿਜਕ, ਬਿਨ੍ਹਾਂ ਕਿਰਕ ਧਨਖੜ ਅਹੁਦੇ ਤੋਂ ਲਾਹ ਦਿੱਤੇ ਗਏ। ਕੀ ਕਾਂਗਰਸ ਭਾਜਪਾ ਤੋਂ ਕਿਸੇ ਰਿਆਇਤ ਦੀ ਉਮੀਦ 'ਤੇ ਬੈਠੀ ਹੈ? ਕੀ ਗਾਂਧੀ ਪਰਿਵਾਰ ਇਸੇ ਗੱਲ 'ਤੇ ਖੁਸ਼ ਹੈ ਕਿ ਕਾਂਗਰਸੀ ਸਰਵੋ-ਸਰਵਾ ਸੋਨੀਆ ਗਾਂਧੀ ਆਪ ਤੇ ਉਸਦੇ ਪੁੱਤ, ਧੀ, ਪਾਰਲੀਮੈਂਟ ਦੇ ਮੈਂਬਰ ਹਨ। ਕੀ ਅੱਗੇ ਉਹਨਾਂ ਨੂੰ ਕੋਈ ਝਾਕ ਨਹੀਂ ਹੈ? ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਉਹਨਾਂ ਹਾਲਾਤਾਂ ਵਿੱਚ ਜਦੋਂ ਹਾਕਮ ਦੇਸ਼ ਦੇ ਸੰਵਿਧਾਨ 'ਚੋਂ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦ ਨੂੰ ਆਰ.ਐੱਸ.ਐੱਸ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਖ਼ਤਮ ਕਰਨ 'ਤੇ ਤੁਲਿਆ ਹੈ, ਤਾਂ ਕੀ ਕਾਂਗਰਸ ਦੇਸ਼ ਦੇ ਲੋਕਾਂ ਲਈ ਦੂਜਾ ਅਜ਼ਾਦੀ ਅੰਦੋਲਨ ਲੜਨ ਲਈ ਅੱਗੇ ਆਏਗੀ? ਕੀ ਉਹ ਇਸਦੇ ਸਮਰੱਥ ਰਹਿ ਗਈ ਹੈ? ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਹਾਕਮ ਜਮਾਤਾਂ ਵੱਲੋਂ ਜਦੋਂ ਦੇਸ਼ ਨੂੰ ਨਿੱਜੀਕਰਨ ਵੱਲ ਤੋਰਿਆ ਜਾ ਰਿਹਾ ਹੈ, ਸਾਰੇ ਕੁਦਰਤੀ ਸਾਧਨ ਧੰਨ ਕੁਬੇਰਾਂ ਹੱਥ ਫੜਾਏ ਜਾ ਰਹੇ ਹਨ, ਦੇਸ਼ ਦੀ ਵਿਦੇਸ਼ ਨੀਤੀ ਜੰਗਬਾਜ਼ਾਂ ਦੇ ਹੱਥ ਹੈ, ਸੁਰੱਖਿਆ ਦੇ ਨਾਅ 'ਤੇ ਜੰਗੀ ਬਜਟ ਵਧਾਇਆ ਜਾ ਰਿਹਾ ਹੈ ਅਤੇ ਗਰੀਬ ਪੱਖੀ ਸਕੀਮਾਂ ਤੋੜੀਆਂ-ਮਰੋੜੀਆਂ ਜਾ ਰਹੀਆਂ ਹਨ, ਤਾਂ ਕੀ ਕਾਂਗਰਸ ਇਹਨਾਂ ਨੀਤੀਆਂ ਵਿਰੁੱਧ ਲਾਮਬੰਦੀ ਕਰੇਗੀ? ਕੀ ਉਹ ਇਸਦੇ ਸਮਰੱਥ ਹੈ? ਸਵਾਲ ਤਾਂ ਇਹ ਹੈ ਕਿ ਬੇਰੋਕ-ਟੋਕ ਕਾਰਪੋਰੇਟ ਰਾਜ ਅਤੇ ਆਰ.ਐੱਸ.ਐੱਸ. ਦਾ ਹਿੰਦੂ ਰਾਸ਼ਟਰ ਸੁਪਨਾ ਕੀ ਕਾਂਗਰਸ ਪੂਰਾ ਹੋਣ ਤੋਂ ਰੋਕਣ ਲਈ ਦੇਸ਼ ਦੇ ਮੂਲ ਨਿਵਾਸੀਆਂ, ਦਹਿਸ਼ਤ ਦੇ ਕਾਲੇ ਸਾਏ 'ਚ ਜਿਊਂਦੇ ਲੋਕਾਂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਖੜੋਏਗੀ ਅਤੇ ਕੀ ਕਾਂਗਰਸ ਤਿੰਨ ਫੌਜਦਾਰੀ ਕਾਨੂੰਨਾਂ, ਚਾਰ ਕਿਰਤ ਕੋਡ, ਯੂ.ਏ.ਪੀ.ਏ., ਅਫਸਪਾ, ਪਬਲਿਕ ਸਕਿਊਰਿਟੀ ਐਕਟ ਅਤੇ ਅਜਿਹੇ ਹੋਰ ਕਾਲੇ ਕਾਨੂੰਨ ਪ੍ਰਤੀ ਲੋਕ ਉਭਾਰ ਪੈਦਾ ਕਰੇਗੀ? ਕੀ ਕਾਂਗਰਸ ਦਾ ਨੇਤਾ ਕੀ ਕਾਂਗਰਸ ਦਾ ਕਾਡਰ, ਗੋਦੀ ਮੀਡੀਆ ਦੇ ਕੂੜ-ਪ੍ਰਚਾਰ ਦਾ ਭਾਂਡਾ ਭੰਨਕੇ ਲੋਕ ਕਚਿਹਰੀ 'ਚ ਅਸਲ ਤੱਥ ਲਿਆਉਣ ਦੇ ਸਮਰੱਥ ਬਣ ਸਕੇਗੀ?

# ਹਰਭਜਨ ਸਿੰਘ ਈਟੀਓ ਨੇ ਰੱਖਿਆ 6.85 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦਾ ਨੀਂਹ ਪੱਥਰ

ਜੰਡਿਆਲਾ ਗੁਰੂ, 28 ਜੁਲਾਈ (ਰਾਮ ਸ਼ਰਨਜੀਤ ਸਿੰਘ): ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਹਲਕੇ ਵਿੱਚ 6.85 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨੀਂਹ ਪੱਥਰ ਰੱਖੇ। ਇਨ੍ਹਾਂ ਸੜਕਾਂ 'ਚ ਪਿੰਡ ਜਸੂਲਪੁਰ ਕਲਾਂ ਵਿਖੇ 4.4 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਲਿੰਕ ਸੜਕਾਂ, ਪਿੰਡ ਮਾਲੋਵਾਲ 'ਚ 2.17 ਕਰੋੜ ਰੁਪਏ ਅਤੇ ਨੰਗਲ ਗੁਰੂ ਪਿੰਡ 'ਚ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਸ਼ਾਮਲ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਲਵਦੀਪ ਸਿੰਘ ਬਿੰਦ ਵੱਲੋਂ ਪਿੰਡ ਮਾਲੋਵਾਲ ਵਿਖੇ ਕਰਵਾਏ ਇਕੱਠ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਹਲਕੇ 'ਚ ਵਿਕਾਸ ਦੇ ਨਾਮ 'ਤੇ ਵੋਟਾਂ ਮੰਗਾਂਗੇ। ਉਨ੍ਹਾਂ ਪਿਛਲੇ ਸਮੇਂ ਦੇ ਵਿਧਾਇਕਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸਾਡੇ ਵੱਲੋਂ ਹਲਕੇ 'ਚ ਵਿਕਾਸ ਜੋ ਹੁਣ ਤੱਕ ਦੀਆਂ ਸਭ ਤੋਂ ਵੱਧ ਗਰਾਂਟਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮਾਲੋਵਾਲ ਨਹਿਰ ਦਾ ਪੁਲ ਜੋ ਕਿ ਇੱਕ ਸਾਲ ਦਾ ਸਮਾਂ ਸੀ ਉਸ ਨੂੰ ਸੱਤ ਮਹੀਨੇ 'ਚ ਮੁਕੰਮਲ ਕਰਕੇ ਉਦਘਾਟਨ ਕਰ ਰਹੇ ਹਾਂ ਤੇ ਇਸ 'ਚੋਂ ਬਚੇ ਪੈਸੇ ਹੋਰ ਵਿਕਾਸ ਕੰਮਾਂ 'ਤੇ ਖਰਚ ਕਰਾਂਗੇ। ਇਸ ਮੌਕੇ ਆਪ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਢੀ ਦੇ ਪ੍ਰੇਰਨਾ ਸਦਕਾ ਪਿੰਡ ਮੱਲੋਵਾਲ ਦੇ ਕੰਵਲਜੀਤ ਸਿੰਘ ਡਿਪਟੀ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਕਹਿ ਕੇ ਆਪਣੇ ਸਾਥੀਆਂ ਸਮੇਤ ਬਿਨਾਂ ਸ਼ਰਤ 'ਆਪ' ਵਿੱਚ ਸ਼ਾਮਲ ਹੋਏ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੇ ਅਮਰੀਕ ਸਿੰਘ ਸੋਢੀ ਵੱਲੋਂ ਸਿਰੋਪਾਉ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਸ ਐਸ ਬੋਰਡ ਦੇ ਮੈਂਬਰ ਨਰੇਸ਼ ਪਾਠਕ, ਗੁਰਮੁਖ ਸਿੰਘ ਸਰਪੰਚ ਸਰਜਾ, ਬਲਰਾਜ ਸਿੰਘ ਤਰਸਿਕਾ, ਕੁਲਵੰਤ ਸਿੰਘ ਸੰਗਰਾਵਾਂ, ਬੂਟਾ ਸਿੰਘ ਜਲਾਲ, ਹਰਪਾਲ ਸਿੰਘ ਚੌਹਾਨ, ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਭਰਾਤਾ ਈਟੀਓ ਸਤਿੰਦਰ ਸਿੰਘ, ਬੀਡੀਪੀਓ ਮਲਕੀਤ ਸਿੰਘ ਹਾਂਡਾ, ਬਲਾਕ ਪ੍ਰਧਾਨ ਭੁਪਿੰਦਰ ਸਿੰਘ, ਡਾ. ਗੁਰਦੀਪ ਸਿੰਘ ਸਰਪੰਚ ਕੋਟਲਾ, ਦਵਿੰਦਰ ਸਿੰਘ ਮੰਨੂ ਸਰਪੰਚ, ਜਗਦੀਪ ਸਿੰਘ ਸਰਪੰਚ, ਮੱਸਾ ਸਿੰਘ ਰਾਇਪੁਰ, ਸਰਪੰਚ ਚਰਨਜੀਤ ਸਿੰਘ ਕੋਟ ਹਯਾਤ, ਪਰਮਿੰਦਰ ਸਿੰਘ ਸਰਪੰਚ ਡੇਹਰੀਵਾਲ, ਜਗਦੀਪ ਸਿੰਘ ਮਿੰਟੂ, ਕੁਲਵਿੰਦਰ ਸਿੰਘ, ਪ੍ਰਦੀਪ ਸਿੰਘ ਮਾਲੋਵਾਲ, ਚਰਨਜੀਤ ਸਿੰਘ ਮਾਲੋਵਾਲ, ਕੰਵਲਜੀਤ ਨਿਜਾਮਪੁਰ, ਕਵਲਜੀਤ ਡਿਪਟੀ, ਮਨਜਿੰਦਰ ਸਿੰਘ ਮਨੀ, ਜਰਮਨਜੀਤ ਸਿੰਘ, ਲਖਵਿੰਦਰ ਸਿੰਘ ਪੰਚ, ਗੁਰਮੇਜ ਸਿੰਘ, ਮਲਵਿੰਦਰ ਸਿੰਘ, ਜਸਪਾਲ ਸਿੰਘ, ਸੁਮਨ ਸਿੰਘ ਚਾਰੇ ਪੰਚ ਮਾਲੋਵਾਲ, ਜੋਧਾ, ਵੰਸ਼, ਬਾਜ, ਕੰਵਰਲਾਲ ਬਿੰਦ ਆਦਿ ਹਾਜ਼ਰ ਸਨ।



# ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਹਰ ਸ਼ਹਿਰ ਵਾਸੀ ਸਾਥ ਦੇਵੇ : ਡਾ. ਨਿੱਜਰ

ਅੰਮ੍ਰਿਤਸਰ, 28 ਜੁਲਾਈ (ਬਬਲੂ ਮਹਾਜਨ/ਗੁਰਦਿਆਲ ਸਿੰਘ): ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਵੱਲੋਂ ਅੰਮ੍ਰਿਤਸਰ ਪੂਰਬੀ ਦੇ ਵਿਧਾਇਕ ਡਾ. ਜੀਵਨਜੋਤ ਕੌਰ, ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਤੇ ਡੇਰਾ ਬਾਬਾ ਭੂਰੀ ਵਾਲਿਆਂ ਦੇ ਬਾਬਾ ਕਸ਼ਮੀਰਾ ਸਿੰਘ ਦੇ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੇ ਮੁੱਖੀ ਵਿਕਾਸ ਤੇ ਸੁੰਦਰੀਕਰਨ ਦਾ ਅੱਜ ਤੱਕ ਦੀ ਸਭ ਤੋਂ ਵੱਡੀ ਮੁਹਿੰਮ ਜੀ.ਟੀ. ਰੋਡ ਅੰਮ੍ਰਿਤਸਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤੀ ਗਈ। ਇਹ ਮੁਹਿੰਮ ਅਗਲੇ 7 ਦਿਨ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲਗਾਤਾਰ ਜਾਰੀ ਰਹੇਗੀ। ਇਸ ਦਾ ਆਖਰੀ ਪੜਾਅ ਸ੍ਰੀ ਦਰਬਾਰ ਸਾਹਿਬ ਤੱਕ ਜਾ ਕੇ ਖਤਮ ਹੋਵੇਗਾ। ਇਸ ਦਾ ਮੁੱਖ ਮੰਤਵ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਜਾਗਰੂਕ ਕਰਨਾ ਤੇ ਵੱਖ-ਵੱਖ ਰਿਹਾਇਸ਼ੀ, ਸਮਾਜ ਸੇਵੀ ਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਇਹ ਸੰਸਥਾਵਾ ਸ਼ਹਿਰ ਦੇ ਵਿਕਾਸ ਲਈ ਯੋਗਦਾਨ ਪਾ ਸਕਣ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੇ ਸ਼ਹਿਰ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸ਼ਹਿਰ ਦੇ ਸਫਾਈ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਉਹ ਸ਼ਹਿਰ ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੋ, ਨੂੰ ਕੇਵਲ ਕਾਰਪੋਰੇਸ਼ਨ ਸਾਫ ਨਹੀਂ ਕਰ ਸਕਦੀ। ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹਿਰ 'ਚ ਕੂੜਾ ਕਰਕਟ ਜਨਤਕ ਥਾਵਾਂ ਉੱਤੇ ਨਾ ਸੁੱਟੀਏ।

ਡਾ. ਜੀਵਨਜੋਤ ਕੌਰ ਨੇ ਇਸ ਮੌਕੇ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆਉਣ ਦਾ ਸਿੱਧਾ ਦਿੰਦੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਹੈ ਕਿ ਸ਼ਹਿਰ ਦਾ ਬਹੁ-ਪੱਖੀ ਵਿਕਾਸ ਹੋਵੇ ਅਤੇ ਸ਼ਹਿਰ ਵਾਸੀ ਇਸ ਸ਼ਹਿਰ ਦੀ ਸੁੰਦਰਤਾ ਨੂੰ ਬਣਾ ਕੇ ਰੱਖਣ। ਉਹਨਾਂ ਕਿਹਾ ਕਿ ਅਜਿਹੇ ਹੰਭਲੇ ਆਉਣ ਵਾਲੇ ਸਮਾਂ ਵਿਚ ਵੀ ਜਾਰੀ ਰਹਿਣਗੇ ਤੇ ਸ਼ਹਿਰ ਸਹੀ ਮਾਇਨੇ 'ਚ ਸੁੰਦਰ ਸ਼ਹਿਰ ਬਣੇਗਾ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ 'ਚ ਨਗਰ ਨਿਗਮ ਦੇ ਹਰ ਇਕ ਵਿਭਾਗ ਵੱਲੋਂ ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਅੰਜਾਮ ਦਿਤਾ ਜਾਵੇਗਾ। ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨਿਅਰਜ਼, ਸਿਹਤ ਅਫ਼ਸਰ, ਅਸਟੇਟ ਅਫ਼ਸਰ, ਸੁਪਰਡੈਂਟ ਐਡਵਰਟਾਈਜਮੈਂਟ, ਐਸ.ਡੀ.ਓਜ ਜੇਈਜ਼ ਤੇ ਹੋਰ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਅਧੀਨ ਸਾਫ-ਸਫ਼ਾਈ, ਸਿਵਲ ਦੇ ਕੰਮ ਜਿਵੇਂ ਕਿ ਫੁੱਟਪਾਥ, ਟੁੱਟੀਆਂ ਸੜਕਾਂ, ਪੈਂਚ ਵਰਕ ਸੈਂਟਰਲ ਵਰਜ ਆਦਿ ਦੀ ਰਿਪੇਅਰ, ਬਾਗਬਾਨੀ ਨਾਲ ਸਬੰਧਤ ਸਾਰੇ ਕੰਮ, ਸੜਕਾਂ 'ਤੇ ਲਗੇ ਮੈਨ ਹੋਲ ਕਵਰ ਦੀ ਰਿਪੇਅਰ, ਡਿਸਿਲਟਿੰਗ ਤੇ ਸੀਵਰੇਜ ਕਲੀਨਿੰਗ ਦੇ ਕੰਮ, ਸਟਰੀਟ ਲਾਈਟਾਂ, ਅਸਟੇਟ ਵਿਭਾਗ ਤੇ ਐਡਵਰਟਾਈਜਮੈਂਟ ਵਿਭਾਗ ਵੱਲੋਂ ਸੜਕਾਂ 'ਤੇ ਹੋਏ ਨਜਾਇਜ਼ ਕਬਜ਼ੇ 'ਤੇ ਨਜਾਇਜ਼ ਬਿਲ ਬੋਰਡ/ਵਿਗਿਆਪਨ ਦੇ ਬੋਰਡ ਹਟਾਉਣ ਆਦਿ ਦੇ ਕੰਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਅਭਿਆਨ ਸ਼ਹਿਰ ਦੀਆਂ ਸੰਸਥਾਵਾਂ ਨੂੰ ਨਾਲ ਲੈ ਕੇ ਰੋਜ਼ਾਨਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਅਭਿਆਨ 'ਚ ਆਪਣਾ ਯੋਗਦਾਨ ਦੇਣ ਲਈ ਸ਼ਹਿਰ ਦੀਆਂ ਸਾਰੀਆਂ ਸਮਾਜ ਸੇਵੀ, ਵਪਾਰਕ, ਰਿਹਾਇਸ਼ੀ ਤੇ ਐਨ.ਜੀ.ਓਜ ਨੂੰ ਵੀ ਸੱਦਾ ਦਿੱਤਾ ਜਾਂਦਾ ਹੈ।



## ਮਨਰੇਗਾ ਵਰਕਰਜ਼ ਯੂਨੀਅਨ ਦਾ ਵਫ਼ਦ ਡੀ.ਸੀ. ਨੂੰ ਮਿਲਿਆ

ਭਿੱਖੀਵਿੰਡ, 28 ਜੁਲਾਈ (ਸਵਿੰਦਰ ਬਲੇਹਰ): ਮਨਰੇਗਾ ਵਰਕਰਜ਼ ਯੂਨੀਅਨ ਦਾ ਵਫਦ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮਨਰੇਗਾ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਮਿਲਿਆ। ਜਿਸ ਦੀ ਅਗਵਾਈ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਰਟੋਲ, ਕਰਮ ਸਿੰਘ ਪੰਡੋਰੀ, ਅਮਰਜੀਤ ਸਿੰਘ ਕੋਟਲੀ ਨੇ ਕੀਤੀ। ਵਫਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਰੇਗਾ ਵਰਕਰਾਂ ਦਾ ਕਾਫੀ ਲੰਮੇ ਸਮੇਂ ਤੋਂ ਮਿਹਨਤਾਨਾ ਨਹੀਂ ਮਿਲ ਰਿਹਾ ਅਤੇ ਨਾ ਹੀ ਵਰਕਰਾਂ ਨੂੰ ਕੰਮ ਮਿਲ ਰਿਹਾ ਹੈ। ਜਿਸ ਕਾਰਨ ਵਰਕਰ ਕੰਮ ਤੋਂ ਵਿਹਲੇ ਫਿਰ ਰਹੇ ਹਨ। ਇਹਨਾਂ ਆਗੂਆਂ ਨੇ ਇਹ ਵੀ ਦੱਸਿਆ ਕਿ ਬਲਾਕ ਦੇ ਅਧਿਕਾਰੀਆਂ ਵੱਲੋਂ ਮਨਰੇਗਾ ਵਰਕਰਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ ਰਾਜ ਕਰਦੀ ਧਿਰ ਦੇ ਕਹਿਣ 'ਤੇ ਉਹਨਾਂ ਦੇ ਚਹੇਤਿਆਂ ਨੂੰ ਕੰਮ ਦਿੱਤਾ ਜਾ ਰਿਹਾ ਹੈ। ਵਫਦ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 100 ਦਿਨ ਦੀ ਗਰੰਟੀ ਵਾਲਾ ਕਾਨੂੰਨ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਹੋ ਰਿਹਾ ਕੰਮ ਮੰਗਦੇ ਵਰਕਰ ਨੂੰ 100 ਦਿਨ ਕੰਮ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਸਮੇਂ ਸਿਰ ਮਿਹਨਤਾਨਾ ਨਹੀਂ ਦਿੱਤਾ ਜਾ ਰਿਹਾ। ਇਸ ਦੇ ਨਾਲ ਹੀ ਮਨਰੇਗਾ ਵਰਕਰਾਂ ਦੀ ਦੁਰਸਿਆਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾ ਰਹੇ ਹਨ ਅਤੇ ਕਾਰਡ ਵਰਕਰ ਬੈਂਕਾਂ ਦੀਆਂ ਠੋਕਰਾਂ ਖਾ ਰਹੇ ਹਨ।

ਇਹਨਾਂ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਪਿੱਛਲੇ ਬਕਾਏ ਤੁਰੰਤ ਪਾਏ ਜਾਣ ਅਤੇ ਕੰਮ ਮੰਗਦੇ ਵਰਕਰ ਨੂੰ ਕੰਮ ਦਿੱਤਾ ਜਾਵੇ। ਸਾਰੇ ਵਰਕਰਾਂ ਨੂੰ ਕੰਮ ਦਿੱਤਾ ਜਾਵੇ ਅਤੇ ਘੱਟੋ ਘੱਟ ਮਿਹਨਤਾਨਾ 700 ਰੁਪੈ ਪ੍ਰਤੀ ਦਿਨ ਦਿੱਤਾ ਜਾਵੇ। ਜੌਬ ਕਾਰਡ ਬਣਾਏ ਜਾਣ ਅਤੇ ਹਾਜਰੀ ਜੌਬ ਕਾਰਡਾਂ ਤੇ ਲਾਈ ਜਾਵੇ। ਜਿਨਾਂ ਲੋਕਾਂ ਦੇ ਫੰਡਾਂ ਦੇ ਪੈਸੇ ਨਹੀਂ ਪਾਏ ਗਏ ਉਹਨਾਂ ਦੇ ਤੁਰੰਤ ਪਾਏ ਜਾਣ। ਇਹਨਾਂ ਆਗੂਆਂ ਨੇ ਕਿਹਾ ਕਿ ਜੇਕਰ ਮਨਰੇਗਾ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ 12 ਅਗਸਤ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੋਸ ਵਿਖਾਵਾ ਕੀਤਾ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਮੱਜੂਪੁਰ, ਅਵਤਾਰ ਸਿੰਘ ਰਟੌਲ, ਗੁਰਮੀਤ ਸਿੰਘ ਕੋਰੇਵਾਲ, ਹਰਬੰਸ ਸਿੰਘ ਕੋਰੇਵਾਲ, ਕੁਲਦੀਪ ਸਿੰਘ ਸਾਬਕਾ ਸਰਪੰਚ ਭੁੱਲਰ, ਮਨਦੀਪ ਸਿੰਘ ਭੁੱਲਰ ਆਦਿ ਹਾਜ਼ਰ ਸਨ।



## ਨਿਕੋਬਾਰ ਨੇ ਟੀਅਰ 2 ਫੁੱਟਪ੍ਰਿੰਟ ਨੂੰ ਮਜ਼ਬੂਤ ਕਰਦਿਆਂ 25ਵਾਂ ਸਟੋਰ ਲੁਧਿਆਣਾ 'ਚ ਖੋਲ੍ਹਿਆ

ਅੰਮ੍ਰਿਤਸਰ, 28 ਜੁਲਾਈ (ਮਧੂ ਰਾਜਪੂਤ): ਸਮਕਾਲੀ ਭਾਰਤੀ ਜੀਵਨ ਸ਼ੈਲੀ ਬ੍ਰਾਂਡ ਨਿਕੋਬਾਰ ਨੇ ਟੀਅਰ 2 ਫੁੱਟਪ੍ਰਿੰਟ ਨੂੰ ਮਜ਼ਬੂਤ ਕਰਦੇ ਹੋਏ ਪੈਵੀਲੀਅਨ ਵਾਟਰਫਰੰਟ, ਲੁਧਿਆਣਾ ਵਿਖੇ ਭਾਰਤ 'ਚ ਆਪਣੇ 25ਵੇਂ ਸਟੋਰ ਦੀ ਸ਼ੁਰੂਆਤ ਦੇ ਨਾਲ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕੀਤੀ। ਇਹ ਚੰਡੀਗੜ੍ਹ 'ਚ ਆਪਣੀ ਸਫਲ ਮੌਜੂਦਗੀ ਤੋਂ ਬਾਅਦ, ਪੰਜਾਬ 'ਚ ਬ੍ਰਾਂਡ ਦਾ ਦੂਜਾ ਸਟੋਰ ਵੀ ਹੈ। ਹਿੰਦ ਮਹਾਂਸਾਗਰ ਦੀਆਂ ਤਾਲਾਂ ਤੋਂ ਪ੍ਰੇਰਿਤ, ਨਿਕੋਬਾਰ ਕੱਪੜਿਆਂ, ਘਰੇਲੂ ਸਮਾਨ, ਯਾਤਰਾ ਉਪਕਰਣਾਂ ਤੇ ਗਹਿਣਿਆਂ 'ਚ ਇੱਕ ਵਿਚਾਰਸ਼ੀਲ ਅਤੇ ਸੁਚੇਤ ਜੀਵਨ ਸ਼ੈਲੀ ਦੀ ਪੇਸ਼ਕਸ਼ ਕਰਦਾ ਹੈ, ਜਿੱਥੇ ਹਰ ਟੁਕੜਾ ਸਦੀਵੀ, ਨਿੱਜੀ ਤੇ ਸ਼ਾਂਤੀ ਨਾਲ ਆਤਮਵਿਸ਼ਵਾਸ ਮਹਿਸੂਸ ਕਰਨ ਲਈ ਤਿਆਰ ਕੀਤਾ ਗਿਆ ਹੈ। 1,325 ਵਰਗ ਫੁੱਟ 'ਚ ਫੈਲਿਆ, ਲੁਧਿਆਣਾ ਸਟੋਰ ਇਸ ਦਰਸ਼ਨ ਨੂੰ ਸਹਿ-ਰਚਨਾਤਮਕ ਨਿਰਦੇਸ਼ਕ ਰਾਜੀਵ ਪੁਰੋਹਿਤ ਤੇ ਗਹਿਣਿਆਂ ਤੇ ਵਿਜ਼ੂਅਲ ਮਰਚੈਂਡਾਈਜ਼ਿੰਗ ਦੇ ਮੁਖੀ ਦਿਵਿਆ ਕਪੂਰ ਦੁਆਰਾ ਕਲਪਨਾ ਕੀਤੇ ਗਏ ਇੱਕ ਇਮਰਸਿਵ, ਸਪਰਸ਼ ਵਾਤਾਵਰਣ ਰਾਹੀਂ ਜੀਵਨ ਵਿੱਚ ਲਿਆਉਂਦਾ ਹੈ। ਰਾਏਪੁਰ, ਚੰਡੀਗੜ੍ਹ ਤੇ ਹੁਣ ਲੁਧਿਆਣਾ ਵਰਗੇ ਸ਼ਹਿਰਾਂ ਵਿੱਚ ਨਿਕੋਬਾਰ ਦਾ ਵਿਸਥਾਰ ਇੱਕ ਡੂੰਘੇ ਰਣਨੀਤਕ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਨਵਾਂ ਭਾਰਤ ਨਾ ਸਿਰਫ਼ ਮਹਾਂਨਗਰਾਂ ਵਿੱਚ, ਸਗੋਂ ਇਸਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਛੋਟੇ ਸ਼ਹਿਰਾਂ ਵਿੱਚ ਵੀ ਆਕਾਰ ਲੈ ਰਿਹਾ ਹੈ। ਜਿੱਥੇ ਸ਼ਿਲਪਕਾਰੀ, ਰਚਨਾਤਮਕਤਾ ਤੇ ਵਪਾਰ ਤਾਜ਼ੇ, ਅਰਥਪੂਰਨ ਤਰੀਕਿਆਂ ਨਾਲ ਇਕੱਠੇ ਹੁੰਦੇ ਹਨ। ਲੁਧਿਆਣਾ ਦੇ ਜੋੜ ਨਾਲ, ਨਿਕੋਬਾਰ ਹੁਣ ਭਾਰਤ ਭਰ ਦੇ 11 ਸ਼ਹਿਰਾਂ ਵਿੱਚ ਮੌਜੂਦ ਹੈ।

## ਯੁੱਧ ਨਸ਼ਿਆਂ ਵਿਰੁੱਧ ਤਹਿਤ ਕਮਿਸ਼ਨਰੇਟ ਪੁਲਿਸ ਵੱਲੋਂ ਛਾਪੇਮਾਰੀ, 6 ਗ੍ਰਿਫਤਾਰ, 27.5 ਗ੍ਰਾਮ ਹੈਰੋਇਨ ਤੇ 80 ਨਸ਼ੀਲੇ ਕੈਪਸੂਲ ਬਰਾਮਦ

ਜਲੰਧਰ, 28 ਜੁਲਾਈ, (ਸੰਦੀਪ ਕੌਰ): ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਨਸ਼ਿਆਂ ਖਿਲਾਫ ਵੱਡੀ ਕਾਰਵਾਈ ਕਰਦਿਆਂ ਕਮਿਸ਼ਨਰੇਟ ਜਲੰਧਰ ਵਿਚ ਯੋਜਨਾਬੱਧ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਨਸ਼ਾ ਤਸਕਰੀ ਨਾਲ ਸਬੰਧਤ 6 ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।



ਇਸ ਕਾਰਵਾਈ ਦੌਰਾਨ ਪੁਲਿਸ ਵੱਲੋਂ 27.5 ਗ੍ਰਾਮ ਹੈਰੋਇਨ ਅਤੇ 80 ਨਸ਼ੀਲੇ ਕੈਪਸੂਲ ਬਰਾਮਦ ਕੀਤੇ ਗਏ ਅਤੇ ਐਨ.ਡੀ.ਪੀ.ਐਸ. ਐਕਟ ਅਧੀਨ 4 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਿਸ ਵੱਲੋਂ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ੇ ਦੇ ਜੰਜਾਲ ਵਿੱਚ ਫਸੇ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸ ਉਪਰਾਲੇ ਤਹਿਤ ਨਸ਼ੇ ਦੇ ਆਦੀ 12 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ, ਤਾਂ ਜੋ ਉਨ੍ਹਾਂ ਦਾ ਢੁੱਕਵਾਂ ਇਲਾਜ ਅਤੇ ਪੁਨਰਵਾਸ ਵਿੱਚ ਪੂਰੀ ਸਹਾਇਤਾ ਕੀਤੀ ਜਾ ਸਕੇ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਜਲੰਧਰ ਸ਼ਹਿਰ ਨੂੰ ਨਸ਼ਾ ਮੁਕਤ ਬਣਾਉਣ ਦੀ ਜਲੰਧਰ ਕਮਿਸ਼ਨਰੇਟ ਪੁਲਿਸ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਸ਼ਹਿਰ ਵਿੱਚ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਨਾਗਰਿਕਾਂ ਨੂੰ ਨਸ਼ਿਆਂ ਖਿਲਾਫ਼ ਮੁਹਿੰਮ ਵਿੱਚ ਸਰਗਰਮ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸ਼ੱਕੀ ਗਤੀਵਿਧੀਆਂ ਦੀ ਸੂਚਨਾ ਤੁਰੰਤ ਨਜ਼ਦੀਕੀ ਥਾਣੇ ਵਿੱਚ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਨਵੀਂ ਸਹਿਕਾਰੀ ਨੀਤੀ-2025 ਸਹਿਕਾਰਤਾ ਦੇ ਵਿਕਾਸ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ : ਬਲਰਾਮ ਦਾਸ ਬਾਵਾ

ਅੰਮ੍ਰਿਤਸਰ, 28 ਜੁਲਾਈ (ਬਬਲੂ ਮਹਾਜਨ): ਸ਼ਹਿਕਾਰ ਭਾਰਤੀ ਪੰਜਾਬ ਦੇ ਪ੍ਰਧਾਨ ਬਲਰਾਮ ਦਾਸ ਬਾਵਾ ਨੇ ਅੰਮ੍ਰਿਤਸਰ ਵਿਖੇ ਇੱਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ। ਨਵੀਂ ਸਹਿਕਾਰੀ ਨੀਤੀ ਦੀਆਂ ਖੂਬੀਆਂ ਗਿਣਾਈਆਂ ਤੇ ਓਹਨਾਂ ਕਿਹਾ ਕਿ ਇਸ ਨੀਤੀ ਤਹਿਤ ਹਰ ਪੰਚਾਇਤ 'ਚ ਇੱਕ ਇੱਕ ਪ੍ਰਾਇਮਰੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਦਾ ਗਠਨ ਹੋਣ ਦੇ ਨਾਲ-ਨਾਲ ਹਰ ਤਹਿਸੀਲ ਵਿੱਚ ਪੰਜ ਪੰਜ ਮਾਡਲ ਸਹਿਕਾਰੀ ਪਿੰਡ ਵਿਕਸਿਤ ਕੀਤੇ ਜਾਣਗੇ,ਸਵੇਤ ਕ੍ਰਾਂਤੀ 2.0 ਦੇ ਰਾਹੀਂ ਮਹਿਲਾਵਾਂ ਨੂੰ ਸਹਿਕਾਰੀ ਸਭਾਵਾਂ ਨਾਲ ਜੋੜਿਆ ਜਾਵੇਗਾ। ਨਵੀਂ ਰਾਸ਼ਟਰੀ ਸਹਿਕਾਰੀ ਨੀਤੀ 2025 ਪੰਜਾਬ ਲਈ ਆਰਥਿਕ ਅਤੇ ਸਮਾਜਿਕ ਪੱਖੋਂ ਬਹੁਤ ਲਾਹੇਬੰਦ ਸਾਬਿਤ ਹੋਵੇਗੀ। ਇਹ ਨੀਤੀ ਪੰਜਾਬ ਸਮੇਤ ਸਾਰੇ ਸੂਬਿਆਂ ਵਿੱਚ ਸਹਿਕਾਰਤਾ ਦੇ ਵਿਕਾਸ ਲਈ ਇੱਕ ਮੀਲ ਦਾ ਪੱਥਰ ਸਾਬਤ ਹੋਵੇਗੀ। ਉਨ੍ਹਾਂ ਇਸ ਨੀਤੀ ਦੀਆਂ ਕੁੱਝ ਵਿਸ਼ੇਸਤਾਈਆਂ ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਨਾਲ ਪੰਜਾਬ ਦੀ ਸਹਿਕਾਰਤਾ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਵਿੱਚ ਮਦਦ ਕਰਨਗੀਆਂ। ਉਹਨਾਂ ਕਿਹਾ ਕਿ ਇਸ ਨੀਤੀ ਤਹਿਤ ਸਹਿਕਾਰੀ ਕਰਜ਼ਾ ਸੰਸਥਾਵਾਂ ਜਿਵੇਂ ਕਿ ਜਿਲ੍ਹਾ ਸਹਿਕਾਰੀ ਬੈਂਕਾ, ਪ੍ਰਾਇਮਰੀ ਕ੍ਰੈਡਿਟ ਸੁਸਾਇਟੀਆਂ, ਖੇਤੀਬਾੜੀ ਤੇ ਪੇਂਡੂ ਵਿਕਾਸ ਬੈਂਕਾਂ ਤੇ ਭੂਮੀ ਵਿਕਾਸ ਬੈਂਕਾਂ ਦੀਆਂ ਸਮੱਸਿਆਵਾਂ ਦੀ ਇੱਕ ਵਿਆਪਕ ਸਮੀਖਿਆ ਕਰਨ ਦੀ ਸਿਫ਼ਾਰਸ ਕੀਤੀ ਗਈ ਹੈ। ਇਸ ਨੀਤੀ ਤਹਿਤ ਵੱਖ-ਵੱਖ ਜਮਾਤਾਂ ਦੇ ਸਕੂਲੀ ਪਾਠਕ੍ਰਮ ਵਿੱਚ ਸਹਿਕਾਰਤਾ ਨੂੰ ਇੱਕ ਵਿਸ਼ੇ ਵਜੋਂ ਸ਼ਾਮਲ ਕਰਨਾ ਇੱਕ ਬਹੁਤ ਹੀ ਮਹੱਤਵਪੂਰਨ ਕਦਮ ਹੈ। ਇਹ ਪੰਜਾਬ ਦੇ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਸਹਿਕਾਰਤਾ ਦੇ ਸਿਧਾਂਤਾਂ ਤੇ ਮਹੱਤਵ ਬਾਰੇ ਜਾਗਰੂਕ ਕਰੇਗਾ, ਜਿਸ ਨਾਲ ਭਵਿੱਖ ਵਿੱਚ ਇੱਕ ਮਜ਼ਬੂਤ ਸਹਿਕਾਰੀ ਲਹਿਰ ਬਣੇਗੀ।




ਇਸ ਨੀਤੀ ਤਹਿਤ ਰਾਜਾਂ ਨੂੰ ਆਪਣੇ ਸਬੰਧਤ ਸਹਿਕਾਰੀ ਸਭਾ ਕਾਨੂੰਨਾਂ, ਨਿਯਮਾਂ ਅਤੇ ਸਹਿਕਾਰੀ ਸਭਾਵਾਂ ਦੀਆਂ ਉਪ-ਵਿਧੀਆਂ 'ਚ ਸੋਧ ਕਰਨ ਤੇ ਸਰਵੋਤਮ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਇੱਕ ਕੇਂਦਰੀ ਧਾਰਾ ਹੈ। ਇਹ ਪੰਜਾਬ ਨੂੰ ਆਪਣੇ ਸਹਿਕਾਰੀ ਕਾਨੂੰਨਾਂ ਨੂੰ ਆਧੁਨਿਕ ਬਣਾਉਣ ਤੇ ਰਾਸ਼ਟਰੀ ਨੀਤੀ ਦੇ ਅਨੁਸਾਰ ਲਿਆਉਣ ਦਾ ਮੌਕਾ ਦੇਵੇਗਾ। ਇਹ ਨੀਤੀ ਪੰਜਾਬ 'ਚ ਸਹਿਕਾਰੀ ਅੰਦੋਲਨ ਨੂੰ ਨਵੀਂ ਦਿਸ਼ਾ ਦੇਣ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਦੀ ਸਮਰੱਥਾ ਰੱਖਦੀ ਹੈ। ਇਸ ਨੀਤੀ ਦਾ ਉਦੇਸ਼ ਇੱਕ ਵਾਕ ਵਿੱਚ ਕਹੀਏ ਤਾਂ "ਸਹਿਕਾਰਤਾ ਤੋਂ ਖੁਸ਼ਹਾਲੀ" ਰਾਹੀਂ 2047 ਤੱਕ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣਾ ਹੈ। ਇਸ ਦਾ ਮਿਸ਼ਨ ਪੇਸ਼ੇਵਰ, ਜਵਾਬਦੇਹ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਸਹਿਕਾਰੀ ਸਭਾਵਾਂ ਦਾ ਨਿਰਮਾਣ ਕਰਨਾ ਅਤੇ ਹਰ ਪਿੰਡ ਵਿੱਚ ਘੱਟੋ-ਘੱਟ ਇੱਕ ਸਹਿਕਾਰੀ ਸਭਾ ਦੀ ਸਥਾਪਨਾ ਯਕੀਨੀ ਬਣਾਉਣਾ ਹੈ। ਇਸ ਨੀਤੀ ਦੇ ਮੁੱਖ ਟੀਚੇ "2034 ਤੱਕ ਸਹਿਕਾਰਤਾ ਖੇਤਰ ਦਾ ਦੇਸ਼ ਦੀ ਜੀਡੀਪੀ 'ਚ ਯੋਗਦਾਨ ਤਿੰਨ ਗੁਣਾ ਵਧਾਉਣ ਦਾ ਕੰਮ ਕੀਤਾ ਜਾਵੇਗਾ।" ਲਗਭਗ 50 ਕਰੋੜ ਨਾਗਰਿਕਾਂ ਨੂੰ ਸਰਗਰਮ ਮੈਂਬਰਾਂ ਵਜੋਂ ਸਹਿਕਾਰੀ ਸਭਾਵਾਂ ਨਾਲ ਜੋੜਨ ਦਾ ਟੀਚਾ ਹੈ। 'ਸਹਿਕਾਰੀ ਸਭਾਵਾਂ ਦੀ ਗਿਣਤੀ ਵਿੱਚ 30 ਪ੍ਰਤੀਸ਼ਤ ਦਾ ਵਾਧਾ ਕੀਤਾ ਜਾਵੇਗਾ'। ਇਸ ਮੌਕੇ 'ਤੇ ਸ਼ੰਕਰ ਦੱਤ ਤਿਵਾਰੀ ਰਜਿੰਦਰ ਸਿੰਘ ਬਿਸ਼ਟ ਕਮਲ ਕੁੰਦਰਾਂ ਪ੍ਰਿਥਵੀ ਅਗਰਵਾਲ ਤੇ ਹੋਰ ਮੈਂਬਰ ਨਾਲ ਸਨ।

# ਭਾਰਤੀਯ ਪੋਸਟਲ ਪੈਨਸ਼ਨਰ ਸੰਘ ਪੰਜਾਬ ਦੀ ਸਰਕਲ ਵਰਕਿੰਗ ਕਮੇਟੀ ਦੀ ਮੀਟਿੰਗ



ਅੰਮ੍ਰਿਤਸਰ, 28 ਜੁਲਾਈ, (ਗੁਰਦਿਆਲ ਸਿੰਘ): ਭਾਰਤੀਯ ਪੋਸਟਲ ਪੈਨਸ਼ਨਰ ਸੰਘ (ਸੰਬੰਧਤ ਭਾਰਤੀਯ ਮਜ਼ਦੂਰ ਸੰਘ) ਪੰਜਾਬ ਦੀ ਸਰਕਲ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਮੁੱਖ ਡਾਕ ਘਰ ਕੰਪਲੈਕਸ ਵਿੱਚ ਸਥਿਤ ਭਾਰਤੀਯ ਪੋਸਟਲ ਇੰਪਲਾਈਜ਼ ਐਸੋਸੀਏਸ਼ਨ ਦੇ ਹੈਡ ਆਫਿਸ ਵਿਖੇ ਕਰਵਾਈ ਗਈ।

ਸ਼੍ਰੀ ਮਨਜੀਤ ਸਿੰਘ ਸਟੇਟ ਸੈਕਟਰੀ ਭਾਰਤੀਯ ਪੈਨਸ਼ਨਰ ਸੰਘ ਪੰਜਾਬ ਸਰਕਲ, ਰਾਜਿੰਦਰ ਸ਼ਰਮਾ ਸੈਕਟਰੀ ਅੰਮ੍ਰਿਤਸਰ ਅਤੇ ਖਜ਼ਾਨਚੀ ਵਿਪਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਾਰਵਾਈ ਗਈ। ਇਸ ਵਿਸ਼ਾਲ ਮੀਟਿੰਗ ਵਿੱਚ ਚੰਡੀਗੜ੍ਹ ਅਤੇ ਪੰਜਾਬ ਭਰ ਦੇ ਲਗਭਗ ਹਰ ਜ਼ਿਲੇ ਤੋਂ ਭਾਰੀ ਗਿਣਤੀ ਵਿੱਚ ਭਾਰਤੀਯ ਪੋਸਟਲ ਪੈਨਸ਼ਨਰ ਸੰਘ ਦੇ ਲੀਡਰਾਂ, ਨੁਮਾਇੰਦਿਆਂ ਅਤੇ ਵਰਕਰਾਂ ਨੇ ਹਿੱਸਾ ਲਿਆ।

ਮੀਟਿੰਗ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਕਰਤਾਰ ਸਿੰਘ ਰਾਠੌਰ ਅਧਿਕਾਰੀ ਭਾਰਤੀਯ ਮਜ਼ਦੂਰ ਸੰਘ ਹਜ਼ਾਰ ਸਨ ਅਤੇ ਉਨ੍ਹਾਂ ਨੇ ਅਪਣੇ ਸੰਬੋਧਨ ਵਿੱਚ ਭਾਰਤੀਯ ਮਜ਼ੂਦਰ ਸੰਘ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਮੀਟਿੰਗ ਵਿੱਚ ਆਏ ਹੋਏ ਨੁਮਾਇੰਦਿਆਂ ਨੇ ਅਪਣੇ ਅਪਣੇ ਸੰਬੋਧਨਾਂ ਵਿੱਚ ਪੋਸਟਲ ਪੈਨਸ਼ਨਰਾਂ ਨੂੰ ਮੌਜੂਦਾ ਸਮੇਂ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀਆਂ ਸਾਂਝੀਆਂ ਕੀਤੀਆਂ, ਜਿਸ ਵਿੱਚ ਪ੍ਰਮੁੱਖ ਤੌਰ ਤੇ ਅੰਮ੍ਰਿਤਸਰ ਵਿੱਚ ਸੀ.ਜੀ.ਐਸ ਡਿਸਪੈਂਸਰੀ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਮੁੱਦਾ ਉਠਾਇਆ ਗਿਆ।

ਇਸ ਮੀਟਿੰਗ ਨੂੰ ਸ਼੍ਰੀ ਰਮੇਸ਼ ਕੁਮਾਰ ਗੁਪਤਾ ਰਿਟਾਇਰਡ ਸੀਨੀਅਰ ਸੁਪਰਡੈਂਟ ਪੋਸਟ ਆਫਿਸ , ਸ਼੍ਰੀ ਜਰਨੈਲ ਸਿੰਘ ਭੁੱਲਰ ਰਿਟਾਇਰਡ ਸੁਪਰਡੈਂਟ ਪੋਸਟ ਆਫਿਸ, ਰਾਜਿੰਦਰ ਸ਼ਰਮਾ ਰਿਟਾਇਰਡ ਸੁਪਰਡੈਂਟ ਪੋਸਟ ਆਫਿਸ , ਸ਼੍ਰੀ ਮੋਹਿੰਦਰ ਸਿੰਘ ਪੰਜਾਬ ਪ੍ਰਧਾਨ ਭਾਰਤੀਯ ਪੋਸਟਲ ਪੈਨਸ਼ਨਰ ਸੰਘ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ।

ਮੀਟਿੰਗ ਵਿੱਚ ਸ਼੍ਰੀ ਗੁਰਪ੍ਰੀਤ ਸਿੰਘ ਭਾਟੀਆ ਵਾਇਸ ਪ੍ਰਧਾਨ ਭਾਰਤੀਯ ਪੋਸਟਲ ਇੰਪਲਾਈਜ਼ ਫੈਡਰੇਸ਼ਨ ਨਵੀਂ ਦਿੱਲੀ, ਸ਼੍ਰੀ ਵਿਜੇ ਕੁਮਾਰ ਸਰਕਲ ਸਕੱਤਰ ਗਰੁੱਪ ਸੀ, ਭੁਪਿੰਦਰ ਸਿੰਘ ਸੈਕਟਰੀ ਗਰੁੱਪ ਸੀ ਅੰਮ੍ਰਿਤਸਰ, ਰਾਮ ਸਿੰਘ, ਮਨੀਸ਼ ਕਪੂਰ, ਮੁਖਤਿਆਰ ਸਿੰਘ, ਪਰਮਜੀਤ ਰਾਏ, ਗੁਰਮੀਤ ਸਿੰਘ, ਸੁਖਚੈਨ ਸਿੰਘ, ਸੁਖਵੰਤ ਸਿੰਘ, ਗੁੱਲਬਾਗ ਸਿੰਘ, ਰਣਧੀਰ ਕੁਮਾਰ, ਲਾਲ ਸਿੰਘ, ਰਾਜਪਾਲ ਸ਼ਰਮਾ, ਸੁਸ਼ੀਲ ਕੁਮਾਰ, ਸਰਬਜੀਤ ਸਿੰਘ, ਗੁਰੂ ਦੱਤ ਸ਼ਰਮਾ, ਨਰੇਸ਼ ਕੁਮਾਰ ਸਿੰਘ, ਕਸਤੂਰੀ ਲਾਲ ਆਦਿ ਤੋਂ ਇਲਾਵਾ ਭਾਰਤੀਯ ਪੈਨਸ਼ਨਰ ਸੰਘ ਦੇ ਕਈ ਨੁਮਾਇੰਦਿਆਂ ਅਤੇ ਵਰਕਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

## ਪੰਚਾਇਤ ਵਿਭਾਗ ਨੇ ਕੜਿਆਲ ਪਿੰਡ ਦੀ 25 ਏਕੜ ਜ਼ਮੀਨ ਤੋਂ ਛੁਡਵਾਏ ਨਾਜਾਇਜ਼ ਕਬਜ਼ੇ

ਅੰਮ੍ਰਿਤਸਰ, 28 ਜੁਲਾਈ (ਬਬਲੂ ਮਹਾਜਨ): ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਡੀ.ਸੀ. ਸਾਕਸ਼ੀ ਸਾਹਨੀ ਨੇ ਜ਼ਿਲ੍ਹੇ ਦੇ ਪਿੰਡ ਕੜਿਆਲ 'ਚ 25 ਏਕੜ ਜ਼ਮੀਨ ਨਾਜਾਇਜ਼ ਕਾਬਜ਼ਕਾਰਾਂ ਦੇ ਕਬਜ਼ੇ 'ਚੋਂ ਛੁਡਾ ਕੇ ਪੰਚਾਇਤ ਨੂੰ ਸੌਂਪ ਦਿੱਤੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬੀਡੀਪੀਓ ਹਰਸ਼ਾ ਛੀਨਾ ਪ੍ਰਗਟ ਸਿੰਘ ਨੇ ਦੱਸਿਆ ਕਿ ਉਕਤ ਜਮੀਨ ਉੱਤੇ ਵੱਖ-ਵੱਖ ਲੋਕਾਂ ਨੇ ਨਾਜਾਇਜ਼ ਕਬਜ਼ੇ ਬੀਤੇ ਲੰਮੇ ਸਮੇਂ ਤੋਂ ਕੀਤੇ ਸਨ ਤੇ ਇਸ ਸਬੰਧੀ ਡੀਡੀਪੀਓ ਦੀ ਅਦਾਲਤ ਨੇ ਧਾਰਾ ਸੱਤ ਅਧੀਨ ਫੈਸਲਾ ਪੰਚਾਇਤ ਦੇ ਹੱਕ 'ਚ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਡਿਊਟੀ ਮਜਿਸਟਰੇਟ ਤਹਿਸੀਲਦਾਰ ਅਜਨਾਲਾ ਗੁਰਮੁਖ ਸਿੰਘ ਦੀ ਅਗਵਾਈ ਹੇਠ ਟੀਮ ਨੇ ਥਾਣਾ ਮੁਖੀ ਭਿੰਡੀ ਸੈਦਾਂ ਸਤਨਾਮ ਸਿੰਘ, ਕਾਨੂੰਗੋ ਹਰਵਿੰਦਰ ਕੁਮਾਰ, ਪੰਚਾਇਤ ਅਫਸਰ ਕੁਲਵਿੰਦਰ ਸਿੰਘ, ਸੰਮਤੀ ਪਟਵਾਰੀ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਸਾਰੇ ਕਬਜ਼ਕਾਰਾਂ ਕੋਲੋਂ ਜ਼ਮੀਨ ਖਾਲੀ ਕਰਵਾਈ ਤੇ ਪੰਚਾਇਤ ਦੇ ਸਪੁਰਦ ਕਰ ਦਿੱਤੀ ਹੈ।


ਵਸੂਲੀ ਅਧਿਕਾਰੀ ਦਾ ਦਫ਼ਤਰ-I/II

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)**

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./170/2023 21.04.2025

ਸਟੇਟ ਬੈਂਕ ਆਫ ਇੰਡੀਆ

ਬਨਾਮ

ਮੈਸ. ਹਾਕਮ ਰਾਏ ਕੁੰਦਨ ਲਾਲ ਕੁਮਾਰ

ਵੱਲ

(ਸੀਡੀ 1) ਮੈਸਰਜ਼ ਹਾਕਮ ਰਾਏ ਕੁੰਦਨ ਲਾਲ, ਜੌਹਲਾਂ ਰੋਡ, ਰਾਏਕੋਟ, ਜ਼ਿਲ੍ਹਾ ਲੁਧਿਆਣਾ, ਪੰਜਾਬ ਇਸਦੇ ਮਾਲਕ ਦੁਆਰਾ

(ਸੀਡੀ 2) ਸ੍ਰੀ ਅਸ਼ੋਕ ਕੁਮਾਰ ਪੁੱਤਰ ਸ੍ਰੀ. ਹਾਕਮ ਰਾਏ, ਵਾਸੀ ਮਕਾਨ ਨੰ: 1741, ਮੁਹੱਲਾ ਮੌਲਵੀਆਂ, ਰਾਏਕੋਟ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ, ਪੰਜਾਬ।

(ਸੀਡੀ 3) ਸ਼੍ਰੀਮਤੀ ਪੂਨਮ ਅਰੋੜਾ ਪਤਨੀ ਸ਼੍ਰੀ. ਪੰਕਜ ਕੁਮਾਰ, ਵਾਸੀ ਮਕਾਨ ਨੰ: 1541, ਮੁਹੱਲਾ ਮੌਲਵੀਆਂ, ਰਾਏਕੋਟ, ਜ਼ਿਲ੍ਹਾ ਲੁਧਿਆਣਾ, ਪੰਜਾਬ

(ਸੀਡੀ 4) ਸ਼੍ਰੀਮਤੀ ਨੈਨਾ ਅਰੋੜਾ ਪਤਨੀ ਸ਼੍ਰੀ. ਸੰਦੀਪ ਕੁਮਾਰ, ਵਾਸੀ ਮਕਾਨ ਨੰ: 1541, ਮੁਹੱਲਾ ਮੌਲਵੀਆਂ, ਰਾਏਕੋਟ, ਜ਼ਿਲ੍ਹਾ ਲੁਧਿਆਣਾ, ਪੰਜਾਬ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ-3**) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 20.03.2020 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.00% **ਦੀ ਦਰ** 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ **ਰੁ. 78,33,064/-** (**ਰੁਪਏ ਅਠੱਤਰ ਲੱਖ ਤੇਤੀ ਹਜ਼ਾਰ ਚੌਂਹਠ ਕੇਵਲ**) ਦੀ ਰਕਮ ਅਤੇ **ਰੁ. 81,000/-** (**ਰੁਪਏ ਇਕਿਆਸੀ ਹਜ਼ਾਰ ਕੇਵਲ**) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਕਾਰਵਾਈ ਲਈ 16.08.2025 ਨੂੰ **ਸਵੇਰੇ** 10.30 **ਵਜੇ** ਨਿਮਨ ਹਸਤਾਖ਼ਰੀ ਕੋਲ ਹਾਜ਼ਰ ਹੋਵੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :

(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 21.04.2025 ਨੂੰ ਜਾਰੀ।

**ਵਸੂਲੀ ਅਧਿਕਾਰੀ**

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3)


## ਖ਼ਾਲਸਾ ਯੂਨੀਵਰਸਿਟੀ ਵੱਲੋਂ ਵੈੱਬਸਾਈਟ ਲਾਂਚ

ਅੰਮ੍ਰਿਤਸਰ, 28 ਜੁਲਾਈ (ਬਬਲੂ ਮਹਾਜਨ): ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਵੱਲੋਂ ਯੂ.ਜੀ.ਸੀ.-ਐਕਟ, 1956 ਦੀ ਧਾਰਾ 2 (ਐਫ਼) ਅਧੀਨ ਰਾਜ (ਨਿੱਜੀ) ਯੂਨੀਵਰਸਿਟੀਆਂ ਦੀ ਸੂਚੀ 'ਚ ਆਪਣਾ ਨਾਮ ਸ਼ਾਮਿਲ ਕਰਨ ਦੀ ਮਾਨਤਾ ਤੋਂ ਬਾਅਦ ਖਾਲਸਾ ਯੂਨੀਵਰਸਿਟੀ ਦੀ ਨਵੀਂ ਨਵੀਂ ਅਧਿਕਾਰਤ ਆਨਲਾਈਨ ਵੈੱਬਸਾਈਟ ਲਾਂਚ ਕੀਤੀ ਗਈ। ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ 'ਖ਼ਾਲਸਾ ਯੂਨੀਵਰਸਿਟੀ ਏਸੀ ਆਈਐੱਨ' ਦੇ ਸਿਰਲੇਖ ਹੇਠ ਹੋਰਨਾਂ ਸਟਾਫ਼ ਦੀ ਮੌਜੂਦਗੀ 'ਚ ਲਾਂਚ ਕੀਤੀ ਉਕਤ ਵੈਬਸਾਈਟ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਇਹ ਵੈੱਬਸਾਈਟ ਵਿਦਿਆਰਥੀਆਂ ਨੂੰ ਹਰੇਕ ਪ੍ਰਕਾਰ ਦੀ ਸੂਚਨਾ ਦੇਣ ਦਾ ਆਨਲਾਈਨ ਜਰੀਆ ਹੋਵੇਗੀ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ ਯੂਜੀਸੀ ਐਕਟ, 1956 ਦੀ ਧਾਰਾ 2 (ਐਫ਼) ਅਧੀਨ ਰਾਜ (ਨਿੱਜੀ) ਯੂਨੀਵਰਸਿਟੀਆਂ ਦੀ ਸੂਚੀ 'ਚ ਆਪਣਾ ਨਾਮ ਸ਼ਾਮਿਲ ਕਰਨ ਦੀ ਮਾਨਤਾ ਉਪਰੰਤ ਉਕਤ 'ਵਰਸਿਟੀ ਵੱਲੋਂ ਅਕਾਦਮਿਕ ਸੈਸ਼ਨ 2025-26 ਲਈ ਵੱਖ-ਵੱਖ ਫੈਕਲਟੀਆਂ 'ਚ ਦਾਖਲੇ ਖੋਲ੍ਹੇ ਗਏ ਹਨ।




ਇਸ ਮੌਕੇ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਨੇ ਇੰਟਰਐਕਟਿਵ ਔਨਲਾਈਨ ਸਹੂਲਤਾਂ ਦਾ ਵਿਸਤ੍ਰਿਤ ਵੇਰਵਾ ਦਿੰਦਿਆਂ ਕਿਹਾਕਿ ਇਹ ਸੁਵਿਧਾ ਆਮ ਲੋਕਾਂ ਅਤੇ ਖਾਸ ਕਰਕੇ ਵਿਦਿਆਰਥੀਆਂ ਲਈ ਇੱਕ ਕਲਿੱਕ ਕਰਨ ਨਾਲ ਮੁਹੱਈਆ ਹੋਵੇਗੀ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਸ਼ਾਨਦਾਰ ਇਤਿਹਾਸ ਤੇ ਜਾਣਕਾਰੀ ਨਾਲ ਸਬੰਧਿਤ ਵਰਚੁਅਲ ਟੂਰ ਤੇ ਵੀਡੀਓ ਆਦਿ ਤੋਂ ਇਲਾਵਾ ਹਰੇਕ ਤਰ੍ਹਾਂ ਦੀ ਜਾਣਕਾਰੀ ਉਪਰੋਕਤ ਸਾਈਟ 'ਤੇ ਉਪਲਬਧ ਹੋਵੇਗੀ। ਇਸ ਮੌਕੇ ਡੀਨ ਅਕਾਦਮਿਕ ਡਾ. ਸੁਰਿੰਦਰ ਕੌਰ, ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਡਾਇਰੈਕਟਰ ਡਾ. ਮੰਜੂ ਬਾਲਾ, ਡਾਇਰੈਕਟਰ ਰਿਸਰਚ ਡਾ. ਆਰ. ਕੇ. ਧਵਨ, ਕੰਟਰੋਲਰ ਪ੍ਰੀਖਿਆਵਾਂ ਡਾ. ਕੰਵਲਜੀਤ ਸਿੰਘ, ਪ੍ਰਿੰਸੀਪਲ ਡਾ. ਜਸਪਾਲ ਸਿੰਘ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ, ਲੋਕ ਸੰਪਰਕ ਵਿਭਾਗ ਤੋਂ ਡਾਇਰੈਕਟਰ ਡੀ.ਐੱਸ. ਰਟੌਲ ਤੇ ਹੋਰ ਵੱਖ-ਵੱਖ ਵਿਭਾਗਾਂ ਦੇ ਫ਼ੈਕਲਟੀ ਮੌਜੂਦ ਸਨ।

# ਪੁਲਿਸ ਵੱਲੋਂ 30 ਗ੍ਰਾਮ ਹੈਰੋਇਨ, ਇੱਕ ਇਲੈਕਟ੍ਰੌਨਿਕ ਕੰਡਾ ਤੇ 3100 ਡਰੱਗ ਮਨੀ ਸਮੇਤ 6 ਕਾਬੂ

ਜੰਡਿਆਲਾ ਗੁਰੂ, 28 ਜੁਲਾਈ, (ਰਾਮ ਸ਼ਰਨਜੀਤ ਸਿੰਘ) : ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਾਣਯੋਗ ਡੀ.ਜੀ.ਪੀ. ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਮਨਿੰਦਰ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਜੀ ਤੇ ਰਵਿੰਦਰ ਸਿੰਘ ਡੀ.ਐਸ.ਪੀ ਜੰਡਿਆਲਾ ਜੀ ਦੀ ਅਗਵਾਈ ਹੇਠ ਐੱਸ ਐਚ ਓ ਹਰਚੰਦ ਸਿੰਘ ਥਾਣਾ ਜੰਡਿਆਲਾ, ਥਾਣਾ ਮਹਿਤਾ ਅਤੇ ਥਾਣਾ ਤਰਸਿੱਕਾ ਪੁਲਿਸ ਵੱਲੋਂ ਸਫਲਤਾ ਹਾਸਿਲ ਕਰਦਿਆਂ 03 ਵੱਖ-ਵੱਖ ਮੁਕੱਦਮਿਆਂ ਵਿੱਚ 05 ਦੋਸ਼ੀਆਂ ਨੂੰ ਹੈਰੋਇੰਨ ਸਮੇਤ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਰਵਿੰਦਰ ਸਿੰਘ ਡੀ.ਐਸ.ਪੀ ਜੰਡਿਆਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਮਹਿਤਾ ਦੀ ਪੁਲਿਸ ਪਾਰਟੀ ਵੱਲੋਂ ਗਸ਼ਤ ਦੌਰਾਨ ਪੁੱਲ ਸੂਆ ਉਦੋਨੰਗਲ ਤੋਂ ਮਨਪ੍ਰੀਤ ਸਿੰਘ ਉਰਫ ਨਿੱਕਾ ਪੁੱਤਰ ਧਰਮਿੰਦਰ ਸਿੰਘ ਵਾਸੀ ਉਦੋਨੰਗਲ ਖੁਰਦ ਤੇ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਲੱਖਾ ਸਿੰਘ ਵਾਸੀ ਉਦੋਨੰਗਲ ਖੁਰਦ ਨੂੰ 10 ਗ੍ਰਾਮ ਹੈਰੋਇੰਨ ਤੇ ਇੱਕ ਇਲੈਕਟ੍ਰੌਨਿਕ ਕੰਡੇ ਸਮੇਤ ਗ੍ਰਿਫਤਾਰ ਕੀਤਾ ਗਿਆ। ਜਿਸ ਸਬੰਧੀ ਉਕਤ ਦੋਸ਼ੀਆਂ ਖਿਲਾਫ ਥਾਣਾ ਮਹਿਤਾ ਵਿਖੇ ਮੁਕੱਦਮਾ ਨੰ. 90 ਮਿਤੀ 27.07.2025 ਜੁਰਮ 21-61-85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਏਸੇ ਤਰ੍ਹਾ ਇੱਕ ਹੋਰ ਮਾਮਲੇ ਵਿੱਚ ਥਾਣਾ ਜੰਡਿਆਲਾ ਵੱਲੋ ਨਸ਼ਿਆਂ ਖਿਲਾਫ ਚੱਲ ਰਹੀ ਇਸ ਮੁਹਿੰਮ ਤਹਿਤ ਕਾਜਲ ਪਤਨੀ ਕੁਲਵਿੰਦਰ ਸਿੰਘ ਵਾਸੀ ਵਾਟਰ ਸਪਲਾਈ ਵਾਲੀ ਜੰਡਿਆਲਾ ਗੁਰੂ ਅਤੇ ਸਰਬਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਛਾਪਾ ਰਾਮ ਸਿੰਘ ਅੰਮ੍ਰਿਤਸਰ ਨੂੰ 10.15 ਗ੍ਰਾਮ ਹੈਰੋਇੰਨ ਅਤੇ 3100 ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਗਿਆ। ਉਕਤ ਦੋਸ਼ਣਾ ਨੇ ਦੱਸਿਆ ਕਿ ਉਹ ਸਾਜਨ ਪੁੱਤਰ ਸਾਹਿਬ ਸਿੰਘ ਵਾਸੀ ਵਾਰਡ ਨੰਬਰ 07 ਜੰਡਿਆਲਾ ਗੁਰੂ ਕੋਲੋ ਹੈਰੋਇਨ ਖ੍ਰੀਦ ਕੇ ਅੱਗੇ ਵੇਚਦੀਆ ਹਨ। ਜਿਸ 'ਤੇ ਸਾਜਨ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿਸ 'ਤੇ ਕਾਜਲ, ਸਰਬਜੀਤ ਕੌਰ ਅਤੇ ਸਾਜਨ ਖਿਲਾਫ ਥਾਣਾ ਜੰਡਿਆਲਾ ਵਿਖੇ ਮੁਕੱਦਮਾ ਨੰ. 168 ਮਿਤੀ 27-07-2025 ਜੁਰਮ 21/27-ਏ/29/61/85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਏਸੇ ਲੜੀ ਵਿੱਚ ਇੱਕ ਹੋਰ ਮਾਮਲੇ 'ਚ ਥਾਣਾ ਤਰਸਿੱਕਾ ਵੱਲੋ ਗਸ਼ਤ ਦੌਰਾਨ ਪੁਲ ਸੂਆ ਡੇਅਰੀਵਾਲ ਨੇੜੇ ਤੋਂ ਸੁਖਰਾਜ ਸਿੰਘ ਉਰਫ ਬਿੱਲਾ ਪੁੱਤਰ ਅਜੀਤ ਸਿੰਘ ਵਾਸੀ ਡੇਹਰੀਵਾਲ ਥਾਣਾ ਤਰਸਿੱਕਾ ਜਿਲ੍ਹਾ ਅੰਮ੍ਰਿਤਸਰ ਨੂੰ 10 ਗ੍ਰਾਮ ਹੈਰੋਇੰਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਤਰਸਿੱਕਾ ਵਿਖੇ ਮੁਕੱਦਮਾ ਨੰ. 67 ਮਿਤੀ 27-07-2025 ਜੁਰਮ 21-61-85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



ਉਕਤ ਗ੍ਰਿਫਤਾਰ ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਰਡ ਲਿੰਕਾ ਨੂੰ ਚੰਗੀ ਤਰ੍ਹਾ ਖੰਘਾਲਿਆ ਜਾ ਰਿਹਾ ਹੈ ਅਤੇ ਹੋਰ ਜਿਸ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਉਸ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।


## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਮਹੀਨਾਵਾਰ ਲਾਟਰੀ ਦਾ ਨਤੀਜਾ — ਡਰਾਅ ਮਿਤੀ : 28.07.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)
D 29551

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)
09893 14226 27003 39169 39581 45769 59338 82613 87906 94603

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)
0386 1574 1986 2482 4752

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)
0206 0505 0611 1499 2214 3868 4064 7518 8141 9760

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)
3464 3889 5050 5220 5739 5925 6454 8217 8672 9118

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)
3376 3791 3879 5514 6223 6811 7443 7981 8410 9319

ਛੇਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0006 | 0043 | 0072 | 0088 | 0094 | 0110 | 0116 | 0158 | 0161 | 0210 |
| 0225 | 0236 | 0251 | 0262 | 0295 | 0310 | 0318 | 0320 | 0337 | 0357 |
| 0365 | 0396 | 0400 | 0401 | 0432 | 0436 | 0440 | 0445 | 0449 | 0468 |
| 0472 | 0495 | 0501 | 0574 | 0593 | 0605 | 0614 | 0624 | 0630 | 0637 |
| 0648 | 0680 | 0690 | 0701 | 0713 | 0724 | 0742 | 0759 | 0765 | 0771 |
| 0773 | 0783 | 0794 | 0805 | 0820 | 0824 | 0825 | 0831 | 0838 | 0852 |
| 0887 | 0900 | 0914 | 0921 | 0939 | 0952 | 0970 | 0974 | 0976 | 0987 |
| 0994 | 1000 | 1016 | 1023 | 1035 | 1053 | 1058 | 1071 | 1088 | 1115 |
| 1142 | 1149 | 1154 | 1241 | 1250 | 1272 | 1276 | 1302 | 1310 | 1313 |
| 1328 | 1332 | 1336 | 1371 | 1392 | 1393 | 1402 | 1422 | 1430 | 1443 |
| 1468 | 1479 | 1509 | 1511 | 1517 | 1527 | 1533 | 1546 | 1584 | 1590 |
| 1596 | 1604 | 1616 | 1619 | 1631 | 1638 | 1639 | 1640 | 1670 | 1672 |
| 1681 | 1684 | 1737 | 1764 | 1768 | 1777 | 1805 | 1815 | 1819 | 1823 |
| 1829 | 1831 | 1840 | 1861 | 1885 | 1947 | 1951 | 1957 | 1972 | 1975 |
| 1984 | 1989 | 2003 | 2005 | 2023 | 2060 | 2072 | 2073 | 2089 | 2106 |
| 2124 | 2134 | 2149 | 2155 | 2165 | 2177 | 2179 | 2182 | 2184 | 2232 |
| 2240 | 2249 | 2267 | 2329 | 2333 | 2336 | 2341 | 2373 | 2384 | 2405 |
| 2409 | 2418 | 2421 | 2427 | 2430 | 2477 | 2478 | 2481 | 2514 | 2518 |
| 2533 | 2556 | 2594 | 2595 | 2602 | 2634 | 2645 | 2663 | 2675 | 2704 |
| 2717 | 2730 | 2736 | 2740 | 2751 | 2758 | 2759 | 2803 | 2813 | 2866 |
| 2883 | 2898 | 2910 | 2931 | 2937 | 2941 | 2955 | 2956 | 2961 | 2975 |
| 2979 | 2983 | 2994 | 2999 | 3006 | 3016 | 3027 | 3037 | 3040 | 3061 |
| 3073 | 3076 | 3102 | 3116 | 3123 | 3160 | 3165 | 3192 | 3206 | 3221 |
| 3224 | 3229 | 3230 | 3233 | 3239 | 3266 | 3282 | 3309 | 3323 | 3334 |
| 3337 | 3365 | 3367 | 3369 | 3378 | 3383 | 3386 | 3387 | 3405 | 3434 |
| 3440 | 3446 | 3456 | 3472 | 3475 | 3482 | 3488 | 3489 | 3521 | 3525 |
| 3534 | 3537 | 3538 | 3543 | 3564 | 3566 | 3584 | 3588 | 3619 | 3663 |
| 3665 | 3667 | 3679 | 3685 | 3692 | 3697 | 3707 | 3725 | 3737 | 3752 |
| 3773 | 3790 | 3798 | 3803 | 3812 | 3813 | 3819 | 3820 | 3842 | 3845 |
| 3855 | 3865 | 3880 | 3881 | 3892 | 3897 | 3898 | 3909 | 3910 | 3924 |
| 3928 | 3930 | 3941 | 3979 | 3980 | 3981 | 3995 | 3996 | 4009 | 4018 |
| 4044 | 4050 | 4067 | 4070 | 4075 | 4102 | 4106 | 4110 | 4143 | 4182 |
| 4187 | 4193 | 4204 | 4227 | 4240 | 4249 | 4261 | 4264 | 4272 | 4279 |
| 4282 | 4293 | 4294 | 4305 | 4334 | 4336 | 4361 | 4389 | 4424 | 4425 |
| 4426 | 4434 | 4439 | 4447 | 4495 | 4504 | 4525 | 4551 | 4553 | 4576 |
| 4584 | 4661 | 4675 | 4681 | 4720 | 4727 | 4801 | 4803 | 4808 | 4813 |
| 4845 | 4862 | 4866 | 4881 | 4882 | 4886 | 4894 | 4896 | 4914 | 4922 |
| 4942 | 4952 | 4957 | 4998 | 5005 | 5016 | 5036 | 5038 | 5060 | 5081 |
| 5115 | 5135 | 5140 | 5157 | 5170 | 5176 | 5211 | 5212 | 5214 | 5235 |
| 5247 | 5264 | 5274 | 5286 | 5297 | 5298 | 5312 | 5328 | 5338 | 5347 |
| 5350 | 5373 | 5375 | 5387 | 5390 | 5413 | 5421 | 5423 | 5436 | 5444 |
| 5445 | 5446 | 5448 | 5450 | 5461 | 5468 | 5481 | 5483 | 5500 | 5527 |
| 5550 | 5568 | 5569 | 5576 | 5577 | 5601 | 5615 | 5628 | 5650 | 5651 |
| 5657 | 5665 | 5667 | 5678 | 5680 | 5681 | 5698 | 5702 | 5703 | 5717 |
| 5737 | 5764 | 5767 | 5769 | 5802 | 5821 | 5826 | 5849 | 5923 | 5924 |
| 5956 | 6049 | 6069 | 6071 | 6093 | 6095 | 6106 | 6108 | 6121 | 6161 |
| 6178 | 6214 | 6215 | 6218 | 6228 | 6245 | 6249 | 6252 | 6264 | 6270 |
| 6292 | 6293 | 6294 | 6314 | 6333 | 6336 | 6341 | 6348 | 6357 | 6362 |
| 6365 | 6369 | 6377 | 6387 | 6395 | 6411 | 6424 | 6461 | 6467 | 6471 |
| 6472 | 6490 | 6509 | 6514 | 6518 | 6555 | 6564 | 6565 | 6568 | 6580 |
| 6594 | 6596 | 6626 | 6648 | 6684 | 6716 | 6724 | 6726 | 6745 | 6761 |
| 6781 | 6795 | 6807 | 6814 | 6855 | 6861 | 6886 | 6904 | 6919 | 6940 |
| 6948 | 6959 | 6960 | 6967 | 6974 | 6976 | 6994 | 6995 | 7011 | 7012 |
| 7023 | 7056 | 7064 | 7079 | 7088 | 7090 | 7096 | 7102 | 7107 | 7110 |
| 7134 | 7137 | 7142 | 7153 | 7165 | 7183 | 7185 | 7210 | 7217 | 7219 |
| 7220 | 7221 | 7247 | 7254 | 7273 | 7285 | 7320 | 7333 | 7346 | 7365 |
| 7379 | 7393 | 7414 | 7424 | 7429 | 7431 | 7432 | 7436 | 7439 | 7445 |
| 7447 | 7451 | 7472 | 7477 | 7491 | 7496 | 7497 | 7501 | 7505 | 7508 |
| 7514 | 7554 | 7565 | 7578 | 7580 | 7605 | 7615 | 7648 | 7650 | 7664 |
| 7679 | 7709 | 7712 | 7717 | 7724 | 7760 | 7761 | 7764 | 7770 | 7775 |
| 7798 | 7804 | 7811 | 7840 | 7850 | 7862 | 7883 | 7893 | 7906 | 7916 |
| 7922 | 7928 | 7936 | 7950 | 7974 | 7988 | 7991 | 8017 | 8020 | 8022 |
| 8028 | 8029 | 8037 | 8039 | 8040 | 8051 | 8052 | 8062 | 8085 | 8092 |
| 8121 | 8124 | 8126 | 8135 | 8137 | 8143 | 8149 | 8159 | 8169 | 8174 |
| 8176 | 8184 | 8195 | 8218 | 8221 | 8250 | 8261 | 8280 | 8285 | 8286 |
| 8287 | 8304 | 8307 | 8332 | 8347 | 8349 | 8354 | 8376 | 8399 | 8403 |
| 8409 | 8428 | 8443 | 8447 | 8460 | 8466 | 8493 | 8496 | 8509 | 8515 |
| 8517 | 8519 | 8538 | 8544 | 8552 | 8553 | 8561 | 8575 | 8621 | 8653 |
| 8673 | 8685 | 8706 | 8707 | 8735 | 8736 | 8746 | 8749 | 8757 | 8768 |
| 8774 | 8782 | 8797 | 8802 | 8811 | 8812 | 8814 | 8822 | 8826 | 8837 |
| 8857 | 8859 | 8914 | 8915 | 8929 | 8947 | 8955 | 8962 | 8963 | 8986 |
| 8996 | 8998 | 9015 | 9016 | 9019 | 9037 | 9064 | 9069 | 9072 | 9088 |
| 9097 | 9098 | 9101 | 9123 | 9132 | 9133 | 9136 | 9144 | 9149 | 9150 |
| 9177 | 9188 | 9212 | 9242 | 9248 | 9250 | 9252 | 9265 | 9279 | 9312 |
| 9313 | 9329 | 9340 | 9376 | 9379 | 9384 | 9389 | 9393 | 9398 | 9399 |
| 9408 | 9428 | 9439 | 9445 | 9453 | 9469 | 9477 | 9482 | 9492 | 9493 |
| 9494 | 9509 | 9518 | 9519 | 9524 | 9528 | 9559 | 9598 | 9627 | 9628 |
| 9635 | 9657 | 9666 | 9671 | 9682 | 9694 | 9703 | 9715 | 9717 | 9724 |
| 9729 | 9761 | 9777 | 9816 | 9839 | 9840 | 9870 | 9891 | 9897 | 9913 |
| 9925 | 9932 | 9941 | 9945 | 9951 | 9957 | 9966 | 9967 | 9968 | 9982 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ

RO. No. PR-Advt. No. 1118/11/2025-26/1418/Dated CHD 28.7.2025

## ਸਾਹਿਤ ਪ੍ਰੇਮੀ ਇੰਜੀ. ਜੇ.ਬੀ. ਸਿੰਘ ਦੀ ਯਾਦ 'ਚ ਪੁਰਸਕਾਰ ਵੰਡ ਸਮਾਗਮ



ਲੁਧਿਆਣਾ, 28 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਦੀ ਨਾਮਵਰ ਗ਼ਜ਼ਲਗੋ ਅਤੇ ਨੈਸ਼ਨਲ ਤੇ ਸਟੇਟ ਐਵਾਰਡੀ ਅਧਿਆਪਕਾ (ਸੇਵਾ ਮੁਕਤ) ਡਾ. ਗੁਰਚਰਨ ਕੌਰ ਕੋਚਰ ਜੋ ਪੰਜਾਬੀ ਸਾਹਿਤ ਅਕੈਡਮੀ ਦੀ ਉਪ ਪ੍ਰਧਾਨ ਵੀ ਹਨ ਦੀ ਅਗਵਾਈ ਹੇਠ, ਸਥਾਨਕ ਪੰਜਾਬੀ ਭਵਨ ਦੇ ਰਾਣਾ ਦਲਜੀਤ ਸਿੰਘ ਸੈਮੀਨਾਰ ਹਾਲ ਵਿਖੇ ਅੱਜ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਇੰਜੀ. ਜੇ. ਬੀ. ਸਿੰਘ ਕੋਚਰ ਯਾਦਗਾਰੀ ਦੂਸਰਾ ਸਾਲਾਨਾ ਪੁਰਸਕਾਰ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਾਹਿਤਕਾਰਾ ਡਾਕਟਰ ਰਾਜਵੰਤ ਕੌਰ ਪੰਜਾਬੀ, ਉੱਘੇ ਸਾਹਿਤਕਾਰ ਅਤੇ ਸੇਵਾ ਮੁਕਤ ਸਰਕਾਰੀ ਉੱਚ ਅਧਿਕਾਰੀ ਭਗਤ ਰਾਮ ਰੰਗਾੜਾ ਨੂੰ ਇੰਜੀ. ਜੇ. ਬੀ ਸਿੰਘ ਕੋਚਰ ਵਿਸ਼ੇਸ਼ ਯਾਦਗਾਰੀ ਪੁਰਸਕਾਰ ਅਤੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਯੁਵਾ ਪੁਰਸਕਾਰ ਸ਼ਾਇਰ ਰਮਨ ਸੰਧੂ ਨੂੰ ਭੇਟ ਕੀਤੇ ਗਏ। ਜਦਕਿ ਨਾਮਵਰ ਬਜ਼ੁਰਗ ਸਾਹਿਤਕ ਸ਼ਖ਼ਸੀਅਤ ਤੇ ਪ੍ਰਸਿੱਧ ਗ਼ਜ਼ਲਗੋ ਸਿਰੀ ਰਾਮ ਅਰਸ਼ ਜਿਨ੍ਹਾਂ ਦੀ ਤਬੀਅਤ ਨਾਸਾਜ਼ ਹੋਣ ਕਾਰਨ ਨਹੀਂ ਪਧਾਰ ਸਕੇ, ਉਨ੍ਹਾਂ ਦੀ ਤਰਫੋਂ ਉਨ੍ਹਾਂ ਦੀ ਨੂੰਹ ਰੀਟਾ ਦੇਵੀ ਅਤੇ ਪੋਤਰੇ ਨਕੁਲ ਨੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ ਪ੍ਰਾਪਤ ਕੀਤਾ। ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜਫਰ, ਪੰਜਾਬੀ ਸਾਹਿਤ ਅਕਾਦਮੀ ਦੇ ਜ. ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਸਾਹਿਤ ਅਕੈਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਜੌਹਲ ਤੇ ਪ੍ਰੋਫੈਸਰ ਰਵਿੰਦਰ ਭੱਠਲ, ਸਾਹਿਤਕਾਰਾ ਮਨਜੀਤ ਇੰਦਰਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਜੋਗਿੰਦਰ ਸਿੰਘ ਨਿਰਾਲਾ, ਡਾਕਟਰ ਬਲਬੀਰ ਸਿੰਘ ਸੈਣੀ ਆਦਿ ਬਿਰਾਜਮਾਨ ਸਨ। ਪੁਰਸਕਾਰ ਪ੍ਰਾਪਤ ਸ਼ਖ਼ਸੀਅਤਾਂ ਬਾਰੇ ਸਨਮਾਨ ਪੱਤਰ ਕੇ ਸਾਧੂ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਅੰਜੂ ਅਮਨਦੀਪ ਗਰੋਵਰ ਅਤੇ ਤਰਲੋਚਨ ਲੋਚੀ ਵਲੋਂ ਬੜੀ ਸ਼ਿੱਦਤ ਨਾਲ ਪੜ੍ਹੇ ਗਏ। ਵਿਸ਼ੇਸ਼ ਮਹਿਮਾਨਾਂ ਵਿੱਚ. ਫ਼ਕੀਰ ਚੰਦ ਸ਼ੁਕਲਾ ਅਤੇ ਅਮਰੀਕ ਸਿੰਘ ਤਲਵੰਡੀ ਸਰਦਾਰ ਪੰਛੀ, ਸ਼੍ਰੋਮਣੀ ਲਿਖਾਰੀ ਬੋਰਡ ਰਜਿ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ, ਬਾਲ ਸਾਹਿਤ ਲੇਖਕ ਦਰਸ਼ਨ ਸਿੰਘ ਆਸ਼ਟ, ਡਾ. ਸੰਦੀਪ ਸ਼ਰਮਾ, ਅਰਪਿੰਦਰ ਸੰਧੂ, ਡਾ ਹਰੀ ਸਿੰਘ ਜਾਚਕ, ਬਲਬੀਰ ਕੌਰ, ਹਰਕੇਸ਼ ਮਿੱਤਲ, ਪਾਲ ਗੁਰਦਾਸਪੁਰੀ, ਰਵਿੰਦਰ ਰਵੀ, ਸਾਗਰ ਸਿਆਲਕੋਟੀ, ਤਰਸੇਮ ਨੂਰ, ਸੁਨੀਲ ਸ਼ਰਮਾ, ਰਾਜ਼ ਗੁਰਦਾਸਪੁਰੀ, ਬਿਸ਼ਨ ਦਾਸ, ਜਨਮੇਜਾ ਸਿੰਘ ਜੌਹਲ, ਜਗਜੀਤ ਕਾਫ਼ਰ, ਡਾ ਸਾਧੂ ਰਾਮ ਲੰਗੇਆਣਾ, ਡਾ ਜਗਤਾਰ ਧੀਮਾਨ, ਡਾ ਰਮਨਦੀਪ ਸਿੰਘ ਦੀਪ, ਸੁਖਦਰਸ਼ਨ ਗਰਗ, ਅਮਰਜੀਤ ਸਿੰਘ ਜੀਤ, ਡਾ ਗੁਰਚਰਨ ਗਾਂਧੀ, ਮੋਹੀ ਅਪਰਜੀਤ, ਰਾਮ ਲਾਲ ਭਗਤ, ਮਨਦੀਪ ਕੌਰ ਭਦੌੜ, ਪ੍ਰਿੰਸੀਪਲ ਇੰਦਰਜੀਤ ਪਾਲ ਕੌਰ, ਪ੍ਰੋਫੈਸਰ ਸ਼ਰਨਜੀਤ ਕੌਰ, ਸੁਖਦੇਵ ਸਿੰਘ ਗੰਡਵਾਂ, ਗੁਰਚਰਨ ਧੰਜੂ, ਅਜਮੇਰ ਸਿੰਘ ਦੀਵਾਨਾ, ਅਸ਼ੋਕ ਭੰਡਾਰੀ, ਸੋਮ ਨਾਥ, ਗੁਰਦਾਸ ਸਿੰਘ ਦਾ, ਜਸਬੀਰ ਸਿੰਘ ਸੋਹਲ, ਪ੍ਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ, ਜਸਵਿੰਦਰ ਕੌਰ ਜੱਸੀ, ਗੁਰਮੀਤ ਕੌਰ, ਪ੍ਰਵਿੰਦਰ ਕੌਰ ਲੋਟੇ, ਜਗਦੀਸ਼ ਰਾਣਾ, ਸੁਰਜੀਤ ਸਿੰਘ ਜੀਤ, ਬਾਬੂ ਰਾਮ ਦੀਵਾਨਾ, ਸਮੇਤ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਆਏ ਪਤਵੰਤੇ ਸੱਜਣ ਸ਼ਾਮਲ ਸਨ। ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ। ਸੁਖਵਿੰਦਰ ਅਨਹਦ ਅਤੇ ਪ੍ਰਮਿੰਦਰ ਅਲਬੇਲਾ ਨੇ ਸਾਂਝੇ ਤੌਰ ਤੇ ਬੜੀ ਤਰਤੀਬ ਨਾਲ ਮੰਚ ਸੰਚਾਲਨ ਕੀਤਾ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਸਬੰਧੀ ਮਹਾਨ ਆਤਮਰਸ ਗੁਰਮਤਿ ਸਮਾਗਮ




ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਯੂਥ ਕਲੱਬ ਅਤੇ ਗੁਰਦੁਆਰਾ ਗੁਰਦਰਸ਼ਨ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਿਤੀ 27 ਜੁਲਾਈ 2025 ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਸਾਲਾ ਸਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਮਹਾਨ ਆਤਮਰਸ ਗੁਰਮਤਿ ਸਮਾਗਮ ਸ਼ਾਮ 7 ਤੋਂ 9:30 ਵਜੇ ਤੱਕ ਸਜਾਏ ਗਏ, ਜਿਸ ਵਿੱਚ ਬਾਣੀ ਪ੍ਰਵਾਹ ਕੀਰਤਨ ਕੌਂਸਲ ਦੇ ਜਥਿਆ ਭਾਈ ਜਸਵਿੰਦਰ ਸਿੰਘ ਜੀ ਜਗਾਧਰੀ ਵਾਲੇ ਭਾਈ ਅਮਨਦੀਪ ਸਿੰਘ ਲੁਧਿਆਣਾ ਵਾਲੇ ਬੀਬੀ ਸਿਮਰਨ ਕੌਰ ਲੁਧਿਆਣਾ ਵਾਲੇ ਸਮਾਗਮ ਵਿੱਚ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇ ਯੂਥ ਕਲੱਬ ਦੇ ਪ੍ਰਧਾਨ ਜਗਮੀਤ ਸਿੰਘ ਭੋਡੇ ਅਤੇ ਚੈਅਰਮੈਨ ਅਵਤਾਰ ਸਿੰਘ ਨੇ ਜਥਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਭੁਪਿੰਦਰ ਸਿੰਘ ਭੋਡੇ, ਮਨਜੀਤ ਕਲਸੀ ਗਗਨਦੀਪ ਸਿੰਘ ਕਲਸੀ, ਅੰਮ੍ਰਿਤਪਾਲ ਸਿੰਘ ਤੂਰ, ਦਰਸ਼ਨ ਸਿੰਘ ਮਠਾੜੂ, ਦਿਆਪਰੀਤ ਸਿੰਘ ਬੱਬੂ, ਗੁਰਸ਼ਰਨ ਸਿੰਘ, ਗੁਰਸੇਵਕ ਸਿੰਘ, ਅਮਨਪ੍ਰੀਤ ਸਿੰਘ, ਹਰਦੀਪ ਸਿੰਘ, ਮਨਿੰਦਰ ਸਿੰਘ ਨਰਿੰਦਰ ਸਿੰਘ ਗੁਰਮੋਹਨ ਸਿੰਘ ਹਰਦੀਪ ਸਿੰਘ ਦਵਿੰਦਰ ਸਿੰਘ ਭੋਡੇ ਹਾਜ਼ਰ ਸਨ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸੰਗਤਾਂ ਵੱਡੇ ਪੱਧਰ 'ਤੇ ਮਨਾਉਣ : ਭਾਈ ਦਵਿੰਦਰ ਸਿੰਘ ਖ਼ਾਲਸਾ



ਲੁਧਿਆਣਾ, 28 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਦੀ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਨਿੱਘੇ ਸਹਿਯੋਗ ਤੇ ਪੂਰੀ ਸ਼ਰਧਾ ਭਾਵਨਾ ਦੇ ਨਾਲ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੇ ਅੰਦਰ ਗੁਰੂ ਘਰ ਦੇ ਕੀਰਤਨੀਏ ਭਾਈ ਦਵਿੰਦਰ ਸਿੰਘ ਖਾਲਸਾ (ਸੁਹਾਣੇ ਵਾਲੇ) ਤੇ ਬੀਬੀ ਜਸਲੀਨ ਕੌਰ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥਿਆਂ ਨੇ ਆਪਣੀਆਂ ਹਾਜਰੀਆਂ ਭਰ ਕੇ ਗੁਰੂ ਸਾਹਿਬਾਂ ਵੱਲੋਂ ਉਚਰੀ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰੂ ਘਰ ਦੇ ਕੀਰਤਨੀਏ ਭਾਈ ਦਵਿੰਦਰ ਸਿੰਘ ਖਾਲਸਾ (ਸੁਹਾਣੇ ਵਾਲੇ) ਨੇ ਕਿਹਾ ਕਿ ਸ਼ਹੀਦ ਕਿਸੇ ਵੀ ਧਰਮ, ਕੌਮ ਜਾਂ ਦੇਸ਼ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ। ਜੇਕਰ ਸੰਸਾਰ ਦਾ ਇਤਿਹਾਸ ਕਿਸੇ ਨੇ ਕਲਮ ਨਾਲ ਲਿਖਿਆ ਹੈ ਤਾਂ ਸਿੱਖ ਕੌਮ ਦਾ ਇਤਿਹਾਸ ਖੂਨ ਦੀ ਸਿਆਹੀ ਲਾ ਕੇ ਖੰਡੇ ਦੀ ਧਾਰ ਨਾਲ ਲਿਖਿਆ ਹੈ ਤਾਂ ਹੀ ਸਿੱਖ ਕੌਮ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਦੇ ਸ਼ਹੀਦ ਹੀ ਹਨ। ਉਨ੍ਹਾਂ ਨੇ ਕਿਹਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣਾ ਸੀਸ ਭੇਟ ਕਰਕੇ ਲਾਸਾਨੀ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅਨਿੰਨ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਨਿਰਭਉ-ਨਿਰਵੈਰ, ਧਰਮ ਰੱਖਿਅਕ ਅਤੇ ਤਿਆਗ ਦੇ ਪ੍ਰਤੀਕ ਹੈ, ਜਿਸ ਤੋਂ ਸਮੁੱਚੇ ਸਮਾਜ ਨੂੰ ਸੇਧ ਲੈਣ ਦੀ ਲੋੜ ਹੈ। ਇਸ ਲਈ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਸੰਗਤਾਂ ਵੱਡੇ ਪੱਧਰ 'ਤੇ ਮਨਾਉਣ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਸੀ. ਆਰ.ਪੀ ਕਲੋਨੀ ਦੁੱਗਰੀ ਲੁਧਿਆਣਾ ਦੇ ਮੁੱਖ ਸੇਵਾਦਾਰ ਸ: ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਕੀਰਤਨ ਸਮਾਗਮ ਦਾ ਮੁੱਖ ਉਦੇਸ਼ ਸੰਗਤਾਂ ਨੂੰ ਨੌਂਵੇਂ ਪਾਤਸਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ, ਉਪਦੇਸ਼ਾਂ, ਬਾਣੀ, ਅਤੇ ਫ਼ਲਸਫ਼ੇ ਨਾਲ ਜੋੜਨਾ ਸੀ, ਕਿਉਂ ਕਿ ਗੁਰਬਾਣੀ ਕੀਰਤਨ ਤੇ ਨਾਮ ਸਿਮਰਨ ਦੇ ਲਾਹਾ ਸਦਕਾ ਹੀ ਸੰਗਤਾਂ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਾਪਤ ਕਰ ਸਕਦੀਆ ਹਨ। ਬੈਨੀਪਾਲ ਨੇ ਸਮੁੱਚੀਆਂ ਸੰਗਤਾਂ ਦਾ ਵੀ ਧੰਨਵਾਦ ਪ੍ਰਗਟ ਕੀਤਾ, ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਸਮਾਗਮ ਨੂੰ ਸਫਲ ਕੀਤਾ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਸੁਰਿੰਦਰ ਸਿੰਘ ਚੌਹਾਨ, ਮਲਕੀਤ ਸਿੰਘ ਅਤੇ ਡਾ: ਪ੍ਰੇਮ ਸਿੰਘ ਚਾਵਲਾ ਨੇ ਸਾਂਝੇ ਤੌਰ 'ਤੇ ਪੰਥ ਦੇ ਪ੍ਰਸਿੱਧ ਪ੍ਰਚਾਰਕ ਭਾਈ ਦਵਿੰਦਰ ਸਿੰਘ ਖਾਲਸਾ ਸੁਹਾਣੇ ਵਾਲਿਆਂ ਅਤੇ ਬੀਬੀ ਜਸਲੀਨ ਕੌਰ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥਿਆਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ।

## ਲੁਧਿਆਣਾ ਦੇ ਚਾਰ ਪਿੰਡਾਂ ਨੇ ਲਗਾਈ 'ਆਪ' ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ

ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਮਾਨ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਦੇ ਖਿਲਾਫ ਪੰਜਾਬ ਵਿੱਚ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ। ਮਾਨ ਸਰਕਾਰ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਦੁਆਰਾ ਘਿਰੀ ਹੋਈ ਹੈ। ਪੰਜਾਬ ਦੇ ਲੋਕਾਂ ਵੱਲੋਂ ਇਸਦਾ ਬਹੁਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਦੌਰਾਨ, ਖ਼ਬਰਾਂ ਆ ਰਹੀਆਂ ਹਨ ਕਿ ਲੁਧਿਆਣਾ ਦੇ ਜਗਰਾਓਂ ਦੇ ਚਾਰ ਪਿੰਡਾਂ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਪਿੰਡ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਬੋਰਡ ਲਗਾਏ ਹਨ। ਜਾਣਕਾਰੀ ਅਨੁਸਾਰ ਜਗਰਾਉਂ ਦੇ ਅਲੀਗੜ੍ਹ, ਮਲਕੀ, ਪੋਨਾ ਅਤੇ ਅਗਵਾਰ ਗੁੱਜਰ ਪਿੰਡਾਂ ਦੇ ਲੋਕਾਂ ਨੇ ਕੱਲ੍ਹ ਸ਼ਾਮ ਨੂੰ ਲੈਂਡ ਪੂਲਿੰਗ ਸਕੀਮ ਦੇ ਵਿਰੋਧ ਵਿੱਚ ਪਿੰਡ ਦੀਆਂ ਹੱਦਾਂ 'ਤੇ ਬੋਰਡ ਲਗਾਏ ਸਨ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਕਿਸੇ ਵੀ ਆਗੂ ਦੇ ਪਿੰਡ ਵਿੱਚ ਦਾਖਲ ਹੋਣ 'ਤੇ ਪਾਬੰਦੀ ਸੀ, ਪਰ ਕੱਲ੍ਹ ਰਾਤ ਕੁਝ ਅਣਪਛਾਤੇ ਲੋਕਾਂ ਨੇ ਇਸਨੂੰ ਫਾੜ ਦਿੱਤਾ। ਇਨ੍ਹਾਂ ਪੋਸਟਰਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਤਸਵੀਰਾਂ ਹਨ ਅਤੇ ਲਿਖਿਆ ਹੈ, ਭਗਵੰਤ ਮਾਨ ਭਾਗਾਓ, ਪੰਜਾਬ ਬਚਾਓ ਅਤੇ ਕੇਜਰੀਵਾਲ ਭਾਗਾਓ, ਜ਼ਮੀਨ ਬਚਾਓ। ਇਸ ਵਿੱਚ ਇਹ ਵੀ ਲਿਖਿਆ ਹੈ ਕਿ ਜਦੋਂ ਤੱਕ ਲੈਂਡ ਪੂਲਿੰਗ ਨੀਤੀ ਰੱਦ ਨਹੀਂ ਕੀਤੀ ਜਾਂਦੀ, ਪਿੰਡ ਵਿੱਚ ਕਿਸੇ ਵੀ 'ਆਪ' ਨੇਤਾ ਦਾ ਦਾਖ਼ਲਾ ਸਖ਼ਤੀ ਨਾਲ ਵਰਜਿਤ ਹੈ।

## ਸਪਰਿੰਗ ਡੇਲ ਦੀ ਕ੍ਰਿਕਟ ਟੀਮ ਨੇ ਪੰਜਾਬ ਸਕੂਲ ਗੇਮਜ਼ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਪ੍ਰਵੇਸ਼ ਕੀਤਾ



ਲੁਧਿਆਣਾ, 28 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੀ U-14 ਮੁੰਡਿਆਂ ਦੀ ਟੀਮ ਨੇ ਪੰਜਾਬ ਸਕੂਲ ਗੇਮਜ਼ ਜ਼ੋਨਲ ਪੱਧਰੀ ਮੁਕਾਬਲਿਆਂ ਦੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਲਈ ਆਪਣਾ ਨਾਂ ਅੰਕਿਤ ਕਰਵਾਇਆ। ਕ੍ਰਿਕਟ ਮੁਕਾਬਲੇ ਦੇ ਇਸ ਮੁਕਾਬਲੇ ਦੌਰਾਨ ਸਪਰਿੰਗ ਡੇਲ ਦੀ ਟੀਮ ਨੇ ਪ੍ਰੀ-ਕੁਆਰਟਰ ਵਿੱਚ ਮਾਊਂਟ ਲਿਟਰਾ ਜ਼ੀ, ਕੁਆਟਰ ਫਾਈਨਲ ਵਿੱਚ vh;?AZN ਪਬਲਿਕ ਸਕੂਲ ਨਾਲ ਖੇਡ ਕੇ ਸੈਮੀ ਫਾਈਨਲ ਵਿੱਚ ਡੀ.ਸੀ.ਐਮ. ਪ੍ਰੈਜ਼ੀਡੈਂਸੀ ਸਕੂਲ ਨੂੰ ਕੜੀ ਟੱਕਰ ਦਿੰਦੇ ਹੋਏ ਅਤੇ ਫਾਈਨਲ ਮੁਕਾਬਲੇ ਦੇ ਵਿੱਚ ਸੈਕਰਡ ਹਾਰਟ ਕਾਨਵੈਂਟ ਸਕੂਲ ਸਮਰਾਲਾ ਦੇ ਨਾਲ ਕੜਾ ਮੁਕਾਬਲਾ ਲੜਦੇ ਹੋਏ ਅਤੇ ਆਪਣੀ ਜਿੱਤ ਦਾ ਲੋਹਾ ਮਨਵਾਉਂਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ। ਮੈਚ ਦੌਰਾਨ ਸਪਰਿੰਗ ਡੇਲ ਦੇ ਬੱਚਿਆਂ ਦਾ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਰਿਹਾ। ਪੂਰੇ ਮੈਚ ਦੌਰਾਨ ਬੱਚਿਆਂ ਦਾ ਜੋਸ਼, ਸਖ਼ਤ ਮਿਹਨਤ, ਟੀਮ ਵਰਕ ਅਤੇ ਖੇਡਾਂ ਪ੍ਰਤੀ ਸਮਰਪਣ ਦਿਖਿਆ। ਹੁਣ ਇਹ ਟੀਮ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਲਈ ਚੁਣੀ ਜਾ ਚੁੱਕੀ ਹੈ। ਸਕੂਲ ਦੇ ਮਾਣਯੋਗ ਚੇਅਰਪਰਸਨ ਮੈਡਮ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਜੀ ਨੇ ਬੱਚਿਆਂ ਦੀ ਇਸ ਸ਼ਾਨਦਾਰ ਜਿੱਤ 'ਤੇ ਉਹਨਾਂ ਨੂੰ ਬਹੁਤ-ਬਹੁਤ ਵਧਾਈ ਦਿੱਤੀ ਅਤੇ ਪੂਰੀ U-14 ਕ੍ਰਿਕਟ ਦੀ ਟੀਮ ਨੂੰ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਲਈ ਆਪਣੀਆਂ ਸ਼ੁਭ ਇੱਛਾਵਾਂ ਵੀ ਦਿੱਤੀਆਂ ਅਤੇ ਨਾਲ ਹੀ ਟੀਮ ਦੇ ਕ੍ਰਿਕਟ ਕੋਚ ਦੀ ਵੀ ਖ਼ੂਬ ਹੌਂਸਲਾ ਅਫ਼ਜ਼ਾਈ ਕੀਤੀ। ਇਸ ਦੇ ਨਾਲ ਹੀ ਡਾਇਰੈਕਟਰਜ਼ ਸ੍ਰੀ ਮਨਦੀਪ ਵਾਲੀਆ, ਕਮਲਪ੍ਰੀਤ ਕੌਰ, ਡਿਪਟੀ- ਡਾਇਰੈਕਟਰ ਸੋਨੀਆ ਵਰਮਾ ਜੀ ਅਤੇ ਪ੍ਰਿੰਸੀਪਲ ਅਨਿਲ ਕੁਮਾਰ ਸ਼ਰਮਾ ਨੇ ਵੀ ਸਾਰੇ ਖਿਡਾਰੀਆਂ ਦੀ ਪਿੱਠ ਥਾਪੜੀ ਅਤੇ ਭਵਿੱਖ ਵਿੱਚ ਹੋਣ ਵਾਲੇ ਮੁਕਾਬਲੇ ਲਈ ਖ਼ੂਬ ਹੌਸਲਾ ਅਫ਼ਜ਼ਾਈ ਕੀਤੀ।

## ਲੋਧੀ ਕਲੱਬ ਨੇੜੇ ਅੰਡਰਪਾਸ 'ਤੇ ਪਾਣੀ ਖੜ੍ਹਨ ਦੇ ਮੁੱਦੇ ਨੂੰ ਸਫ਼ਲਤਾਪੂਰਵਕ ਹੱਲ ਕੀਤਾ



ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਇਲਾਕਾਵਾਸੀਆਂ ਨੂੰ ਕੀਤੇ ਵਾਅਦਿਆਂ ਨੂੰ ਉਹ ਬਾਖ਼ੂਬੀ ਨਿਭਾ ਰਹੇ ਹਨ। ਉਹ ਇਲਾਕੇ ਦੇ ਵਿਕਾਸ ਨੂੰ ਪਹਿਲ ਦੇ ਅਧਾਰ 'ਤੇ ਨਿਭਾਉਣ ਦੇ ਵਾਅਦੇ ਨੂੰ ਇਲਾਕਾ ਕੌਂਸਲਰ ਸਤਨਾਮ ਸਿੰਘ ਸੰਨੀ (ਮਾਸਟਰ) ਨੂੰ ਨਾਲ ਲੈਕੇ ਇਲਾਕੇ ਦਾ ਵਿਕਾਸ ਉਚਪੱਧਰੀ ਪੱਧਰ 'ਤੇ ਕਰ ਰਹੇ ਹਨ। ਕੌਂਸਲਰ ਸਤਨਾਮ ਸਿੰਘ ਸੰਨੀ ਦੀ ਅਗਵਾਈ ਹੇਠ, ਲੋਧੀ ਕਲੱਬ ਦੇ ਨੇੜੇ ਅੰਡਰਪਾਸ ਖੇਤਰ ਵਿੱਚ ਪਾਣੀ ਦੇ ਖੜੋਤ ਦੇ ਮੁੱਦੇ ਨੂੰ ਸਫਲਤਾਪੂਰਵਕ ਹੱਲ ਕੀਤਾ। ਨਗਰਪਾਲਿਕਾ ਟੀਮ ਦੇ ਸਮੱਰਥਨ ਅਤੇ ਸੁਪਰ ਸਕਸ਼ਨ ਮਸ਼ੀਨਰੀ ਦੀ ਵਰਤੋਂ ਨਾਲ, ਭਾਰੀ ਮਲਬੇ ਨੂੰ ਚੁੱਕਣ ਅਤੇ ਹਟਾਉਣ ਦੇ ਯੋਗ ਹੋ ਗਏ ਜੋ ਪਾਣੀ ਸਿਸਟਮ ਨੂੰ ਰੋਕ ਰਿਹਾ ਸੀ ਅਤੇ ਇਸ ਨਾਲ ਨਿਕਾਸੀ ਰੁੱਕ ਰਹੀ ਸੀ। ਇਸ ਸਮੇਂ ਸਿਰ ਦਖਲਅੰਦਾਜ਼ੀ ਨੇ ਲੋਕਾਂ ਲਈ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਨੂੰ ਹੱਲ ਕਰਨ ਵਿੱਚ ਮੱਦਦ ਕੀਤੀ ਜੋ ਬਰਸਾਤ ਦੇ ਮੌਸਮ ਦੌਰਾਨ ਨਿਵਾਸੀਆਂ ਨੂੰ ਗੰਭੀਰ ਅਸੁਵਿਧਾ ਦਾ ਕਾਰਨ ਬਣ ਰਹੀ ਸੀ। ਇਸ ਮੌਕੇ ਕੌਂਸਲਰ ਸੰਨੀ ਮਾਸਟਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਕਾਰਪੋਰੇਸ਼ਨ ਅਧਿਕਾਰੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੀਆਂ ਕੋਸ਼ਿਸ਼ ਸਦਕਾ ਇਹ ਸੰਭਵ ਹੋਇਆ।

## ਮਾਂ ਬਗਲਾਮੁਖੀ ਧਾਮ ਵਿਖੇ ਹਵਨ ਯੱਗ ਕਰਕੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਖ਼ੁਸ਼ੀਆਂ ਪ੍ਰਾਪਤ ਕਰ ਰਹੇ ਨੇ : ਮਨਜੀਤ ਛੱਤਵਾਲ



ਲੁਧਿਆਣਾ, 28 ਜੁਲਾਈ (ਕਰਨੈਲ ਸਿੰਘ ਐੱਮ.ਏ.) : ਮਾਂ ਬਗਲਾਮੁਖੀ ਧਾਮ ਪੱਖੋਵਾਲ ਰੋਡ ਵਿਖੇ ਹਵਨ ਯੱਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਰਧਾਲੂਆਂ ਨੇ ਹਵਨ ਯੱਗ ਵਿੱਚ ਭੇਟਾਂ ਚੜ੍ਹਾਈਆਂ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਇਸ ਦੌਰਾਨ ਸ਼ਰਧਾਲੂਆਂ ਨੇ ਮਾਂ ਬਗਲਾਮੁਖੀ ਧਾਮ ਦੇ ਵਿਸਥਾਰ ਲਈ ਜ਼ਮੀਨ ਦਾਨ ਕਰਨ ਦਾ ਪ੍ਰਣ ਲਿਆ। ਧਾਮ ਦੇ ਸ਼ਰਧਾਲੂਆਂ ਨੇ ਮਾਂ ਬਗਲਾਮੁਖੀ ਤੇਰੀ ਜੈ ਹੋ, ਮਾਂ ਸਭ ਦੇ ਦੁੱਖ ਹਰਦੀ ਹੈ, ਬਗਲਾਮੁਖੀ ਮਾਂ ਜਗਤਜਨਨੀ ਹੈ ਭਜਨਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਸਭ ਤੋਂ ਪਹਿਲਾਂ ਕੰਜਕ ਦੀ ਪੂਜਾ ਕਰਕੇ ਮਾਂ ਬਗਲਾਮੁਖੀ ਦਾ ਬ੍ਰਹਮ ਸ਼ਿੰਗਾਰ ਕੀਤਾ ਗਿਆ। ਮਾਂ ਬਗਲਾਮੁਖੀ ਧਾਮ ਦੇ ਮੁੱਖ ਸੇਵਕ ਮਨਜੀਤ ਛੱਤਵਾਲ ਨੇ ਕਿਹਾ ਕਿ ਮਹੰਤ ਪ੍ਰਵੀਨ ਜੀ ਦੀ ਅਗਵਾਈ ਹੇਠ ਹਵਨ ਯੱਗ ਰਾਹੀਂ ਹਜ਼ਾਰਾਂ ਸ਼ਰਧਾਲੂ ਮਾਂ ਬਗਲਾਮੁਖੀ ਦੀ ਪੂਜਾ ਕਰਕੇ ਸੁੱਖ ਅਤੇ ਖੁਸ਼ਹਾਲੀ ਪ੍ਰਾਪਤ ਕਰ ਰਹੇ ਹਨ। ਮਾਂ ਬਗਲਾਮੁਖੀ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਹਵਨ ਯੱਗ ਵਿੱਚ ਭੇਟਾਂ ਚੜ੍ਹਾਉਣ ਨਾਲ ਸੰਸਾਰਿਕ ਵਿਵਾਦਾਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਭਗਤ ਦੀ ਹਰ ਇੱਛਾ ਪੂਰੀ ਹੁੰਦੀ ਹੈ। ਇਸ ਦੌਰਾਨ ਉਨ੍ਹਾਂ ਮਾਂ ਬਗਲਾਮੁਖੀ ਧਾਮ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਗੌਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਬੋਬੀ ਗੱਭਰੂ, ਆਰ. ਮਹਿਕਮਾਲ, ਡੀ. ਮਹਿਕੜਾ, ਡੀ. ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਸੋਮਨਾਥ ਸ਼ਰਮਾ, ਪ੍ਰਵੇਸ਼ ਚੱਡਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਸ਼ਰਮਾ, ਵਰੁਣ ਭੁਪਿੰਦਰ, ਵਰੁਣ ਬਾਂਦਰ, ਵਰੁਣ ਠਾਕੁਰ, ਅਰੁਣ ਮਹਿਤਾ, ਗੁਨੀਤ ਖੇੜਾ ਆਦਿ ਹਾਜ਼ਰ ਸਨ।

## ਇੰਡੀਅਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਤੀਜ ਦਾ ਜਸ਼ਨ ਮਨਾਇਆ



ਲੁਧਿਆਣਾ, 28 ਜੁਲਾਈ (ਰਵਿੰਦਰ ਸਿੰਘ ਨਿੱਝਰ) : ਇੰਡੀਅਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੇ 23 ਜੁਲਾਈ 25 ਨੂੰ ਸਕੂਲ ਦੇ ਵਿਹੜੇ ਵਿੱਚ ਇੱਕ ਸ਼ਾਨਦਾਰ ਤੀਜ ਮੇਲਾ ਅਤੇ ਬਾਲ ਮੇਲਾ ਦੇ ਨਾਲ ਤੀਜ ਦੀ ਜੀਵੰਤ ਭਾਵਨਾ ਅਤੇ ਬੱਚਿਆਂ ਦੀ ਖੁਸ਼ੀ ਦੀ ਊਰਜਾ ਦਾ ਜਸ਼ਨ ਮਨਾਇਆ। ਇਨ੍ਹਾਂ ਸਮਾਗਮਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਖੇਤਰ ਦੀਆਂ ਅਮੀਰ ਸੱਭਿਆਚਾਰਕ ਪਰੰਪਰਾਵਾਂ ਵਿੱਚ ਲੀਨ ਕਰਨਾ ਅਤੇ ਵੱਖ-ਵੱਖ ਉਮਰਾਂ ਦੇ ਬੱਚਿਆਂ ਲਈ ਸਿੱਖਣ ਅਤੇ ਰੁਝੇਵਿਆਂ ਦਾ ਇੱਕ ਮਜ਼ੇਦਾਰ ਦਿਨ ਪ੍ਰਦਾਨ ਕਰਨਾ ਸੀ। ਮਾਨਸੂਨ ਤਿਉਹਾਰ ਦਾ ਜਸ਼ਨ, ਤੀਜ ਮੇਲਾ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜਿਆ ਹੋਇਆ ਦੇਖਿਆ ਗਿਆ, ਜੋ ਤੀਜ ਦੇ ਜੀਵੰਤ ਰੰਗਾਂ ਅਤੇ ਸੱਭਿਆਚਾਰਕ ਅਮੀਰੀ ਦਾ ਪ੍ਰਦਰਸ਼ਨ ਕਰਦੇ ਸਨ। ਸਕੂਲ ਨੂੰ ਰਵਾਇਤੀ ਰੂਪਾਂ ਨਾਲ ਸੁੰਦਰਤਾ ਨਾਲ ਸਜਾਇਆ ਗਿਆ ਸੀ, ਜਿਸ ਨਾਲ ਇੱਕ ਤਿਉਹਾਰ ਮਾਹੌਲ ਬਣਿਆ। ਵਿਦਿਆਰਥੀਆਂ ਨੇ ਲੋਕ ਸੰਗੀਤ 'ਤੇ ਨੱਚਣ, ਗੁੰਝਲਦਾਰ ਮਹਿੰਦੀ ਡਿਜ਼ਾਈਨ ਲਗਾਉਣ ਅਤੇ ਸੁਆਦੀ ਪਕਵਾਨਾਂ ਦਾ ਆਨੰਦ ਲੈਣ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ। ਤੀਜ ਮੇਲੇ ਦਾ ਮੁੱਖ ਆਕਰਸ਼ਣ ਊਠ ਦੀ ਸਵਾਰੀ ਅਤੇ ਛੇਵੀਂ ਜਮਾਤ ਦੀਆਂ ਕੁੜੀਆਂ ਦਾ ਭੰਗੜਾ ਸੀ।

ਬਾਲ ਮੇਲਾ ਅਤੇ ਤੀਜ ਮੇਲਾ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਮਨੋਰੰਜਨ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਸੀ। ਮੇਲੇ ਵਿੱਚ ਕਈ ਤਰ੍ਹਾਂ ਦੇ ਸਟਾਲ ਅਤੇ ਖੇਡਾਂ ਸਨ, ਜਿਨ੍ਹਾਂ ਵਿੱਚ ਬੱਚਿਆਂ ਨੂੰ ਮਾਡਲਿੰਗ, ਗਰੁੱਪ ਡਾਂਸ ਪ੍ਰਦਰਸ਼ਨ, ਜਾਦੂ ਸ਼ੋਅ, ਕਠਪੁਤਲੀ ਸ਼ੋਅ, ਝੂਲੇ ਅਤੇ ਸਵਾਰੀਆਂ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ। ਬਾਲ ਮੇਲੇ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਪਿਛੋਕੜਾਂ ਦੇ ਬੱਚਿਆਂ ਨਾਲ ਗੱਲਬਾਤ ਕਰਨ ਅਤੇ ਦੋਸਤੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਵੀ ਪ੍ਰਦਾਨ ਕੀਤਾ। ਵਿਦਿਆਰਥੀਆਂ ਦੀਆਂ ਮਾਵਾਂ ਨੂੰ ਵੀ ਤਿਉਹਾਰਾਂ ਵਿੱਚ ਪੂਰੇ ਦਿਲ ਨਾਲ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਸੀ, ਜਿਸ ਵਿੱਚ ਗਿੱਧਾ ਅਤੇ ਭੰਗੜਾ, ਲੋਕ ਗੀਤ ਅਤੇ ਪੰਜਾਬੀ 'ਬੋਲੀਅਨ' ਵਰਗੇ ਰਵਾਇਤੀ ਨਾਚ ਸ਼ਾਮਲ ਸਨ। ਤੀਜ ਦਾ ਐਲਾਨ ਵੀ ਕੀਤਾ ਗਿਆ ਅਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਦੇ ਯੋਗ ਚੇਅਰਮੈਨ ਸੁਰਿੰਦਰਪਾਲ ਗਰਗ ਨੇ ਸ਼੍ਰੀਮਤੀ ਤੀਜ ਨੂੰ ਵਿਸ਼ੇਸ਼ ਤੋਹਫ਼ੇ ਦਿੱਤੇ। ਇਸ ਸਮਾਗਮ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਪਰਿਵਾਰਕ ਬੰਧਨਾਂ ਅਤੇ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ ਨੂੰ ਮਜ਼ਬੂਤ ਕਰਨ, ਸੱਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਅਤੇ ਸਥਾਈ ਯਾਦਾਂ ਬਣਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ।

ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਅਤੇ ਉਨ੍ਹਾਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਇਨ੍ਹਾਂ ਜਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਸਮਾਗਮ ਇੱਕ ਕੀਮਤੀ ਸਿੱਖਣ ਦੇ ਅਨੁਭਵ ਵਜੋਂ ਵੀ ਕੰਮ ਕਰਦੇ ਸਨ, ਵਿਦਿਆਰਥੀਆਂ ਵਿੱਚ ਟੀਮ ਵਰਕ, ਲੀਡਰਸ਼ਿਪ ਅਤੇ ਸਮਾਜਿਕ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰਦੇ ਸਨ।

## ਜ਼ਮੀਨ ਮਾਲਕ ਨੇ ਆਪਣੀ 100 ਏਕੜ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਸਹਿਮਤੀ ਜਮ੍ਹਾਂ ਕਰਵਾਈ



ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿੱਚ ਪੂਰਾ ਵਿਸ਼ਵਾਸ ਦਿਖਾਉਂਦੇ ਹੋਏ ਪੱਖੋਵਾਲ ਰੋਡ 'ਤੇ 100 ਏਕੜ ਜ਼ਮੀਨ ਰੱਖਣ ਵਾਲੇ ਜ਼ਮੀਨ ਮਾਲਕ ਰਾਜੇਸ਼ ਅਗਰਵਾਲ ਨੇ ਸੋਮਵਾਰ ਨੂੰ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੂੰ ਨਵੀਂ ਸ਼ਹਿਰੀ ਜਾਇਦਾਦ ਦੇ ਵਿਕਾਸ ਲਈ ਆਪਣੀ ਸਹਿਮਤੀ ਜਮ੍ਹਾਂ ਕਰਵਾਈ। ਰਾਜੇਸ਼ ਨੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਜੋ ਕਿ ਗਲਾਡਾ ਦੇ ਮੁੱਖ ਪ੍ਰਸ਼ਾਸਕ ਵਜੋਂ ਵੀ ਕੰਮ ਕਰਦੇ ਹਨ ਦੀ ਮੌਜੂਦਗੀ ਵਿੱਚ ਆਪਣਾ ਸਹਿਮਤੀ ਪੱਤਰ ਦਿੱਤਾ।

ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਲੈਂਡ ਪੂਲਿੰਗ ਨੀਤੀ ਰਾਹੀਂ ਸ਼ਹਿਰੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਰਾਜੇਸ਼ ਦੀ ਭਾਗੀਦਾਰੀ ਇਸ ਨਵੀਨਤਾਕਾਰੀ ਨੀਤੀ ਵਿੱਚ ਵੱਧ ਰਹੇ ਵਿਸ਼ਵਾਸ ਨੂੰ ਉਜਾਗਰ ਕਰਦੀ ਹੈ, ਜੋ ਜ਼ਮੀਨ ਮਾਲਕਾਂ ਨੂੰ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਵਿੱਚ ਸਰਕਾਰ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਗਲਾਡਾ ਦੇ ਅਧਿਕਾਰੀਆਂ ਨੂੰ ਜ਼ਮੀਨ ਮਾਲਕਾਂ ਨਾਲ ਸਰਗਰਮੀ ਨਾਲ ਜੁੜਨ, ਉਨ੍ਹਾਂ ਨੂੰ ਇਸ ਸਹਿਯੋਗੀ ਪਹਿਲਕਦਮੀ ਵਿੱਚ ਹਿੱਸਾ ਲੈਣ ਅਤੇ ਰਾਜ ਦੇ ਵਿਕਾਸ ਦ੍ਰਿਸ਼ਟੀਕੋਣ ਵਿੱਚ ਭਾਈਵਾਲ ਬਣਨ ਲਈ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਰਾਜੇਸ਼ ਅਗਰਵਾਲ ਨੇ ਇਸ ਪਰਿਵਰਤਨਸ਼ੀਲ ਪ੍ਰੋਜੈਕਟ ਵਿੱਚ ਯੋਗਦਾਨ ਪਾਉਣ ਦੇ ਮੌਕੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਪਣੇ ਸਾਥੀਆਂ ਵਿੱਚ ਲੈਂਡ ਪੂਲਿੰਗ ਨੀਤੀ ਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਆਪਣੇ ਯਤਨਾਂ ਨੂੰ ਉਜਾਗਰ ਕੀਤਾ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਇਸ ਪਹਿਲਕਦਮੀ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸ਼ਹਿਰੀ ਵਿਕਾਸ ਵਿੱਚ ਸਮੂਹਿਕ ਤਰੱਕੀ ਨੂੰ ਹੁਲਾਰਾ ਮਿਲੇਗਾ।

## ਮੰਡੀ ਵਿੱਚ ਪਨੀਰ ਵੇਚਣ 'ਤੇ ਪਾਬੰਦੀ

ਲੁਧਿਆਣਾ, 28 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪਰਚੂਨ ਮੰਡੀ ਵਿੱਚ ਨਕਲੀ ਪਨੀਰ ਵੇਚਣ ਵਾਲਿਆਂ ਨੂੰ ਦੋ ਵਾਰ ਚੇਤਾਵਨੀ ਦੇਣ ਤੋਂ ਬਾਅਦ ਵੀ ਦੋ ਤਿੰਨ ਦੁਕਾਨਦਾਰ ਨਕਲੀ ਪਨੀਰ ਦਾ ਗੋਰਖਧੰਦਾ ਕਰਨੋਂ ਬਾਜ ਨਹੀਂ ਆ ਰਹੇ ਸਨ, ਨਕਲੀ ਪਨੀਰ ਵੇਚਣ ਵਾਲਿਆਂ 'ਚ ਇੱਕ ਪੱਤਰਕਾਰ ਦਾ ਨਾਮ ਵੀ ਆ ਰਿਹਾ ਹੈ, ਜੋ ਨਕਲੀ ਪਨੀਰ ਦੇ ਗੋਰਖਧੰਦੇ ਵਿੱਚ ਸ਼ਾਮਲ ਹੈ। ਚੇਅਰਮੈਨ ਗੁਰਜੀਤ ਗਿੱਲ ਵੱਲੋਂ ਤੁਰੰਤ ਐਕਸ਼ਨ ਲੈਂਦੇ ਹੋਏ ਮੰਡੀ ਵਿੱਚ ਪਨੀਰ ਵੇਚਣ 'ਤੇ ਪੱਕੇ ਤੌਰ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਉਹਨਾਂ ਨੇ ਕਿਹਾ ਕਿ ਇਹ ਨਕਲੀ ਪਨੀਰ ਮਾਫੀਆ ਕਾਫੀ ਲੰਬੇ ਸਮੇਂ ਤੋਂ ਮੰਡੀ ਵਿੱਚ ਸਰਗਰਮ ਸੀ, ਜਿਸ ਨੂੰ ਅੱਜ ਖਤਮ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਨਕਲੀ ਪਨੀਰ ਨਾਲ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਸੀ। ਇਸ ਮੌਕੇ ਚੇਅਰਮੈਨ ਗਿੱਲ ਵੱਲੋਂ ਸਿਹਤ ਵਿਭਾਗ ਡੀਐਚ ਓ ਅਮਰਜੀਤ ਕੌਰ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ ਗਈ ਹੈ, ਤੇ ਕਿਹਾ ਗਿਆ ਕਿ ਸਿਹਤ ਵਿਭਾਗ ਦੀ ਟੀਮ ਨੂੰ ਭੇਜ ਕੇ ਨਕਲੀ ਪਨੀਰ ਦੇ ਸੈਂਪਲ ਭਰੇ ਜਾਣ।

## ਸੀ.ਟੀ.ਯੂ. ਵੱਲੋਂ ਇੰਟਰਨੈਸ਼ਨਲ ਵਿਦਿਆਰਥੀਆਂ ਲਈ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ



ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਵਿਭਿੰਨਤਾ, ਅਕਾਦਮਿਕ ਕਾਮਯਾਬੀ ਅਤੇ ਯਾਦਗਾਰ ਰੁਖਸਤ ਨੇ ਬਣਾ ਦਿੱਤਾ ਇਸ ਦਿਨ ਨੂੰ ਵਿਸ਼ੇਸ਼ ਅਲੱਗ-ਅਲੱਗ ਦੇਸ਼ਾਂ ਤੋਂ ਆਏ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਾਂਸਕ੍ਰਿਤਿਕ ਸ਼ਾਨ ਅਤੇ ਅਕਾਦਮਿਕ ਉਪਲੱਬਧੀਆਂ ਲਈ ਕੀਤਾ ਗਿਆ ਸਨਮਾਨਿਤ, ਸੀਟੀਯੂ ਨੇ 2025 ਬੈਚ ਦੇ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਅਕਾਦਮਿਕ ਯਾਤਰਾ ਦੀ ਕਾਮਯਾਬੀ ਨੂੰ ਮਨਾਉਂਦੇ ਹੋਏ ਗਰਵ ਨਾਲ ਗ੍ਰੈਜੂਏਸ਼ਨ ਸਮਾਰੋਹ ਆਯੋਜਿਤ ਕੀਤਾ। ਇਹ ਸਮਾਰੋਹ ਇਕ ਉਤਸ਼ਾਹਪੂਰਕ ਮੌਕਾ ਸੀ, ਜਿਸ 'ਚ ਵਿਭਿੰਨ ਸੰਸਕ੍ਰਿਤੀਆਂ, ਭਾਸ਼ਾਵਾਂ ਅਤੇ ਸਪਨੇ ਇੱਕਠੇ ਹੋਏ। ਜ਼ਿੰਬਾਬਵੇ, ਨਾਈਜੀਰੀਆ, ਲਾਈਬੀਰੀਆ, ਮਲਾਵੀ, ਤਨਜ਼ਾਨੀਆ, ਨਾਮੀਬੀਆ ਅਤੇ ਦੱਖਣੀ ਸੁਡਾਨ ਤੋਂ ਆਏ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੂਰੀ ਹੋਈ ਪੜ੍ਹਾਈ ਲਈ ਸਨਮਾਨਿਤ ਕੀਤਾ ਗਿਆ। ਪੂਰੇ ਕੈਂਪਸ 'ਚ ਇੰਟਰਨੈਸ਼ਨਲ ਇਕਤਾ ਦੀ ਝਲਕ ਦਿੱਖੀ ਗਈ। ਵਿਦਿਆਰਥੀਆਂ ਦੀ ਰੁਖਸਤ ਨੂੰ ਇੱਤਫ਼ਾਕ, ਮੋਹ ਅਤੇ ਸ਼ਾਨਦਾਰ ਯਾਦਾਂ ਦੇ ਰੂਪ ਵਿੱਚ ਮਨਾਇਆ ਗਿਆ। ਇਸ ਸਮਾਰੋਹ ਦੀ ਸ਼ੁਰੂਆਤ ਸੀ ਟੀ ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਦੇ ਸਨਮਾਨਿਤ ਸੰਬੋਧਨ ਨਾਲ ਹੋਈ, ਜਿਨ੍ਹਾਂ ਨੇ ਇੰਟਰਨੈਸ਼ਨਲ ਵਿਦਿਆਰਥੀਆਂ ਦੇ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਸੀ ਟੀ ਯੂ ਨੂੰ ਮਾਣ ਹੈ ਕਿ ਇਹ ਵਿਸ਼ਵ ਪੱਧਰੀ ਸਿੱਖਿਆ ਦਾ ਕੇਂਦਰ ਹੈ ਅਤੇ ਤੁਸੀਂ ਇੱਥੇ ਆਪਣੀ ਸੰਸਕ੍ਰਿਤਕ ਰੰਗਤ ਅਤੇ ਮਿਹਨਤ ਨਾਲ ਨਵਾਂ ਮਿਆਰ ਸੈੱਟ ਕੀਤਾ ਹੈ। ਕੈਂਪਸ ਡਾਇਰੈਕਟਰ ਡਾ. ਸੰਗਰਾਮ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਨੂੰ ਲਗਾਤਾਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਡਾਇਰੈਕਟਰ ਇੰਟਰਨੈਸ਼ਨਲ ਅਫੇਅਰਜ਼ ਨਰੇਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਸੀ ਟੀ ਯੂ ਦੀ ਵਿਭਿੰਨਤਾ ਭਰੀ ਸੰਸਕ੍ਰਿਤੀ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਖੂਬ ਸਰਾਹਨਾ ਕੀਤੀ।

ਅੰਤ ਵਿੱਚ, ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਆਪਣੇ ਸਮਾਪਨ ਸੰਬੋਧਨ ਵਿੱਚ ਕਿਹਾ ਇਹ ਰੁਖਸਤ ਨਹੀਂ, ਸਗੋਂ ਤੁਹਾਡੀ ਨਵੀਂ ਯਾਤਰਾ ਦੀ ਸ਼ੁਰੂਆਤ ਹੈ। ਅਸੀਂ ਹਮੇਸ਼ਾ ਤੁਹਾਡੀਆਂ ਉਪਲਬਧੀਆਂ 'ਤੇ ਮਾਣ ਮਹਿਸੂਸ ਕਰਾਂਗੇ। ਸਮਾਰੋਹ ਦੇ ਅੰਤ 'ਚ ਵਿਦਿਆਰਥੀਆਂ ਨੇ ਆਪਣੇ ਦੋਸਤਾਂ, ਅਧਿਆਪਕਾਂ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨਾਲ ਯਾਦਗਾਰ ਪਲ ਕੈਮਰੇ ਵਿੱਚ ਕੈਦ ਕੀਤੇ ਉਹ ਸਿਰਫ਼ ਡਿਗਰੀ ਨਹੀਂ ਲੈਕੇ ਜਾ ਰਹੇ ਸਨ, ਸਗੋਂ ਜ਼ਿੰਦਗੀ ਭਰ ਦੀਆਂ ਯਾਦਾਂ ਵੀ।

## ਸ਼ਰਧਾਲੂਆਂ ਨਾਲ ਭਰਿਆ ਟੈਂਪੂ ਨਹਿਰ 'ਚ ਡਿੱਗਾ ਛੇ ਲੋਕਾਂ ਦੀ ਮੌਤ, ਚਾਰ ਲਾਪਤਾ

ਲੁਧਿਆਣਾ, 28 ਜੁਲਾਈ (ਵਿਸ਼ਾਲ ਸ਼ਰਮਾ) : ਹਿਮਾਚਲ ਪ੍ਰਦੇਸ਼ ਦੇ ਸ਼੍ਰੀ ਨੈਣਾ ਦੇਵੀ ਮੰਦਿਰ ਵਿੱਚ ਮੱਥਾ ਟੇਕਣ ਤੋਂ ਬਾਅਦ ਵਾਪਸ ਆ ਰਹੇ ਸ਼ਰਧਾਲੂਆਂ ਨਾਲ ਭਰਿਆ ਇੱਕ ਟੈਂਪੂ ਖੰਨਾ ਵਿੱਚ ਜਗੇੜਾ ਨਹਿਰ ਵਿੱਚ ਡਿੱਗਣ ਨਾਲ ਛੇ ਸ਼ਰਧਾਲੂਆਂ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਆ ਰਹੀ ਹੈ। ਜਦੋਂ ਕਿ ਚਾਰ ਸ਼ਰਧਾਲੂ ਅਜੇ ਵੀ ਲਾਪਤਾ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਇਸ ਹਾਦਸੇ ਵਿੱਚ 19 ਸ਼ਰਧਾਲੂਆਂ ਨੂੰ ਬਚਾ ਲਿਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਮਲੌਦ ਦੇ ਮੁੱਖ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਦੇਰ ਰਾਤ ਲੱਗਭੱਗ 8.30 ਵਜੇ, ਪਿੰਡ ਮਾਣਕਵਾਲ, ਥਾਣਾ ਸੰਦੌਰ ਮਲੇਰਕੋਟਲਾ ਦੇ 29 ਸ਼ਰਧਾਲੂ, ਜੋ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦੇ ਸ਼੍ਰੀ ਨੈਣਾ ਦੇਵੀ ਮੰਦਿਰ ਵਿੱਚ ਮੱਥਾ ਟੇਕਣ ਤੋਂ ਬਾਅਦ ਟਾਟਾ ਟੈਂਪੂ ਵਿੱਚ ਸਵਾਰ ਸਨ, ਜਦੋਂ ਪਾਇਲ ਰਾਹੀਂ ਰਾੜਾ ਸਾਹਿਬ ਵੱਲ ਸਰਹਿੰਦ ਨਹਿਰ ਸੜਕ 'ਤੇ ਆ ਰਹੇ ਸਨ, ਜਗੇੜਾ ਵਿਖੇ ਪੁਲ ਦੇ ਨੇੜੇ ਨਹਿਰ ਵਿੱਚ ਡਿੱਗ ਗਏ।

ਇਨ੍ਹਾਂ ਵਿੱਚ ਕਿਸ਼ਨ ਕੌਰ (60) ਪਤਨੀ ਕੇਸਰ ਸਿੰਘ, ਜਰਨੈਲ ਸਿੰਘ (55) ਪੁੱਤਰ ਬੁੱਧ ਰਾਮ, ਮਨਜੀਤ ਕੌਰ (58) ਪਤਨੀ ਕਰਮਜੀਤ ਸਿੰਘ, ਸੁਖਮਨ (ਡੇਢ ਸਾਲ) ਪੁੱਤਰ ਗੁਰਪ੍ਰੀਤ ਸਿੰਘ, ਅਕਾਸ਼ਦੀਪ ਸਿੰਘ (8) ਪੁੱਤਰ ਜਸਵਿੰਦਰ ਸਿੰਘ, ਕਮਲਜੀਤ ਕੌਰ (25) ਪਤਨੀ ਜਸਵਿੰਦਰ ਸਿੰਘ ਸ਼ਾਮਲ ਹਨ। ਜਦਕਿ ਕੇਸਰ ਸਿੰਘ, ਅਰਸ਼ਦੀਪ ਕੌਰ, ਗੁਰਪ੍ਰੀਤ ਸਿੰਘ, ਮਹਿੰਦਰ ਕੌਰ ਲਾਪਤਾ ਹਨ।

## ਜੋੜਾਂ ਅਤੇ ਗੋਡਿਆਂ ਦੇ ਦਰਦ ਦਾ ਕੁਦਰਤੀ ਹੱਲ ਬਿਨਾਂ ਆਪ੍ਰੇਸ਼ਨ, ਬਿਨਾਂ ਟੀਕੇ ਦੇ



ਲੁਧਿਆਣਾ, 28 ਜੁਲਾਈ (ਕਰਨੈਲ ਸਿੰਘ ਐੱਮ.ਏ.) : ਅੱਜ ਦੀ ਜੀਵਨ ਸ਼ੈਲੀ ਅਤੇ ਵਧਦੀ ਉਮਰ ਦੇ ਕਾਰਨ, ਬਹੁਤ ਸਾਰੇ ਲੋਕ ਜੋੜਾਂ ਅਤੇ ਖਾਸ ਕਰਕੇ ਗੋਡਿਆਂ ਦੇ ਦਰਦ ਤੋਂ ਪੀੜਤ ਹਨ। ਤੁਰਨਾ ਮੁਸ਼ਕਲ ਹੋ ਜਾਂਦਾ ਹੈ ਅਤੇ ਇਹ ਰੋਜ਼ਾਨਾ ਦੇ ਕੰਮ ਵਿੱਚ ਰੁਕਾਵਟ ਪਾਉਂਦਾ ਹੈ। ਪਰ ਹੁਣ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਇਹ ਜਾਣਕਾਰੀ ਮੈਕਸ ਇੰਟਰਨੈਸ਼ਨਲ ਦੇ ਡਾਇਰੈਕਟਰ ਲਕਸ਼ਮੀਕਾਂਤ ਮਲਿਕ ਨੇ ਅੱਜ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦਿੱਤੀ ਕਿ ਮੈਕਸ ਇੰਟਰਨੈਸ਼ਨਲ ਇੱਕ ਅਜਿਹਾ ਕੁਦਰਤੀ ਇਲਾਜ ਲੈ ਕੇ ਆਇਆ ਹੈ, ਜੋ ਬਿਨਾਂ ਕਿਸੇ ਟੀਕੇ ਜਾਂ ਆਪ੍ਰੇਸ਼ਨ ਦੇ ਤੁਹਾਡੇ ਦਰਦ ਨੂੰ ਜੜ੍ਹ ਤੋਂ ਖਤਮ ਕਰਨ ਵਿੱਚ ਮੱਦਦ ਕਰਦਾ ਹੈ। ਸਾਡੇ ਆਯੁਰਵੈਦਿਕ ਗ੍ਰੰਥਾਂ ਵਿੱਚ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਜਿਵੇਂ ਕਿ ਅਸ਼ਵਗੰਧਾ, ਗੂਗਲ, ਹਲਦੀ, ਅਦਰਕ ਅਤੇ ਹੱਡਜੋੜ ਨੂੰ ਸਦੀਆਂ ਤੋਂ ਜੋੜਾਂ ਦੇ ਦਰਦ ਵਿੱਚ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਰਿਹਾ ਹੈ। ਉਹਨਾਂ ਦੱਸਿਆ ਕਿ ਸਾਡੇ ਦ_ਆਰਾ ਤਿਆਰ ਕੀਤੀ ਗਈ ਦਵਾਈ ਦੇ ਕਈ ਫਾਇਦੇ ਹਨ ਜਿਵੇਂ ਕਿ ਇਹ ਸੋਜ ਅਤੇ ਦਰਦ ਤੋਂ ਰਾਹਤ ਦਿੰਦੀ ਹੈ, ਹੱਡੀਆਂ ਨੂੰ ਮਜ਼ਬੂਤ ਕਰਦੀ ਹੈ, ਗੋਡਿਆਂ ਦੀ ਕਠੋਰਤਾ ਅਤੇ ਕਠੋਰਤਾ ਨੂੰ ਸੁਧਾਰਦੀ ਹੈ, ਕੁਦਰਤੀ ਇਲਾਜ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਕੀਤਾ ਜਾਂਦਾ ਹੈ, ਹੁਣ ਸਮਾਂ ਹੈ ਕਿ ਟੀਕਿਆਂ ਅਤੇ ਆਪ੍ਰੇਸ਼ਨਾਂ ਨੂੰ ਨਾਂਹ ਕਹੋ ਅਤੇ ਕੁਦਰਤ ਦੀ ਗੋਦ ਵਿੱਚ ਆਪਣਾ ਇਲਾਜ ਕਰਵਾਓ, ਆਓ ਅਤੇ ਆਪਣੇ ਜੋੜਾਂ ਅਤੇ ਗੋਡਿਆਂ ਦਾ ਕੁਦਰਤੀ ਤੌਰ 'ਤੇ ਆਪ੍ਰੇਸ਼ਨ, ਟੀਕੇ ਤੋਂ ਬਿਨਾਂ ਇਲਾਜ ਕਰਵਾਓ, ਉਹਨਾਂ ਦੱਸਿਆ ਕਿ ਸਾਡੀ ਆਯੁਰਵੈਦਿਕ ਦਵਾਈ 3 ਮਹੀਨੇ ਲੈਣ ਨਾਲ, ਤੁਹਾਨੂੰ ਜੋੜਾਂ ਅਤੇ ਗੋਡਿਆਂ ਦੇ ਦਰਦ ਤੋਂ ਰਾਹਤ ਮਿਲੇਗੀ।

## ਭਾਰਤੀ ਜਨਤਾ ਪਾਰਟੀ ਦੇ ਸੂਬਾ ਸੰਗਠਨ ਮਹਾਂ ਮੰਤਰੀ ਸ੍ਰੀ ਨਿਵਾਸਲੂ ਫਿਲੌਰ ਪਹੁੰਚੇ



ਫਿਲੌਰ, 28 ਜੁਲਾਈ (ਅਜੇ ਸਿੰਘ ਨਾਗੀ) : ਭਾਰਤੀ ਜਨਤਾ ਪਾਰਟੀ ਸੂਬਾ ਸੰਗਠਨ ਮਹਾਂ ਮੰਤਰੀ ਪੰਜਾਬ ਨਿਵਾਸਲੂ ਜੀ ਫਿਲੌਰ ਪਹੁੰਚੇ। ਫਿਲੌਰ ਪਹੁੰਚਣ 'ਤੇ ਵਿਨੋਦ ਰਹੇਜਾ ਮੰਡਲ ਪ੍ਰਧਾਨ ਫਿਲੌਰ, ਰਣਜੀਤ ਸਿੰਘ ਪਵਾਰ ਜ਼ਿਲ੍ਹਾ ਪ੍ਰਧਾਨ, ਤਰਸੇਮ ਰੁਪਾਣਾ ਪ੍ਰਧਾਨ ਵਿਮੁਕਤ ਜਾਤੀਆਂ ਪੰਜਾਬ ਤੇ ਪਾਰਟੀ ਆਗੂਆਂ ਤੇ ਵਰਕਰਾਂ ਨੇ ਬੁੱਕੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸੂਬਾ ਸੰਗਠਨ ਮਹਾਂ ਮੰਤਰੀ ਪੰਜਾਬ ਨਿਵਾਸਲੂ ਜੀ ਫਿਲੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਘਰ ਘਰ ਤੱਕ ਪਹੁੰਚਾਣੀਆਂ ਚਾਹੀਦੀਆਂ ਹਨ। ਇਸ ਮੌਕੇ ਜ਼ਿਲ੍ਹੇ ਦੇ ਮੰਡਲ ਪ੍ਰਧਾਨ, ਜਰਨਲ ਸੈਕਟਰੀ ਸਾਹਿਬਾਨਾਂ, ਬਾਲ ਸੰਗਠਨਾਤਿਮਕ ਢਾਂਚੇ ਦੀ ਜਾਣਕਾਰੀ ਲਈ। ਇਸ ਮੌਕੇ ਉਹਨਾਂ ਦੇ ਨਾਲ ਜੀਵਨ ਗਰਗ ਮੌਜੂਦ ਰਹੇ। ਇਸ ਮੌਕੇ ਬੀ ਜੇ ਪੀ ਪ੍ਰਧਾਨ ਤਰਸੇਮ ਰੁਪਾਣਾ ਵਿਮੁਕਤ ਜਾਤੀਆਂ ਪੰਜਾਬ ਨੇ ਬੀ ਜੇ ਪੀ ਦੀ ਲੀਡਰਸਿਪ ਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ, ਕਿ ਪੰਜਾਬ 'ਚ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਸਕੀਮਾਂ ਨੂੰ ਵੇਖ ਪੰਜਾਬ ਵਾਸੀ ਬੀ ਜੇ ਪੀ ਦੀ ਸਰਕਾਰ ਬਣਾਉਣਗੇ।

## ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਪ੍ਰੋਗਰਾਮ ਤਹਿਤ ਵਰਕਸ਼ਾਪ



ਜਗਰਾਓਂ, 28 ਜੁਲਾਈ (ਦਵਿੰਦਰ ਜੈਨ) : ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਪੰਜਾਬ ਸਰਕਾਰ ਦੇ ਮੋਢੇ ਨਾਲ ਮੋਢਾ ਜੋੜਕੇ ਵਿਦਿਆਰਥੀ-ਵਰਗ ਨੂੰ ਸਮਾਜ ਪ੍ਰਤੀ ਜਿੰਮੇਵਾਰੀਆਂ ਨਾਲ ਜੋੜਦੇ ਹੋਏ ਸੰਸਾਰ ਵਿੱਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਖਤਮ ਕਰਨ ਲਈ ਵਿਦਿਆਰਥੀਆਂ ਲਈ ਵਿਸ਼ੇਸ਼ ਵਰਕਸ਼ਾਪ ਅਯੋਜਿਤ ਕੀਤੀ ਗਈ। ਜਿਸ ਵਿੱਚ ਉਹਨਾਂ ਦੇ ਅਧਿਆਪਕ ਸਾਹਿਬਾਨ ਵੱਲੋਂ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਤੇ ਹੋਰਨਾਂ ਨੂੰ ਇਸਤੋਂ ਦੂਰ ਕਰਨ ਦੇ ਤਰੀਕੇ ਦੱਸੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦਾ ਭਰਪੂਰ ਸਹਿਯੋਗ ਕਰ ਰਹੇ, ਤਾਂ ਜੋ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਇਸ ਕੁਰੀਤੀ ਤੋਂ ਬਚ ਸਕਣ ਤੇ ਆਪਣੇ ਭਵਿੱਖ ਨੂੰ ਸੰਵਾਰ ਕੇ ਮਾਪਿਆਂ ਦਾ ਸਹਾਰਾ ਬਣਨ। ਵਿੱਦਿਅਕ ਅਦਾਰੇ ਇੱਕ ਅਜਿਹਾ ਮੰਚ ਹੁੰਦੇ ਹਨ ਜੋ ਵਿਦਿਆਰਥੀ-ਵਰਗ ਨੂੰ ਕਿਸੇ ਪਾਸੇ ਵੀ ਤੋਰ ਸਕਦੇ ਹਨ। ਉਹਨਾਂ ਕਿਹਾ ਕਿ ਅੱਜ ਦੇ ਯੂਥ ਨੂੰ ਖੇਡਾਂ ਨਾਲ ਜੁੜਨ ਦੀ ਲੋੜ ਹੈ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਕਿਹਾ ਕਿ ਨਸ਼ਾ ਪੰਜਾਬ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਦੀ ਰੋਕਥਾਮ ਲਈ ਵੱਧ ਚੜ੍ਹ ਕੇ ਹਿੱਸਾ ਪਾਉਣ ਦੀ ਲੋੜ ਹੈ।

# ਐੱਸ.ਸੀ.ਐੱਫ. ਨੇ ਨਾਗਰਿਕ ਮੁੱਦਿਆਂ ਨੂੰ ਉਜਾਗਰ ਕੀਤਾ, ਅਧਿਕਾਰੀਆਂ ਨਾਲ ਚਿੰਤਾਵਾਂ ਉਠਾਈਆਂ



ਫਿਰੋਜ਼ਪੁਰ, 28 ਜੁਲਾਈ (ਤਿਵਾੜੀ): ਸੀਨੀਅਰ ਸਿਟੀਜ਼ਨ ਫੋਰਮ, ਫਿਰੋਜ਼ਪੁਰ ਦੀ ਮਾਸਿਕ ਮੀਟਿੰਗ ਫੋਰਮ ਦੇ ਪ੍ਰਧਾਨ ਪ੍ਰਿੰਸੀਪਲ ਧਵਨ ਦੀ ਅਗਵਾਈ ਹੇਠ ਛਾਉਣੀ ਖੇਤਰ ਦੇ ਰਾਮ ਬਾਗ ਓਲਡ ਏਜ ਹੋਮ ਵਿਖੇ ਹੋਈ। ਇਸ ਇਕੱਠ ਵਿੱਚ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਦੋਵਾਂ ਤੋਂ ਵੱਡੀ ਗਿਣਤੀ ਵਿੱਚ ਅਹੁਦੇਦਾਰਾਂ ਤੇ ਸਰਗਰਮ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ, ਰਾਮ ਬਾਗ ਵਿੱਚ ਗੁਰੂਕੁਲ ਦੇ ਵਿਦਿਆਰਥੀਆਂ -ਜੋ ਕਿ ਵੱਖ-ਵੱਖ ਭਾਰਤੀ ਰਾਜਾਂ ਤੋਂ ਸਨ, ਨੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਇੱਕ ਪਹਿਲਕਦਮੀ ਤਹਿਤ ਕਈ ਤਰ੍ਹਾਂ ਦੇ ਪੌਦੇ ਲਗਾਏ। ਇਹ ਪੌਦੇ ਲਗਾਉਣ ਦੀ ਮੁਹਿੰਮ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਤੇ ਰਾਮ ਬਾਗ ਦੀ ਪ੍ਰਬੰਧਨ ਟੀਮ, ਜਿਸ ਵਿੱਚ ਹਰੀਸ਼ ਗੋਇਲ ਤੇ ਪ੍ਰੋਫੈਸਰ ਗੋਇਲ ਸ਼ਾਮਲ ਹਨ, ਦੇ ਸਹਿਯੋਗ ਨਾਲ ਸੀਨੀਅਰ ਸਿਟੀਜ਼ਨ ਫੋਰਮ ਟੀਮ ਦੇ ਨਾਲ ਆਯੋਜਿਤ ਕੀਤੀ ਗਈ ਸੀ। ਇਨ੍ਹਾਂ ਪੌਦਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਤੋਂ ਗੁਰੂਕੁਲ ਦੇ ਆਚਾਰੀਆ ਨੇ ਲਈ ਸੀ। ਮੀਟਿੰਗ ਦੌਰਾਨ ਵੱਖ-ਵੱਖ ਨਾਗਰਿਕ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਸ਼ਹਿਰ ਤੇ ਛਾਉਣੀ ਵਿੱਚ ਟੁੱਟੀਆਂ ਸੜਕਾਂ ਤੇ ਸੀਵਰੇਜ ਸਿਸਟਮ ਦੀ ਮੁਰੰਮਤ, ਹਾਦਸਿਆਂ ਨੂੰ ਰੋਕਣ ਲਈ ਅਵਾਰਾ ਪਸ਼ੂਆਂ ਦਾ ਪ੍ਰਬੰਧਨ ਕਰਨ ਦੀ ਜ਼ਰੂਰਤ ਤੇ ਦਿੱਲੀ-ਮੋਗਾ ਅਤੇ ਦਿੱਲੀ-ਬਠਿੰਡਾ ਰੇਲਗੱਡੀਆਂ ਨੂੰ ਫਿਰੋਜ਼ਪੁਰ ਛਾਉਣੀ ਤੱਕ ਵਧਾਉਣ ਦੀਆਂ ਬੇਨਤੀਆਂ ਸ਼ਾਮਲ ਹਨ। ਇਸ ਮੌਕੇ ਫੋਰਮ ਨੇ ਰਾਮ ਬਾਗ ਬਿਰਧ ਆਸ਼ਰਮ ਦੇ ਬਜ਼ੁਰਗ ਨਿਵਾਸੀਆਂ ਤੇ ਬੱਚਿਆਂ ਨੂੰ ਜ਼ਰੂਰੀ ਚੀਜ਼ਾਂ ਵੰਡੀਆਂ ਤੇ ਇਸਦੀ ਪ੍ਰਬੰਧਕੀ ਕਮੇਟੀ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਜਿਨ੍ਹਾਂ ਮੈਂਬਰਾਂ ਦਾ ਜਨਮਦਿਨ ਜੁਲਾਈ ਵਿੱਚ ਆਉਂਦਾ ਹੈ, ਉਨ੍ਹਾਂ ਨੂੰ ਕੇਕ ਕੱਟ ਕੇ ਵਧਾਈ ਦਿੱਤੀ ਗਈ। ਨਵੇਂ ਮੈਂਬਰਾਂ ਅਸ਼ਵਿਨ ਪੁਰੀ, ਉਦੇ ਪ੍ਰਕਾਸ਼ ਤੇ ਅਸ਼ੋਕ ਬੱਬਰ ਦਾ ਫੋਰਮ ਵਿੱਚ ਸਵਾਗਤ ਕੀਤਾ ਗਿਆ। ਇਸ ਮੌਕੇ ਛਾਉਣੀ ਵਿੱਚ ਇੱਕ ਨਵੀਂ ਕਮੇਟੀ ਬਣਾਉਣ ਵਿੱਚ ਆਪਣੇ ਸਰਗਰਮ ਸਮਰਥਨ ਦਾ ਭਰੋਸਾ ਦਿੱਤਾ।

# ਦੂਸ਼ਿਤ ਪਾਣੀ ਤੇ ਭੋਜਨ ਹੈਪੇਟਾਈਟਸ ਦਾ ਮੁੱਖ ਕਾਰਨ: ਡਾ. ਗੋਇਲ

ਫਾਜ਼ਿਲਕਾ, 28 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਿਹਤ ਵਿਭਾਗ, ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਹਾਇਕ ਸਿਵਲ ਸਰਜਨ ਤੇ ਸੀਨੀਅਰ ਮੈਡੀਕਲ ਅਫਸਰ ਡਾ. ਰੋਹਿਤ ਗੋਇਲ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅਰਪਿਤ ਗੁਪਤਾ ਦੀ ਨਿਗਰਾਨੀ ਹੇਠ, ਅੱਜ ਸੀਐਚਸੀ ਖੂਈਖੇੜਾ ਦੇ ਵੱਖ-ਵੱਖ ਕੇਂਦਰਾਂ ਵਿੱਚ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਐਸ.ਐਮ.ਓ ਡਾ. ਗੋਇਲ ਨੇ ਦੱਸਿਆ ਕਿ ਹੈਪੇਟਾਈਟਸ ਏ ਤੇ ਈ ਦੇ ਫੈਲਣ ਦੇ ਮੁੱਖ ਕਾਰਨਾਂ ਵਿੱਚ ਗੰਦਾ ਪਾਣੀ ਪੀਣਾ ਤੇ ਸੜੇ ਹੋਏ ਫਲ ਖਾਣਾ, ਮੱਖੀਆਂ ਨਾਲ ਦੂਸ਼ਿਤ ਫਲ ਅਤੇ ਭੋਜਨ ਖਾਣਾ ਅਤੇ ਹੱਥ ਧੋਤੇ ਬਿਨਾਂ ਭੋਜਨ ਖਾਣਾ ਆਦਿ ਸ਼ਾਮਲ ਹਨ। ਇਸ ਬਿਮਾਰੀ ਦੇ ਮੁੱਖ ਲੱਛਣਾਂ ਵਿੱਚ ਹਲਕਾ ਬੁਖਾਰ ਤੇ ਮਾਸਪੇਸ਼ੀਆਂ ਵਿੱਚ ਦਰਦ, ਭੁੱਖ ਨਾ ਲੱਗਣਾ, ਵਾਰ-ਵਾਰ ਉਲਟੀਆਂ ਆਉਣਾ, ਪਿਸ਼ਾਬ ਦਾ ਗੂੜ੍ਹਾ ਪੀਲਾ ਹੋਣਾ, ਕਮਜ਼ੋਰੀ ਮਹਿਸੂਸ ਹੋਣਾ ਤੇ ਜਿਗਰ ਨੂੰ ਨੁਕਸਾਨ ਪਹੁੰਚਣਾ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹੈਪੇਟਾਈਟਸ ਏ ਅਤੇ ਈ ਨੂੰ ਰੋਕਣ ਲਈ ਪੀਣ ਵਾਲਾ ਪਾਣੀ ਸਾਫ਼ ਜਗ੍ਹਾ ਤੋਂ ਪੀਣਾ ਚਾਹੀਦਾ ਹੈ ਜਾਂ ਪੀਣ ਤੋਂ ਪਹਿਲਾਂ ਪਾਣੀ ਉਬਾਲ ਕੇ ਠੰਡਾ ਕਰਨਾ ਚਾਹੀਦਾ ਹੈ। ਪੀਣ ਵਾਲੇ ਪਾਣੀ ਨੂੰ ਸਾਫ਼ ਭਾਂਡੇ ਵਿੱਚ ਢੱਕ ਕੇ ਰੱਖੋ ਅਤੇ ਪੀਣ ਵਾਲੇ ਪਾਣੀ ਨੂੰ ਆਪਣੇ ਹੱਥਾਂ ਨਾਲ ਨਾ ਛੂਹੋ, ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਟਾਇਲਟ ਦੀ ਵਰਤੋਂ ਕਰਨੀ ਚਾਹੀਦੀ ਹੈ, ਖੁੱਲ੍ਹੇ ਵਿੱਚ ਮਲ-ਮੂਤਰ ਨਹੀਂ ਕਰਨਾ ਚਾਹੀਦਾ, ਸੜੇ ਅਤੇ ਜ਼ਿਆਦਾ ਪੱਕੇ ਹੋਏ ਫਲ ਨਹੀਂ ਖਾਣੇ ਚਾਹੀਦੇ, ਇਸ ਦੇ ਨਾਲ ਹੀ ਖੇਤਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਦੇ ਢੱਕਣ ਅਤੇ ਡੱਬੇ ਨਹਿਰ ਅਤੇ ਪੀਣ ਵਾਲੇ ਪਾਣੀ ਵਿੱਚ ਨਾ ਸੁੱਟੋ। ਅਜਿਹਾ ਕਰਨ ਨਾਲ ਪਾਣੀ ਮਨੁੱਖੀ ਵਰਤੋਂ ਲਈ ਅਯੋਗ ਹੋ ਜਾਂਦਾ ਹੈ। ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਬੇਗਵਾਨੀ ਨੇ ਕਿਹਾ ਕਿ ਇਸ ਵਾਰ ਸਿਹਤ ਵਿਭਾਗ 'ਆਓ ਇਸਨੂੰ ਤੋੜੀਏ' ਥੀਮ 'ਤੇ ਵਿਸ਼ਵ ਹੈਪੇਟਾਈਟਸ ਦਿਵਸ ਮਨਾ ਰਿਹਾ ਹੈ। ਇਸ ਮੌਕੇ ਬਲਾਕ ਦੇ ਸਰਕਾਰੀ ਸਕੂਲਾਂ ਅਤੇ ਵੱਖ-ਵੱਖ ਸਬ-ਸੈਂਟਰਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਗਏ।

# ਦੇਸ਼ ਭਗਤ ਗਲੋਬਲ ਸਕੂਲ 'ਚ ਖੁਸ਼ੀਆਂ ਭਰੇ ਮਾਹੌਲ 'ਚ ਮਨਾਇਆ ਤੀਆਂ ਦਾ ਤਿਉਹਾਰ

☛ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਐਸ਼ਵੀਰ ਕੌਰ ਦੇ ਸਿਰ 'ਤੇ ਸਜਿਆ ਮਿਸ ਤੀਜ ਦਾ ਤਾਜ



ਮੰਡੀ ਗੋਬਿੰਦਗੜ੍ਹ, 28 ਜੁਲਾਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਗਲੋਬਲ ਸਕੂਲ ਵਿੱਚ ਉਤਸ਼ਾਹ, ਰਵਾਇਤ ਤੇ ਸੱਭਿਆਚਾਰਕ ਮਾਣ ਨਾਲ ਭਰਪੂਰ ਤੀਆਂ ਦਾ ਤਿਉਹਾਰ ਮਨਾਇਆ ਗਿਆ। ਵਿਦਿਆਰਥੀਆਂ ਨੇ ਰੰਗੀਨ, ਰਵਾਇਤੀ ਪਹਿਰਾਵੇ ਪਹਿਨੇ ਹੋਏ ਸਨ, ਜਿਸ ਨਾਲ ਇੱਕ ਤਿਉਹਾਰ ਵਾਲਾ ਮਾਹੌਲ ਪੈਦਾ ਹੋਇਆ। ਚੌਥੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥਣਾਂ ਨੇ ਆਪਣੀਆਂ ਸ਼ਾਨਦਾਰ ਸੱਭਿਆਚਾਰਕ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ, ਜੋ ਕਿ ਊਰਜਾਵਾਨ ਭੰਗੜੇ ਤੇ ਸ਼ਾਨਦਾਰ ਗਿੱਧੇ ਦੇ ਪ੍ਰਦਰਸ਼ਨਾਂ ਰਾਹੀਂ ਪੰਜਾਬੀ ਵਿਰਸੇ ਦੀ ਅਮੀਰੀ ਨੂੰ ਦਰਸਾਉਂਦੀਆਂ ਸਨ। ਇਸ ਸਮਾਗਮ ਦਾ ਮੁੱਖ ਆਕਰਸ਼ਣ ਮਿਸ ਤੀਜ 2025 ਮੁਕਾਬਲਾ ਸੀ। ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਐਸ਼ਵੀਰ ਕੌਰ ਨੂੰ ਮਿਸ ਤੀਜ 2025 ਦਾ ਤਾਜ ਪਹਿਨਾਇਆ ਗਿਆ, ਜਦੋਂ ਕਿ ਰਵਨੀਤ ਨੂੰ ਸਰਵੋਤਮ ਪੇਸ਼ਕਾਰੀ ਲਈ ਸਨਮਾਨਤ ਕੀਤਾ ਗਿਆ, ਤੇ ਗੁਰਲੀਨ ਕੌਰ ਨੂੰ ਐਥਨਿਕ ਐਲੀਗੇਂਸ ਦਾ ਖਿਤਾਬ ਦਿੱਤਾ ਗਿਆ। ਵਿਦਿਆਰਥਣਾਂ ਨੇ ਮਹਿੰਦੀ ਲਗਾਉਣ ਤੇ ਰਵਾਇਤੀ ਚੂੜੀਆਂ ਪਹਿਨਣ ਦਾ ਵੀ ਆਨੰਦ ਮਾਣਿਆ। ਇਸ ਦੌਰਾਨ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਭਾਗੀਦਾਰਾਂ ਦੀ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਇੰਦੂ ਸ਼ਰਮਾ ਨੇ ਤੀਜ ਦੇ ਸੱਭਿਆਚਾਰਕ ਮਹੱਤਵ 'ਤੇ ਗੱਲ ਕੀਤੀ। ਇਸ ਮੌਕੇ ਰਵਾਇਤੀ ਮਠਿਆਈਆਂ ਤੇ ਝੂਲਿਆਂ ਨੇ ਖੁਸ਼ੀ ਨੂੰ ਵਧਾ ਦਿੱਤਾ, ਜਿਸ ਨਾਲ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਕਦਰ ਵਧੀ ਤੇ ਜਸ਼ਨ ਯਾਦਗਾਰੀ ਤੇ ਵਿਦਿਅਕ ਦੋਵੇਂ ਬਣ ਗਿਆ।

# ਡੀ.ਸੀ. ਵੱਲੋਂ ਵਿਲੇਜ ਡਿਫੈਂਸ ਕਮੇਟੀਆਂ ਦੇ ਪੁਨਰਗਠਨ ਸਬੰਧੀ ਮੀਟਿੰਗ



ਫਾਜ਼ਿਲਕਾ, 28 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਵਿਲੇਜ ਡਿਫੈਂਸ ਕਮੇਟੀ ਨੂੰ ਪੁਨਰਗਠਨ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਨੇ ਵਿਲੇਜ ਡਿਫੈਂਸ ਕਮੇਟੀਆਂ ਦੇ ਪੁਨਰਗਠਨ ਸਬੰਧੀ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ.) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਭਾਸ਼ ਚੰਦਰ, ਐੱਸ.ਡੀ.ਐੱਮ ਫਾਜ਼ਿਲਕਾ ਵੀਰਪਾਲ ਕੌਰ, ਐੱਸ.ਡੀ.ਐੱਮ ਜਲਾਲਾਬਾਦ ਕੰਵਰਜੀਤ ਸਿੰਘ ਮਾਨ, ਐੱਸ.ਡੀ.ਐਮ ਅਬੋਹਰ ਕ੍ਰਿਸ਼ਨਾ ਪਾਲ ਰਾਜਪੂਤ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੀਰੂ ਗਰਗ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਪਿੰਡਾਂ ਵਿੱਚ ਜ਼ਮੀਨੀ ਪੱਧਰ 'ਤੇ ਨਸ਼ਿਆਂ ਦਾ ਖਾਤਮਾ ਕਰਨ ਲਈ ਠੋਸ ਕਾਰਵਾਈ ਜੰਗੀ ਪੱਧਰ 'ਤੇ ਜਾਰੀ ਹੈ ਤੇ ਇਹ ਕਮੇਟੀਆਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣਗੀਆਂ। ਉਨ੍ਹਾਂ ਦੱਸਿਆ ਕਿ ਵਿਲੇਜ ਡਿਫੈਂਸ ਕਮੇਟੀਆਂ ਵਿੱਚ ਸਬੰਧਤ ਪਿੰਡ ਦਾ ਸਰਪੰਚ, ਨੌਜਵਾਨ, ਬੀ.ਡੀ.ਪੀ.ਓ, ਐੱਸ.ਐੱਚ.ਓ ਬਤੌਰ ਮੈਂਬਰ ਸ਼ਾਮਲ ਹੋਣਗੇ ਤੇ ਇਹ ਕਮੇਟੀਆਂ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਯੋਗਦਾਨ ਪਾਉਣਗੀਆਂ।

# ਸਿਹਤ ਵਿਭਾਗ ਵੱਲੋਂ 'ਵਿਸ਼ਵ ਹੈਪੇਟਾਈਟਸ ਦਿਵਸ' ਮੌਕੇ ਜਾਗਰੂਕਤਾ ਪੋਸਟਰ ਜਾਰੀ



ਫਤਹਿਗੜ੍ਹ ਸਾਹਿਬ, 28 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਹੈਪੇਟਾਈਟਸ ਇੱਕ ਜਿਗਰ ਦਾ ਰੋਗ ਹੈ ਤੇ ਇਹ ਜਿਗਰ ਦੇ ਕੈਂਸਰ ਦਾ ਇੱਕ ਮੁੱਖ ਕਾਰਨ ਹੈ। ਇਸ ਰੋਗ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 28 ਜੁਲਾਈ ਨੂੰ 'ਵਿਸ਼ਵ ਹੈਪੇਟਾਈਟਸ ਦਿਵਸ' ਮਨਾਇਆ ਜਾਂਦਾ ਹੈ। ਇਸ ਸਾਲ ਇਹ ਦਿਵਸ ਆਓ ਇਸ ਨੂੰ ਤੋੜੀਏ ਥੀਮ 'ਤੇ ਅਧਾਰਤ ਮਨਾਇਆ ਗਿਆ। ਇਹ ਜਾਣਕਾਰੀ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹਾ ਪੱਧਰ ਤੋਂ ਜਾਗਰੂਕਤਾ ਪੋਸਟਰ ਜਾਰੀ ਕਰਦਿਆਂ ਕੀਤੀ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਇੱਕ ਵਾਇਰਲ ਰੋਗ ਹੈ ਜੋ ਏ.ਬੀ.ਸੀ.ਡੀ ਤੇ ਈ ਪੰਜ ਪ੍ਰਕਾਰ ਦਾ ਹੁੰਦਾ ਹੈ। ਇਨ੍ਹਾਂ ਵਿੱਚੋਂ ਹੈਪੇਟਾਈਟਸ ਬੀ ਅਤੇ ਸੀ ਵਧੇਰੇ ਖਤਰਨਾਕ ਹੁੰਦਾ ਹੈ ਜੋ ਸੰਕਰਮਿਤ ਸੂਈਆਂ ਦੀ ਵਰਤੋਂ ਕਰਨ ਅਤੇ ਇਹਨਾਂ ਨਾਲ ਸਰੀਰ 'ਤੇ ਟੈਟੂ ਬਣਵਾਉਣ, ਬਿਨਾਂ ਟੈਸਟ ਕਰਵਾਏ ਖੂਨ ਚੜ੍ਹਵਾਉਣ, ਅਸੁਰੱਖਿਅਤ ਸੰਭੋਗ ਕਰਨ ਤੇ ਸੂਈਆਂ ਸਰਿੰਜਾਂ ਦੀ ਸਾਂਝੀ ਵਰਤੋਂ ਕਰਨ ਆਦਿ ਨਾਲ ਹੋ ਸਕਦਾ ਹੈ? ਜਦਕਿ ਹੈਪੇਟਾਈਟਸ ਏ ਤੇ ਈ ਦੂਸ਼ਿਤ ਭੋਜਨ ਜਾਂ ਦੂਸ਼ਿਤ ਪਾਣੀ ਤੋਂ ਹੁੰਦਾ ਹੈ। ਉਨ੍ਹਾਂ ਇਸ ਰੋਗ ਤੋਂ ਬਚਣ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਇਹ ਰੋਗ ਹੋ ਜਾਵੇ ਤਾਂ ਸੂਬੇ ਦੇ ਸਾਰੇ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲਾਂ ਤੇ ਤਿੰਨ ਮੈਡੀਕਲ ਕਾਲਜਾਂ, ਪਟਿਆਲਾ, ਅੰਮ੍ਰਿਤਸਰ, ਮੋਹਾਲੀ, ਫਰੀਦਕੋਟ ਵਿੱਚ ਇਸ ਦਾ ਟੈਸਟ ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਬੀ ਤੋਂ ਬਚਣ ਲਈ ਬੱਚਿਆਂ ਨੂੰ ਜਨਮ ਤੋਂ 24 ਘੰਟੇ ਦੇ ਅੰਦਰ ਅੰਦਰ ਪਹਿਲਾ ਟੀਕਾ ਜ਼ਰੂਰ ਲਗਵਾਓ। ਇਸ ਮੌਕੇ 'ਤੇ ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਪਾਰੁਲ ਗੁਪਤਾ, ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਪ੍ਰਭਜੋਤ ਕੌਰ,ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਅਮਨਪ੍ਰੀਤ ਸਿੰਘ, ਡੀਪੀਐਮ ਕਸੀਤਿਜ ਸੀਮਾ, ਜ਼ਿਲ੍ਹਾ ਪੀਐਨਡੀਟੀ ਕੋਆਰਡੀਨੇਟਰ ਜਸਵੀਰ ਸਿੰਘ ਤੋਂ ਇਲਾਵਾ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

# ਸਾਂਸਦ ਸ਼ੇਰ ਸਿੰਘ ਘੁਬਾਇਆ ਨੇ ਐਮ.ਪੀ. ਫੰਡ ਰਾਹੀਂ ਵੱਖ-ਵੱਖ ਪਿੰਡਾਂ ਨੂੰ ਦਿੱਤੇ ਪਾਣੀ ਵਾਲੇ ਟੈਂਕਰ



ਫਾਜ਼ਿਲਕਾ, 28 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਨਵ-ਚੁਣੇ ਕਾਂਗਰਸੀ ਸਾਂਸਦ ਸ਼ੇਰ ਸਿੰਘ ਘੁਬਾਇਆ ਨੇ ਫਾਜ਼ਿਲਕਾ ਹਲਕੇ ਦੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਆਪਣੇ ਐਮ.ਪੀ. ਫੰਡ ਰਾਹੀਂ ਵੱਖ-ਵੱਖ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਪਾਣੀ ਵਾਲੇ ਟੈਂਕਰ ਮੁਹੱਈਆ ਕਰਵਾਏ ਹਨ। ਇਸ ਮੌਕੇ ਫਾਜ਼ਿਲਕਾ ਦੀ ਦਾਣਾ ਮੰਡੀ 'ਚ ਬਲਾਕ ਕਾਂਗਰਸ ਪ੍ਰਧਾਨ ਮਦਨ ਲਾਲ ਅੱਛੂ ਵਡੇਰਾ ਦੇ ਦਫ਼ਤਰ ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸਾਬਕਾ ਵਿਧਾਇਕ ਦਵਿੰਦਰ ਘੁਬਾਇਆ, ਵਿਕਟਰ ਡਾਵੜਾ, ਬਲਤੇਜ ਬਰਾੜ, ਸੁਰਿੰਦਰ ਕੰਬੋਜ, ਰਾਜਿੰਦਰ ਕੰਬੋਜ, ਸੀਨੀਅਰ ਕਾਂਗਰਸੀ ਆਗੂ ਰਾਜੇਸ਼ ਗਰੋਵਰ, ਕਰਨੈਲ ਸੈਕਟਰੀ, ਮਿਲਾਨ ਸਿੰਘ ਸਚਦੇਵਾ, ਡਾ. ਕੇ.ਕੇ. ਗਰੋਵਰ, ਪੰਮਾ ਪ੍ਰਧਾਨ, ਮਹਾਂਵੀਰ ਐਮ.ਸੀ., ਅਸ਼ਵਨੀ ਕੁਮਾਰ ਐਮ.ਸੀ., ਰੋਹਿਤ ਚੁੱਘ, ਹਰੀਸ਼ ਠਾਕੁਰ, ਗੁਰਪ੍ਰੀਤ ਸਿੰਘ ਸਮੇਤ ਕਈ ਪਿੰਡਾਂ ਦੇ ਸਰਪੰਚ, ਪੰਚ, ਕਾਂਗਰਸ ਵਰਕਰ ਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ। ਸਾਂਸਦ ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ ਇਲਾਕੇ ਦੇ ਕਈ ਪਿੰਡਾਂ ਵਿੱਚ ਗਰਮੀ ਦੇ ਮੌਸਮ ਦੌਰਾਨ ਪੀਣ ਵਾਲੇ ਪਾਣੀ ਦੀ ਭਾਰੀ ਕਮੀ ਹੋ ਜਾਂਦੀ ਹੈ। ਇਹ ਟੈਂਕਰ ਹੋਰ ਕੰਮਾਂ ਲਈ ਵੀ ਵਰਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨੂੰ ਵੇਖਦਿਆਂ ਉਨ੍ਹਾਂ ਨੇ ਆਪਣੇ ਐਮ.ਪੀ. ਫੰਡ ਰਾਹੀਂ ਫਾਜ਼ਿਲਕਾ ਹਲਕੇ ਦੇ ਜ਼ਰੂਰਤਮੰਦ ਪਿੰਡਾਂ ਵਿੱਚ ਪਾਣੀ ਵਾਲੇ ਟੈਂਕਰ ਭੇਜਣ ਦੀ ਵਿਵਸਥਾ ਕੀਤੀ ਹੈ। ਸਾਂਸਦ ਘੁਬਾਇਆ ਨੇ ਇਹ ਵੀ ਕਿਹਾ ਕਿ ਉਹ ਇਲਾਕੇ ਦੀ ਜਨਤਾ ਦੇ ਹਰ ਸੁੱਖ-ਦੁੱਖ ਵਿੱਚ ਸਾਥੀ ਹਨ ਅਤੇ ਭਵਿੱਖ ਵਿੱਚ ਵੀ ਜਨਤਕ ਹਿੱਤ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੰਦੇ ਰਹਿਣਗੇ।

# ਰੱਖੜ ਪੁੰਨਿਆ ਮੇਲੇ ਦੀ ਕਾਨਫਰੰਸ ਪਿਛਲੇ ਸਾਰੇ ਰਿਕਾਰਡ ਤੋੜੇਗੀ: ਪਵਿੱਤਰਜੀਤ ਸਿੰਘ ਬਹਾਦਰਪੁਰ



ਰਈਆ, 28 ਜੁਲਾਈ (ਰਾਕੇਸ਼ ਸਲਵਾਨ): ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਐਮ.ਪੀ. ਖਡੂਰ ਸਾਹਿਬ ਦੀ ਅਗਵਾਈ ਹੇਠ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵੱਲੋਂ ਸਾਚਾ ਗੁਰੂ ਲਾਧੋ ਰੇ ਦਿਵਸ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ 9 ਅਗਸਤ ਨੂੰ ਹੋਣ ਵਾਲੀ ਪੰਥਕ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ ਅੱਜ ਇਸੇ ਤਹਿਤ ਬਲਾਕ ਖਡੂਰ ਸਾਹਿਬ ਦੇ ਸਰਕਲ ਪ੍ਰਧਾਨ ਪਵਿੱਤਰਜੀਤ ਸਿੰਘ ਬਹਾਦਰਪੁਰ ਹੁਣਾ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਅੱਜ ਪਿੰਡ ਬਹਾਦਰਪੁਰ ਵਿਖੇ ਇਕ ਮੀਟਿੰਗ ਰੱਖੀ ਗਈ, ਜਿਸ ਵਿੱਚ ਖ਼ਾਸ ਤੌਰ 'ਤੇ ਬਾਪੂ ਤਰਸੇਮ ਸਿੰਘ ਹੁਣੀ ਨੇ ਪਹੁੰਚੇ ਪਿੰਡ ਵਾਸੀਆਂ ਨੂੰ ਕਾਨਫਰੰਸ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਅਤੇ ਕਿਹਾ ਇਸ ਵਾਰ ਦੀ ਪੰਥਕ ਕਾਨਫਰੰਸ ਪਿਛਲੇ ਸਾਰੇ ਰਿਕਾਰਡ ਤੋੜੇਗੀ ਤੇ ਪਾਰਟੀ ਵੱਲੋਂ ਪਿੰਡ ਦੀ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਮੁੱਖ ਬੁਲਾਰਾ ਪਰਗਟ ਸਿੰਘ ਮੀਆਂਵਿੰਡ ਸੀਨੀਅਰ ਆਗੂ ਜੋਧਬੀਰ ਸਿੰਘ ਜੱਲੂਪੁਰ ਖੈੜਾ, ਬਲਦੇਵ ਸਿੰਘ ਬਿੱਟਾ, ਗੁਰਦਰਸ਼ਨ ਸਿੰਘ ਖਲਚੀਆ, ਜਰਮਨਜੀਤ ਸਿੰਘ ਸਰਾਏ, ਹਰਜੀਤ ਸਿੰਘ ਅਲੋਵਾਲ ਸਤਨਾਮ ਸਿੰਘ ਮੀਆਂਵਿੰਡ, ਕੈਪਟਨ ਗੁਰਮੁੱਖ ਸਿੰਘ ਸੁਧਾਰ, ਦਲਬੀਰ ਸਿੰਘ ਖੋਜਕੀਪੁਰ, ਜਗਦੀਪ ਸਿੰਘ ਨਾਗੋਕੇ, ਸੂਬੇਦਾਰ ਬਲਕਾਰ ਸਿੰਘ ਤਖਤੂਚੱਕ, ਸੁਖਵੰਤ ਸਿੰਘ ਜਲਾਲਾਬਾਦ ਆਦਿ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਤਹਿਤ ਵੱਖ-ਵੱਖ ਪਿੰਡਾਂ 'ਚ ਜਨ ਸਭਾਵਾਂ ਕਰਵਾਈਆਂ

☛ਡਾ. ਅਮਨਦੀਪ ਕੌਰ ਗੋਸਲ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਦਿਵਾਇਆ ਸਮੂਹਕ ਪ੍ਰਣ



ਫਿਰੋਜ਼ਪੁਰ, 28 ਜੁਲਾਈ (ਤਿਵਾੜੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪਿੰਡਾਂ ਵਿੱਚ ਲਗਾਤਾਰ ਨਸ਼ਾ ਮੁਕਤੀ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ। ਜਿਸ ਦੇ ਚੱਲਦਿਆਂ ਡਾ. ਅਮਨਦੀਪ ਕੌਰ ਗੋਸਲ ( ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫਿਰੋਜ਼ਪੁਰ ਸ਼ਹਿਰੀ) ਵੱਲੋਂ ਹਲਕੇ ਦੇ ਪਿੰਡ ਬਾਘੇ ਵਾਲਾ, ਬਸਤੀ ਗੁਰਦਿਆਲ ਸਿੰਘ, ਬਸਤੀ ਬੱਗੇਵਾਲੀ ਅਤੇ ਬਸਤੀ ਕਿਸ਼ਨ ਸਿੰਘ ਵਿਚ ਪਹੁੰਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜੰਗ ਜਿੱਤਣ ਲਈ ਸਮੂਹਿਕ ਪ੍ਰਣ ਦਿਵਾਇਆ ਤੇ ਨਸ਼ਿਆਂ ਖਿਲਾਫ ਡੱਟਣ ਦਾ ਸੱਦਾ ਦਿੱਤਾ ਗਿਆ। ਇਨ੍ਹਾਂ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਆਯੋਜਿਤ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਡਾ. ਅਮਨਦੀਪ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਸਾਬਕਾ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਮੱਦੇਨਜ਼ਰ ਨਸ਼ਿਆਂ ਦਾ ਪ੍ਰਸਾਰ ਵਧਿਆ, ਜਿਸਦਾ ਸਭ ਤੋਂ ਜ਼ਿਆਦਾ ਬੁਰਾ ਅਸਰ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਨੂੰ ਝੱਲਣਾ ਪੈ ਰਿਹਾ ਹੈ। ਪ੍ਰੰਤੂ ਹੁਣ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਦ੍ਰਿੜ ਸੰਕਲਪ ਕਰਦਿਆਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਤਹੱਈਆ ਕੀਤਾ ਹੋਇਆ ਹੈ ਅਤੇ ਪਿੰਡਾਂ 'ਚ ਕੀਤੀਆਂ ਜਾ ਰਹੀਆਂ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਲੋਕਾਂ ਵਲੋਂ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਪੂਰਾ ਸਹਿਯੋਗ ਮਿਲ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਨਸ਼ਾ ਤਸਕਰਾਂ ਵਿਰੁੱਧ ਲਹਿਰ ਖੜ੍ਹੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਡੀ ਨੌਜਵਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਾ ਮੁਕਤ ਰੱਖਣ ਦੀ ਲੜਾਈ ਲੜ ਰਹੇ ਹਾਂ, ਜਿਸ ਦਾ ਸਮਰਥਨ ਕਰਨਾ ਹਰੇਕ ਨਾਗਰਿਕ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੇ ਜਾਣ ਲਈ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਦਲੇਰ ਸਿੰਘ ਅਤੇ ਮਨਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

# ਮਾਡਰਨ ਵੈਲੀ ਫਤਹਿਗੜ੍ਹ ਸਾਹਿਬ ਨੇ ਮਨਾਇਆ 'ਤੀਆਂ ਦਾ ਤਿਉਹਾਰ'



ਫਤਹਿਗੜ੍ਹ ਸਾਹਿਬ, 28 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਮਾਡਰਨ ਵੈਲੀ ਫਤਹਿਗੜ੍ਹ ਸਾਹਿਬ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਤੀਆਂ ਦਾ ਤਿਉਹਾਰ' ਪਰਮਿੰਦਰ ਕੌਰ ਸਿੱਧੂ ਤੇ ਸ਼ਿਵਾਨੀ ਵਰਮਾ ਦੀ ਅਗਵਾਈ ਵਿੱਚ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਔਰਤਾਂ, ਕੁੜੀਆਂ ਤੇ ਬਜ਼ੁਰਗ ਮਹਿਲਾਵਾਂ ਵੱਲੋਂ ਵੱਡੀ ਪੱਧਰ 'ਤੇ ਸ਼ਿਰਕਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਵਿੱਚ ਤੀਆਂ ਦੇ ਤਿਉਹਾਰ ਦੇ ਪਿਛੋਕੜ, ਪੰਜਾਬੀ ਸੱਭਿਆਚਾਰ ਵਿੱਚ ਇਹਨਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ। ਇਸ ਮੌਕੇ 'ਤੇ ਬੱਚਿਆਂ ਦੇ ਮਿਊਜ਼ੀਕਲ ਡਾਂਸ ਮੁਕਾਬਲੇ ਵੀ ਕਰਵਾਏ ਗਏ ਤੇ ਔਰਤਾਂ ਲਈ ਵੱਖ ਵੱਖ ਮੁਕਾਬਲੇ ਦੇ ਆਯੋਜਨ ਦੀ ਘੜੀ ਤਹਿਤ ਬੈਲੂਨ ਖੇਡਾਂ, ਮਿਊਜ਼ੀਕਲ ਚੇਅਰ ਤੇ ਮਟਕਾ ਦੌੜ ਕਰਵਾਈ ਗਈ। ਇਸ ਮੌਕੇ 'ਤੇ ਕੁੜੀਆਂ ਤੇ ਔਰਤਾਂ ਲਈ ਵੱਖ-ਵੱਖ ਮਿਸ ਅਤੇ ਮਿਸਿਜ਼ ਤੀਜ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਮਿਸ ਤੀਜ ਦਾ ਮੁਕਾਬਲਾ ਮਨਰੀਤ ਕੌਰ ਤੇ ਮਿਸਿਜ਼ ਤੀਜ ਦਾ ਮੁਕਾਬਲਾ ਕਿਰਨਦੀਪ ਕੌਰ ਨੇ ਜਿੱਤਿਆ। ਇਸ ਮੌਕੇ 'ਤੇ ਪ੍ਰੀਤ ਕੌਰ ਰਨਰਅਪ ਰਹੇ ਸਭ ਤੋਂ ਵਧੀਆ ਡਰੈਸ ਮੁਕਾਬਲਾ ਕਮਲਜੀਤ ਕੌਰ ਨੇ ਜਿੱਤਿਆ।

# ਦਸਮੇਸ਼ ਗਰਲਜ਼ ਕਾਲਜ ਦੀ ਬੀ.ਏ. ਬੀ.ਐੱਡ ਦੀਆਂ ਵਿਦਿਆਰਥਣਾਂ ਦਾ ਯੂਨੀਵਰਸਿਟੀ ਮੈਰਿਟ 'ਤੇ ਕਬਜ਼ਾ



ਮੁਕੇਰੀਆਂ, 28 ਜੁਲਾਈ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲਾ ਬਖਸ਼ ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਿਟੀ ਪੱਧਰ 'ਤੇ ਮੱਲਾਂ ਮਾਰ ਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਨਤੀਜੇ ਵਿੱਚ ਬੀ. ਏ. ਬੀ. ਐਡ.(ਸਮੈਸਟਰ ਅੱਠਵਾਂ )ਦੀ ਵਿਦਿਆਰਥਣ ਸੋਨਾਲੀ ਨੇ 92.7%ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸ਼ਿਪਾਲੀ ਪਠਾਣੀਆਂ ਨੇ 92.6% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਾਕਸ਼ੀ ਮਨਹਾਸ ਨੇ 92.46% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਤੀਜਾ ਜਸਪ੍ਰੀਤ ਕੌਰ ਨੇ 92.42% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਚੌਥਾ ਅਤੇ ਮਹਿਕ ਚੌਧਰੀ ਨੇ92.2% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ ਹਾਸਲ ਕੀਤਾ। ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਬੀ.ਏ.ਬੀ.ਐਡ ਵਿਭਾਗ ਦੇ ਮੁਖੀ ਅੰਜਲੀ ਮੋਂਗਾ, ਸਹਾਇਕ ਪ੍ਰੋਫੈਸਰ ਅਨੂ ਲਤਾ, ਸਹਾਇਕ ਪ੍ਰੋਫੈਸਰ ਰੇਨੂੰ ਗੁਪਤਾ, ਸਹਾਇਕ ਪ੍ਰੋਫੈਸਰ, ਸ਼ਿਖਾ ਸ਼ਰਮਾ, ਸਹਾਇਕ ਪ੍ਰੋਫੈਸਰ ਸਤਵੰਤ ਕੌਰ,ਸਟਾਫ ਵਿਦਿਆਰਥਣਾਂ ਅਤੇ ਮਾਪਿਆਂ ਨੂੰ ਮੁਬਾਰਕ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਪਿਮਟ ਦੀ ਬੀ.ਐੱਸ.ਸੀ. ਫੂਡ ਟੈਕਨਾਲੌਜੀ ਦੀਆਂ ਦੋ ਵਿਦਿਆਰਥਣਾਂ ਦੀ ਸਮਰ ਇੰਟਰਨਸ਼ਿਪ ਲਈ ਚੋਣ



ਮੰਡੀ ਗੋਬਿੰਦਗੜ੍ਹ, 28 ਜੁਲਾਈ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਦੇ ਚੇਅਰਮੈਨ ਨਰੇਸ਼ ਕੁਮਾਰ ਅਗਰਵਾਲ, ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ, ਡੀਨ ਅਕਾਦਮਿਕ ਅਮਿਤ ਕਪੂਰ ਦੀ ਅਗਵਾਈ ਹੇਠ ਟ੍ਰੇਨਿੰਗ ਅਤੇ ਪਲੇਸਮੈਂਟ ਵਿਭਾਗ ਦੇ ਮੁਖੀ ਗੁਰਪ੍ਰੀਤ ਸਿੰਘ ਦੀ ਦੇਖ-ਰੇਖ ਹੇਠ ਬੀ.ਐਸ.ਸੀ. ਫੂਡ ਟੈਕਨਾਲੋਜੀ ਵਿਭਾਗ ਦੇ ਦੂਜੇ ਸਮੈਸਟਰ ਦੇ ਵਿਦਿਆਰਥੀਆਂ ਨੂੰ ਇਸ ਸਾਲ ਦੀ ਗਰਮੀਆਂ ਦੀ ਇੰਟਰਨਸ਼ਿਪ ਦੇ ਤਹਿਤ ਲੁਧਿਆਣਾ ਬੇਵਰੇਜਿਜ਼ ਪ੍ਰਾਈਵੇਟ ਲਿਮਟਿਡ (ਕੋਕਾ ਕੋਲਾ) 'ਚ ਇੰਟਰਨਸ਼ਿਪ ਕਰਨ ਦਾ ਮੌਕਾ ਮਿਲਿਆ। ਇਸ ਮੌਕੇ ਆਈ.ਕੇ.ਗੁਜਰਾਲ ਪੰਜਾਬ ਟੈਕਨਾਲੋਜੀਕਲ ਯੂਨੀਵਰਸਿਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੇ ਵਿਦਿਆਰਥੀਆਂ ਲਈ 45 ਦਿਨਾਂ ਦੀ ਸਮਰ ਇੰਟਰਨਸ਼ਿਪ ਕਰਨੀ ਲਾਜ਼ਮੀ ਹੈ। ਸੰਸਥਾ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਮੁਖੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਇੰਟਰਨਸ਼ਿਪ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੇ ਉਤਪਾਦਨ, ਗੁਣਵੱਤਾ ਭਰੋਸਾ, ਪੈਕੇਜਿੰਗ ਅਤੇ ਸਪਲਾਈ ਚੇਨ ਪ੍ਰਬੰਧਨ ਵਿਚ ਵਿਹਾਰਕ ਤਜ਼ਰਬਾ ਪ੍ਰਦਾਨ ਕਰਕੇ ਅਕਾਦਮਿਕ ਸਿੱਖਿਆ ਅਤੇ ਉਦਯੋਗਿਕ ਉਪਯੋਗਾਂ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ। ਸੰਸਥਾ ਦੇ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਨੇ ਕੋਕਾ ਕੋਲਾ ਲਿਮਟਿਡ ਵਲੋਂ ਸੰਸਥਾ ਦੇ ਵਿਦਿਆਰਥੀਆਂ ਨੂੰ ਇਹ ਕੀਮਤੀ ਪਲੇਟਫ਼ਾਰਮ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਪੇਸ਼ੇਵਰ ਵਿਕਾਸ 'ਚ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਇਸ ਇੰਟਰਨਸ਼ਿਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

# ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ ਵੱਲੋਂ 26ਵੇਂ ਸਾਲਾਨਾ ਲੰਗਰ ਲਈ ਰਸਦ ਤੇ ਸੇਵਾਦਾਰ ਰਵਾਨਾ



ਕੋਟ ਈਸੇ ਖਾਂ, 28 ਜੁਲਾਈ (ਗਾਂਧੀ/ਖੁਰਾਣਾ): ਸਥਾਨਕ ਕਸਬੇ ਅਤੇ ਇਲਾਕੇ ਦੀ ਧਾਰਮਿਕ ਸੰਸਥਾ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਕੋਟ ਈਸੇ ਖਾਂ ਵੱਲੋਂ 26ਵੇਂ ਸਾਲਾਨਾ ਲੰਗਰ ਦੇ ਸਬੰਧ ਵਿੱਚ ਸਾਦਗੀ ਨਾਲ ਅਤੇ ਮਾਤਾ ਰਾਣੀ ਦਾ ਗੁਣਗਾਨ ਕਰਦਿਆਂ ਹੋਇਆਂ ਸਾਲਾਨਾ ਝੰਡਾ, ਲੰਗਰ ਰਸਦ ਤੇ ਲੰਗਰ ਵਿੱਚ ਸੇਵਾ ਕਰਨ ਲਈ ਸੇਵਾਦਾਰਾਂ ਨੂੰ ਰਵਾਨਾ ਕੀਤਾ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਦੇ ਸੇਵਾਦਾਰਾਂ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ, ਕਸਬਾ ਨਿਵਾਸੀਆਂ ਅਤੇ ਵਿਦੇਸ਼ ਵਿੱਚ ਬੈਠੇ ਭੈਣਾਂ-ਭਰਾਵਾਂ ਦੇ ਸਹਿਯੋਗ ਨਾਲ ਲੰਗਰ ਕਮੇਟੀ ਵੱਲੋਂ 01 ਅਗਸਤ ਤੱਕ ਸਾਦਗੀ ਅਤੇ ਸ਼ਰਧਾ ਨਾਲ ਸਾਲਾਨਾ 26ਵਾਂ ਲੰਗਰ ਸ੍ਰੀ ਸ਼ੀਤਲਾ ਮਾਤਾ ਮੰਦਰ (ਹਿਮਾਚਲ ਪ੍ਰਦੇਸ਼) ਵਿੱਚ ਲਗਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ ਸਲਾਨਾ ਝੰਡਾ, ਰਸਦ ਅਤੇ ਲੰਗਰ ਵਿੱਚ ਸੇਵਾ ਕਰਨ ਲਈ ਸੇਵਾਦਾਰਾਂ ਨੂੰ ਰਵਾਨਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ ਨੂੰ ਦਾਨੀ- ਸੱਜਣਾਂ ਵੱਲੋਂ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਸਹਿਯੋਗ ਮਿਲਿਆ ਹੈ, ਜਿਸ ਲਈ ਉਹ ਇਲਾਕਾ ਨਿਵਾਸੀ,ਕਸਬਾ ਨਿਵਾਸੀਆਂ ਅਤੇ ਵਿਦੇਸ਼ ਵਿੱਚ ਬੈਠੇ ਭੈਣਾਂ-ਭਰਾਵਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਨ। ਇਸ ਮੌਕੇ ਸੇਵਾਦਾਰਾਂ ਨੇ ਕਿਹਾ ਕਿ ਸ਼ਰਧਾਲੂਆਂ ਦੀ ਭਾਵਨਾ ਮੁਤਾਬਕ ਬੇਲੋੜੇ ਖਰਚਿਆਂ ਦੀ ਬਜਾਏ ਇਕੱਤਰ ਦਾਨ ਰਾਸ਼ੀ ਕੋਟ ਈਸੇ ਖ਼ਾਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੀ ਮਾਤਾ ਚਿੰਤਪੁਰਨੀ ਦੇ ਦਰਬਾਰ 'ਤੇ ਬਣਨ ਵਾਲੀ ਧਰਮਸ਼ਾਲਾ ਦੇ ਨਿਰਮਾਣ ਉੱਪਰ ਲਗਾਈ ਜਾਵੇਗੀ। ਉਹਨਾਂ ਅੱਗੇ ਕਿਹਾ ਕਿ ਜੇਕਰ ਕਿਸੇ ਵੀ ਦਾਨੀ-ਸੱਜਣ ਨੂੰ ਧਰਮਸ਼ਾਲਾ ਨਿਰਮਾਣ ਦੇ ਇਸ ਨੇਕ ਕਾਰਜ 'ਚ ਦਾਨ ਪਾਉਣ ਲਈ ਦਾਨ-ਪਾਤਰ ਚਾਹੀਦਾ ਹੋਵੇ ਜਾਂ ਦਾਨ ਦੇਣਾ ਹੋਵੇ ਤਾਂ ਉਹ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਦੇ ਚੇਅਰਮੈਨ ਸੁਰਿੰਦਰ ਕੁਮਾਰ ਗਗੜੇ ਵਾਲੇ ਜਾਂ ਕਮੇਟੀ ਦੇ ਕਿਸੇ ਵੀ ਸੇਵਾਦਾਰ ਨਾਲ ਰਾਬਤਾ ਕਾਇਮ ਕਰ ਸਕਦੇ ਹਨ ।

# ਰਿਮਟ ਯੂਨੀਵਰਸਿਟੀ ਦੇ ਨਰਸਿੰਗ ਵਿਦਿਆਰਥੀਆਂ ਨੇ ਪ੍ਰਯਾਸ ਪੁਨਰਵਾਸ ਕੇਂਦਰ ਦਾ ਕੀਤਾ ਦੌਰਾ



ਮੰਡੀ ਗੋਬਿੰਦਗੜ੍ਹ, 28 ਜੁਲਾਈ (ਸੂਦ): ਰਿਮਟ ਯੂਨੀਵਰਸਿਟੀ ਦੇ ਬੀ.ਐਸ.ਸੀ. ਨਰਸਿੰਗ (7ਵਾਂ ਸਮੈਸਟਰ) ਦੇ ਵਿਦਿਆਰਥੀਆਂ ਨੇ ਪ੍ਰਯਾਸ-ਪੁਨਰਵਾਸ ਕੇਂਦਰ ਚੰਡੀਗੜ੍ਹ ਦਾ ਵਿਦਿਅਕ ਦੌਰਾ ਕੀਤਾ। ਇਹ ਕੇਂਦਰ ਭਾਰਤੀ ਬਾਲ ਭਲਾਈ ਪ੍ਰੀਸ਼ਦ ਅਤੇ ਪੀਜੀਆਈਐਮਈਆਰ ਦੇ ਸਹਿਯੋਗ ਨਾਲ ਚੱਲ ਰਿਹਾ ਹੈ ਅਤੇ ਦਿਮਾਗੀ ਅਧਰੰਗ, ਔਟਿਜ਼ਮ, ਬੌਧਿਕ ਅਪੰਗਤਾ ਤੇ ਬੋਲਣ ਤੇ ਸੁਣਨ ਆਦਿ ਸਮੱਸਿਆਵਾਂ ਤੋਂ ਪੀੜਤ ਬੱਚਿਆਂ ਨੂੰ ਏਕੀਕ੍ਰਿਤ ਦੇਖਭਾਲ ਕਰਦਾ ਹੈ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਫਿਜ਼ੀਓਥੈਰੇਪੀ, ਵਿਵਹਾਰ ਥੈਰੇਪੀ ਅਤੇ ਵਿਸ਼ੇਸ਼ ਸਿੱਖਿਆ ਦੇ ਵੱਖ-ਵੱਖ ਪਹਿਲੂਆਂ ਦਾ ਸਿੱਧਾ ਨਿਰੀਖਣ ਮਿਲਿਆ। ਉਨ੍ਹਾਂ ਦੇਖਿਆ ਕਿ ਸਿਖਲਾਈ ਪ੍ਰਾਪਤ ਪੇਸ਼ੇਵਰ ਬੱਚਿਆਂ ਨਾਲ ਮੋਟਰ ਹੁਨਰ, ਸੰਵੇਦੀ ਵਿਕਾਸ ਅਤੇ ਰੋਜ਼ਾਨਾ ਜੀਵਨ ਦੇ ਹੁਨਰ ਨੂੰ ਬਿਹਤਰ ਬਣਾਉਣ ਲਈ ਕਿਵੇਂ ਕੰਮ ਕਰਦੇ ਹਨ। ਉਨ੍ਹਾਂ 17 ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਸਿੱਖਿਆ ਤੇ ਪੁਨਰਵਾਸ ਪ੍ਰਕਿਰਿਆਵਾਂ ਨੂੰ ਸਮਝਿਆ। ਇਸ ਦੌਰੇ ਦਾ ਇੱਕ ਮਹੱਤਵਪੂਰਨ ਪਹਿਲੂ ਮਾਪਿਆਂ ਦੇ ਸਲਾਹ-ਮਸ਼ਵਰੇ ਸੈਸ਼ਨ ਸਨ, ਜਿਸ ਵਿੱਚ ਪਰਿਵਾਰਾਂ ਨੂੰ ਭਾਵਨਾਤਮਕ ਸਹਾਇਤਾ ਅਤੇ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਬੌਧਿਕ ਅਪੰਗਤਾ ਦੀ ਰੋਕਥਾਮ ਵਿੱਚ ਮਾਵਾਂ ਅਤੇ ਗਰਭ ਅਵਸਥਾ ਦੀ ਦੇਖਭਾਲ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਅਨੁਭਵ ਵਿਦਿਆਰਥੀਆਂ ਲਈ ਬਹੁਤ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਸੀ। ਇਸਨੇ ਨਾ ਸਿਰਫ਼ ਉਨ੍ਹਾਂ ਦੇ ਵਿਹਾਰਕ ਗਿਆਨ ਵਿੱਚ ਵਾਧਾ ਕੀਤਾ ਸਗੋਂ ਉਨ੍ਹਾਂ ਨੂੰ ਸਮਾਵੇਸ਼ੀ ਦੇਖਭਾਲ ਅਤੇ ਭਾਈਚਾਰਕ-ਅਧਾਰਤ ਸਿਹਤ ਸੇਵਾਵਾਂ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਵੀ ਸਮਝਾਇਆ। ਇਹ ਦੌਰਾ ਉਨ੍ਹਾਂ ਦੇ ਪੇਸ਼ੇਵਰ ਵਿਕਾਸ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਰੋਟਰੀ ਕਲੱਬ ਦੇ ਮੈਂਬਰ ਤਰਲੋਚਨ ਸਿੰਘ ਚੱਠਾ ਨੇ ਬੂਟੇ ਲਗਾ ਕੇ ਮਨਾਇਆ ਜਨਮ ਦਿਨ



ਸ੍ਰੀ ਅਨੰਦਪੁਰ ਸਾਹਿਬ, 28 ਜੁਲਾਈ (ਤਰਲੋਚਨ ਸਿੰਘ): ਵਾਤਾਵਰਨ ਨੂੰ ਸਮਰਪਿਤ ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਸੀਨੀਅਰ ਮੈਂਬਰ ਤੇ ਸਤਿਗੁਰੂ ਓਟ ਆਸਰਾ ਟਰੱਸਟ ਦੇ ਪ੍ਰਧਾਨ ਤਰਲੋਚਨ ਸਿੰਘ ਚੱਠਾ ਵਲੋਂ ਆਪਣਾ ਜਨਮ ਦਿਨ ਵੱਖ ਵੱਖ ਤਰ੍ਹਾਂ ਦੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾ ਕੇ ਮਨਾਇਆ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਕਿਰਨਦੀਪ ਰਾਣਾ ਨੇ ਦੱਸਿਆ ਕਿ ਅੱਜ ਕਲੱਬ ਦੇ ਸੀਨੀਅਰ ਮੈਂਬਰ ਤਰਲੋਚਨ ਸਿੰਘ ਚੱਠਾ ਦਾ ਜਨਮ ਦਿਨ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਸੰਦੇਸ਼ ਦਿੰਦਿਆਂ ਬੂਟੇ ਲਗਾ ਕੇ ਮਨਾਉਣ ਵਿਚ ਰੋਟਰੀ ਕਲੱਬ ਬੜੀ ਖੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹੈ। ਇਸ ਮੌਕੇ ਤਰਲੋਚਨ ਸਿੰਘ ਚੱਠਾ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਹਰ ਇੱਕ ਵਿਅਕਤੀ (ਇਨਸਾਨ) ਨੂੰ ਆਪਣੇ ਜਨਮ ਦਿਨ 'ਤੇ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਤੇ ਉਸਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਗੰਧਲੇ ਹੋ ਰਹੇ ਵਾਤਾਵਰਨ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸਾਬਕਾ ਪ੍ਰਧਾਨ ਡਾ. ਪੀ ਜੇ ਐਸ ਕੰਗ, ਸੈਕਟਰੀ ਸੀ ਏ ਗੁਰਜਿੰਦਰ ਸਿੰਘ, ਜਸਪ੍ਰੀਤ ਸਿੰਘ ਅਰੋੜਾ, ਸੁਖਵਿੰਦਰ ਪਾਲ ਸਿੰਘ ਸੁੱਖੂ, ਡਾ. ਮਨਜੀਤ ਸਿੰਘ ਲੱਕੀ, ਕੈਪਟਨ ਪਮਿੰਦਰ ਕੁਮਾਰ, ਜੈਮਲ ਸਿੰਘ ਭੜੀ, ਨੀਰਜ ਕੁਮਾਰ ਸ਼ਰਮਾ, ਗੁਰਮੀਤ ਸਿੰਘ, ਜਸਵੀਰ ਸਿੰਘ ਜੱਸਾ, ਰਾਜਾ ਬੱਗਾ, ਬੌਨਸੀ ਕੁਮਾਰ, ਡਾ. ਅਮਰਜੀਤ ਸਿੰਘ ਸਮੇਤ ਕਲੱਬ ਮੈਂਬਰ ਹਾਜ਼ਰ ਸਨ।

# ਪੱਤਰਕਾਰ ਭਾਈਚਾਰੇ ਨੇ ਪੰਜਾਬ ਸਰਕਾਰ ਨੂੰ ਫ਼ੀਲਡ ਦੇ ਪੱਤਰਕਾਰਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਕੀਤੀ ਅਪੀਲ



ਅਮਲੋਹ, 28 ਜੁਲਾਈ (ਸੂਦ): ਪ੍ਰੈਸ ਕਲੱਬ ਅਮਲੋਹ ਅਤੇ ਪੱਤਰਕਾਰ ਯੂਨੀਅਨ ਅਮਲੋਹ ਵਲੋਂ ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ ਅਤੇ ਪੱਤਰਕਾਰ ਜਸਵੰਤ ਸਿੰਘ ਗੋਲਡ ਦੇ ਜਨਮ ਦਿਹਾੜੇ ਨੂੰ ਮੁੱਖ ਰੱਖ ਕੇ ਗੋਲਡ ਸਵੀਟਸ ਨਾਭਾ ਰੋਡ ਉਪਰ ਇਕ ਸਮਾਗਮ ਕੀਤਾ ਗਿਆ, ਜਿਸ ਵਿਚ 'ਕੇਕ' ਕੱਟਣ ਉਪਰੰਤ ਪੱਤਰਕਾਰ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ ਗਈ। ਸ੍ਰੀ ਸੂਦ ਨੇ ਸਮੁੱਚੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਪੰਜਾਬ ਸਰਕਾਰ ਨੂੰ ਫ਼ੀਲਡ ਦੇ ਪੱਤਰਕਾਰਾਂ ਦੀਆਂ ਪਹਿਲ ਦੇ ਅਧਾਰ 'ਤੇ ਸਮੱਸਿਆਵਾਂ ਹੱਲ ਕਰਨ ਅਤੇ ਪੀਲਾ ਕਾਰਡ ਧਾਰਕਾਂ ਨੂੰ ਵੀ ਪੈਨਸ਼ਨ ਸਕੀਮ ਅਧੀਨ ਲਿਆਉਣ ਦੀ ਮੰਗ ਕੀਤੀ। ਇਸ ਮੌਕੇ ਸੀਨੀਅਰ ਪੱਤਰਕਾਰ ਹਰਪ੍ਰੀਤ ਸਿੰਘ ਗਿੱਲ, ਬ੍ਰਿਜ ਭੂਸ਼ਨ ਗਰਗ, ਪ੍ਰੈਸ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਘੁੰਮਣ, ਸਾਬਕਾ ਕਾਰਜਕਾਰੀ ਪ੍ਰਧਾਨ ਡਾ. ਅਨਿਲ ਲੁਟਾਵਾ, ਸੀਨੀਅਰ ਪੱਤਰਕਾਰ ਕੇਵਲ ਸਿੰਘ, ਗੁਰਚਰਨ ਸਿੰਘ ਜੰਜੂਆਂ, ਰਵਿੰਦਰ ਕੌਰ, ਚੇਅਰਮੈਨ ਸਵਰਨਜੀਤ ਸਿੰਘ ਸੇਠੀ, ਪੱਤਰਕਾਰ ਯੂਨੀਅਨ ਦੇ ਪ੍ਰਧਾਨ ਰਜਨੀਸ਼ ਡੱਲਾ, ਸੀਨੀਅਰ ਮੀਤ ਪ੍ਰਧਾਨ ਨਾਹਰ ਸਿੰਘ ਰੰਗੀਲਾ, ਅਜੇ ਕੁਮਾਰ ਅਮਲੋਹ, ਲਖਵੀਰ ਸਿੰਘ, ਜਗਦੀਪ ਸਿੰਘ ਮਾਨਗੜ੍ਹ, ਧਰਮ ਸਿੰਘ ਰਾਈਏਵਾਲ, ਡਾ. ਹਿਮਾਂਸ਼ੂ ਸੂਦ, ਐਸਡੀਓ ਸੰਜੀਵ ਧੀਰ, ਸੁੰਦਰ ਲਾਲ ਝੱਟਾ, ਰਵੀ ਢੀਂਡਸਾ, ਸੋਨੀ ਭੱਟੋ, ਕਾਲਾ ਭੱਟੋ, ਮਹਿੰਦਰਪਾਲ ਭੱਟੋ ਅਤੇ ਵਿਜੇ ਕੁਮਾਰ ਵਿੱਕੀ ਆਦਿ ਹਾਜ਼ਰ ਸਨ। ਇਥੇ ਇਹ ਵਰਣਨਯੋਗ ਹੈ ਕਿ ਸ੍ਰੀ ਸੂਦ ਅਤੇ ਗੋਲਡ ਦਾ ਜਿਥੇ ਜੁਲਾਈ ਮਹੀਨੇ ਵਿਚ ਜਨਮ ਦਿਨ ਹੈ, ਉਥੇ ਇਨ੍ਹਾਂ ਦੇ ਪੁੱਤਰਾਂ ਆਦਿ ਦੇ ਵੀ ਜਨਮ ਦਿਨ ਜੁਲਾਈ ਵਿਚ ਹੀ ਹੁੰਦੇ ਹਨ। ਪੱਤਰਕਾਰ ਭਾਈਚਾਰੇ ਨੇ ਇਸ ਦੀ ਵੀ ਦੋਵੇਂ ਪ੍ਰੀਵਾਰਾਂ ਨੂੰ ਵਧਾਈ ਦਿੱਤੀ ਅਤੇ ਬੁੱਕਾ ਅਤੇ ਯਾਦਗਾਰੀ ਚਿੰਨਾਂ ਨਾਲ ਸਨਮਾਨਿਤ ਕੀਤਾ।

### 2 ਤੇ 3 ਅਗਸਤ ਨੂੰ ਪੁਰਾਣੇ ਬੱਸ ਸਟੈਂਡ ਵਿਖੇ ਲੱਗੇਗਾ ਉਮੀਦ ਬਾਜ਼ਾਰ

# ਉਮੀਦ ਬਾਜ਼ਾਰ ਦੌਰਾਨ ਸਵੈ-ਸਹਾਇਤਾ ਸਮੂਹਾਂ ਤੇ ਕਿਸਾਨਾਂ ਵੱਲੋਂ ਆਪਣੇ ਉਤਪਾਦਾਂ ਦੇ ਸਟਾਲ ਲਗਾਏ ਜਾਣਗੇ: ਏ.ਡੀ.ਸੀ.



ਗੁਰਦਾਸਪੁਰ, 28 ਜੁਲਾਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਜ਼ਿਲ੍ਹੇ ਵਿਚਲੇ ਪੇਂਡੂ ਤੇ ਸ਼ਹਿਰੀ ਖੇਤਰ ਦੇ ਸਵੈ-ਸਹਾਇਤਾ ਸਮੂਹਾਂ ਨਾਲ ਜੁੜ ਕੇ ਕੰਮ ਕਰ ਰਹੀਆਂ ਔਰਤਾਂ ਨੂੰ ਆਪਣਾ ਸਮਾਨ ਵੇਚਣ ਲਈ ਪਲੇਟਫਾਰਮ ਮੁਹੱਈਆ ਕਰਵਾਉਣ ਦੇ ਮਕਸਦ ਤਹਿਤ 2 ਤੇ 3 ਅਗਸਤ (ਦਿਨ ਸ਼ਨੀਵਾਰ ਤੇ ਐਤਵਾਰ) ਨੂੰ ਪੁਰਾਣੇ ਬੱਸ ਅੱਡੇ ਗੁਰਦਾਸਪੁਰ ਵਿਖੇ 'ਉਮੀਦ ਬਾਜ਼ਾਰ' ਲਗਾਇਆ ਜਾ ਰਿਹਾ ਹੈ। ਇਸ ਉਮੀਦ ਬਾਜ਼ਾਰ ਵਿੱਚ ਜਿੱਥੇ ਸਵੈ-ਸਹਾਇਤਾ ਨਾਲ ਜੁੜੀਆਂ ਔਰਤਾਂ ਆਪਣੇ ਉਤਪਾਦ ਵਾਜਬ ਰੇਟਾਂ ਉੱਪਰ ਵੇਚਣਗੀਆਂ, ਉੱਥੇ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ ਵੀ ਵਿਸ਼ੇਸ਼ ਸਟਾਲ ਲਗਾ ਕੇ ਆਪਣੇ ਖੇਤੀ ਉਤਪਾਦ ਵੇਚਣਗੇ। 'ਉਮੀਦ ਬਾਜ਼ਾਰ' ਦੀਆਂ ਤਿਆਰੀਆਂ ਨੂੰ ਲੈ ਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਤੇ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਆਈ.ਏ.ਐੱਸ. ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਉਮੀਦ ਬਾਜ਼ਾਰ ਮੇਲੇ ਨੂੰ ਕਾਮਯਾਬ ਕਰਨ ਲਈ ਆਪਣੀਆਂ ਡਿਊਟੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਤੇ ਸਮਾਂ ਰਹਿੰਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ। ਉਨ੍ਹਾਂ ਦੱਸਿਆ ਕਿ ਉਮੀਦ ਬਾਜ਼ਾਰ ਦੌਰਾਨ ਵੱਖ-ਵੱਖ ਸਵੈ-ਸਹਾਇਤਾ ਸਮੂਹਾਂ ਦੀਆਂ ਔਰਤਾਂ ਤੇ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਵੱਲੋਂ ਆਪਣੇ ਉਤਪਾਦਾਂ ਦੇ ਵੱਖ-ਵੱਖ ਸਟਾਲ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸਾਰਾ ਸਮਾਨ ਜ਼ਿਲ੍ਹੇ ਦੇ ਸਵੈ-ਸਹਾਇਤਾ ਸਮੂਹਾਂ ਦੀਆਂ ਮਿਹਨਤੀ ਸਵਾਣੀਆਂ ਵੱਲੋਂ ਆਪਣੇ ਘਰਾਂ ਵਿੱਚ ਤਿਆਰ ਕੀਤਾ ਜਾਂਦਾ ਹੈ, ਜਿਸ ਦੀ ਕੁਆਲਿਟੀ ਬਹੁਤ ਵਧੀਆ ਹੋਣ ਦੇ ਨਾਲ ਕੀਮਤਾਂ ਵੀ ਬਹੁਤ ਵਾਜਬ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਮੀਦ ਬਾਜ਼ਾਰ ਦਾ ਸਮਾਂ 2 ਤੇ 3 ਅਗਸਤ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ ਤੇ ਬਾਜ਼ਾਰ ਦੌਰਾਨ ਬੱਚਿਆਂ ਦੇ ਮਨੋਰੰਜਨ ਲਈ ਪੰਘੂੜੇ ਤੇ ਖਾਣ-ਪੀਣ ਲਈ ਫੂਡ ਸਟਾਲ ਵੀ ਲਗਾਏ ਜਾਣਗੇ।

# ਵਿਧਾਇਕ ਰੰਧਾਵਾ ਨੇ ਪਿੰਡ ਬੋਹੜ ਵਡਾਲਾ ਦੇ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਜਾਗਰੂਕ



ਡੇਰਾ ਬਾਬਾ ਨਾਨਕ, 28 ਜੁਲਾਈ (ਹੈਪੀ ਕੋਟਲੀ): ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਬੋਹੜ ਵਡਾਲਾ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕੀਤਾ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਜੇਕਰ ਤੁਹਾਡੇ ਪਿੰਡ ਜਾਂ ਇਲਾਕੇ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਿਸ ਵਿਭਾਗ, ਉਨ੍ਹਾਂ ਨੂੰ ਜਾਂ ਫਿਰ ਪੰਜਾਬ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 97791-00200 'ਤੇ ਇਤਲਾਹ ਕਰਨ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ ਤੇ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੀ ਭੈੜੀ ਗ੍ਰਿਫ਼ਤ ਵਿੱਚ ਆ ਗਏ ਹਨ, ਉਨ੍ਹਾਂ ਦਾ ਨਸ਼ਾ ਛੁਡਵਾਉਣ ਲਈ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ, ਖਾਣਾ, ਰਹਿਣ ਸਹਿਤ ਆਦਿ ਸਾਰੇ ਪ੍ਰਬੰਧ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਦੇ ਚਾਹਵਾਨ ਯੁਵਕ ਵੀ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ ਤਾਂ ਜੋ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਆਮ ਆਦਮੀ ਪਾਰਟੀ ਦੇ ਆਗੂ ਵੀ ਹਾਜ਼ਰ ਸਨ।

# ਗੁਰਦੁਆਰਾ ਬਾਬਾ ਬੁੱਧ ਦਾਸ ਜੀ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ



ਚੌਕ ਮਹਿਤਾ, 28 ਜੁਲਾਈ (ਬਲਜਿੰਦਰ ਸਿੰਘ ਰੰਧਾਵਾ): ਬਲਾਕ ਤਰਸਿੱਕਾ ਦੇ ਅਧੀਨ ਪੈਂਦੇ ਪਿੰਡ ਖੁਜਾਲਾ ਵਿਖੇ ਗੁਰਦੁਆਰਾ ਬਾਬਾ ਬੁੱਧ ਦਾਸ ਜੀ ਵੱਡਾ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ, ਜਿਸ ਵਿੱਚ ਪ੍ਰਧਾਨ ਸੰਤ ਸਮਾਜ ਤੇ ਮੁਖੀ ਦਮਦਮੀ ਟਕਸਾਲ ਭਿੰਡਰਾਂ ਮਹਿਤਾ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ, ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲੇ, ਮੁੱਖ ਬੁਲਾਰਾ ਸੰਤ ਸਮਾਜ ਬਾਬਾ ਗੁਰਭੇਜ ਸਿੰਘ, ਬਾਬਾ ਸਰਦਾਰਾ ਸਿੰਘ ਮੱਖਣ ਵਿੰਡੀ ਵਾਲੇ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ, ਸੰਤ ਬਾਬਾ ਗੁਰਦੇਵ ਸਿੰਘ ਡੇਰਾ ਭਗਤਾ ਤਰਸਿੱਕਾ, ਬਾਬਾ ਮਲਕੀਤ ਸਿੰਘ ਜੱਬੋਵਾਲ ਵਾਲੇ, ਬਾਬਾ ਸ਼ਮਸ਼ੇਰ ਸਿੰਘ ਸੈਦੋਲੇਹਲ ਆਦਿ ਮਹਾਂਪੁਰਖਾਂ ਵੱਲੋਂ ... ਆਪਣੇ ਕਰ ਕਮਲਾਂ ਨਾਲ ਨੀਂਹ ਪੱਥਰ ਰੱਖਿਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿੱਚ ਵੱਡੀ ਤਦਾਦ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ 'ਤੇ ਸਰਪੰਚ ਫਤਿਹਪਾਲ ਸਿੰਘ, ਬਾਬਾ ਗੁਰਸ਼ਰਨ ਸਿੰਘ, ਗੁਰਵੇਲ ਸਿੰਘ, ਯਾਦਵਿੰਦਰ ਸਿੰਘ, ਸੁਖਦੇਵ ਸਿੰਘ ਮੈਂਬਰ ਪੰਚਾਇਤ, ਬਾਬਾ ਸੁਖਦੇਵ ਸਿੰਘ ਗੁੰਬੀ, ਗੁਰਵਿੰਦਰ ਸਿੰਘ, ਡਾ. ਮਨੋਹਰ ਸਿੰਘ, ਬਾਬਾ ਜਗਦੀਪ ਸਿੰਘ, ਹਰਜਿੰਦਰ ਸਿੰਘ, ਵਰਿੰਦਰ ਸਿੰਘ ਵਿੱਕੀ, ਨਰਿੰਦਰ ਸਿੰਘ ਫੌਜੀ, ਗੁਰਦੇਵ ਸਿੰਘ, ਸੇਵਾਦੀਪ ਸਿੰਘ, ਨੰਬਰਦਾਰ ... ਸਾਹਿਬ ਸਿੰਘ ਸਾਬਕਾ ਸਰਪੰਚ, ਪਲਵਿੰਦਰ ਸਿੰਘ ਸਾਬਕਾ ਸਰਪੰਚ, ਸੂਬੇਦਾਰ ਸਤਨਾਮ ਸਿੰਘ, ਜੋਗਾਵਰ ਸਿੰਘ ਯੂ.ਪੀ. ਵਾਲੇ, ਜੋਧਾ ਸਿੰਘ ਯੂ.ਪੀ. ਵਾਲੇ, ਹੀਰਾ ਸਿੰਘ ਹੱਟੀ ਵਾਲਾ, ਹਰਦੇਵ ਸਿੰਘ, ਨਨੀ ਪਹਿਲਵਾਨ, ਪ੍ਰੀਤ ਪਾਠੀ, ਸੰਤੋਖ ਸਿੰਘ ਸਰਪੰਚ, ਕੁਲਦੀਪ ਸਿੰਘ ਰਾਮਗੜ੍ਹੀਆ, ਬਾਬਾ ਬਲਜਿੰਦਰ ਸਿੰਘ ਗੁੰਬੀ ਤੇ ਹਰਦੀਪ ਸਿੰਘ ਰਾਮਗੜ੍ਹੀਆ ਆਦਿ ਸੇਵਾਦਾਰ ਹਾਜ਼ਰ ਸਨ।

# 'ਚੜ੍ਹਦਾ ਸੂਰਜ' ਮੁਹਿੰਮ ਨੇ ਸਮਾਜ ਸੇਵਾ ਨੂੰ ਡਿਜੀਟਲ ਯੁੱਗ ਨਾਲ ਜੋੜ ਕੇ ਇੱਕ ਨਵੀਂ ਸ਼ੁਰੂਆਤ ਕੀਤੀ

ਹੁਸ਼ਿਆਰਪੁਰ, 28 ਜੁਲਾਈ (ਪਰਮਿੰਦਰ ਘੁੰਮਣ): 'ਚੜ੍ਹਦਾ ਸੂਰਜ' ਮੁਹਿੰਮ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਮਾਜ ਸੇਵਾ ਨੂੰ ਡਿਜੀਟਲ ਯੁੱਗ ਨਾਲ ਜੋੜ ਕੇ ਇੱਕ ਨਵੀਂ ਸ਼ੁਰੂਆਤ ਕੀਤੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹੇ ਦੀਆਂ ਉੱਤਮ ਸਮਾਜਿਕ ਸੰਸਥਾਵਾਂ ਨੂੰ ਨਾ ਸਿਰਫ਼ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਜਾ ਰਿਹਾ ਹੈ, ਬਲਕਿ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਵਿੱਚ ਮੀਰੀ-ਪੀਰੀ ਸੇਵਾ ਸੁਸਾਇਟੀ ਗੜ੍ਹਦੀਵਾਲਾ ਸਾਹਿਬ ਸਮਾਜ ਸੇਵਾ ਦੀ ਇੱਕ ਮਜ਼ਬੂਤ ਉਦਾਹਰਣ ਵਜੋਂ ਉੱਭਰੀ ਹੈ। ਸਾਲ 2018 ਵਿੱਚ ਕੁਝ ਸਮਰਪਿਤ ਨੌਜਵਾਨਾਂ ਦੁਆਰਾ ਸ਼ੁਰੂ ਕੀਤੀ ਗਈ, ਇਹ ਸੰਸਥਾ 2019 ਵਿੱਚ ਅਧਿਕਾਰਤ ਤੌਰ 'ਤੇ ਰਜਿਸਟਰ ਹੋਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ-ਪੀਰੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਸੰਸਥਾ ਨੇ ਸਮਾਜਿਕ ਤੇ ਅਧਿਆਤਮਕ ਜ਼ਿੰਮੇਵਾਰੀਆਂ ਨੂੰ ਇੱਕ ਸਾਥ ਨਿਭਾਉਣ ਦਾ ਬੇੜਾ ਚੁੱਕਿਆ। ਸੰਸਥਾ ਦੀ ਸਫਲਤਾ ਪਿੱਛੇ ਇੱਕ ਸਮਰਪਿਤ ਟੀਮ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਸ ਵਿੱਚ ਮਨਦੀਪ ਸਿੰਘ ਚੀਡਸਾ, ਜਸਵਿੰਦਰ ਸਿੰਘ ਮਟਕੂ, ਪ੍ਰਿਤਪਾਲ ਸਿੰਘ ਸੈਣੀ, ਮਨਜਿੰਦਰ ਸਿੰਘ, ਪਰਮਜੀਤ ਸਿੰਘ ਘੁੰਮਣ, ਰਮਨਪ੍ਰੀਤ ਸਿੰਘ, ਨਵਾਬ ਸਿੰਘ, ਅਮਰਜੀਤ ਸਿੰਘ, ਐਡਵੋਕੇਟ ਰਮਨਪ੍ਰੀਤ ਸਿੰਘ, ਅਕਾਸ਼ਦੀਪ ਸਿੰਘ, ਡਾ. ਕੁਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਭਰਾਜ ਵਰਗੇ ਸੇਵਾ ਭਾਵਨਾ ਵਾਲੇ ਲੋਕ ਸ਼ਾਮਲ ਹਨ। ਸੰਸਥਾ ਨੇ ਦਰਜਨਾਂ ਲੋੜਵੰਦ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਗਰੀਬ ਮਰੀਜ਼ਾਂ ਦੇ ਇਲਾਜ, ਧੀਆਂ ਦੇ ਵਿਆਹ ਵਿੱਚ ਮਦਦ ਤੇ ਰਾਸ਼ਨ ਤੇ ਕੱਪੜੇ ਵੰਡਣ ਵਰਗੀਆਂ ਗਤੀਵਿਧੀਆਂ ਨੇ ਸਮਾਜ ਨੂੰ ਸਸ਼ਕਤ ਬਣਾਇਆ ਹੈ। ਖ਼ੂਨਦਾਨ ਕੈਂਪ, ਮੈਡੀਕਲ ਕੈਂਪ, ਅੱਖਾਂ ਦੀ ਜਾਂਚ ਤੇ ਕੈਂਸਰ ਜਾਂਚ ਕੈਂਪ ਵਰਗੇ ਪ੍ਰੋਗਰਾਮਾਂ ਤੋਂ ਸੈਂਕੜੇ ਲੋਕਾਂ ਨੇ ਲਾਭ ਉਠਾਇਆ ਹੈ। ਸੇਵਾ ਸੁਸਾਇਟੀ ਦੇ ਮਨਦੀਪ ਸਿੰਘ ਨੇ ਦੱਸਿਆ ਕਿ ਪੌਦੇ ਲਗਾਉਣ, ਫੋਗਿੰਗ ਮੁਹਿੰਮ ਤੇ ਸਫਾਈ ਸਕੀਮਾਂ ਰਾਹੀਂ ਸੰਸਥਾ ਨੇ ਵਾਤਾਵਰਨ ਸੁਰੱਖਿਆ ਨੂੰ ਵੀ ਤਰਜੀਹ ਦਿੱਤੀ ਹੈ।

# ਚੇਅਰਮੈਨ ਬਹਿਲ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡਾਂ 'ਚ ਜਾਗਰੂਕਤਾ ਮੀਟਿੰਗਾਂ ਕੀਤੀਆਂ



ਗੁਰਦਾਸਪੁਰ, 28 ਜੁਲਾਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਾਸਰ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਭੁਕਰਾ, ਭਰਾਵਾਨਪੁਰ, ਅਲੀਸ਼ੇਰ, ਭੋਪੁਰ ਸੈਦਾਂ ਕਾਮਲਪੁਰ ਅਗਵਾਨਾਂ ਤੇ ਬਲੱਗਣ ਵਿਖੇ ਜਾਗਰੂਕਤਾ ਰੈਲੀਆਂ ਕੀਤੀਆਂ। ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਹੁੰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੈ ਕੇ ਜਾਣ ਤਾਂ ਜੋ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ। ਹੁਣ ਇਹ ਮੁਹਿੰਮ ਜ਼ਮੀਨੀ ਪੱਧਰ ਭਾਵ ਪਿੰਡਾਂ ਤੇ ਵਾਰਡਾਂ ਵਿੱਚੋਂ ਚੱਲਣ ਲੱਗੀ ਹੈ, ਜਿਸ ਨੂੰ ਨਸ਼ਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਨੇ ਸਮੂਹ ਹਾਜ਼ਰੀਨ ਨੂੰ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਦਾ ਪ੍ਰਣ ਵੀ ਦਿਵਾਇਆ। ਇਸ ਮੌਕੇ ਰਮਨ ਬਹਿਲ ਨੇ ਪਿੰਡਾਂ ਦੇ ਸੀਵਰੇਜ ਤੇ ਖੇਡ ਮੈਦਾਨਾਂ ਦੇ ਨਾਲ ਹੋਰ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਵੀ ਰੱਖੇ। ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਨੀਰਜ ਸਲਹੋਤਰਾ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਨਸ਼ਾ ਮੁਕਤੀ ਮੋਰਚਾ ਦੇ ਵਾਈਸ ਕੋਆਰਡੀਨੇਟਰ ਪਵਨ ਕੁਮਾਰ, ਭੁਕਰਾ ਦੇ ਸਰਪੰਚ ਬਲਦੇਵ ਸਿੰਘ, ਭਰਾਵਾਨਪੁਰ ਦੇ ਸਰਪੰਚ ਆਸ਼ੂ, ਅਲੀਸ਼ੇਰ ਦੇ ਸਰਪੰਚ ਪਰਮਜੀਤ ਸਿੰਘ ਰਿੰਕੂ, ਭੋਪੁਰ ਸੈਦਾਂ ਦੇ ਸਰਪੰਚ ਸਤਵਿੰਦਰ ਕੁਮਾਰ, ਬਲੱਗਣ ਦੇ ਸਰਪੰਚ ਪ੍ਰੀਤਮ ਸਿੰਘ, ਕਾਮਲਪੁਰ ਅਗਵਾਨਾਂ ਦੇ ਨਰਿੰਦਰ ਸਿੰਘ, ਸਰਪੰਚ ਨਿਸ਼ਾਨ ਸਿੰਘ ਜੋੜਾ ਛਿੱਤਰਾਂ, ਸਰਪੰਚ ਦਲਜੀਤ ਅਮੀਪੁਰ, ਸਰਪੰਚ ਬਲਜੀਤ ਸਿੰਘ ਬੋਪਾਰਾਏ, ਸਰਪੰਚ ਰੌਸ਼ਨ ਲਾਲ ਪੁਰੋਵਾਲ ਰਾਜਪੂਤਾਂ, ਦਵਿੰਦਰ ਕੁਮਾਰ ਹੈਪੀ, ਰਾਕੇਸ਼ ਸ਼ਰਮਾ ਤੋਂ ਇਲਾਵਾ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

# ਭਗਵੰਤ ਮਾਨ ਸਰਕਾਰ ਦੀ ਨਸ਼ਿਆਂ ਦੇ ਖ਼ਾਤਮੇ ਤੱਕ ਜੰਗ ਜਾਰੀ ਰਹੇਗੀ: ਵਿਧਾਇਕ ਕਲਸੀ



ਬਟਾਲਾ, 28 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 43 ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਤਹਿਤ 'ਨਸ਼ਾ ਮੁਕਤੀ ਯਾਤਰਾ' ਵਿੱਚ ਸ਼ਾਮਲ ਹੋ ਕੇ ਪ੍ਰਭਾਵਸ਼ਾਲੀ ਜਨਤਕ ਜਾਗਰੂਕਤਾ ਰੈਲੀ ਨੂੰ ਸੰਬੋਧਨ ਕੀਤਾ ਤੇ 'ਨਸ਼ਾ ਮੁਕਤੀ ਯਾਤਰਾ' ਵਿੱਚ ਸ਼ਾਮਲ ਹੋਏ ਹਰੇਕ ਵਿਅਕਤੀ, ਔਰਤਾਂ, ਨੌਜਵਾਨਾਂ ਤੇ ਬੱਚਿਆਂ ਨੂੰ ਸ਼ਹਿਰ ਨੂੰ ਨਸ਼ਾ ਮੁਕਤ ਰੱਖਣ ਲਈ ਸਮੂਹਿਕ ਹਲਫ਼ ਦਿਵਾਇਆ। ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਸੁਭਾਸ਼ ਮਹਿਤਾ, ਸੁਨੀਤਾ ਰਾਣੀ, ਰਵਨੀਸ਼ ਮਹਿਤਾ, ਵਿਜੇ ਮਹਿਤਾ, ਅਮਿਤ ਸੋਢੀ, ਸੰਧੂ ਭੱਟੀ ਤੇ ਵਾਰਡ ਵਾਸੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਨਸ਼ਿਆਂ ਵਿਰੁੱਧ ਕੋਈ ਕੰਮ ਨਹੀਂ ਕੀਤਾ ਗਿਆ ਸੀ, ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਸ਼ਿਆਂ ਦੇ ਖ਼ਿਲਾਫ਼ ਫ਼ੈਸਲਾਕੁਨ ਜਿਹਾਦ ਛੇੜ ਕੇ 'ਯੁੱਧ ਨਸ਼ਿਆਂ ਵਿਰੁੱਧ' ਛੇੜਿਆ ਹੈ ਤੇ 'ਨਸ਼ਾ ਮੁਕਤੀ ਯਾਤਰਾਵਾਂ' ਵਿੱਚ ਰਿਕਾਰਡ ਤੋੜ ਲੋਕਾਂ ਦੀ ਹੋ ਰਹੀ ਸਵੈ-ਇੱਛਾ ਨਾਲ ਸ਼ਮੂਲੀਅਤ ਦੀ ਸ਼ਕਤੀ ਦੇ ਨਤੀਜੇ ਵਜੋਂ ਰੰਗਲੇ ਪੰਜਾਬ ਦੀ ਆਤਮਾ ਨੂੰ ਨਸ਼ਿਆਂ ਦੇ ਜ਼ਹਿਰ ਤੋਂ ਮੁਕਤ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਰਾਸ਼ਟਰ ਨਿਰਮਾਣ ਦੇ ਨਾਇਕ ਵਜੋਂ ਉੱਭਰੇ ਹਨ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੀ ਰਿਕਾਰਡ ਤੋੜ ਗ੍ਰਿਫਤਾਰੀ, ਨਸ਼ਿਆਂ ਦੀਆਂ ਵੱਡੀਆਂ ਖੇਪਾਂ ਤੇ ਡਰੱਗ ਮਨੀ ਦੀ ਬਰਾਮਦਗੀ ਸਣੇ ਨਸ਼ਾ ਪੀੜਤਾਂ ਵੱਲੋਂ ਨਸ਼ਿਆਂ ਦੇ ਇਲਾਜ ਲਈ ਸਰਕਾਰ ਵੱਲੋਂ ਸੰਚਾਲਿਤ ਮੁਫ਼ਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਭਰਤੀ ਹੋ ਕੇ ਮੁੱਖ ਧਾਰਾ 'ਚ ਪਰਤ ਰਹੇ ਹਨ, ਜੋ ਸ਼ੁੱਭ ਸੰਕੇਤ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਨਸ਼ਿਆਂ ਦੇ ਖ਼ਾਤਮੇ ਤੱਕ ਜੰਗ ਜਾਰੀ ਰਹੇਗੀ ਤੇ ਲੋਕਾਂ ਦੇ ਸਹਿਯੋਗ ਨਾਲ ਇਸ ਨਾਮੁਰਾਦ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ।

# ਵਾਇਰਲ ਹੈਪੇਟਾਈਟਸ ਵਿਸ਼ਵ ਪੱਧਰ 'ਤੇ ਜਨਤਕ ਸਿਹਤ ਚੁਣੌਤੀ ਬਣਿਆ ਹੋਇਆ ਹੈ: ਮਾਹਿਰ




ਨਵਾਂਸ਼ਹਿਰ:, 28 ਜੁਲਾਈ (ਸੁਖਦੇਵ ਸਿੰਘ ਉੜਾਪੜ): ਵਾਇਰਲ ਹੈਪੇਟਾਈਟਸ ਵਿਸ਼ਵ ਪੱਧਰ 'ਤੇ ਇੱਕ ਜਨਤਕ ਸਿਹਤ ਚੁਣੌਤੀ ਬਣਿਆ ਹੋਇਆ ਹੈ। ਇਸ ਦੇ ਵੱਖ-ਵੱਖ ਰੂਪਾਂ, ਕਾਰਨਾਂ ਤੇ ਸਮੇਂ ਸਿਰ ਇਲਾਜ ਨੂੰ ਸਮਝਣ ਦੀ ਤੁਰੰਤ ਲੋੜ ਹੈ। ਵਿਸ਼ਵ ਹੈਪੇਟਾਈਟਸ ਦਿਵਸ ਦੀ ਪੂਰਵ ਸੰਧਿਆ 'ਤੇ ਬੋਲਦੇ ਹੋਏ, ਲਿਵਾਸਾ ਹਸਪਤਾਲ ਦੇ ਸੀਨੀਅਰ ਗੈਸਟ੍ਰੋਐਂਟਰੋਲੋਜੀ ਤੇ ਹੈਪੇਟੋਲੋਜੀ ਸਲਾਹਕਾਰ ਡਾ. ਸੁਮੀਤ ਕੈਂਥ ਨੇ ਕਿਹਾ ਕਿ 2022 ਵਿੱਚ, ਦੁਨੀਆਂ ਭਰ ਵਿੱਚ 304 ਮਿਲੀਅਨ ਲੋਕ ਪੁਰਾਣੀ ਹੈਪੇਟਾਈਟਸ ਬੀ ਜਾਂ ਸੀ ਤੋਂ ਪੀੜਤ ਹੋਣਗੇ। ਵਿਸ਼ਵ ਪੱਧਰ 'ਤੇ ਪੁਰਾਣੀ ਹੈਪੇਟਾਈਟਸ ਬੀ ਤੇ ਹੈਪੇਟਾਈਟਸ ਸੀ ਹਰ ਸਾਲ ਲਗਭਗ 1.3 ਮਿਲੀਅਨ ਮੌਤਾਂ ਦਾ ਕਾਰਨ ਬਣਦਾ ਹੈ ਜਾਂ ਪ੍ਰਤੀ ਦਿਨ ਲਗਭਗ 3,500 ਮੌਤਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿਰੋਸਿਸ ਤੇ ਜਿਗਰ ਦੇ ਕੈਂਸਰ ਕਾਰਨ ਹੁੰਦੀਆਂ ਹਨ। 2021 ਤੋਂ 2022 ਤੱਕ ਮੌਤਾਂ ਵਿੱਚ 18% ਤੋਂ ਵੱਧ ਦਾ ਵਾਧਾ ਹੋਇਆ ਹੈ, ਜੋ ਕਿ ਪਿਛਲੇ ਵਾਧੇ ਨੂੰ ਉਲਟਾ ਦਿੰਦਾ ਹੈ ਤੇ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ। ਨਿਦਾਨ ਤੇ ਇਲਾਜ ਵਿੱਚ ਪਾੜੇ ਬਾਰੇ ਗੱਲ ਕਰਦੇ ਹੋਏ ਗੈਸਟ੍ਰੋਐਂਟਰੋਲੋਜੀ ਤੇ ਹੈਪੇਟੋਲੋਜੀ ਦੇ ਸੀਨੀਅਰ ਸਲਾਹਕਾਰ ਡਾ. ਯੋਗੇਂਦਰ ਕੁਮਾਰ ਨੇ ਕਿਹਾ ਕਿ 2022 ਦੇ ਅੰਤ ਤੱਕ, ਸਿਰਫ 13% ਲੋਕ ਜੋ ਪੁਰਾਣੀ ਹੈਪੇਟਾਈਟਸ ਬੀ ਤੋਂ ਪੀੜਤ ਹਨ ਤੇ 36% ਲੋਕ ਜੋ ਹੈਪੇਟਾਈਟਸ ਸੀ ਤੋਂ ਪੀੜਤ ਹਨ, ਉਨ੍ਹਾਂ ਦਾ ਪਤਾ ਲੱਗਿਆ। ਰੋਕਥਾਮ ਬਾਰੇ ਬੋਲਦਿਆਂ ਸੀਨੀਅਰ ਗੈਸਟ੍ਰੋਐਂਟਰੋਲੋਜੀ ਸਲਾਹਕਾਰ ਡਾ. ਪੰਕਜ ਕਪੂਰ ਨੇ ਕਿਹਾ ਕਿ ਮੁੱਢਲੇ ਸਿਹਤ ਪ੍ਰਣਾਲੀਆਂ ਵਿੱਚ ਟੈਸਟਿੰਗ, ਇਲਾਜ, ਟੀਕਾਕਰਨ ਤੇ ਸੇਵਾਵਾਂ ਦਾ ਏਕੀਕਰਨ ਜ਼ਰੂਰੀ ਹੈ। ਇਸ ਵਿੱਚ ਹੈਪੇਟਾਈਟਸ ਬੀ ਲਈ ਜਨਮ-ਖੁਰਾਕ ਟੀਕਾਕਰਨ ਨੂੰ ਯਕੀਨੀ ਬਣਾਉਣਾ, ਉੱਚ-ਜ਼ੋਖਮ ਵਾਲੇ ਸਮੂਹਾਂ ਲਈ ਸਕਰੀਨਿੰਗ ਦਾ ਵਿਸਥਾਰ ਕਰਨਾ, ਐੱਚ.ਸੀ.ਵੀ. ਲਈ ਕਿਫਾਇਤੀ ਇਲਾਜ ਪ੍ਰਦਾਨ ਕਰਨਾ, ਐੱਚ.ਬੀ.ਵੀ. ਸੰਚਾਰ ਨੂੰ ਰੋਕਣ ਲਈ ਐਂਟੀਵਾਇਰਲ ਤੇ ਪ੍ਰੋਫਾਈਲੈਕਸਿਸ ਪ੍ਰਦਾਨ ਕਰਨਾ ਸ਼ਾਮਲ ਹੈ।

# ਸਤਿਸੰਗ ਘਰ ਜਾਂਗਲਾ ਵਿਖੇ ਨਾਮ ਅਭਿਆਸ ਕਰਵਾਇਆ



ਬਟਾਲਾ, 28 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪਿੰਡ ਜਾਂਗਲਾ ਦੇ ਸਤਿਸੰਗ ਘਰ ਵਿਖੇ ਹਰ ਐਤਵਾਰ ਦੀ ਤਰ੍ਹਾਂ ਨਾਮ ਸਿਮਰਨ ਅਭਿਆਸ ਕਰਵਾਇਆ ਗਿਆ। ਬਾਬਾ ਰਾਜ ਭੁਪਿੰਦਰ ਸਿੰਘ ਰਾਜੂ ਤੇ ਸਮੂਹ ਸੰਗਤਾਂ ਵੱਲੋਂ ਧੁਰ ਕੀ ਬਾਨੀ ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਚੌਪਈ ਸਾਹਿਬ, ਅਨੰਦ ਸਾਹਿਬ ਜੀ ਦੀ ਬਾਣੀ ਦੇ ਸੰਗਤੀ ਰੂਪ ਵਿੱਚ ਸਿਮਰਨ ਉਪਰੰਤ ਸਮੂਹ ਸੰਗਤਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਸਮੇਂ ਅਮਰਜੀਤ ਸਿੰਘ ਰਾਜੂ, ਮਾਸਟਰ ਜਰਨੈਲ ਸਿੰਘ ਬਟਾਲਾ, ਸਤਨਾਮ ਸਿੰਘ ਰਿਆਲੀ, ਹਰਪ੍ਰੀਤ ਸਿੰਘ ਗੁਜਰਪੁਰਾ, ਪ੍ਰਤਾਪ ਸਿੰਘ ਬਟਾਲਾ, ਹਰਜੀਤ ਸਿੰਘ ਕਠਿਆਲਾ, ਕੁਲਵੰਤ ਸਿੰਘ ਮਿਸਤਰੀ, ਜਗੀਰ ਸਿੰਘ ਗੁਰਦਾਸਪੁਰ, ਸਿਮਰਨਪ੍ਰੀਤ ਸਿੰਘ ਗੋਰਾ, ਮੇਜਰ ਸਿੰਘ ਗੁਰਦਾਸਪੁਰ, ਹਰਜੋਤ ਸਿੰਘ ਚੱਠਾ ਸਰਵਣ ਸਿੰਘ ਧਰਮਕੋਟ, ਪ੍ਰਿੰਸ, ਰਾਜਬੀਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਬਦਲੀਆਂ ਲਈ ਸਟੇਸ਼ਨ ਚੋਣ ਕਰਵਾਉਣ ਦੀਆਂ ਬਾਰ-ਬਾਰ ਦਿੱਤੀਆਂ ਜਾ ਰਹੀਆ ਤਰੀਕਾਂ ਦੀ ਡੀ.ਟੀ.ਐੱਫ. ਵੱਲੋਂ ਨਿਖੇਧੀ



ਗੜ੍ਹਸ਼ੰਕਰ, 28 ਜੁਲਾਈ (ਅਜਮੇਰ ਸਿੰਘ ਭਨੋਟ): ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਬਦਲੀਆਂ ਸਬੰਧੀ ਦਿਖਾਈ ਜਾ ਰਹੀ ਨਾਲਾਇਕੀ ਦੀ ਨਿਖੇਧੀ ਕਰਦਿਆਂ ਬਦਲੀ ਪੋਰਟਲ 'ਤੇ ਸਟੇਸ਼ਨ ਚੋਣ ਤੁਰੰਤ ਦੇਣ ਦੀ ਮੰਗ ਕੀਤੀ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਸੰਯੁਕਤ ਸਕੱਤਰ ਮੁਕੇਸ਼ ਕੁਮਾਰ ਤੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਪੰਜਾਬ ਪੋਰਟਲ ਉੱਪਰ ਬਦਲੀ ਪ੍ਰਕਿਰਿਆ 6 ਜੂਨ ਤੋਂ ਸ਼ੁਰੂ ਕਰਕੇ ਜੁਲਾਈ ਮਹੀਨੇ ਦੇ ਲਗਭਗ ਪੂਰਾ ਬੀਤ ਜਾਣ ਦੇ ਬਾਵਜੂਦ ਅਧਿਆਪਕਾਂ ਲਈ ਸਟੇਸ਼ਨ ਚੋਣ ਕਰਨ ਲਈ ਨਹੀਂ ਖੋਲ੍ਹਿਆ ਜਾ ਸਕਿਆ ਹੈ, ਜਿਸ ਕਾਰਨ ਲੰਬੇ ਸਮੇਂ ਤੋਂ ਬਦਲੀਆਂ ਉਡੀਕ ਰਹੇ ਅਧਿਆਪਕ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਮਹਿਸੂਸ ਕਰ ਰਹੇ ਹਨ। ਉਹ ਜਥੇਬੰਦੀਆਂ ਦੇ ਆਗੂਆਂ ਤੇ ਆਪਣੇ ਆਪਣੇ ਸ੍ਰੋਤਾਂ ਤੋਂ ਬਦਲੀ ਪੋਰਟਲ ਦੇ ਸਟੇਸ਼ਨ ਚੋਣ ਲਈ ਖੋਲ੍ਹੇ ਜਾਣ ਬਾਰੇ ਸੂਚਨਾ ਲੈਣਾ ਚਾਹੁੰਦੇ ਹਨ ਪਰ ਪਿਛਲੇ ਸਮੇਂ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਵੱਖ-ਵੱਖ ਜਥੇਬੰਦੀਆਂ ਤੇ ਹੋਰਨਾਂ ਸ੍ਰੋਤਾਂ ਨੂੰ ਦਿੱਤੀ ਗਈ ਸੂਚਨਾ ਅੱਜ ਤੱਕ ਝੂਠੀ ਸਾਬਤ ਹੋਈ ਹੈ, ਜਿਸ ਕਾਰਨ ਅਧਿਆਪਕਾਂ ਸਿੱਖਿਆ ਵਿਭਾਗ ਦੀ ਕਾਰਜਸ਼ੈਲੀ ਤੋਂ ਨਿਰਾਸ਼ ਹਨ। ਇਸ ਮੌਕੇ 'ਤੇ ਡੈਮੋਕ੍ਰੈਟਿਕ ਟੀਚਰਜ਼ ਆਗੂਆਂ ਇੰਦਰਸੁਖਦੀਪ ਸਿੰਘ, ਬਲਜੀਤ ਸਿੰਘ, ਮਨਜੀਤ ਸਿੰਘ, ਅਸ਼ਨੀ ਕੁਮਾਰ, ਬਲਜਿੰਦਰ ਸਿੰਘ, ਰਮੇਸ਼ ਕੁਮਾਰ ਬੱਗਾ, ਵਿਨੇ ਕੁਮਾਰ, ਕਰਨੈਲ ਸਿੰਘ, ਅਜੇ ਕੁਮਾਰ, ਰਮੇਸ਼ ਮਲਕੋਵਾਲ ਨੇ ਕਿਹਾ ਕਿ ਵਿਭਾਗ ਵੱਲੋਂ ਸਮੇਂ ਸਿਰ ਬਦਲੀਆਂ ਨਾ ਕਰਨਾ ਤੇ ਬਦਲੀਆਂ ਦੀ ਥਾਂ ਡੈਪੂਟੇਸ਼ਨਾਂ ਕਰਨਾ ਵਿਭਾਗ ਵਿੱਚ ਰਾਜਨੀਤਿਕ ਦਖ਼ਲ-ਅੰਦਾਜ਼ੀ ਦਾ ਹੀ ਸਬੂਤ ਹੈ। ਆਗੂਆਂ ਨੇ ਮੰਗ ਕੀਤੀ ਕਿ ਬਦਲੀ ਪੋਰਟਲ ਸਟੇਸ਼ਨ ਚੋਣ ਲਈ ਤੁਰੰਤ ਖੋਲ੍ਹਿਆ ਜਾਵੇ ਤੇ ਈ.ਟੀ.ਟੀ. ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਤੇ ਪੀ.ਟੀ.ਆਈ. ਤੋਂ ਡੀ.ਪੀ.ਈ. ਵਜੋਂ ਦੁਰੇਡੇ ਸਟੇਸ਼ਨਾਂ 'ਤੇ ਤਰੱਕੀਆਂ ਲੈਣ ਵਾਲੇ ਅਧਿਆਪਕਾਂ ਨੂੰ ਵੀ ਬਦਲੀਆਂ ਦਾ ਮੌਕਾ ਦਿੱਤਾ ਜਾਵੇ।

# 76ਵੇਂ ਸਕੂਲੀ ਬਲਾਕ ਲੈਵਲ ਵਾਲੀਬਾਲ ਦੇ ਮੁਕਾਬਲੇ ਕਰਵਾਏ



ਬਟਾਲਾ, 28 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਰਚੂਰ ਵਿਖੇ ਵਾਲੀਬਾਲ ਦੀ ਪਲੇਅ ਗਰਾਊਂਡ ਵਿੱਚ 76ਵੇਂ ਸਕੂਲੀ ਬਲਾਕ ਅੰਡਰ-14, 17, 19 ਲੈਵਲ ਵਾਲੀਬਾਲ ਦੇ ਮੁਕਾਬਲੇ ਕਰਵਾਏ ਗਏ। ਇਸ ਬਲਾਕ ਪੱਧਰੀ ਵਾਲੀਬਾਲ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ 26 ਸਕੂਲਾਂ ਦੇ ਵਾਲੀਬਾਲ ਖਿਡਾਰੀਆਂ ਦੀਆਂ ਟੀਮਾਂ ਨੇ ਭਾਗ ਲਿਆ। ਇਸ ਬਲਾਕ ਪੱਧਰ ਦੀ ਕਮੇਟੀ ਜ਼ੋਨ ਘਣੀਏ ਕੇ ਬਾਂਗਰ ਦੇ ਪ੍ਰਧਾਨ ਪ੍ਰਿੰਸੀਪਲ ਬਲਵਿੰਦਰ ਪਾਲ, ਸਕੱਤਰ ਹਰਪਾਲ ਸਿੰਘ ਰੰਧਾਵਾ, ਲੈਕਚਰਾਰ ਪ੍ਰਦੀਪ ਸਿੰਘ ਸਹਾਇਕ ਸਕੱਤਰ ਡੀ.ਪੀ.ਸੀ., ਗੁਰਤੇਜ ਸਿੰਘ ਪੀ.ਟੀ.ਆਈ., ਖਜ਼ਾਨਚੀ ਅਜੇ ਸ਼ਰਮਾ ਤੇ ਪਿੰਡ ਸਾਰਚੂਰ ਦੀ ਸਮੂਹ ਗ੍ਰਾਮ ਪੰਚਾਇਤ ਦੀ ਦੇਖ-ਰੇਖ ਹੇਠ ਇਹ ਬਲਾਕ ਪੱਧਰੀ ਸਕੂਲੀ ਵਾਲੀਬਾਲ ਖੇਡ ਮੁਕਾਬਲੇ ਹੋਏ। ਇਸ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਖਿਡਾਰੀਆਂ ਨਾਲ ਬਲਾਕ ਪੱਧਰੀ ਕਮੇਟੀ ਤੇ ਸਮੂਹ ਗ੍ਰਾਮ ਪੰਚਾਇਤ ਸਰਚੂਰ, ਅੰਕੁਰ ਅਰੋੜਾ ਮੈਨੇਜਰ ਵੱਲੋਂ ਖਿਡਾਰੀਆਂ ਨਾਲ ਜਾਣ-ਪਛਾਣ ਤੋਂ ਉਪਰੰਤ ਆਰੰਭ ਕਰਵਾਏ ਗਏ। ਅੰਡਰ-14 ਵਾਲੀਬਾਲ ਦੀ ਟੀਮ ਵੱਲੋਂ ਫਾਈਨਲ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਰਚੂਰ ਦੀ ਟੀਮ ਨੂੰ ਦੋ ਦੇ ਮੁਕਾਬਲੇ ਜ਼ੀਰੋ ਪੁਆਇੰਟ ਨਾਲ ਪੰਜ ਪੀਰ ਅਕੈਡਮੀ ਦੀ ਟੀਮ ਵੱਲੋਂ ਹਰਾਇਆ ਗਿਆ। ਅੰਡਰ-17 ਤੇ 19 ਲੈਵਲ ਦੀਆਂ ਟੀਮਾਂ ਦੇ ਖੇਡ ਮੁਕਾਬਲੇ ਕੱਲ ਕਰਵਾਏ ਜਾਣਗੇ। ਇਸ ਮੌਕੇ ਅੰਕੁਰ ਅਰੋੜਾ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਸਰਪੰਚ ਸੁੱਖ ਬਾਜਵਾ, ਗੁਰਿੰਦਰ ਸਿੰਘ ਮੈਂਬਰ ਪੰਚਾਇਤ, ਨਰਿੰਦਰ ਸਿੰਘ ਰੰਧਾਵਾ ਮੈਂਬਰ ਪੰਚਾਇਤ, ਚੈਂਚਲ ਸਿੰਘ ਬਿੱਲਾ ਮੈਂਬਰ ਪੰਚਾਇਤ, ਮਨਜੀਤ ਸਿੰਘ ਮੈਂਬਰ ਪੰਚਾਇਤ, ਅੰਕੁਰ ਅਰੋੜਾ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਕਵਲਜੀਤ ਸਿੰਘ ਬਾਜਵਾ, ਦੀਪਕ ਮਸੀਹ ਮੈਂਬਰ ਪੰਚਾਇਤ, ਜੁਗਰਾਜ ਸਿੰਘ ਪੀ.ਟੀ.ਆਈ., ਜਗਰਾਜ ਸਿੰਘ ਡੀ.ਪੀ., ਜਸਵੰਤ ਸਿੰਘ ਲੈਕਚਰਾਰ, ਸੁਖਜਿੰਦਰ ਸਿੰਘ ਲਾਇਬ੍ਰੇਰੀਅਨ, ਅਮਰਿੰਦਰ ਸਿੰਘ ਡੀ.ਪੀ., ਸੰਜੀਵ ਕੁਮਾਰ ਡੀ.ਪੀ., ਹਰਵਿੰਦਰ ਸਿੰਘ ਕਾਨਵੈਂਟ ਸਕੂਲ, ਲਖਵਿੰਦਰ ਕੌਰ ਪੀ.ਟੀ.ਆਈ., ਪ੍ਰਭਜੋਤ ਕੌਰ ਪੀ.ਟੀ.ਆਈ., ਰੁਪਿੰਦਰ ਕੌਰ ਡੀ.ਪੀ.ਈ., ਲੈਕਚਰਾਰ ਜਗਜੀਤ ਸਿੰਘ, ਬਿਕਰਮਜੀਤ ਡੀ.ਪੀ.ਈ., ਸੁਖਦੇਵ ਸਿੰਘ ਡੀ.ਪੀ. ਸਿਮਰਨਜੀਤ ਸਿੰਘ ਨਾਸਰਕੇ, ਮਨਜੀਤ ਸਿੰਘ ਨਾਸਰਕੇ, ਸੰਜੀਵ ਡੀ.ਪੀ.ਈ. ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖਿਡਾਰੀ ਹਾਜ਼ਰ ਸਨ।

# ਮੰਦਰ ਨਾਨਕ ਚੱਕ ਵਿਖੇ ਧਵਜਾ ਸਾਹਿਬ ਦੀ ਸੇਵਾ ਸ਼ੁਰੂ



ਫਤਹਿਗੜ੍ਹ ਚੂੜੀਆਂ, 28 ਜੁਲਾਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਤਪ ਅਸਥਾਨ ਭਗਵਾਨ ਬਾਬਾ ਸ੍ਰੀ ਚੰਦਰ ਜੀ ਨਾਨਕ ਚੱਕ ਵਿਖੇ ਪੂਜਨੀਯ ਗੱਦੀ ਨਸ਼ੀਨ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਹੇਠ ਇਕ ਸਤੰਬਰ ਨੂੰ 531ਵਾਂ ਬਾਬਾ ਸ੍ਰੀ ਚੰਦਰ ਜੀ ਦੇ ਪ੍ਰਕਾਸ਼ ਉਤਸਵ ਦੇ ਲਈ ਧਵਜਾ ਸਾਹਿਬ ਜੀ ਸੇਵਾ ਆਰੰਭ ਕੀਤੀ ਗਈ ਹੈ। ਜਿਸ ਵਿੱਚ ਸੇਵਾਦਾਰਾਂ ਵੱਲੋਂ ਧਵਜਾ ਸਾਹਿਬ ਜੀ ਦੀ ਸੇਵਾ ਦੇ ਲਈ ਪੂਰੀ ਤਰ੍ਹਾਂ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਤੇ ਇੱਕ ਸਤੰਬਰ ਨੂੰ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਮਹਾਰਾਜ ਜੀ ਦੇ ਉਤਸਵ ਦੇ ਲਈ ਪੂਰੀ ਤਰ੍ਹਾਂ ਤਿਆਰੀਆਂ ਜ਼ੋਰਾ-ਸ਼ੋਰਾਂ ਦੇ ਨਾਲ ਮੰਦਰ ਨਾਨਕ ਚੱਕ ਵਿਖੇ ਚੱਲ ਰਹੀਆਂ ਹਨ। ਇਸ ਮੌਕੇ 'ਤੇ ਮਹੰਤ ਹਰੀ ਕੁੰਭ ਦਾਸ, ਰਵਿੰਦਰ ਮੁਨੀ, ਜੱਸ ਲੋਧੀ ਨੰਗਲ, ਸੰਦੀਪ ਬੇਦੀ, ਰੰਮੀ ਅਲੀਵਾਲ, ਗੁਰਲਾਲ ਗੇਲਾ, ਹੈਪੀ ਨਾਨਕ ਚੱਕ, ਦੁਰਗਾ ਪ੍ਰਸਾਦ, ਦੁਰਲਭਜੀਤ ਸਿੰਘ, ਯਾਦਵਿੰਦਰ ਸਿੰਘ, ਸੰਦੀਪ ਸਿੰਘ, ਅੰਮ੍ਰਿਤ ਪਾਲ ਸਿੰਘ ਸ਼ੈਂਕੀ, ਰਣਜੋਤ ਸਿੰਘ, ਪ੍ਰਿੰਸ ਢੱਲਾ, ਮੰਨਾ ਸੀੜਾ, ਗੁਰਲਾਲ ਫੌਜੀ, ਪਵਨ ਗੁੱਜਰਪੁਰਾ, ਜੋਬਨ ਭੁਲਟ, ਜਸ਼ਨ ਕੋਟਲਾ ਬਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਟਰ, ਰਣਜੀਤ ਸਿੰਘ, ਜਗਰੂਪ ਸਿੰਘ, ਸਤਨਾਮ ਸਿੰਘ ਕਾਦਰਾਬਾਦ, ਇੰਦਰਜੀਤ ਸਿੰਘ ਨਾਨਕ ਚੱਕ ਰਜਿੰਦਰ ਸਿੰਘ, ਮਨਪ੍ਰੀਤ ਪਟਵਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੰਦਰ ਨਾਨਕ ਚੱਕ ਦੇ ਸੇਵਾਦਾਰ ਹਾਜ਼ਰ ਸਨ।

# ਸੜਕਾਂ 'ਤੇ ਖੜ੍ਹਦਾ ਪਾਣੀ ਰਾਹਗੀਰਾਂ ਲਈ ਮੁਸੀਬਤ ਤੇ ਦੁਕਾਨਦਾਰਾਂ ਲਈ ਜਾਨ ਦਾ ਖੌਅ



ਬਟਾਲਾ, 28 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਨਜ਼ਦੀਕੀ ਪਿੰਡ ਥਰੀਏਵਾਲ ਵਿਖੇ ਥੋੜ੍ਹੀ ਜਿਹੀ ਬਰਸਾਤ ਪੈਣ ਨਾਲ ਹੀ ਸੜਕ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਹੈ ਤੇ ਆਉਣ-ਜਾਣ ਵਾਲੇ ਰਾਹਗੀਰਾਂ ਵਾਸਤੇ ਵੱਡੀ ਮੁਸੀਬਤ ਬਣ ਜਾਂਦਾ ਹੈ। ਪਿੰਡ ਥਰੀਏਵਾਲ ਦੇ ਸਰਪੰਚ ਹਰਪ੍ਰੀਤ ਸਿੰਘ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਮੇਜਰ ਸਿੰਘ ਤੇ ਹੋਰ ਅਨੇਕਾਂ ਮੋਹਤਬਰਾਂ ਨੇ ਕਿਹਾ ਕਿ ਸੜਕਾਂ ਨੀਵੀਆਂ ਹੋਣ ਕਾਰਨ ਸੜਕ ਦੇ ਵਿੱਚ ਖੜ੍ਹਾ ਪਾਣੀ ਨਿਤ ਦਿਨ ਹਾਦਸਿਆਂ ਨੂੰ ਸੱਦਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬਰਸਾਤ ਦਾ ਪਾਣੀ ਖੜ੍ਹਾ ਹੋਣ ਨਾਲ ਸੜਕ ਵਿੱਚ ਵੱਡੇ ਵੱਡੇ ਖੱਡੇ ਬਣ ਜਾਂਦੇ ਹਨ ਅਤੇ ਸੜਕ ਚ ਪਾਣੀ ਖੜ੍ਹਾ ਹੋਣ ਕਰਕੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਖੱਡਿਆਂ ਦਾ ਪਤਾ ਨਹੀਂ ਚੱਲਦਾ ਜਿਸ ਕਰਕੇ ਉਹ ਨਿਤ ਦਿਨ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਉਕਤ ਆਗੂਆਂ ਨੇ ਸਰਕਾਰ ਪਾਸ ਗੁਹਾਰ ਲਗਾਈ ਹੈ ਕਿ ਸਾਡੀ ਇਸ ਪਰੇਸ਼ਾਨੀ ਨੂੰ ਦੂਰ ਕੀਤਾ ਜਾਵੇ। ਬਟਾਲੇ ਤੋਂ ਸ਼੍ਰੀ ਹਰਗੋਬਿੰਦਪੁਰ ਰੋਡ ਉੱਪਰ ÷ਜਿੱਥੇ ਰਾਹਗੀਰਾਂ ਨੂੰ ਮੁਸ਼ਕਿਲ ਆਉਂਦੀਹੈ ਉੱਥੇ ਆਸ ਪਾਸ ਦੀਆਂ ਦੁਕਾਨਾਂ ਉੱਪਰ ਗੱਡੀਆਂ ਨਾਲ ਪੈਂਦਾ ਚਿੱਕੜ ਵੀ ਦੁਕਾਨਦਾਰਾਂ ਲਈ ਜਾਨ ਦਾ ਖੌਅ ਬਣਿਆ ਹੋਇਆ ਹੈ। ਦੁਕਾਨਦਾਰ ਭਰਾਵਾਂ ਦਾ ਕਹਿਣਾ ਹੈ ਕਿ ਇਲਾਕੇ ਦੀਆਂ ਸਾਰੀਆਂ ਹੀ ਸੜਕਾਂ ਦਾ ਨਵੀਨੀਕਰਨ ਹੋ ਚੁੱਕਾ ਹੈ, ਪਰ ਬਟਾਲਾ ਸ੍ਰੀ ਹਰਗੋਬਿੰਦਪੁਰ ਸੜਕ ਵਿੱਚ ਦੀ ਪਤਾ ਨਹੀਂ ਕਦੋਂ ਵਾਰੀ ਆਵੇਗੀ। ਉਹਨਾਂ ਹਲਕੇ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨ ਕੋਟ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਪੀ ਡਬਲਯੂ ਡੀ ਵਿਭਾਗ ਰਾਹੀਂ,ਇਸ ਸੜਕ ਦਾ ਨਵੀਨੀਕਰਨ ਕਰਵਾਉਣ ਲਈ ਚਾਰਾਜੋਈ ਕਰਨ।

# ਵਿਦਿਆਰਥੀਆਂ ਨੂੰ ਪੁਲਿਸ ਸਾਂਝ ਕੇਂਦਰ ਤੇ ਪੁਲਿਸ ਸਟੇਸ਼ਨ ਵਿਖੇ ਬੁਲਾ ਕੇ ਦਫ਼ਤਰ ਦੇ ਕੰਮਕਾਜ ਤੇ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ



ਬਟਾਲਾ, 28 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਤਨਾਮ ਸਿੰਘ ਸੰਧੂ): ਐੱਸ.ਐੱਸ.ਪੀ. ਬਟਾਲਾ ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਦੇ ਵਿਦਿਆਰਥੀਆਂ ਨੂੰ ਸਬ-ਡਵੀਜ਼ਨ ਦਫ਼ਤਰ, ਸਾਂਝ ਕੇਂਦਰ ਤੇ ਪੁਲਿਸ ਸਟੇਸ਼ਨ, ਡੇਰਾ ਬਾਬਾ ਨਾਨਕ ਵਿਖੇ ਸੱਦਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਪੁਲਿਸ ਸਟੇਸ਼ਨ ਦੇ ਕੰਮਕਾਜ ਤੇ ਸਾਂਝ ਕੇਂਦਰ ਵਿਖੇ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਆਨਲਾਈਨ ਧੋਖਾਧੜੀ ਏ ਐਮਰਜੈਂਸੀ ਸਹਾਇਤਾ ਲਈ 112, 181, 97791-00200 ਤੇ 1930 ਵਰਗੇ ਮਹੱਤਵਪੂਰਨ ਹੈਲਪਲਾਈਨ ਨੰਬਰਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਐੱਸ.ਪੀ. (ਐੱਚ) ਬਟਾਲਾ, ਜਸਵੰਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਮੰਤਵ ਨਾਲ ਵੱਧ ਤੋਂ ਵੱਧ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਤੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੂੰ ਨੈਸ਼ਨਲ ਐਮਰਜੈਂਸੀ ਹੈਲਪ ਲਾਈਨ ਨੰਬਰ 112 ਬਾਰੇ ਦੱਸਿਆ ਕਿ ਇਸ ਨੰਬਰ 'ਤੇ ਪੁਲਿਸ, ਫਾਇਰ ਬ੍ਰਿਗੇਡ ਤੇ ਐਂਬੂਲੈਂਸ ਸੇਵਾਵਾਂ ਲਈ ਕਾਲ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਵੂਮੈਨ ਹੈਲਪਲਾਈਨ ਨੰਬਰ 118 'ਤੇ ਔਰਤਾਂ, ਬੱਚਿਆਂ ਜਾਂ ਘਰੇਲੂ ਅੱਤਿਆਚਾਰ ਆਦਿ ਸਬੰਧੀ ਕਾਲ ਕੀਤੀ ਜਾ ਸਕਦੀ ਹੈ ਤੇ ਸਾਈਬਰ ਕ੍ਰਾਈਮ ਹੈਲਪਲਾਈਨ ਨੰਬਰ 1930 'ਤੇ ਕਿਸੇ ਕਿਸਮ ਦੀ ਸਾਈਬਰ ਕ੍ਰਾਈਮ (ਆਨਲਾਈਨ ਧੋਖਾਧੜੀ) ਨਾਲ ਸਬੰਧਤ ਹੈਲਪ ਲੈਣ ਲਈ ਕਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੁਲਿਸ ਸਟੇਸ਼ਨ ਵਿੱਚ ਰੋਜ਼ਾਨਾ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ।

# ਸਿਵਲ ਸਰਜਨ ਦੇ ਨਿਰਦੇਸ਼ਾਂ ਹੇਠ ਮਨਾਇਆ ਵਿਸ਼ਵ ਹੈਪੇਟਾਈਟਸ ਦਿਵਸ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 28 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਸ਼ਵ ਹੈਪੇਟਾਈਟਸ ਦਿਵਸ ਸਿਵਲ ਸਰਜਨ ਡਾ. ਜਸਵਿੰਦਰ ਸਿੰਘ, ਡਾ. ਵੰਦਨਾ ਦੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਆਮ ਆਦਮੀ ਕਲੀਨਿਕ ਮੰਡ ਵਿਖੇ ਮਨਾਇਆ ਗਿਆ, ਜਿਸ ਵਿਚ ਡਾ. ਫਰਾਹ ਅਨਸੂਰ ਨੇ ਦੱਸਿਆ ਕਿ ਇਹ ਪੰਜ ਤਰ੍ਹਾਂ ਏਬੀਸੀਡੀਈ ਦਾ ਹੁੰਦਾ ਏ,ਡੀ,ਈ ਦੂਸ਼ਿਤ ਪਾਣੀ, ਖਾਣ ਵਾਲੀਆਂ ਚੀਜ਼ਾਂ ਤੋਂ ਹੁੰਦਾ ਹੈ। ਹੈਪੇਟਾਈਟਸ ਬੀ,ਸੀ ਦੂਸ਼ਿਤ ਖ਼ੂਨ, ਇਨਫੈਕਟਡ ਸੂਈਆਂ ਅਸੁਰੱਖਿਅਤ ਸਬੰਧਾਂ ਨਾਲ ਫੈਲਦਾ ਹੈ। ਇਸ ਮੌਕੇ 'ਤੇ ਸੀ.ਐੱਚ.ਓ. ਮਨਦੀਪ ਕੌਰ ਨੇ ਦੱਸਿਆ ਕਿ ਹੈਪੇਟਾਈਟਸ ਬੀ ਦਾ ਟੀਕਾ ਸਰਕਾਰ ਵੱਲੋਂ ਜੰਮਦੇ ਹੀ ਬੱਚੇ ਨੂੰ 24 ਘੰਟਿਆਂ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਫ੍ਰੀ ਲਗਾਇਆ ਜਾਂਦਾ ਹੈ। ਹਰਪਿੰਦਰ ਸਿੰਘ ਹੈਲਥ ਇੰਸਪੈਕਟਰ ਵੱਲੋਂ ਦੱਸਿਆ ਗਿਆ ਕਿ ਹੈਪੇਟਾਈਟਸ ਬੀ,ਸੀ ਦਵਾਈ ਸਿਵਲ ਹਸਪਤਾਲਾਂ ਤੋਂ ਟੈਸਟ ਕਰਵਾਉਣ ਤੋਂ ਬਾਅਦ ਤਿੰਨ ਮਹੀਨੇ ਫ੍ਰੀ ਮਿਲਦੀ ਹੈ। ਹੈਪੇਟਾਈਟਸ ਜਿਗਰ ਦੇ ਕੈਂਸਰ ਦਾ ਮੁੱਖ ਕਾਰਨ ਹੈ। ਇਸ ਮੌਕੇ 'ਤੇ ਰੁਪਿੰਦਰ ਕੌਰ ਇੰਦਰਜੀਤ ਕੌਰ, ਅਮਨਦੀਪ ਕੌਰ, ਰਛਪਾਲ ਸਿੰਘ, ਗੁਰਪ੍ਰੀਤ ਕੌਰ ਹਾਜ਼ਰ ਹਨ।

# ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ: ਅਵਤਾਰ ਕੌਰ



ਕਲਾਨੌਰ, 28 ਜੁਲਾਈ (ਕਮਲਜੀਤ ਸਿੰਘ/ਇਕਬਾਲ ਵਾਲੀਆ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ), ਬਟਾਲਾ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ। ਤੀਜ ਦਾ ਇਹ ਤਿਉਹਾਰ ਜਿੱਥੇ ਸਾਡੇ ਬੱਚਿਆਂ ਨੂੰ ਜੋ ਕਿ ਆਧੁਨਿਕ ਤੌਰ-ਤਰੀਕੇ ਸਿੱਖਦੇ ਜਾ ਰਹੇ ਹਨ, ਉਥੇ ਹੀ ਅਜਿਹੇ ਸਮਾਗਮ ਬੱਚਿਆਂ ਨੂੰ ਪੁਰਾਤਨ ਵਿਰਸੇ ਦੇ ਨਾਲ ਜੋੜਦੇ ਹਨ। ਤੀਜ ਦੇ ਇਸ ਤਿਉਹਾਰ ਦੇ ਵਿੱਚ ਬਹੁਤ ਜ਼ਿਆਦਾ ਰੰਗ ਵੀ ਭਰੇ ਹੁੰਦੇ ਹਨ, ਜੋ ਹਰ ਇੱਕ ਦੇ ਚਿਹਰੇ ਉੱਤੇ ਖੁਸ਼ੀ ਲੈ ਕੇ ਆਉਂਦੇ ਹਨ। ਸਕੂਲ ਦੇ ਇਸ ਸਮਾਗਮ ਦੇ ਵਿੱਚ ਮੁੱਖ ਮਹਿਮਾਨ ਵਜੋਂ ਅਵਤਾਰ ਕੌਰ ਵਿਸ਼ੇਸ਼ ਮਹਿਮਾਨ ਰੁਪਿੰਦਰ ਕੌਰ ਤੇ ਗੁਰਜੀਤ ਕੌਰ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਆਈਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਹੋਏ ਸਕੂਲ ਦੇ ਅਧਿਆਪਕ ਤੇ ਵਿਦਿਆਰਥਣਾਂ ਨੂੰ ਇਸ ਤਿਉਹਾਰ ਦੀਆਂ ਮੁਬਾਰਕਾਂ ਦਿੱਤੀਆਂ ਤੇ ਇਸ ਤਿਉਹਾਰ ਦੀ ਪੁਰਾਤਨ ਸੱਭਿਅਤਾ ਤੋਂ ਜਾਣੂ ਕਰਵਾਇਆ। ਤੀਜ ਦੇ ਤਿਉਹਾਰ 'ਤੇ ਸਕੂਲ ਦੇ ਜੂਨੀਅਰ ਵਿੰਗ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰੀਆਂ ਕੀਤੀਆਂ ਗਈਆਂ ਤੇ ਇਸ ਤਿਉਹਾਰ ਦੇ ਪ੍ਰੰਪਾਰਿਕ ਖਾਣਾ ਖੀਰ ਤੇ ਪੂੜਿਆਂ ਦਾ ਸਟਾਲ ਲਗਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ ਜੋ ਇਸ ਸਮਾਗਮ ਵਿੱਚ ਚਾਰ ਚੰਨ ਲਗਾ ਰਹੇ ਸਨ। ਅੰਤ ਦੇ ਵਿੱਚ ਗਿੱਧੇ ਦੀ ਬਹੁਤ ਹੀ ਖ਼ੂਬਸੂਰਤ ਪੇਸ਼ਕਾਰੀ ਨੇ ਸਭ ਨੂੰ ਇਸ ਗਿੱਧੇ ਦਾ ਹਿੱਸਾ ਬਣਾ ਲਿਆ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ ਮੱਲਿਆਂਵਾਲ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ ਤੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਆਈਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਹੋਏ ਵਿਸ਼ੇਸ਼ ਭੇਟ ਨਾਲ ਸਨਮਾਨ ਕੀਤਾ ਗਿਆ।

# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
(Succession Case)
**In the Court of Sh. Sachin Yadav Addl. Civil Judge (Sr. Divn.), Chandigarh**
CNR No:- CHCH02-002242-2025
Next Date: 29.08.2025
Mukesh Kumar Aggarwal
Versus
General Public
Application Under Section 372 of The Indian Succession Act for the Grant of Succession Certificate
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 25-07-2025
**Sd/- Addl. Civil Judge (Sr. Divn.), Chandigarh**

---

**In the Court of Sh.Jagjit Singh Principal Judge, Family Court, Jagadhri**
CNR No. HRYN01-006941-2024
Next Date: 12.09.2025
Monika Etc
Versus
Ravinder
Notice to: Ravinder Father:- Sh. Raj Kumar R/o H.No. 751 Near J.D. Memorial School Kabirpur, Sonipat, Tehsil and District Sonipat
In above titled case the accused could not be served. It is ordered that accused should appear in person or through counsel on **12.**09.2025 at 10:00 A.M.
For details logon to https://highcourtchd.gov.in/?trs=district_notice&district=Yamunanagar
Dated, this day of 25-07-2025
**Sd/- Principal Judge, Family Court, Jagadhri**

---

**In the Court of Sh. Darbari Lal Principal Judge Family Court Abohar**
CNR No.PBFZF6-000140-2023
Next Date: 01.09.2025
Gurpreet Kaur Etc.
Versus
Surinder Singh
Notice to: Surinder Singh Father:- Jeet Singh R/o Village Tappa Khera, Tehsil Abohar, District Fazilka.
In above titled case the accused could not be served. It is ordered that accused should appear in person or through counsel on **01.**09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 28-07-2025
**Sd/- Principal Judge Family Court Abohar**

---

(U/o 5 Rule 20 CPC)
**In the Court of Ms. Prerna Gupta Civil Judge Jr. Divn-1, Amloh(P)**
CNR No.PBFGA0-000527-2024
Next Date: 29.08.2025
Sukhdev Singh Chaudhary
Versus
Mehtab Singh
Suit for Recovery of Rs. 1,26,652/-
Notice to: Mehtab Singh:- S/o Shri Rajinder Singh R/o Flat No. 74-A, First Floor Bollywood Floor City, Sector 113, Ladran, Mohali District SAS Nagar (Mohali).
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-07-2025
**Sd/- Civil Judge Jr. Divn-1, Amloh(P)**

---

(U/o 5 Rule 20 CPC)
**In the Court of Sh. Gurpreet Singh Civil Judge Junior Division-8, Patiala**
CNR No.PBPT02-003870-2024
Next Date: 22.08.2025
Mandeep Singh
Versus
Gurdeep Singh
Notice to: Gurdeep Singh Father:- Jiwa Singh HNO. 5764, Ward NO. 9, Guru Arjan Dev Nagar Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**08.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 17-07-2025
**Sd/- Civil Judge Junior Division-8, Patiala**

---

(U/o 5 rule 20 CPC)
(Succession Case)
**In the Court of Sh. Sachin Yadav Addl. Civil Judge (Sr. Divn.), Chandigarh**
CNR No.CHCH02-002312-2025
Next Date: 01.09.2025
Bhajan Kaur
Versus
General Public
Petition u/s 372 (1) of the indian Succession Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**09.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 24-07-2025
**Sd/- Addl. Civil Judge (Sr. Divn.), Chandigarh**

---

(U/o 5 rule 20 CPC)
**In the Court of Sh. Kuldeep Singh Civil Judge Jr.Divn. Chandigarh**
CNR No.CHCH02-001686-2025
Next Date: 29.08.2025
Usha Pandey
Versus
Urmila
Notice to: Urmila Spouse:- R P Bhardwaj R/o Central School, Sector 31, Chandigah Shashi Joshi R/o H.NO. 3341, Sector 31-D, Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 14-07-2025
**Sd/- Civil Judge Jr.Divn. Chandigarh**

---

(U/o 5 Rule 20 CPC)
**In the Court of Ms. Rana Kanwardeep Kaur Chahal Principal Judge, Family Court, Camp Court at Bholath, Bholath**
CNR No.PBKPF4-000163-2024
Next Date: 03.09.2025
Amandeep Kaur
Versus
General Public and Ors.
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**09.2025 at 10:00 A.M.
For details logon to https://highcourtchd.gov.in/?trs=district_notice&district=Kapurthala
Dated, this day of 23-07-2025
**Sd/-Principal Judge, Family Court, Camp Court at Bholath, Bholath**

---

(U/o 5 Rule 20 CPC)
(Succession Case)
**In the Court of Sh. Sachin Yadav Addl. Civil Judge (Sr. Divn.), Chandigarh**
CNR No.CHCH02-002302-2025
Next Date: 01.09.2025
Smt Prem Lata
Versus
General Public
Petition u/s 372 of Indian Succession Act
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **01.**09.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 23-07-2025
**Sd/- Addl. Civil Judge (Sr. Divn.), Chandigarh**

---

(U/o 5 Rule 20 CPC)
**In the Court of Ms. Prerna Gupta Civil Judge Jr. Divn-1, Amloh(P)**
CNR No.PBFGA0-000463-2023
Next Date: 01.09.2025
pankaj industries, 127, sector 20-B, Motia khan, Mandi Gobindgarh, tehsil amloh district fatehgarh sahib through its proprietor pankaj aggarwal
Versus
Abc Infra H.o. Sco 4-5, Hollywood Plaza, Vip Road, Zirakpur, District Mohali Through its Partners/Incharge And Responsible Person/Authroized Signatories Madan Lal and Satish Kumar Both Sons Of Late Angrej Singh
Suit For Recovery Of Rs. 5,03,861
Notice to: Abc Infra H.o. Sco 4-5, Hollywood Plaza, Vip Road, Zirakpur, District Mohali Through Its Partners/Incharge And Responsible Person/Authroized Signatories Madan Lal and Satish Kumar Both Sons Of Late Angrej Singh 2.Madan Lal Son Of Late Sh. Angrej Singh Partners/Incharge And Responsible Person Authroized Signatories Abc Infra Ho. Sco 4-5, Hollywood Plaza, Vip Road, Zirakpur, District Mohali. 3.Satish Kumar Sun Of Lt. Sh. Angrej Singh Partners/Incharge And Responsible Person/ Authroized Signaturies Of Abc Infra H.o. Sco 4-5, Hollywood Plaza, Vip Road, Zirakpur, Districit Mohali
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **01.**09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-07-2025
**Sd/- Civil Judge Jr. Divn-1, Amloh(P)**

## Change of Name

I, Charnjit Kaur W/o Bhajan Singh Village Fattowal PO Bulhowal Distt. Hoshiarpur have Changed my name from Charnjit Kaur to Ram Piari, Concerned Note.

---

I, Kamlesh Kumari W/o Rajinder Singh R/o H.No-23/243, Ward NO-4, Aslamabad Hoshiarpur have Changed my name from Kamlesh Kumari to Kamlesh. Concerned Note.

## Change of Name

I, Gulshan alias Meera wife of Manoj Kumar Soin resident of House No. 86 Desi Mehmandari, Patiala declare that, I have Changed my name as Gulshan. in place of Gulshan alias Meera.

## ਛੱਪੜ ਦੀ ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਝੇਰਿਆਂਵਾਲੀ ਦੇ ਦੋ ਛੱਪੜ ਦੀ ਖੁੱਲ੍ਹੀ ਬੋਲੀ ਮਿਤੀ 13.08.2025 ਦਿਨ ਬੁੱਧਵਾਰ ਨੂੰ ਪਿੰਡ ਦੇ ਵਾਟਰ ਵਰਕਸ ਵਿਖੇ ਸਵੇਰੇ 10 ਵਜੇ ਰੱਖੀ ਗਈ ਹੈ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ ਬੋਲੀ ਦੇਣ ਦੇ ਚਾਹਵਾਨ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ।

**ਸੰਪਰਕ : ਸਰਪੰਚ ਗੁਰਮੀਤ 95924 05658**
**ਸੈਕਟਰੀ : ਹਰਿੰਦਰ ਸਿੰਘ 95014 66686**

## ਬੇਦਖਲੀ ਨੋਟਿਸ

ਮੈਂ, ਪਲਵਿੰਦਰ ਕੌਰ ਪਤਨੀ ਰਘਬੀਰ ਸਿੰਘ ਪਿੰਡ ਰਾਮਗੜ੍ਹ ਤਹਿਸੀਲ ਅਮਲੋਹ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਆਪਣੇ ਲੜਕੇ ਸੁਖਚੈਨ ਸਿੰਘ ਨੂੰਹ ਬੇਅੰਤ ਕੌਰ ਜੋ ਮੇਰੇ ਕਹਿਣ ਤੋਂ ਬਾਹਰ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵਗਾ। ਮੇਰਾ ਜਾਂ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ।

---

ਮੈਂ, ਅੱਛਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮਕਾਨ ਨੰਬਰ 31, ਹਰਨਾਮ ਨਗਰ, ਸਰਹਿੰਦ ਸ਼ਹਿਰ ਤਹਿਸੀਲ ਵਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਤੇ ਉਸਦੀ ਪਤਨੀ ਭਾਵ ਮੇਰੀ ਨੂੰਹ ਰਮਨਦੀਪ ਕੌਰ ਤੇ ਇਹਨਾਂ ਦਾ ਲੜਕਾ ਭਾਵ ਮੇਰਾ ਪੋਤਾ ਤੇਗਵੀਰ ਸਿੰਘ ਤਿੰਨੋਂ ਹੀ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਬਿਲਕੁਲ ਵੀ ਇੱਜ਼ਤ ਨਹੀਂ ਕਰਦੇ, ਤੰਗ ਪਰੇਸ਼ਾਨ ਕਰਦੇ ਹਨ ਅਤੇ ਲੜਾਈ ਝਗੜਾ ਕਰਦੇ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ/ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਹਨਾਂ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਸੂਚਨਾ

ਮੈਂ, ਮੁੱਖਾ ਪੁੱਤਰ ਮੋਲਾ ਵਾਸੀ ਨਵੀਂ ਅਬਾਦੀ, ਬਸਤੀ ਆਵਾ, ਫਿਰੋਜ਼ਪੁਰ ਸ਼ਹਿਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੋਨੂੰ ਅਤੇ ਉਸ ਦੀ ਪਤਨੀ ਸਰਬਜੀਤ ਮੇਰੇ ਕਹਿਣੇ ਤੋਂ ਬਾਹਰ ਹਨ, ਜਿਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਹੈ। ਸੋਨੂੰ ਅਤੇ ਸਰਬਜੀਤ (ਦੋਵੇਂ ਪਤੀ ਪਤਨੀ) ਆਪਣੇ ਹਰ ਚੰਗੇ ਮਾੜੇ ਕੰਮ ਅਤੇ ਹਰ ਤਰ੍ਹਾਂ ਦੇ ਲੈਣ ਦੇਣ ਦੇ ਖ਼ੁਦ ਜ਼ਿੰਮੇਵਾਰ ਹੋਣਗੇ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਸੂਚਨਾ

ਮੈਂ, ਬਲਵੀਰ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ. 9, ਗਲੀ ਨੰ. 16 ਬਸਤੀ ਟੈਂਕਾਂ ਵਾਲੀ, ਫਿਰੋਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਰਣਜੀਤ ਸਿੰਘ ਉਰਫ ਚੀਕੂ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਰਣਜੀਤ ਸਿੰਘ ਉਰਫ ਚੀਕੂ ਆਪਣੇ ਹਰ ਚੰਗੇ ਮਾੜੇ ਕੰਮ ਅਤੇ ਹਰ ਤਰ੍ਹਾਂ ਦੇ ਲੈਣ ਦੇਣ ਦੇ ਖ਼ੁਦ ਜ਼ਿੰਮੇਵਾਰ ਹੋਵੇਗਾ, ਸਾਡੀ ਕਿਸੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

# ਵਿਸ਼ਵ ਹੈਪੇਟਾਈਟਸ ਦਿਹਾੜੇ ਮੌਕੇ ਜਾਗਰੂਕਤਾ ਗਤੀਵਿਧੀਆਂ

ਬਾਜਾਖਾਨਾ: 28 ਜੁਲਾਈ ( ਅਵਤਾਰ ਸਿੰਘ ਮੱਲਾ ) ਸਿਹਤ ਵਿਭਾਗ ਪੰਜਾਬ ਅਤੇ ਮਾਣਯੋਗ ਸਿਵਲ ਸਰਜਨ ਫ਼ਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ. ਵਰਿੰਦਰ ਕੁਮਾਰ ਅਤੇ ਪ੍ਰਬੰਧਕੀ ਸੀਨੀਅਰ ਮੈਡੀਕਲ ਅਫ਼ਸਰ ਡਾ. ਪਲਕ ਦੀ ਅਗਵਾਈ ਹੇਠ ਸਿਹਤ ਬਲਾਕ ਬਾਜਾਖਾਨਾ ਅਧੀਨ ਆਉਂਦੇ ਸਿਹਤ ਤੰਦਰੁਸਤੀ ਕੇਂਦਰਾਂ ਉੱਪਰ ਵਿਸ਼ਵ ਹੈਪੇਟਾਈਟਸ ਦਿਹਾੜੇ ਮੌਕੇ ਹੈਪੇਟਾਈਟਸ ਰੋਗ ਦੇ ਕਾਰਣਾਂ ਲੱਛਣਾਂ, ਇਲਾਜ ਅਤੇ ਬਚਾਓ ਸੰਬੰਧੀ ਜਾਗਰੂਕਤਾ ਦੇਣ ਲਈ ਗਤੀਵਿਧੀਆਂ ਕੀਤੀਆਂ ਗਈਆਂ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਰਿੰਦਰ ਕੁਮਾਰ ਨੇ ਦੱਸਿਆ ਕਿ ਹੈਪੇਟਾਈਟਸ ਰੋਗ ਜਿਗਰ ਨਾਲ ਸੰਬੰਧਿਤ ਰੋਗ ਹੈ ਜਿਸ ਦੀਆਂ ਵੱਖ ਵੱਖ ਕਿਸਮਾਂ ਹੈਪੇਟਾਈਟਸ ਏ, ਬੀ, ਸੀ, ਡੀ, ਅਤੇ ਹੈਪੇਟਾਈਟਸ ਈ ਹੁੰਦੀਆਂ ਹਨ। ਇਸ ਤੋਂ ਬਚਾਓ ਲਈ ਸਾਫ਼ ਖਾਣ-ਪੀਣ, ਨਸ਼ਿਆਂ ਤੋਂ ਪ੍ਰਹੇਜ਼ ਕਰਨਾ ਲਾਜ਼ਮੀ ਹੁੰਦਾ ਹੈ। ਇਹਨਾਂ ਦੇ ਫੈਲਾਓ ਦੇ ਤਰੀਕੇ ਵੀ ਵੱਖ ਵੱਖ ਹੁੰਦੇ ਹਨ। ਇਸ ਬਾਬਤ ਜਾਣਕਾਰੀ ਦਿੰਦਿਆਂ ਡਾ. ਪਲਕ ਨੇ ਦੱਸਿਆ ਕਿ ਹੈਪੇਟਾਈਟਸ ਏ ਅਤੇ ਈ ਦੂਸ਼ਿਤ ਭੋਜਨ ਜਾਂ ਦੂਸ਼ਿਤ ਪਾਣੀ ਦੀ ਵਰਤੋਂ ਕਾਰਨ ਹੁੰਦੇ ਹਨ ਜਦੋਂ ਕਿ ਹੈਪੇਟਾਈਟਸ ਬੀ ਦੂਸ਼ਿਤ ਖ਼ੂਨ, ਦੂਸ਼ਿਤ ਸਰੀਰਕ ਤਰਲ ਜਾਂ ਗਰਭਵਤੀ ਮਾਂ ਤੋਂ ਜਨਮ ਸਮੇਂ ਨਵਜਾਤ ਬੱਚੇ ਨੂੰ ਹੋਣ ਦਾ ਖ਼ਤਰਾ ਹੁੰਦਾ ਹੈ ਹੈਪੇਟਾਈਟਸ ਸੀ ਵੀ ਦੂਸ਼ਿਤ ਖ਼ੂਨ ਦੇ ਸ਼ਰੀਰ ਵਿੱਚ ਰਲੇਵੇਂ ਨਾਲ ਫੈਲਦਾ ਹੈ। ਆਈ ਈ ਸੀ ਗਤੀਵਿਧੀਆਂ ਦੇ ਬਲਾਕ ਨੋਡਲ ਅਧਿਕਾਰੀ ਅਤੇ ਬਲਾਕ ਪ੍ਰਸਾਰ ਸਿੱਖਿਅਕ ਫ਼ਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਨੇ ਦੱਸਿਆ ਕਿ ਇਸ ਵਰ੍ਹੇ ਵਿਸ਼ਵ ਹੈਪੇਟਾਈਟਸ ਦਿਹਾੜੇ ਦਾ ਥੀਮ 'ਲੈੱਟਸ ਬ੍ਰੇਕ ਇਟ ਡਾਊਨ' ਭਾਵ ਆਓ ਇਸ ਤੋੜ ਦੇਈਏ ਹੈ।

ਇਸ ਥੀਮ ਦਾ ਮੂਲ ਭਾਵ ਹੈਪੇਟਾਈਟਸ ਰੋਗ ਦੀ ਲੜੀ ਨੂੰ ਤੋੜਨਾ ਹੈ ਤਾਂ ਜੋ ਹੈਪੇਟਾਈਟਸ ਰੋਗ ਦੇ ਫੈਲਾਓ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਹੈਪੇਟਾਈਟਸ ਰੋਗ ਦਾ ਇਲਾਜ ਪੰਜਾਬ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ।

ਇਸ ਮੌਕੇ ਸੀਐਚਸੀ ਬਾਜਾਖਾਨਾ ਵਿਖੇ ਸਮਾਗਮ ਦੌਰਾਨ ਕਮਿਊਨਿਟੀ ਹੈਲਥ ਅਫ਼ਸਰ ਬੀਬਾ ਬਲਜੀਤ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਦੱਸਿਆ ਕਿ ਹੈਪੇਟਾਈਟਸ ਰੋਗ ਦੇ ਵਿਸ਼ਾਣੂ ਜਿਗਰ ਦੇ ਉਪਰ ਬਹੁਤ ਬੁਰਾ ਅਸਰ ਪਾਉਂਦੇ ਹਨ ਅਤੇ ਹੌਲੀ ਹੌਲੀ ਜਿਗਰ ਨੂੰ ਖਤਮ ਕਰ ਦਿੰਦੇ ਹਨ, ਇਸ ਲਈ ਹੈਪੇਟਾਈਟਸ ਦਾ ਪਤਾ ਲੱਗਦੇ ਹੀ ਤੁਰੰਤ ਇਲਾਜ ਕਰਵਾਉਣਾ ਜ਼ਰੂਰੀ ਹੋ ਜਾਂਦਾ ਹੈ। ਬਹੁਮੰਤਵੀ ਸਿਹਤ ਨਿਰੀਖਕ ਜਗਦੇਵ ਸਿੰਘ ਅਤੇ ਬਹੁਮੰਤਵੀ ਸਿਹਤ ਕਰਮਚਾਰੀ ਚਮਕੌਰ ਸਿੰਘ ਨੇ ਕਿਹਾ ਕਿ ਹੈਪੇਟਾਈਟਸ ਰੋਗ ਦੇ ਬਿਮਾਰ ਵਿਅਕਤੀ ਲਈ ਜਿਗਰ ਦਾ ਖਿਆਲ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ।



## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

Nayi Asha. Naya Vishwas.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀਆਂ ਦੇ ਲਈ ਕਬਜ਼ਾ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 15 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**
**ਆਮ ਕਰਕੇ ਜਨਤਾ ਨੂੰ** ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ **ਸੂਚਨਾ** ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ ("ਸੁਰੱਖਿਅਤ ਅਸਾਸੇ"), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (**"ਸੁਰੱਖਿਅਤ ਕਰਜ਼ਦਾਤਾ"**) ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ, ਭਰਪਾਈ ਦੀ ਮਿਤੀ ਤੱਕ ਨਿਮਨ ਦਰਸਾਈ ਰਕਮ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | **Lan No. - 610239211369260** 1. ਰਣਜੀਤ ਸਿੰਘ 2. ਮਨਜੀਤ ਕੌਰ | ਨਵੀਂ ਸਰਾਏਂ ਪੱਟੀ, ਕਾਹਨਗੜ੍ਹ, ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਘਰ, ਖੇਤਰਫਲ 0-4.2/5 ਮਰਲੇ ਲਗਭਗ 132 ਵਰਗ ਗਜ਼, ਜਿਸ ਵਿੱਚ ਖੇਵਟ ਖਤੌਨੀ ਨੰਬਰ 56/96, ਖਸਰਾ ਨੰਬਰ 109//7(8-0), 8/1(6-1), ਕਿਤੇ 2 ਸ਼ਾਮਲ ਹਨ, ਕੁੱਲ ਖੇਤਰਫਲ 14 ਕਨਾਲ 1 ਮਰਲੇ ਜਿਸ ਵਿੱਚੋਂ 22/1405 ਹਿੱਸਾ 0-4.2/5 ਮਰਲੇ ਲਗਭਗ 132 ਵਰਗ ਗਜ਼ ਹੈ। ਹੇਠ ਲਿਖੇ ਅਨੁਸਾਰ ਘੇਰਿਆ ਗਿਆ:- ਪੂਰਬ:- ਸੜਕ ਵਾਲਾ ਪਾਸਾ 22 ਪੱਛਮ:- ਖੇਤੀਬਾੜੀ ਵਾਲੀ ਜ਼ਮੀਨ ਵਾਲਾ ਪਾਸਾ 22' ਉੱਤਰ:- ਖਾਲੀ ਪਲਾਟ ਵਾਲਾ ਪਾਸਾ 54' ਦੱਖਣ:- ਖਾਲੀ ਪਲਾਟ ਵਾਲਾ ਪਾਸਾ 54' | Rs. 9,30,000/- / Rs. 93,000/- | 19.08.2025 at 11.00 AM to 01.00 PM | 18.08.2025 |
| 2. | **Lan No. - 609939511220865** 1. ਸਤਨਾਮ ਸਿੰਘ 2. ਬਿੰਦਰ ਕੌਰ ਸੁਪਤਨੀ ਸਤਨਾਮ ਸਿੰਘ | ਜ਼ਮੀਨ ਦਾ ਮਾਪ 06 ਮਰਲੇ 07 ਸਰਸਾਹੀ ਜਿਸ ਵਿੱਚ ਜ਼ਮੀਨ ਦਾ ਮਾਪ 00 ਕਨਾਲ 05 1/2 ਮਰਲੇ ਸ਼ਾਮਲ ਹਨ ਜੋ ਕਿ ਜ਼ਮੀਨ ਦੇ ਮਾਪ ਦਾ 11/108 ਹਿੱਸਾ ਹੈ 02 ਕਨਾਲ 14 ਮਰਲੇ ਜਿਸ ਵਿੱਚ ਖਸਰਾ ਨੰਬਰ 14//16/1/1/2 (2-2), 14//16/1/2/1 ਮਿਨ (0-12) ਖੇਵਟ/ਖਤੌਨੀ ਨੰਬਰ 354/533 ਅਤੇ ਜ਼ਮੀਨ ਦਾ ਮਾਪ 01 ਮਰਲੇ 02 ਸਰਸਾਹੀ ਜੋ ਕਿ ਜ਼ਮੀਨ ਦੇ ਮਾਪ ਦਾ 11/108 ਹਿੱਸਾ ਹੈ 00 ਕਨਾਲ 1/2 ਮਰਲੇ, ਜੋ ਕਿ ਖਸਰਾ ਨੰਬਰ 14//16/2/1/1 (0-2), ਵਿੱਚ ਸ਼ਾਮਲ ਹੈ। 14//16/2/2 (0-10) ਖੇਵਟ/ਖਤੌਨੀ ਨੰ. 646/959 ਸਾਲ 2014-2015 ਲਈ ਜਮਾਂਬੰਦੀ ਅਨੁਸਾਰ ਲਹਿਰਾ ਧੂਰਕੋਟ ਤਹਿਸੀਲ ਨਥਾਣਾ ਜ਼ਿਲ੍ਹਾ ਬਠਿੰਡਾ ਦੀਆਂ ਮਾਲੀਆ ਸੀਮਾਵਾਂ ਦੇ ਅੰਦਰ ਸਥਿਤ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ:-27; ਘਰ, ਪੱਛਮ:-27; ਗਲੀ, ਉੱਤਰ:-66; ਖਾਲੀ ਪਲਾਟ, ਦੱਖਣ:-66; ਖਾਲੀ ਪਲਾਟ। | Rs. 7,10,000/- / Rs. 71,000/- | 19.08.2025 at 11.00 AM to 01.00 PM | 18.08.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ/ਵੈਬਸਾਈਟ ਪਤੇ (**https://BigDeal.in and https://www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇੱਛੁਕ ਬੋਲੀਕਾਰ ਸ਼੍ਰੀ ਹਨੂਵੰਤ ਸਿੰਘ, ਅਧਿਕਾਰਤ ਵਿਅਕਤੀ ਦਾ ਨਾਮ, ਮੋਬ. ਨੰ. 9988898312, ਈ-ਮੇਲ : **Hanuwant.Singh@grihashakti.com** ਅਤੇ ਸ਼੍ਰੀ ਨਿਲੋਏ ਡੇਅ ਨੂੰ ਉਨ੍ਹਾਂ ਦੇ ਮੋਬ. ਨੰ. 9920697801, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।

**ਸਥਾਨ : ਪਟਿਆਲਾ, ਬਠਿੰਡਾ, ਪੰਜਾਬ**
**ਮਿਤੀ : 28.07.2025**

ਸਹੀ/-
**ਅਧਿਕਾਰਤ ਅਧਿਕਾਰੀ,**
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**

## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

Nayi Asha. Naya Vishwas.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀਆਂ ਦੇ ਲਈ ਕਬਜ਼ਾ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 30 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**
**ਆਮ ਕਰਕੇ ਜਨਤਾ ਨੂੰ** ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ **ਸੂਚਨਾ** ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ ("ਸੁਰੱਖਿਅਤ ਅਸਾਸੇ"), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (**"ਸੁਰੱਖਿਅਤ ਕਰਜ਼ਦਾਤਾ"**) ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ, ਭਰਪਾਈ ਦੀ ਮਿਤੀ ਤੱਕ ਨਿਮਨ ਦਰਸਾਈ ਰਕਮ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ (ਰੁ. 'ਚ) / ਬਿਆਨਾ ਰਕਮ ਜਮ੍ਹਾਂ (ਰੁ. 'ਚ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | **Lan No. - 610239511426479** 1. ਕੁਲਵੰਤ ਰਾਮ ਸਪੁੱਤਰ ਗਿਆਨ ਰਾਮ 2. ਰੇਸ਼ਮਾ ਸੁਪਤਨੀ ਕੁਲਵੰਤ ਰਾਮ | ਪਿੰਡ ਮੇਹਸ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਪਲਾਟ 0-2 ਬਿਸਵਾਸ 14 ਬਿਸਵਾਸ ਅਰਥਾਤ 135 ਵਰਗ ਗਜ਼, ਖੇਵਟ ਨੰਬਰ 236/231 ਖਤੌਨੀ ਨੰਬਰ 384 ਤੋਂ 386 ਖਸਰਾ ਨੰ: 872 (104-2), 872 (104-231) ਵਿੱਚ ਸ਼ਾਮਲ ਹੈ। 871(5-13), 2375/854(5-6), 2631/2377/882(2-13), 2373/854(2-0), 2374/854(2-10), ਪਤੰਗ 7 ਕੁੱਲ ਰਕਬਾ 19 ਵਿੱਘੇ 5 ਬਿਸਵਾਸ 70 ਵਿੱਚੋਂ 02 ਬਿਸਵਾਸ 14 ਬਿਸਵਾਸੀਆਂ ਭਾਵ 135 ਵਰਗ ਗਜ਼, ਹੇਠ ਲਿਖੇ ਅਨੁਸਾਰ:- ਪੂਰਬ:- ਗੁਰਬਾਜ ਸਿੰਘ ਸਾਈਡ 12' ਪੱਛਮ:- ਸੜਕ ਸਾਈਡ 34'- 4.1/2" ਉੱਤਰ:- ਗਲੀ ਸਾਈਡ 58'-4.1/2" ਦੱਖਣ:- ਨਿੱਕੀ ਸਾਈਡ 51'-3"। | Rs. 21,70,000/- / Rs. 2,17,000/- | 04.09.2025 at 11.00 AM to 01.00 PM | 03.09.2025 |
| 2. | **Lan No. - 610239511766160** 1. ਸੁਖਰਾਜ ਸਿੰਘ ਸਪੁੱਤਰ ਅਮੀਰ ਸਿੰਘ, 2. ਨਿਸ਼ਾ ਕੌਰ ਸੁਪਤਨੀ ਸੁਖਰਾਜ ਸਿੰਘ | ਜਾਇਦਾਦ ਦੇ ਘਰ ਦੇ ਸਾਰੇ ਭਾਗ ਅਤੇ ਹਿੱਸੇ 0-5 ਬਿਸਵਾ 5 ਬਿਸਵਾਸੀ ਅਰਥਾਤ 262.5 ਵਰਗ ਗਜ਼, ਖਸਰਾ ਨੰਬਰ-105(2-0), 534(5-7), 535(5-14), 536(5-4) ਕਿੱਟੇ 4, ਖਟਾ ਨੰਬਰ-190/243, ਸਾਲ 2017-18 ਲਈ ਜਮ੍ਹਾਂਬੰਦੀ ਅਨੁਸਾਰ, ਪਿੰਡ-ਅਲੀ ਮਾਜਰਾ, ਤਹਿਸੀਲ-ਰਾਜਪੁਰਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ, ਟਰਾਂਸਫਰ ਡੀਡ ਬੇਅਰਿੰਗ ਵਸੀਕਾ ਅਨੁਸਾਰ ਨੰ-2023-24/9/1/292 ਮਿਤੀ 19-4-2023 ਨਿਸ਼ਾ ਕੌਰ ਪਤਨੀ ਸੁਖਰਾਜ ਸਿੰਘ ਦੇ ਨਾਮ ਤੇ ਦਰਜ। ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ-ਖੁੱਲ੍ਹਾ ਸਥਾਨ ਸੁਰਿੰਦਰ ਸਿੰਘ, ਪੱਛਮੀ-ਘਰ ਸੁਰਿੰਦਰ ਸਿੰਘ, ਉੱਤਰੀ-ਘਰ ਪਰਮਜੀਤ ਸਿੰਘ ਅਤੇ ਹੋਰ ਦੱਖਣੀ-ਰੋਡ। | Rs. 36,10,000/- / Rs. 3,61,000/- | 04.09.2025 at 11.00 AM to 01.00 PM | 03.09.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ/ਵੈਬਸਾਈਟ ਪਤੇ (**https://BigDeal.in and https://www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇੱਛੁਕ ਬੋਲੀਕਾਰ ਸ਼੍ਰੀ ਹਨੂਵੰਤ ਸਿੰਘ, ਅਧਿਕਾਰਤ ਵਿਅਕਤੀ ਦਾ ਨਾਮ, ਮੋਬ. ਨੰ. 9988898312, ਈ-ਮੇਲ : **Hanuwant.Singh@grihashakti.com** ਅਤੇ ਸ਼੍ਰੀ ਨਿਲੋਏ ਡੇਅ ਨੂੰ ਉਨ੍ਹਾਂ ਦੇ ਮੋਬ. ਨੰ. 9920697801, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।

**ਸਥਾਨ : ਪਟਿਆਲਾ, ਪੰਜਾਬ**
**ਮਿਤੀ : 28.07.2025**

ਸਹੀ/-
**ਅਧਿਕਾਰਤ ਅਧਿਕਾਰੀ,**
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**

## ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ
### ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ
### (ਪ੍ਰੈਸ ਨੋਟ)

ਡੀਐਨਆਈਟੀ ਰਕਮ 'ਤੇ ਪ੍ਰਤੀਸ਼ਤ ਦਰ ਦੇ ਆਧਾਰ 'ਤੇ ਢੁੱਕਵੀਂ ਸ਼੍ਰੇਣੀ ਅਤੇ ਵਰਗ ਦੇ ਲਈ ਸੀਲਬੰਦ ਟੈਂਡਰ ਪ੍ਰਮੁੱਖ ਵਿਭਾਗ ਨਾਲ ਸੂਚੀਬੱਧ ਕਿਰਤ ਅਤੇ ਉਸਾਰੀ ਸਭਾਵਾਂ ਅਤੇ ਲੋਨਿਵਿ ਭ ਅਤੇ ਮ (ਭ ਅਤੇ ਮ)/ਪੁੱਡਾ/ਕੇਂਦਰੀ/ਰਾਜ ਸਰਕਾਰ ਦੇ ਵਿਭਾਗਾਂ/ਪੀਐਸਯੂਜ਼ ਵਿੱਚ ਸੂਚੀਬੱਧ ਯੋਗ ਠੇਕੇਦਾਰਾਂ ਤੋਂ ਦੋ ਲਿਫਾਫਾ ਪ੍ਰਣਾਲੀ ਵਿੱਚ ਹੇਠਾਂ ਦਿੱਤੇ ਕੰਮਾਂ ਲਈ ਮੰਗੇ ਜਾਂਦੇ ਹਨ।
1. ਪੀਆਰਟੀਸੀ ਬੱਸ ਸਟੈਂਡ ਸਰਹਿੰਦ ਵਿਖੇ ਰੁੱਖਾਂ ਦੇ ਡਿੱਗਣ ਅਤੇ ਤੇਜ਼ ਹਨੇਰੀ ਕਾਰਨ ਨੁਕਸਾਨੇ ਸ਼ੈਡ ਦੀ ਮੁਰੰਮਤ/ਨਵੀਨੀਕਰਨ। (ਟੈਂਡਰ ਦੀ ਰਕਮ 96,949/-ਅਤੇ ਬਿਆਨਾ ਰਕਮ ਰੁ. 2000.00)
ਬੋਲੀਆਂ ਨੂੰ ਸੱਦਾ ਦੇਣ ਵਾਲੇ ਨੋਟਿਸ ਦੇ ਵੇਰਵੇ ਦੇ ਨਿਯਮਾਂ ਅਤੇ ਸ਼ਰਤਾਂ ਲਈ ਅਤੇ ਟੈਂਡਰ ਦਸਤਾਵੇਜ਼ 07.08.2025 **ਤੱਕ ਦੁਪਹਿਰ** 12:00 **ਵਜੇ ਤੱਕ** ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਉਸੇ ਦਿਨ ਦੁਪਹਿਰ 3:00 ਵਜੇ ਖੋਲ੍ਹੇ ਜਾਣਗੇ।
ਟੈਂਡਰ ਦੇ ਸਬੰਧ ਵਿੱਚ ਸੋਧ/ਪੂਰਕ, ਜੇ ਕੋਈ ਹੈ, ਇਸ ਦਫ਼ਤਰ ਦੁਆਰਾ ਪੀਆਰਟੀਸੀ ਦੀ ਵੈੱਬਸਾਈਟ www.pepsurtc.com 'ਤੇ ਜਾਰੀ ਕੀਤਾ ਜਾਵੇਗਾ।

**ਸਹੀ/-**
**ਕਾਰਜਕਾਰੀ ਇੰਜੀਨੀਅਰ,**
**ਪੀਆਰਟੀਸੀ ਪਟਿਆਲਾ**

**RO.No. PR-ADVT.No: 1044/12/2025-26/1641/Dated CHD : 28/07/2025**

## ਨਿਲਾਮੀ ਨੋਟਿਸ

ਆਮ ਅਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਟਲ ਫਾਰਮ ਰੌਣੀ ਪਟਿਆਲਾ ਵਿਖੇ ਫਾਰਮ ਦੀ ਲੋੜ ਤੋਂ ਵਾਧੂ ਵੱਖ-ਵੱਖ ਨਸਲ ਦੇ 59 ਪਸ਼ੂ (57 ਵੱਛੇ+ 2 ਗਾਵਾਂ) ਦੀ ਮਿਤੀ 08.08.2025 ਨੂੰ 10.00 ਵਜੇ ਸਵੇਰੇ ਵਿਭਾਗ ਦੀ ਗਠਿਤ ਕੀਤੀ ਗਈ ਕਮੇਟੀ ਦੀ ਹਾਜ਼ਰੀ ਵਿੱਚ ਆਮ ਬੋਲੀ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਇਹ ਜਾਨਵਰ ਕਿਸੇ ਵੀ ਕੰਮ ਵਾਲੇ ਦਿਨ ਫਾਰਮ ਤੇ ਨਿੱਜੀ ਪੱਧਰ ਤੇ ਆ ਕੇ ਦੇਖੇ ਜਾ ਸਕਦੇ ਹਨ ਅਤੇ ਬੋਲੀ ਦੀਆਂ ਸ਼ਰਤਾਂ ਫਾਰਮ ਤੇ ਆ ਕੇ ਪੜ੍ਹੀਆਂ ਜਾ ਸਕਦੀਆਂ ਹਨ। ਬੋਲੀ ਵਾਲੇ ਦਿਨ ਬੋਲੀਕਾਰ ਨੂੰ ਪ੍ਰਤੀ ਨਗ ਰੁਪਏ 500/- ਬੋਲੀ ਦੇਣ ਤੋਂ ਪਹਿਲਾਂ ਬਤੌਰ ਸਕਿਓਰਿਟੀ ਜਮ੍ਹਾਂ ਕਰਵਾਉਣੀ ਪਵੇਗੀ। ਸਫ਼ਲ ਬੋਲੀਕਾਰ ਨੂੰ ਬੋਲੀ ਦੀ ਰਕਮ ਜਮ੍ਹਾਂ ਕਰਵਾ ਕੇ ਉਸੇ ਦਿਨ ਜਾਨਵਰ ਨੂੰ ਸ਼ਿਫਟ ਕਰਨਾ ਹੋਵੇਗਾ।

**ਡਾ. ਰਾਜੀਵ ਗਰੋਵਰ,**
**ਡਿਪਟੀ ਡਾਇਰੈਕਟਰ, ਪਸ਼ੂ ਪਾਲਣ**
**ਕੈਟਲ ਫਾਰਮ ਰੌਣੀ, ਪਟਿਆਲਾ। ਮੋਬਾਇਲ ਨੰ. 9814551648**

**Ro No. PR-Advt. No. 2885 / 12 / 2025-26 / 1635 / Dated CHD : 28.07.2025**

## pstcl

**ਟੈਲੀ : 0181-2990505, ਈ.ਮੇਲ. : srxen-cw-jal@pstcl.org**
**ਸਿਵਲ ਉਸਾਰੀ ਮੰਡਲ, ਪੀ.ਐਸ.ਟੀ.ਸੀ.ਐਲ., ਜਲੰਧਰ ਦੇ ਦਫ਼ਤਰ ਰਾਹੀਂ ਹੇਠ ਦਰਸਾਏ ਈ-ਟੈਂਡਰ।**
**ਈ-ਟੈਂਡਰ ਨੋਟਿਸ ਨੰ. CWJ / T-08 / 2025-26 (ਸ਼ਾਰਟ ਟਰਮ)।**

| ਸੀ. ਨੰ. | ਕੰਮ ਦਾ ਵੇਰਵਾ |
|---|---|
| 1. | 220 ਕੇ.ਵੀ. ਸ/ਸ ਗੋਰਾਇਆ ਵਿਖੇ 1 ਨੰ. ਐਡੀਸ਼ਨਲ 100 ਐਮ.ਵੀ.ਏ. 220/132 ਕੇ.ਵੀ. ਟਰਾਂਸਫਾਰਮਰ ਪਲਿੰਥ, ਅਡੀਸ਼ਨਲ 220/132 ਕੇ.ਵੀ. ਲਾਈਨ ਬੇਅ ਅਤੇ ਸਹਿਯੋਗੀ ਸਿਵਲ ਵਰਕਸ ਦਾ ਨਿਰਮਾਣ। ਟੈਂਡਰ ਇਨਕੁਆਇਰੀ ਨੰ. CWJ/T-08/2025-26 |

ਬਿਡ ਪਾਉਣ ਦੀ ਅੰਤਿਮ ਮਿਤੀ/ਸਮਾਂ : 11.08.2025 ਸ਼ਾਮ 3.00 ਵਜੇ ਤੱਕ।
ਬਿਡ ਖੋਲ੍ਹਣ ਦੀ ਮਿਤੀ/ਸਮਾਂ : 12.08.2025 ਸਵੇਰੇ 11.00 ਵਜੇ।
ਟੈਂਡਰ ਦੇ ਵੇਰਵੇ www.pstcl.org ਅਤੇ https://eproc.punjab.gov.in/nicgep/app ਤੇ ਵੇਖੇ ਜਾਣ।
**ਨੋਟ : ਟੈਂਡਰ ਦਾ ਕੋਰੀਜ਼ੰਡਮ ਉਪਰੋਕਤ ਦਰਸਾਈ ਗਈ Website ਵਿਖੇ ਪ੍ਰਕਾਸ਼ਿਤ ਕੀਤੇ ਜਾਣਗੇ।**

**ਸੀਨੀਅਰ ਕਾਰਜਕਾਰੀ ਇੰਜੀਨੀਅਰ, ਸਿਵਲ ਉਸਾਰੀ ਮੰਡਲ,**
**ਜਲੰਧਰ ਮੋਬਾਇਲ ਨੰਬਰ-96461-17918**

**Ro No. PR-Advt. No. 1078 / 12 / 2025-26 / 1639 / Dated CHD : 28.07.2025**

## PSPCL Punjab State Power Corporation Limited

**Regd. Office : PSEB Head Office, The Mall Patiala - 147001**
**Corporate Identity Number : U40109PP20SGC033813**
**ਟੈਂਡਰ ਇਨਕੁਆਇਰੀ ਨੰ. 01/2025-26**

ਦਫ਼ਤਰ : ਵਧੀਕ ਨਿਗਰਾਨ ਇੰਜ:/ਗਰਿਡ ਉਸਾਰੀ ਮੰਡਲ ਲੁਧਿਆਣਾ ਲਈ 1 ਨੰ. ਕੁਆਇਲਸ/ਟਵੇਰਾ/ਸਕਾਰਪਿਉ or equivalent ਸਮੇਤ ਡਰਾਈਵਰ ਇੱਕ ਸਾਲ ਲਈ ਕਿਰਾਏ ਤੇ ਲੈਣ ਸੰਬੰਧੀ।
(ਗੱਡੀ 5 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)

| | | |
|---|---|---|
| ਟੈਂਡਰ ਵੇਚਣ ਦੀ ਆਖ਼ਰੀ ਮਿਤੀ | : | 12.08.2025 ਸਮਾਂ 11:00 ਤੱਕ |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ | : | 14.08.2025 ਸਮਾਂ 12:30 ਤੱਕ |
| ਟੈਂਡਰ ਖੋਲ੍ਹਣ ਦੀ ਮਿਤੀ | : | 14.08.2025 ਸਮਾਂ 13:00 ਵਜੇ |
| ਟੈਂਡਰ ਦੀ ਕੀਮਤ | : | 1180/- ਰੁਪਏ |

ਨੋਟ : ਟੈਂਡਰ ਦੀਆਂ ਸਪੈਸੀਫਿਕੇਸ਼ਨਾ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜ਼ੰਡਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ ਤੇ ਲਗਾਤਾਰ ਦੇਖਿਆ ਜਾਵੇ। **C 533 / 25**

**Ro No. PR-Advt. No. 1079 / 12 / 2025-26 / 1651 / Dated CHD : 28.07.2025**

## ਨਿਲਾਮੀ ਨੋਟਿਸ

ਸਮੂਹ ਆਮ ਅਤੇ ਖਾਸ ਨਾਗਰਿਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਰਾਮ ਪੰਚਾਇਤ ਭਾਨਰੀ ਦੀ ਸ਼ਾਮਲਾਤ/ਕਾਮਨ ਥਾਵਾਂ ਤੇ ਹਨੇਰੀ ਵਿਚ ਡਿਗੇ ਸਫੈਦਾ 10 ਡੈਕਾਂ 5 ਕੁਲ 15 ਨਗਾਂ ਦੀ ਬੋਲੀ ਮਿਤੀ 04.08.2025 ਨੂੰ ਕਮਿਊਨਿਟੀ ਸ਼ੈਡ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ, ਸਮੂਹ ਚਾਹਵਾਨ ਸੱਜਣ ਮੌਕਾ ਪਰ ਪਹੁੰਚ ਕੇ ਬੋਲੀ ਵਿਚ ਭਾਗ ਲੈ ਸਕਦੇ ਹਨ, ਬੋਲੀ ਦੀ ਰਕਮ ਮੌਕਾ ਪਰ ਭਰਵਾਈ ਜਾਵੇਗੀ। ਬਾਕੀ ਦੀਆਂ ਸ਼ਰਤਾਂ ਮੌਕਾ ਪਰ ਸੁਣਾਈਆਂ ਜਾਣਗੀਆਂ।

**ਸਹੀ/- ਪੰਚਾਇਤ ਸਕੱਤਰ ਗਰਾਮ ਪੰਚਾਇਤ ਭਾਨਰੀ**
**ਮੋਬਾਇਲ ਨੰ. 90235-09092**
**ਸਹੀ/- ਸਰਪੰਚ ਗਰਾਮ ਪੰਚਾਇਤ ਭਾਨਰੀ**
**ਮੋਬਾਇਲ ਨੰ. 98158-45286**

## OFFICE OF THE DISTRICT AND SESSIONS JUDGE, MANSA
### PUBLIC NOTICE

Application on prescribed Proforma are invited for filling up 02 (two) posts of Lift Operator (on Contract basis) in Sessions Division, Mansa. The applications should reach this office at the below mentioned address by 11.08.2025 before 05:00 PM.

**"Office of the District & Sessions Judge, Judicial Court Complex, Mansa-151505."**

Complete details regarding the above said recruitment is mentioned in the Employement Notice No. 05 of 2025 and the same is available on the official website i.e. https://mansa.dcourts.gov.in of this office.

**Sd/-District and Sessions Judge**
**Mansa/28.07.2025**

## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਐਸ.ਏ.ਐਸ. ਨਗਰ | ਪਿੰਡ ਘਰਬਾਗਾ, ਖੱਡ ਰਾਜਗਿਰੀ, ਖਟਾਣਾ, ਗੜ੍ਹ ਡੋਲੀਆਂ ਅਤੇ ਗਨੂਰਾ, ਤਹਿਸੀਲ ਸ਼੍ਰੀ ਆਨੰਦਪੁਰ ਸਾਹਿਬ, ਬਲਾਕ ਨੂਰਪੁਰਬੇਦੀ, ਜ਼ਿਲ੍ਹਾ ਰੋਪੜ ਵਿਖੇ ਪੱਥਰ ਦੀ ਚਿਣਾਈ ਵਾਲੇ ਪਾਣੀ ਰੀਚਾਰਜਿੰਗ ਢਾਂਚੇ ਅਤੇ ਕਰੇਟ ਤਾਰ ਢਾਂਚੇ ਦੀ ਉਸਾਰੀ | 24/07/2025 07/08/2025 | 1.78 Lac | 8146945760 dsco.dswc.sasn@punjab.gov.in |
| 2. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਗੁਰਦਾਸਪੁਰ | ਰੇਨ ਵਾਟਰ ਹਾਰਵੈਸਟਿੰਗ ਕਮ ਸਿਲਟ ਡਿਟੈਂਸ਼ਨ ਵਰਕਸ ਆਦਿ ਜ਼ਿਲ੍ਹਾ ਪਠਾਨਕੋਟ | 25/07/2025 08/08/2025 | 1.70 Lac | 9501866722 dsco.dswc.gurdaspur@punjab.gov.in |
| 3. | ਡਾਇਰੈਕਟਰ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਪੰਜਾਬ ਚੰਡੀਗੜ੍ਹ | 1. ਅਨਾਜ ਦੀ ਢੋਆ-ਢੁਆਈ। 2. ਸਿਰਫ਼ ਮਜ਼ਦੂਰਾਂ ਦੇ ਕੰਮਕਾਜ ਸੰਬੰਧੀ ਟੈਂਡਰ (RLC/LC ਸੋਸਾਇਟੀਆਂ ਲਈ) | 30/07/2025 13/08/2025 | 0.00 Lac | 1722636084 budgetfund.fcs@punjab.gov.in |
| 4. | ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊ.ਆਰ.ਡੀ., ਪੰਜਾਬ, ਫਰੀਦਕੋਟ | ਡਿਵੀਜ਼ਨਲ ਇੰਜੀਨੀਅਰ, ਫਰੀਦਕੋਟ, PWRMDC ਨੂੰ ਸ਼ਿਫਟ ਕਰਨ ਦੀ ਸਹੂਲਤ ਲਈ SDO ਡਰੇਨੇਜ ਰਿਹਾਇਸ਼, ਫਰੀਦਕੋਟ ਦੀ ਮੁਰੰਮਤ | 24/07/2025 07/08/2025 | 19.80 Thousand | 9464687517 xencanalfdk2022@gmail.com |
| 5. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਹੁਸ਼ਿਆਰਪੁਰ | ਪਿੰਡ ਚਤਰਪੁਰ, ਲੱਬਾਰ ਅਤੇ ਖੰਡਿਆਲਾ ਤਹਿ ਮੁਕੇਰੀਆਂ, ਪਿੰਡ ਮਾਂਝੀ ਅਤੇ ਦਾਦਾ ਤਹਿ ਹੁਸ਼ਿਆਰਪੁਰ ਵਿਖੇ ਪੱਥਰ ਦੀ ਚਿਣਾਈ ਪਾਣੀ ਰੀਚਾਰਜਿੰਗ ਅਤੇ ਕਰੇਟ ਵਾਇਰ ਸਟਰਕਚਰ ਦਾ ਨਿਰਮਾਣ, ਪਿੰਡ ਚੰਦੀਦਾਸ ਤਹਿ ਦਸੂਹਾ ਜ਼ਿਲ੍ਹਾ, ਹੁਸ਼ਿਆਰਪੁਰ ਵਿੱਚ ਤਲਾਅ ਦੀ ਪੱਥਰ ਦੀ ਚਿਣਾਈ ਰਿਟੇਨਿੰਗ ਵਾਲ | 25/07/2025 08/08/2025 | 1.98 Lac | 8968217665 dsco.dswc.hoshiarpur@punjab.gov.in |
| 6. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫਿਰੋਜ਼ਪੁਰ ਜ਼ੀਰਾ ਵਿਖੇ | ਫਿਰੋਜ਼ਪੁਰ ਜ਼ਿਲ੍ਹਾ ਵਾਰਿਸ ਵਾਲਾ ਜੱਟਾਂ ਬਲਾਕ ਮੱਖੂ (ਹੇਡ 4215 ਅਧੀਨ) ਲਈ ਟਿਊਬਵੈੱਲ ਦੀ ਸਥਾਪਨਾ | 30/07/2025 07/08/2025 | 17.19 Thousand | 9855554813 eewss.divzirapb@yahoo.com |
| 7. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ. 2, ਫਿਰੋਜ਼ਪੁਰ | ਨਾਬਾਰਡ-XXX ਅਧੀਨ WSS ਧਾਨੀ ਬਾਬਾ ਵਾਲੂ ਸਿੰਘ ਬਲਾਕ ਗੁਰੂਲੀਅਰਸਾਈਆਈ ਦਾ ਵਾਧਾ | 30/07/2025 06/08/2025 | 1.08 Lac | 9855554813 eewss.div2ferozepurpb@yahoo.com |
| 8. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰ. 1, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਕਪੂਰਥਲਾ | 2025-26 ਲਈ ਰਾਜ ਨੂੰ ਪੂੰਜੀ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ ਯੋਜਨਾ ਦੇ ਤਹਿਤ MC ਭੁਲੱਥ ਵਿੱਚ ਵੱਖ-ਵੱਖ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ | 30/07/2025 20/08/2025 | 15.94 Lac | 9988668668 ee.cd1.kpt.pwd@punjab.gov.in |
| 9. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਮਾਨਸਾ | ਵੱਖ-ਵੱਖ ਦੀ ਮੁਰੰਮਤ ਆਈ.ਸੀ.ਡੀ.ਐਸ. ਸਕੀਮ ਅਧੀਨ ਜ਼ਿਲ੍ਹਾ ਮਾਨਸਾ ਵਿੱਚ ਆਂਗਣਵਾੜੀ ਕੇਂਦਰ - ਜ਼ਿਲ੍ਹਾ ਮਾਨਸਾ ਦੇ ਭੈਣੀ ਬਾਘਾ, ਖਿਆਲਾ ਕਲਾਂ, ਫਫੜੇ ਭਾਈਕੇ, ਮੂਸਾ, ਬਰੇਹ, ਦਾਤੇਵਾਸ, ਕੁਸਲਾ ਵਿਖੇ ਵੱਖ-ਵੱਖ ਏਕੀਕ੍ਰਿਤ ਸੇਵਾ ਪ੍ਰਦਾਨ ਕੇਂਦਰਾਂ ਦੀ ਮੁਰੰਮਤ | 25/07/2025 08/08/2025 | 51.00 Thousand | 9988817007 xen.mansa@gmail.com |
| 10. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਰੂਪਨਗਰ | ਸ਼੍ਰੀ ਚਮਕੌਰ ਸਾਹਿਬ ਵਿਖੇ ਬੀ.ਪੀ.ਐਚ.ਯੂ. ਦਾ ਨਿਰਮਾਣ। ਸ਼ਿਵਾਲਿਕ ਕਲੱਬ, ਰੂਪਨਗਰ ਵਿੱਚ ਬੈਡਮਿੰਟਨ ਹਾਲ ਵਿੱਚ ਮੁਰੰਮਤ ਅਤੇ ਪੇਂਟ ਦਾ ਕੰਮ। ਨਹਿਰੂ ਸਟੇਡੀਅਮ, ਰੂਪਨਗਰ ਵਿੱਚ ਬਾਸਕਟਬਾਲ ਕੋਰਟ ਦੀ ਮੁਰੰਮਤ। ਓ/ਓ.ਡੀ.ਈ.ਜੀ.ਟੀ.ਓ. ਲਈ ਇੱਕ ਵਾਹਨ ਕਿਰਾਏ 'ਤੇ ਲੈਣਾ। | 29/07/2025 12/08/2025 | 1.52 Lac | 9814056538 xenprdropar@yahoo.com |
| 11. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2 ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਜਲੰਧਰ ਛਾਉਣੀ | ਐਮ.ਸੀ. ਜ਼ਿਲ੍ਹਾ ਜਲੰਧਰ ਵਿੱਚ ਪੂੰਜੀ ਨਿਵੇਸ਼ 2025-26 ਲਈ ਰਾਜਾਂ ਨੂੰ ਯੋਜਨਾ ਦੇ ਤਹਿਤ ਵੱਖ-ਵੱਖ ਲਿੰਕ ਸੜਕਾਂ ਦਾ ਆਧੁਨਿਕੀਕਰਨ 1. ਜਲੰਧਰ ਸ਼ਹਿਰ (ਗਰੁੱਪ 1) 2. ਜਲੰਧਰ ਸ਼ਹਿਰ, ਭੋਗਪੁਰ ਅਤੇ ਜਲੰਧਰ ਕੈਂਟ (ਗਰੁੱਪ-2) | 31/07/2025 22/08/2025 | 38.98 Lac | 9646400042 eecd2jalpwdpb@gmail.com |
| 12. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਪੀ.ਡਬਲਯੂ.ਟੀ.) (ਬੀ ਐਂਡ ਆਰ) ਸ਼ਾਖਾ, ਲੁਧਿਆਣਾ | ਖੰਨਾ ਵਿਖੇ ਵੱਖ-ਵੱਖ ਥਾਵਾਂ 'ਤੇ 4 ਨੰਬਰਾਂ ਦੇ ਜਨਤਕ ਟਾਇਲਟ ਦੀ ਉਸਾਰੀ। ਵੇਰਵੇ ਵਿਭਾਗ ਸਾਈਟ 'ਤੇ ਉਪਲਬਧ ਹਨ | 25/07/2025 07/08/2025 | 56.60 Thousand | 9115795355 eecd3ldnpwdpb@gmail.com |
| 13. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.3, ਬਠਿੰਡਾ | ਜੁਡੀਸ਼ੀਅਲ ਕੋਰਟ ਕੰਪਲੈਕਸ ਬਠਿੰਡਾ, ਜ਼ਿਲ੍ਹਾ ਬਠਿੰਡਾ ਵਿੱਚ ਬਲਾਕ ਸੀ ਦੇ ਜੀ.ਐਫ., ਐਫ.ਐਫ., ਐਸ.ਐਫ., ਟੀ.ਐਫ., ਬਲਾਕ ਏ, ਬੀ ਅਤੇ ਜੀ.ਐਫ., ਐਫ.ਐਫ. ਵਿਖੇ ਟਰਾਂਸਜੈਂਡਰ ਅਤੇ ਵਿਸ਼ੇਸ਼ ਵਿਅਕਤੀ ਲਈ ਟਾਇਲਟ ਦੀ ਉਸਾਰੀ | 28/07/2025 05/08/2025 | 0.45 Lac | 9888249650 xengwbti@yahoo.com |
| 14. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਬਠਿੰਡਾ | ਸਵੈ-ਸਹਾਇਤਾ ਸਮੂਹ ਪੀਐਸਆਰਐਲਐਮ ਅਲ ਪਿੰਡ ਸੈਲਬਰਾ ਬਲਾਕ ਫੂਲ, ਜ਼ਿਲ੍ਹਾ ਬਠਿੰਡਾ ਲਈ ਪੰਚਾਇਤ ਘਰ ਦੀ ਸੀਮਾ ਦੀਵਾਰ ਅਤੇ ਬਾਥਰੂਮ ਦੀ ਉਸਾਰੀ। | 24/07/2025 08/08/2025 | 0.18 Lac | 9646001663 xenprbti@gmail.com |
| 15. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਤਰਨ ਤਾਰਨ ਅੰਮ੍ਰਿਤਸਰ ਵਿਖੇ | ਛੋਟੀਆ ਜ਼ਿਲ੍ਹਾ ਤਰਨਤਾਰਨ ਵਿਖੇ ਪੀਐਚਸੀ (ਬਿਨਾਂ 24X7 ਸਿੰਗਲ ਸਟੋਰੀ) ਦਾ ਨਿਰਮਾਣ | 28/07/2025 18/08/2025 | 2.08 Lac | 9417025026 xenc1amritsar@yahoo.com |
| 16. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਰੂਪਨਗਰ | ਜ਼ਿਲ੍ਹਾ ਰੂਪਨਗਰ ਵਿੱਚ ਇਸਦੇ ਪਹੁੰਚ ਮਾਰਗਾਂ ਸਮੇਤ ਕਿ. ਮੀ. 1 (ਆਰਡੀ 0) ਵਿੱਚ ਰੂਪਨਗਰ-ਨੂਰਪੁਰ ਬੇਦੀ ਵਿਚੋਂ ਲੰਘਦੀ ਬਿਸਤ ਦੁਆਬ ਨਹਿਰ ਉੱਤੇ 24.56 ਮੀਟਰ ਲੰਬੇ ਐਚ/ਐਲ ਪੁਲ ਦੀ ਉਸਾਰੀ। | 28/07/2025 18/08/2025 | 3.81 Lac | 9779970088 pwdropar@yahoo.co.in |
| 17. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1. ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਐਸ.ਏ.ਐਸ. ਨਗਰ (ਮੋਹਾਲੀ) | ਪੁਰਾਣੀ LC ਰੋਡ 'ਤੇ ਬਾਈਪਾਸ ਮੋਰਿੰਡਾ (ਰਾਮ ਬਾਗ ਸ਼ਾਹਪੁਰ) ਤੱਕ ਸੜਕ ਕੱਟ ਦੀ ਬਹਾਲੀ ਲੰਬਾਈ 0.660 ਕਿਲੋਮੀਟਰ (ਦੂਜੀ ਵਾਰ ਕਾਲ ਕਰ ਰਿਹਾ ਹੈ) | 29/07/2025 05/08/2025 | 39.43 Thousand | 9876647324 Pwdc1mohali@gmail.com |
| 18. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ. (ਸੀ ਐਂਡ ਐਮ) ਡਿਵੀਜ਼ਨ, ਸੰਗਰੂਰ/ਬਰਨਾਲਾ | ਜ਼ਿਲ੍ਹਾ ਬਰਨਾਲਾ ਵਿੱਚ BHPU ਅਲ. ਧਨੌਲਾ ਅਤੇ ਤਪਾ ਦਾ ਨਿਰਮਾਣ। | 30/07/2025 13/08/2025 | 1.94 Lac | 9780020165 xenprsangrur@yahoo.in |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਅੰਮ੍ਰਿਤਸਰ | ਮੌਜੂਦਾ ਜਲ ਸਪਲਾਈ ਸਕੀਮ ਤਰਪਾਈ, ਬਲਾਕ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਫੇਲ੍ਹ ਹੋਣ ਵਾਲੇ ਟਿਊਬਵੈੱਲ ਦੀ ਬਜਾਏ 1 ਨੰਬਰ PVC ਟਿਊਬਵੈੱਲ ਦੀ ਸਪਲਾਈ ਅਤੇ ਸਥਾਪਨਾ। (ਸਿਰ: 4215) | 29/07/2025 13/08/2025 | 0.13 Lac | 9872672747 xenrws_1asr@yahoo.com |
| 20. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪਟਿਆਲਾ | ਜ਼ਿਲ੍ਹਾ ਪਟਿਆਲਾ ਵਿੱਚ ਐਮਸੀ ਘਨੌਰ ਅਤੇ ਪਾਤੜਾਂ ਵਿੱਚ 5 ਸਾਲਾਂ ਦੇ ਰੁਟੀਨ ਰੱਖ-ਰਖਾਅ ਨੂੰ ਛੱਡ ਕੇ ਪੂੰਜੀ ਨਿਵੇਸ਼ ਲਈ ਰਾਜਾਂ ਦੀ ਵਿਸ਼ੇਸ਼ ਸਹਾਇਤਾ 2025-26 ਯੋਜਨਾ ਅਧੀਨ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ। | 29/07/2025 29/08/2025 | 22.70 Lac | 9878360786 eecdptapwdpb@gmail.com |
| 21. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਮਲੇਰਕੋਟਲਾ | ਮਲੇਰਕੋਟਲਾ, ਅਹਿਮਦਗੜ੍ਹ, ਸੰਦੌਰ (ਜ਼ਿਲ੍ਹਾ ਮਲੇਰਕੋਟਲਾ) ਵਿੱਚ ਵੱਖ-ਵੱਖ ਲਿੰਕ ਸੜਕਾਂ ਦਾ ਆਧੁਨਿਕੀਕਰਨ, ਰੱਖ-ਰਖਾਅ ਸਮੇਤ। | 30/07/2025 29/08/2025 | 31.70 Lac | 9988452421 xenpwdmalerkotla@gmail.com |
| 22. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਜਲੰਧਰ ਛਾਉਣੀ | ਐਮਸੀ ਜਲ ਛਾਉਣੀ, ਫਿਲੌਰ, ਆਦਮਪੁਰ ਜ਼ਿਲ੍ਹਾ ਜਲੰਧਰ ਵਿੱਚ ਰਾਜਾਂ ਨੂੰ ਪੂੰਜੀ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ 2025-26 ਸਕੀਮ ਅਧੀਨ ਵੱਖ-ਵੱਖ L/R ਦਾ ਆਧੁਨਿਕੀਕਰਨ | 28/07/2025 01/09/2025 | 24.58 Lac | 9779948881 eepdjalpwdpb@gmail.com |
| 23. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀਐਂਡਆਰ) ਸ਼ਾਖਾ, ਫਾਜ਼ਿਲਕਾ | ਅਬੋਹਰ ਵਿਖੇ ਅਪਾਹਜ ਵਿਅਕਤੀਆਂ ਲਈ ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਰੀਟਰੋਫਿਟਿੰਗ | 28/07/2025 04/08/2025 | 78.69 Thousand | 1638292974 eecdfzlpwdpb@gmail.com |
| 24. | ਮੁੱਖ ਭੂਮੀ ਸੰਭਾਲਕਰਤਾ, ਪੰਜਾਬ, ਚੰਡੀਗੜ੍ਹ | ਡੀਡਬਲਯੂਸੀ ਪਾਈਪ ਦੀ ਸਪਲਾਈ | 23/07/2025 13/08/2025 | 1.00 Lac | 9876837604 dswc.punjab@punjab.gov.in |
| 25. | ਕਾਰਜਕਾਰੀ ਇੰਜੀਨੀਅਰ, ਰਾਸ਼ਟਰੀ ਰਾਜਮਾਰਗ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਐਸਏਐਸ ਨਗਰ | ਗੁਰੂਦਵਾਰਾ ਸਿੰਘ ਸ਼ਹੀਦਾਂ ਲੈਂਡਰਾਂ ਨੇੜੇ ਸੋਹਾਣਾ ਲੈਂਡਰਾਂ ਚੁੰਨੀ ਸਰਹਿੰਦ ਰੋਡ (ਐਸਐਚ-12 ਏ) 'ਤੇ ਹੈੱਡ 3054-02 ਐਸਐਚ ਅਧੀਨ ਸੜਕ ਸੁਰੱਖਿਆ ਪ੍ਰਦਾਨ ਕਰਨ ਲਈ ਸਪੀਡ ਟੇਬਲ ਦਾ ਨਿਰਮਾਣ | 29/07/2025 04/08/2025 | 21.00 Thousand | 9815545801 eecwdmohpwdpb@gmail.com |
| 26. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਪੰਜਾਬ, ਚੰਡੀਗੜ੍ਹ | 1. ਮਗਸੀਪਾ ਸੈਕਟਰ-26, ਚੰਡੀਗੜ੍ਹ ਵਿਖੇ ਕਨਵੈਨਸ਼ਨ ਸੈਂਟਰ ਵਿੱਚ ਕਾਨਫਰੰਸ ਹਾਲ ਨੰਬਰ 2 ਪਹਿਲੀ ਮੰਜ਼ਿਲ ਦੀ ਮੁਰੰਮਤ, ਨਵੀਨੀਕਰਨ। 2. ਮਗਸੀਪਾ ਸੈਕਟਰ-26, ਚੰਡੀਗੜ੍ਹ ਵਿੱਚ ਬਲਾਕ-ਏ ਗੈਸਟ ਹਾਊਸ ਦੀ ਮੁਰੰਮਤ ਅਤੇ ਪੇਂਟ ਦਾ ਕੰਮ। | 28/07/2025 11/08/2025 | 77.98 Thousand | 9646900868 eeprovincialdivisionpwd@gmail.com |
| 27. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਮਲੇਰਕੋਟਲਾ | ਜੁਡੀਸ਼ੀਅਲ ਕੋਰਟ ਕੰਪਲੈਕਸ ਧੂਰੀ ਵਿੱਚ ਅੱਗ ਬੁਝਾਊ ਪ੍ਰਣਾਲੀ ਪ੍ਰਦਾਨ ਕਰਨਾ। (ਹੈੱਡ 4059 ਦੇ ਅਧੀਨ) | 29/07/2025 12/08/2025 | 16.40 Thousand | 8837677397 eewss.mlk1@gmail.com |

**ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, dswcpunjab.gov.in, eproc.punjab.gov.in, www.foodsuppb.gov.in, www.pbrdp.gov.in, www.eproc.punjab.gov.in**
**RO No. PR-Advt. No.: 1001/12/2025-26/1678/Dated CHD: 28/07/2025**
RO Number: 1001/12/2025-26/1678

# ਬਾਗ਼ਬਾਨੀ ਬਣੀ ਛੋਟੇ ਕਿਸਾਨਾਂ ਦਾ ਦੁਖਾਂਤ



ਪੰਜਾਬ ਸਰਕਾਰ ਵੱਲੋਂ ਦੋ ਸਾਲ ਪਹਿਲੇ ਨਵੀ ਖੇਤੀਬਾੜੀ ਨੀਤੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਜਿਸ ਨੂੰ ਅਜੇ ਤੱਕ ਬੂਰ ਨਹੀ ਪੈ ਸਕਿਆ। ਨਵੀ ਖੇਤੀਬਾੜੀ ਨੀਤੀ ਸਬੰਧੀ ਕਿਸਾਨਾਂ ਤੋਂ ਸੁਝਾਅ ਵੀ ਮੰਗੇ ਗਏ ਸਨ, ਇਸ ਲੜੀ ਤਹਿਤ ਮੈਂ ਵੀ ਪੰਜਾਬ ਸਰਕਾਰ ਨੂੰ ਆਪਣੇ ਸੁਝਾਅ ਭੇਜੇ ਸਨ। ਮੈ ਵੀ ਕਿੱਤੇ ਵਜੋ ਇੱਕ ਛੋਟਾ ਜਿਹਾ ਕਿਸਾਨ ਹਾਂ। ਮੇਰੇ ਕੋਲ ਪੰਜ ਏਕੜ ਜ਼ਮੀਨ ਹੈ। ਮੈਂ ਫ਼ਸਲੀ ਵਿਭਿੰਨਤਾ ਦੇ ਹੱਕ ਵਿੱਚ ਹਾਂ ਤੇ ਪਾਣੀ ਦੀ ਬਰਬਾਦੀ ਕਰ ਰਹੀਆਂ ਫ਼ਸਲਾਂ ਕਣਕ ਅਤੇ ਝੋਨੇ ਤੋ ਮੁਕਤੀ ਚਾਹੁੰਦਾ ਹਾਂ। ਇਸ ਲਈ ਮੈ ਸੁਹਿਰਦ ਯਤਨ ਵੀ ਕਰ ਰਿਹਾ ਹਾਂ। ਇਸੇ ਲੜੀ ਤਹਿਤ ਮੈ 2014-15 ਤੋ ਆਪਣੀ ਤਿੰਨ ਏਕੜ ਜ਼ਮੀਨ ਵਿੱਚ ਆਲੂ ਬੁਖਾਰੇ ਅਤੇ ਲੀਚੀ ਦੀ ਖੇਤੀ ਕਰਨ ਦਾ ਮਨ ਬਣਾਇਆ ਸੀ। ਅੱਜ 10 ਸਾਲਾਂ ਬਾਅਦ ਵੀ ਮੈਨੂੰ ਇਸ ਤੋ ਚੰਗੀ ਆਮਦਨ ਨਹੀ ਮਿਲ ਰਹੀ, ਜਿਸ ਦਾ ਕਾਰਨ ਸਰਕਾਰੀ ਨੀਤੀਆਂ ਤੇ ਫ਼ਲਾਂ ਦਾ ਵਧੀਆ ਮੰਡੀਕਰਨ ਨਾ ਹੋਣਾ ਹੈ। ਉਦਾਹਰਨ ਦੇ ਤੌਰ 'ਤੇ ਪੰਜਾਬ ਦੇ ਬਹੁਤੇ ਬਾਗਵਾਨ ਯੂ.ਪੀ. ਅਤੇ ਹਿਮਾਚਲ ਤੋ ਆਉਣ ਵਾਲੇ ਵਪਾਰੀਆਂ 'ਤੇ ਨਿਰਭਰ ਕਰਦੇ ਹਨ। ਜੋ ਫ਼ਸਲ ਦਾ ਉਚਿਤ ਮੁੱਲ ਨਹੀ ਦਿੰਦੇ, ਖ਼ਾਸ ਕਰਕੇ ਛੋਟੇ ਕਿਸਾਨਾਂ ਦਾ ਤਾਂ ਉਹ ਬਹੁਤ ਹੀ ਸ਼ੋਸ਼ਣ ਕਰਦੇ ਹਨ। ਆਲੂ ਬੁਖਾਰਾ ਤਕਰੀਬਨ ਚਾਰ ਪੰਜ ਸਾਲ ਤੋ ਫ਼ਲ ਦੇਣਾ ਸ਼ੁਰੂ ਕਰ ਦਿੰਦਾ ਹੈ। ਸਾਲ 2019 ਵਿੱਚ ਪਹਿਲਾ ਫ਼ਲ ਹੋਣ ਕਾਰਨ ਮੈਨੂੰ ਤਿੰਨ ਏਕੜ ਆਲੂ ਬੁਖਾਰਾ ਮਜਬੂਰੀ ਬਸ ਕੇਵਲ 6000 ਵਿੱਚ ਹੀ ਵੇਚਣਾ ਪਿਆ। ਇਸ ਉਮੀਦ ਨਾਲ ਕਿ ਅਗਲੇ ਸਾਲ ਵਧੀਆ ਰਹੇਗਾ, ਪਰ ਅਗਲੇ ਸਾਲ ਕਰੋਨਾ ਵਰਗੀ ਆਫ਼ਤ ਆਉਣ ਨਾਲ ਕੇਵਲ 10 ਹਜ਼ਾਰ ਵਿੱਚ ਹੀ ਵੇਚਣਾ ਪਿਆ। ਸਾਲ 2020 ਵਿੱਚ ਹਿਮਾਚਲ ਦੇ ਵਪਾਰੀ ਨਾਲ 70,000 ਹਜ਼ਾਰ ਰੁਪਏ ਦਾ ਸੌਦਾ ਹੋਇਆ। ਸਾਲ 2021 ਵਿੱਚ ਪਹਿਲੀ ਵਾਰ ਯੂਪੀ ਦੇ ਵਪਾਰੀ ਨਾਲ ਇੱਕ ਲੱਖ ਦਸ ਹਜ਼ਾਰ ਰੁਪਏ ਦਾ ਸੌਦਾ ਹੋਇਆ ਤਾਂ ਮਨ ਨੂੰ ਥੋੜ੍ਹੀ ਤਸੱਲੀ ਹੋਈ। ਸਾਲ 2022 ਵਿੱਚ ਸਥਾਨਕ ਵਪਾਰੀ ਨੇ ਇੱਕ ਲੱਖ 20 ਹਜ਼ਾਰ ਰੁਪਏ ਵਿੱਚ ਬਾਗ਼ ਖ਼ਰੀਦਿਆ। ਇਸੇ ਤਰ੍ਹਾਂ ਹੀ 2023 ਵਿੱਚ ਹਿਮਾਚਲ ਦੇ ਵਪਾਰੀ ਨੂੰ ਇੱਕ ਲੱਖ 40 ਹਜ਼ਾਰ ਵਿੱਚ ਬਾਗ਼ ਵੇਚਿਆ। ਮੌਸਮ ਦੀ ਖ਼ਰਾਬੀ ਅਤੇ ਤੇਜ਼ ਹਵਾਵਾਂ ਨਾਲ ਫ਼ਲ ਟੁੱਟ ਜਾਣ ਕਾਰਨ ਵਪਾਰੀ ਜਵਾਬ ਦੇ ਗਿਆ। ਫ਼ਿਰ ਸਥਾਨਕ ਵਪਾਰੀ ਨੂੰ ਇੱਕ ਲੱਖ 25 ਹਜ਼ਾਰ ਵਿੱਚ ਬਾਗ਼ ਵੇਚਣਾ ਪਿਆ। ਸਾਲ 2024 ਕੁਝ ਵਧੀਆ ਰਿਹਾ। ਯੂਪੀ ਦੇ ਵਪਾਰੀ ਨਾਲ 1,50, 000 ਵਿੱਚ ਸੌਦਾ ਹੋਇਆ। ਇਸ ਸਾਲ ਯੂਪੀ ਦੇ ਵਪਾਰੀ ਨੇ 2,20,000 ਰੁਪਏ ਦਾ ਸੌਦਾ ਕੀਤਾ ਹੈ। ਫ਼ਲ ਵਧੀਆ ਸੀ, ਪ੍ਰੰਤੂ 16 ਅਪਰੈਲ, 2025 ਨੂੰ ਆਏ ਭਿਆਨਕ ਤੂਫਾਨ ਨਾਲ ਬਹੁਤ ਸਾਰੇ ਬੂਟੇ ਤਹਿਸ-ਨਹਿਸ ਹੋਣ ਕਾਰਨ ਕੁਇੰਟਲਾਂ ਦੇ ਹਿਸਾਬ ਨਾਲ ਫ਼ਲ ਜ਼ਮੀਨ 'ਤੇ ਡਿੱਗ ਪਿਆ। ਸਿੱਟੇ ਵਜੋ ਵਪਾਰੀ ਹੋਰ ਪੈਸੇ ਦੇਣ ਤੋ ਇਨਕਾਰੀ ਹੋ ਗਿਆ। ਮੇਰੇ ਕੋਲ ਲੀਚੀ ਦੇ 80 ਤਿਆਰ ਬੂਟੇ ਹਨ ਅਤੇ ਆਲੂ ਬੁਖਾਰੇ ਦੇ 178 ਬੂਟੇ ਹਨ। ਰੁੱਖ ਲਗਾਉਣਾ ਇੱਕ ਅਹਿਮ ਕਾਰਜ ਹੈ ਅਤੇ ਸਾਰੇ ਬਾਗਵਾਨ ਕਾਇਮ ਰੱਖਣਾ ਅਤੇ ਪ੍ਰਕਿਰਤੀ ਨੂੰ ਸੁੰਦਰ ਕਰ ਰਹੇ ਹਨ ਤੇ ਧਰਤੀ ਦਾ ਪਾਣੀ ਵੀ ਬਚਾ ਰਹੇ ਹਨ। ਇਸ ਹਰੀ ਭਰੀ ਬਨਸਪਤੀ ਪੈਦਾ ਕਰਨ ਵਾਤਾਵਰਨ ਨੂੰ ਸ਼ੁੱਧ ਕੀਤਾ ਹੈ ਅਤੇ ਆਕਸੀਜਨ ਦਾ ਭੰਡਾਰ ਵੀ ਵਧਾਇਆ ਹੈ। ਪੂਰੇ ਪੰਜਾਬ ਵਾਸੀਆਂ ਲਈ ਹਰੀ ਭਰੀ ਬਨਸਪਤੀ ਪੈਦਾ ਕਰਨ ਵਾਲਾ ਇਹ ਕਿਸਾਨ ਅੱਜ ਆਪਣੇ ਆਪ ਨੂੰ ਲੁੱਟਿਆ ਹੋਇਆ ਮਹਿਸੂਸ ਕਰ ਰਿਹਾ ਹੈ। ਪੰਜਾਬ ਸਰਕਾਰ ਨੂੰ ਇਨ੍ਹਾਂ ਦੀ ਬਾਂਹ ਫੜਨੀ ਚਾਹੀਦੀ ਹੈ। ਬਲਾਕ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਦਾ ਕੁਝ ਹਿੱਸਾ ਹਿਮਾਚਲ ਪ੍ਰਦੇਸ਼ ਦੀ ਸਰਹੱਦ ਦੇ ਨਾਲ ਲੱਗਦਾ ਹੈ। ਇੱਥੇ ਦੇ ਕਿਸਾਨਾਂ ਨੇ ਬਾਗਬਾਨੀ ਵਰਗੇ ਪਵਿੱਤਰ ਕਿੱਤੇ ਨੂੰ ਪ੍ਰਫੁੱਲਤ ਕਰਨ ਲਈ ਜੀ ਤੋੜ ਮਿਹਨਤ ਕੀਤੀ ਹੈ। ਜਿਨ੍ਹਾਂ ਵਿੱਚ ਪ੍ਰਮੁੱਖ ਹਨ ਸਰਬਜੀਤ ਸਿੰਘ ਪਿੰਡ ਟਾਂਡਾ ਚੂੜੀਆਂ। ਇਸ ਦੀ ਪੂਰੀ ਜ਼ਮੀਨ ਤਕਰੀਬਨ ਸਾਢੇ 8 ਏਕੜ ਬਾਗਬਾਨੀ ਨੂੰ ਸਮਰਪਿਤ ਹੈ ਜਿਸ ਵਿੱਚ ਲੀਚੀ, ਆਲੂ ਬੁਖਾਰਾ, ਅਮਰੂਦ, ਅੰਬ ਅਤੇ ਆੜੂ ਵਰਗੇ ਫ਼ਲ ਲਗਾਏ ਗਏ ਹਨ। ਸ਼ੀਤਲ ਸਿੰਘ ਸਾਬਕਾ ਸਰਪੰਚ ਵੀ ਇਸੇ ਪਿੰਡ ਦੇ ਵਸਨੀਕ ਹਨ ਜਿਨ੍ਹਾਂ ਨੇ ਬਾਗਵਾਨੀ ਦਾ ਕਿੱਤਾ ਅਪਣਾਇਆ ਹੋਇਆ ਹੈ। ਰਣਵੀਰ ਸਿੰਘ ਪੰਡੋਰੀ ਭਗਤ ਨੇ ਵੀ ਤਕਰੀਬਨ 8 ਏਕੜ ਵਿੱਚ ਆਲ ਬੂਖਾਰਾ ਅਤੇ ਲੀਚੀ ਵਰਗੇ ਫ਼ਲ ਲਗਾਏ ਹਨ। ਕੁਲਵਿੰਦਰ ਸਿੰਘ ਪਿੰਡ ਕੋਟਲੀ ਖਾਸ ਨੇ ਵੀ ਪਿੰਡ ਨੰਗਲ ਵਿਖੇ ਇੱਕ ਏਕੜ ਜ਼ਮੀਨ ਵਿੱਚ ਲੀਚੀ ਅਤੇ ਆਲੂ ਬੁਖਾਰਾ ਲਗਾਇਆ ਹੋਇਆ ਹੈ। ਇਸ ਤੋਂ ਇਲਾਵਾ ਪਿੰਡ ਸਨਿਆਲ ਦੇ ਬੋਹਤਾਂ ਵਿੱਚ ਵੀ ਬਹੁਤ ਸਾਰੇ ਕਿਸਾਨਾਂ ਨੇ ਬਾਗਵਾਨੀ ਦਾ ਧੰਦਾ ਅਪਣਾਇਆ ਹੋਇਆ ਹੈ। ਇਹ ਕੇਵਲ ਕੁਝ ਕਿਸਾਨਾਂ ਦਾ ਹੀ ਦੁਖਾਂਤ ਨਹੀ ਬਲਕਿ ਉਨ੍ਹਾਂ ਕਿਸਾਨਾਂ ਦਾ ਦੁਖਾਂਤ ਹੈ ਜਿਨ੍ਹਾਂ ਨੇ ਕਣਕ ਅਤੇ ਝੋਨੇ ਦੀ ਖੇਤੀ ਛੱਡ ਕੇ ਬਾਗਬਾਨੀ ਨੂੰ ਅਪਣਾਇਆ ਹੋਇਆ ਹੈ। ਮੌਜੂਦਾ ਪੰਜਾਬ ਸਰਕਾਰ ਤੋਂ ਕਿਸਾਨਾਂ ਨੂੰ ਬਹੁਤ ਉਮੀਦਾਂ ਹਨ। ਫ਼ਲਾਂ ਅਤੇ ਫੁੱਲਾਂ ਦੇ ਲਾਗਤ ਮੁੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਇਸ ਦੀ ਸਿੱਧੀ ਖ਼ਰੀਦ ਕੀਤੀ ਜਾਣੀ ਚਾਹੀਦੀ ਹੈ। ਸਰਮਾਏਦਾਰੀ ਅਤੇ ਵਪਾਰੀਆਂ ਦੀ ਲੁੱਟ ਨੂੰ ਰੋਕਿਆ ਜਾਏ। 10 ਤੋ 12 ਪਿੰਡਾਂ ਨੂੰ ਮਿਲਾ ਕੇ ਇੱਕ ਫੋਕਲ ਪੁਆਇੰਟ ਬਣਾਇਆ ਜਾਵੇ, ਜਿੱਥੇ ਖੇਤੀ ਨਾਲ ਸਬੰਧਤ ਸਾਰੀ ਮਸ਼ੀਨਰੀ ਮੌਜੂਦ ਹੋਵੇ ਤਾਂ ਜੋ ਛੋਟੇ ਅਤੇ ਗ਼ਰੀਬ ਕਿਸਾਨਾਂ ਦੀ ਮਦਦ ਕੀਤੀ ਜਾ ਸਕੇ। ਇਨ੍ਹਾਂ ਫੋਕਲ ਪੁਆਇੰਟਾਂ ਵਿੱਚ ਕੋਲਡ ਸਟੋਰ ਵੀ ਬਣਾਏ ਜਾਣ ਤਾਂ ਜੋ ਫ਼ਲਾਂ ਦੀ ਖ਼ਰੀਦ ਅਤੇ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਛੋਟੇ ਤੇ ਗ਼ਰੀਬ ਕਿਸਾਨਾਂ ਨੂੰ ਡੀਜ਼ਲ ਅਤੇ ਮਹਿੰਗੀਆਂ ਖਾਦਾਂ 'ਤੇ ਸਬਸਿਡੀ ਦਿੱਤੀ ਜਾਵੇ। ਬਾਗਬਾਨਾਂ ਦੇ ਬਾਗ਼ਾਂ ਦੀ ਗਿਰਦਾਵਰੀ ਕਰਵਾ ਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ।



# ਕਿਸਾਨੀ ਖ਼ੁਦਕੁਸ਼ੀਆਂ ਅਤੇ ਆਮਦਨ 'ਚ ਵਾਧੇ ਦੇ ਦਾਅਵਿਆਂ ਦੀ ਹਕੀਕਤ



'ਮਦਰ ਇੰਡੀਆ' ਫਿਲਮ ਤਾਂ ਮੈਨੂੰ ਲੱਗਦਾ ਹੈ, ਬਹੁਤਿਆਂ ਨੇ ਦੇਖੀ ਹੋਣੀ ਹੈ। ਇਹ ਫਿਲਮ 1957 ਵਿੱਚ ਆਈ ਸੀ ਅਤੇ ਇਸ ਵਿੱਚ ਜੋ ਕੁਝ ਦਿਖਾਇਆ ਗਿਆ ਸੀ, ਉਹ ਉਸ ਸਮੇਂ ਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦਾ ਬਿਰਤਾਂਤ ਸੀ। ਫਿਲਮ ਕਰੀਬ ਢਾਈ ਘੰਟਿਆਂ ਦੀ ਸੀ। ਇਹ ਫਿਲਮ ਬਣੀ ਨੂੰ ਅੱਜ ਕਰੀਬ 70 ਵਰ੍ਹੇ ਹੋ ਚੁੱਕੇ ਹਨ, ਫਿਰ ਵੀ ਜੋ ਕੁਝ ਇਸ ਅੰਦਰ ਦਿਖਾਇਆ ਗਿਆ ਸੀ, ਉਸ ਤੋਂ ਵੀ ਮਾੜੀ ਹਾਲਤ ਇਸ ਵੇਲੇ ਮੁਲਕ ਦੇ ਕਿਸਾਨਾਂ ਦੀ ਹੋ ਚੁੱਕੀ ਹੈ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਅਤੇ ਦਾਅਵਾ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਭਟਕ ਰਹੀ ਹੈ। 2022 ਤੱਕ ਇਸ ਸਰਕਾਰ ਨੇ ਮੁਲਕ ਭਰ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਭਾਜਪਾ ਸਰਕਾਰ ਨੇ 2014 ਅਤੇ 2019 ਵਾਲੀਆਂ ਚੋਣਾਂ ਵਿੱਚ ਵੀ ਕੀਤਾ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀ ਹੋਈ, ਮਮੂਲੀ ਜਿਹੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਦਰ ਜ਼ਰੂਰ ਦੁੱਗਣੀ ਹੋ ਗਈ ਹੈ। ਸਮੇਂ ਦੀਆਂ ਸਰਕਾਰਾਂ ਭਾਵੇਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਦਾਅਵੇ ਅਤੇ ਵਾਅਦੇ ਕਰਦੀਆਂ ਹਨ, ਪਰ ਇਹ ਦਾਅਵੇ ਅਤੇ ਵਾਅਦੇ ਕੁਝ ਕੁ ਕਿਸਾਨਾਂ 'ਤੇ ਲਾਗੂ ਹੀ ਹੁੰਦੇ ਨੇ। ਧਨਾਢ ਜ਼ਿਮੀਦਾਰ ਹੀ ਇਸ ਦਾ ਫ਼ਾਇਦਾ ਲੈ ਲੈਂਦੇ ਨੇ, ਜਦੋਂਕਿ ਛੋਟੇ ਕਿਸਾਨ ਸਰਕਾਰਾਂ ਦੀਆਂ ਇਨ੍ਹਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਨੇ। ਜਿਹੜੀ ਵੀ ਸਰਕਾਰ ਬਣੀ, ਉਸ ਨੇ ਖੇਤੀ ਨੂੰ ਇੱਕ ਤਰੀਕੇ ਦਾ ਆਪਣਾ ਬਿਜ਼ਨਸ ਬਣਾ ਲਿਆ, ਜਿਸ ਦਾ ਮਾਲਕ ਤਾਂ ਕਿਸਾਨ ਹੈ, ਪਰ ਇਸ ਦਾ ਸਭ ਤੋਂ ਵੱਡਾ ਫ਼ਾਇਦਾ ਕਾਰਪੋਰੇਟ ਘਰਾਣਿਆਂ ਨੂੰ ਹੀ ਪਹੁੰਚਾਇਆ ਜਾਂਦਾ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਜਿਹੜੀ ਲੜਾਈ ਲੜੀ ਸੀ, ਉਸ ਲੜਾਈ ਨੇ ਬੇਸ਼ੱਕ ਹਕੂਮਤ ਨੂੰ ਝੁਕਾ ਦਿੱਤਾ ਸੀ, ਪਰ ਉਸ ਲੜਾਈ ਨੇ ਕੇਂਦਰ ਨਾਲ ਨਵਾਂ ਪੇਚ ਕਿਸਾਨਾਂ ਦਾ ਫਸਾ ਦਿੱਤਾ। ਸਮੇਂ-ਸਮੇਂ 'ਤੇ ਸਰਕਾਰਾਂ ਕਿਸਾਨਾਂ 'ਤੇ ਵੱਖੋ-ਵੱਖਰੇ ਤਰੀਕਿਆਂ ਨਾਲ ਜ਼ੁਲਮ ਕਰਦੀਆਂ ਹਨ। ਕਿਤੇ ਤਾਂ ਨਵੇਂ ਖੇਤੀ ਖਰੜੇ ਰਾਹੀ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਤੇ ਕਿਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਲੈਂਡ ਪੂਲਿੰਗ ਨੀਤੀ ਵਰਗੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ। ਮਹਾਰਾਸ਼ਟਰ ਤੋਂ ਪਿਛਲੇ ਦਿਨੀ ਇੱਕ ਦ੍ਰਿਸ਼ ਸਾਹਮਣੇ ਆਇਆ। ਇਸ ਵਿੱਚ ਕਿਸਾਨ 'ਮਦਰ ਇੰਡੀਆ' ਫਿਲਮ ਵਾਂਗ ਆਪ ਹਲ ਖਿੱਚ ਕੇ ਜ਼ਮੀਨ ਵਾਹ ਰਿਹਾ ਹੈ। ਇਹ ਵੀਡੀਓ ਵਾਇਰਲ ਹੋ ਗਈ। ਵੀਡੀਓ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਵੀਡੀਓ ਦੇਖ ਕੇ ਫਿਲਮ ਅਦਾਕਾਰ ਸੋਨੂੰ ਸੂਦ ਅੱਗੇ ਆਇਆ ਤੇ ਵਾਅਦਾ ਕੀਤਾ ਕਿ ਉਹ ਇਸ ਕਿਸਾਨ ਨੂੰ ਬਲਦ ਲੈ ਕੇ ਦੇਵੇਗਾ। ਉਸ ਨੇ ਕੁਝ ਮੁਆਵਜ਼ਾ ਵੀ ਦਿੱਤਾ। ਕੀ ਜੋ ਸੋਨੂੰ ਸੂਦ ਨੇ ਤਾਂ ਐਲਾਨ ਕਰ ਦਿੱਤਾ, ਪਰ ਸਰਕਾਰ ਸੁੱਤੀ ਹੀ ਰਹੀ। ਦਰਅਸਲ, ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦੇ ਹਡੋਲਤੀ ਪਿੰਡ ਤੋਂ 76 ਸਾਲਾ ਕਿਸਾਨ ਅੰਬਦਾਸ ਪਵਾਰ ਅਤੇ ਉਸ ਦੀ 73 ਸਾਲਾ ਪਤਨੀ ਦਾ ਵੀਡੀਓ ਸਾਹਮਣੇ ਆਇਆ। ਇਸ ਵੀਡੀਓ ਵਿੱਚ ਕਿਸਾਨ ਜੋੜਾ ਬਲਦ ਦੀ ਬਜਾਏ ਖੁਦ ਹਲ ਖਿੱਚ ਕੇ ਖੇਤ ਵਾਹੁੰਦਾ ਦਿਖ ਰਿਹਾ ਹੈ। ਅੰਬਦਾਸ ਪਵਾਰ ਕੋਲ ਬਲਦ ਖਰੀਦਣ ਲਈ ਪੈਸੇ ਨਹੀਂ ਹਨ ਅਤੇ ਉਹ 10 ਸਾਲਾਂ ਤੋਂ ਇਸੇ ਤਰ੍ਹਾਂ ਖੇਤੀ ਕਰ ਰਿਹਾ ਹੈ। ਇਸ ਵੀਡੀਓ ਤੋਂ ਬਾਅਦ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਹਲਚਲ ਮੱਚ ਗਈ; ਵਿਰੋਧੀ ਧਿਰ ਦੇ ਨੇਤਾਵਾਂ ਨੇ ਕਿਸਾਨਾਂ ਦੀ ਹਾਲਤ ਨੂੰ ਲੈ ਕੇ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਕੀਤਾ। ਖੇਤੀਬਾੜੀ ਮੰਤਰੀ ਮਾਨਿਕਰਾਓ ਕੋਟਾਕੇ ਅਤੇ ਸਹਿਕਾਰੀ ਮੰਤਰੀ ਬਾਬਾ ਸਾਹਿਬ ਪਾਟਿਲ ਨੇ ਕਿਸਾਨ ਨਾਲ ਫੋਨ 'ਤੇ ਗੱਲ ਕੀਤੀ ਅਤੇ ਮਦਦ ਦਾ ਭਰੋਸਾ ਵੀ ਦਿੱਤਾ। ਇੱਕ ਰਿਪੋਰਟ ਦੇ ਅਨੁਸਾਰ, ਲਾਤੂਰ ਜ਼ਿਲ੍ਹਾ ਪ੍ਰਸ਼ਾਸਨ ਨੇ ਅੰਬਦਾਸ ਪਵਾਰ ਨੂੰ 8400 ਰੁਪਏ ਅਤੇ ਮੁਕਤਾਬਾਈ ਪਵਾਰ ਨੂੰ 8700 ਰੁਪਏ ਦੀ ਗਰਾਂਟ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾ ਦਿੱਤੀ ਹੈ। ਖੇਤੀਬਾੜੀ ਵਿਭਾਗ ਨੇ ਕਿਸਾਨ ਨੂੰ ਬੀਜ ਅਤੇ ਖਾਦ ਵੀ ਦਿੱਤੀ ਹੈ। ਇਸ ਦੌਰਾਨ ਮਹਾਰਾਸ਼ਟਰ ਸਰਕਾਰ ਦੇ ਰਾਹਤ ਤੇ ਮੁੜ ਵਸੇਬਾ ਮੰਤਰੀ ਮਕਰੰਦ ਪਾਟਿਲ ਨੇ ਦੱਸਿਆ ਕਿ ਜਨਵਰੀ 2025 ਤੋਂ ਮਾਰਚ 2025 ਦੇ ਵਿਚਕਾਰ ਰਾਜ ਵਿੱਚ ਕਿਸਾਨ ਖ਼ੁਦਕੁਸ਼ੀਆਂ ਦੇ 767 ਮਾਮਲੇ ਸਾਹਮਣੇ ਆਏ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ, "ਕਲਪਨਾ ਕਰੋ, ਮਹਾਰਾਸ਼ਟਰ ਵਿੱਚ ਸਿਰਫ਼ ਤਿੰਨ ਮਹੀਨਿਆਂ ਵਿੱਚ 767 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ; ਕੀ ਇਹ ਸਿਰਫ਼ ਅੰਕੜਾ ਹੈ? ਨਹੀ, ਇਹ 767 ਬਰਬਾਦ ਹੋਏ ਘਰ ਹਨ। 767 ਪਰਿਵਾਰ ਜੋ ਕਦੇ ਵੀ ਠੀਕ ਨਹੀ ਹੋ ਸਕਣਗੇ ਅਤੇ ਸਰਕਾਰ ਚੁੱਪ ਹੈ।" ਰਾਹੁਲ ਗਾਂਧੀ ਅੱਗੇ ਕਹਿੰਦੇ ਨੇ ਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉਹ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ, ਅੱਜ ਹਾਲ ਇਹ ਹੈ ਕਿ ਅੰਨਦਾਤਾ ਦੀ ਜ਼ਿੰਦਗੀ ਅਜਾਈਂ ਜਾ ਰਹੀ ਹੈ, ਇਹ ਸਿਸਟਮ ਲਗਾਤਾਰ ਕਿਸਾਨਾਂ ਨੂੰ ਚੁੱਪ-ਚਾਪ ਮਾਰ ਰਿਹਾ ਹੈ ਅਤੇ ਸਰਕਾਰ ਤਮਾਸ਼ਾ ਦੇਖ ਰਹੀ ਹੈ। ਹੁਣ ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਨਹੀ ਹੋਈ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਧ ਰਹੀਆਂ ਹਨ। ਕੀ ਸਰਕਾਰ ਖ਼ੁਦਕੁਸ਼ੀਆਂ ਦੇ ਅੰਕੜੇ ਦੇਖ ਕੇ ਹੀ ਆਪਣੇ ਵਾਅਦੇ ਪੂਰਾ ਕਰੇਗੀ? ਸਰਕਾਰਾਂ ਨੂੰ ਕਿਸਾਨਾਂ ਦਾ ਚੇਤਾ ਕਦੋਂ ਆਵੇਗਾ? ਕਿਸਾਨ ਛੇ ਮਹੀਨੇ ਆਪਣੀ ਫ਼ਸਲ ਪਾਲ ਕੇ ਮੰਡੀ ਵਿੱਚ ਲਿਜਾਂਦਾ ਹੈ, ਫਿਰ ਵੀ ਉਸ ਨੂੰ ਚੰਗਾ ਭਾਅ ਨਹੀ ਮਿਲਦਾ। ਕਿਸਾਨ ਐੱਮਐੱਸਪੀ ਲਈ ਪ੍ਰਦਰਸ਼ਨ ਕਰ ਰਹੇ ਹਨ, ਪਰ ਸਰਕਾਰਾਂ ਉਨ੍ਹਾਂ ਦੀ ਗੱਲ ਨਹੀ ਸੁਣ ਰਹੀਆਂ। ਸੂਬਾ ਸਰਕਾਰਾਂ ਹੋਣ ਜਾਂ ਫਿਰ ਕੇਂਦਰ ਸਰਕਾਰ ਹੋਵੇ, ਕੋਈ ਵੀ ਕਿਸਾਨਾਂ ਦੀ ਆਮਦਨ ਵਧਾਉਣ ਜਾਂ ਕਿਸਾਨਾਂ ਨੂੰ ਕਰਜ਼ੇ ਤੇ ਫ਼ਸਲੀ ਚੱਕਰ ਵਿੱਚੋਂ ਕੱਢਣ ਵਾਸਤੇ ਕੋਈ ਕੋਸ਼ਿਸ਼ ਨਹੀ ਕਰ ਰਹੀ। ਇਹ ਕਹਿਣ ਵਾਲੇ ਬਹੁਤ ਹਨ ਕਿ ਕਿਸਾਨ ਨੂੰ ਕਿਸ ਨੇ ਕਿਹੈ ਕਿ ਉਹ ਫ਼ਾਲਤੂ ਖਰਚਾ ਕਰਨ? ਉਂਝ, ਅਸਲੀਅਤ ਕੁਝ ਹੋਰ ਹੈ। ਕਿਸਾਨਾਂ ਨੂੰ ਸ਼ੌਕ ਨਹੀ ਕਿ ਉਹ ਕਰਜ਼ੇ ਚੁੱਕਣ, ਕਰਜ਼ੇ ਚੁੱਕਣ ਲਈ ਸਰਕਾਰਾਂ ਮਜਬੂਰ ਕਰਦੀਆਂ ਹਨ। ਜੇ ਕਿਸਾਨਾਂ ਨੂੰ ਉਨ੍ਹਾਂ

**ਗੁਰਪ੍ਰੀਤ**
**95698-20314**

ਦੀ ਫ਼ਸਲ ਦਾ ਸਹੀ ਭਾਅ, ਸਹੀ ਸਮੇਂ 'ਤੇ ਮਿਲ ਜਾਵੇ ਤਾਂ ਉਨ੍ਹਾਂ ਨੂੰ ਕੀ ਲੋੜ ਪਈ ਹੈ ਕਿ ਉਹ ਆਪਣੀ ਅਗਲੀ ਫ਼ਸਲ ਉਗਾਉਣ ਲਈ ਬੈਂਕਾਂ ਤੋਂ ਕਰਜ਼ੇ ਲੈਣ? ਪੰਜਾਬ ਸਮੇਤ ਦੇਸ਼ ਭਰ ਵਿੱਚ ਛੋਟੇ ਕਿਸਾਨ ਠੇਕੇ 'ਤੇ ਲੈ ਕੇ ਵਾਹੀ ਕਰਦੇ ਹਨ। ਇਨ੍ਹਾਂ ਦਾ ਇੱਕੋ-ਇੱਕ ਮਕਸਦ ਹੁੰਦਾ ਹੈ ਕਿ ਉਹ ਚਾਰ ਪੈਸੇ ਕਮਾ ਕੇ ਪਰਿਵਾਰ ਦਾ ਗੁਜ਼ਾਰਾ ਤੋਰ ਸਕਣ, ਪਰ ਇਸ ਦਾ ਨਤੀਜਾ ਕਿਸਾਨਾਂ ਨੂੰ ਜ਼ਹਿਰ ਖਾ ਕੇ ਭੁਗਤਣਾ ਪੈਂਦਾ ਹੈ। ਕਿਸਾਨ ਖ਼ੁਦਕੁਸ਼ੀਆਂ ਦੇ ਮੁੱਖ ਕਾਰਨਾਂ ਵਿੱਚ ਕਰਜ਼ੇ ਦਾ ਬੋਝ, ਮਾੜੀ ਆਰਥਿਕ ਹਾਲਤ, ਫਸਲਾਂ ਦਾ ਖਰਾਬਾ, ਘੱਟੋ-ਘੱਟ ਸਮਰਥਨ ਮੁੱਲ ਦੀ ਘਾਟ ਅਤੇ ਸਰਕਾਰੀ ਨੀਤੀਆਂ ਦੀ ਅਣਦੇਖੀ ਸ਼ਾਮਿਲ ਹਨ। ਇਹ ਗੱਲ ਇਕੱਲੇ ਭਾਰਤ ਦੀ ਹੀ ਨਹੀ, ਬਲਕਿ ਬਾਹਰਲੇ ਮੁਲਕਾਂ ਵਿੱਚ ਵੀ ਅਜਿਹਾ ਹੀ ਹਾਲ ਹੈ। ਜਿੱਥੇ ਕਿਸਾਨ ਖੇਤੀ ਕਰਦੇ ਹਨ, ਉੱਥੇ ਸਰਕਾਰਾਂ ਨੇ ਅਜਿਹੀਆਂ ਸਥਿਤੀਆਂ ਪੈਦਾ ਕਰ ਦਿੱਤੀਆਂ ਹਨ ਕਿ ਕਿਸਾਨਾਂ ਦੀ ਆਮਦਨ ਤਾਂ ਵਧ ਨਹੀ ਰਹੀ, ਉਲਟਾ ਉਨ੍ਹਾਂ ਦੇ ਖ਼ਰਚੇ ਵਧ ਰਹੇ ਹਨ। 2017 ਦੀ ਇੱਕ ਸਰਕਾਰੀ ਰਿਪੋਰਟ ਅਨੁਸਾਰ ਕਿਸਾਨਾਂ ਦੀ ਆਮਦਨ 2015 ਤੋਂ 2022 ਤੱਕ ਦੁੱਗਣੀ ਕਰਨ ਲਈ ਸਾਲਾਨਾ 10.4% ਵਾਧੇ ਦੀ ਲੋੜ ਸੀ, ਪਰ 20132016 ਦੌਰਾਨ ਆਮਦਨ ਸਿਰਫ 2% ਸਾਲਾਨਾ ਵਧੀ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਵਿਕੀਪੀਡੀਆ ਨੇ ਆਪਣੇ ਲੇਖ ਵਿੱਚ ਦੱਸਿਆ ਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ 1995 ਤੋਂ 2014 ਤੱਕ 2,96,438 ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। 2014 ਤੋਂ 2022 ਤੱਕ ਦੇ 9 ਸਾਲਾਂ ਵਿੱਚ ਇਹ ਗਿਣਤੀ 1,00,474 ਸੀ। ਵੈਸੇ ਸਰਕਾਰਾਂ ਕਿਸਾਨਾਂ ਵਾਸਤੇ ਸਬਸਿਡੀਆਂ ਦੇਣ ਦੀਆਂ ਗੱਲਾਂ ਤਾਂ ਕਰਦੀਆਂ ਹਨ, ਪਰ ਕਿਸਾਨਾਂ ਨੂੰ ਸਬਸਿਡੀਆਂ ਦੇਣ ਦੀ ਬਜਾਏ ਸਰਕਾਰਾਂ ਕਾਰਪੋਰੇਟ ਘਰਾਣਿਆਂ ਨੂੰ ਹੀ ਫ਼ਾਇਦੇ ਪਹੁੰਚਾਉਂਦੀਆਂ ਹਨ ਅਤੇ ਫ਼ੈਸਲੇ ਵੀ ਉਨ੍ਹਾਂ ਦੇ ਹੱਕ ਵਿੱਚ ਲਏ ਜਾਂਦੇ ਹਨ। ਸਰਕਾਰਾਂ ਨੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਦੇ ਕਰੋੜਾਂ ਅਰਬਾਂ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਹਨ। ਕੀ ਇਹ ਸਵਾਲ ਨਹੀ ਬਣਦਾ ਕਿ ਵੱਡੇ ਕਾਰਪੋਰੇਟ ਘਰਾਣਿਆਂ ਨੇ ਦੇਸ਼ ਲਈ ਕਿਹੜਾ ਚੰਗਾ ਕੰਮ ਕੀਤਾ ਹੈ? ਕਿਸਾਨ ਫ਼ਸਲ ਉਗਾ ਕੇ ਦੇਸ਼ ਦਾ ਢਿੱਡ ਭਰਦਾ ਹੈ, ਪਰ ਉਹ ਦੋ ਵੇਲੇ ਦੀ ਰੋਟੀ ਵੀ ਚੰਗੇ ਤਰੀਕੇ ਨਾਲ ਨਹੀ ਖਾ ਸਕਦਾ। ਅੱਜ ਫ਼ਸਲਾਂ ਦੇ ਭਾਅ ਇੰਨੇ ਘੱਟ ਹਨ ਕਿ ਖਰਚੇ ਵੀ ਪੂਰੇ ਨਹੀ ਹੁੰਦੇ, ਸਿੱਟੇ ਵਜੋਂ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਜਿਹੜੀ ਕਣਕ ਕਿਸਾਨਾਂ ਕੋਲੋਂ 22 ਤੋਂ 25 ਰੁਪਏ ਕਿੱਲੋ ਜਾਂ ਫਿਰ ਕਹਿ ਲਓ 2200 ਤੋਂ 2500 ਰੁਪਏ ਕੁਇੰਟਲ ਸਰਕਾਰ ਖਰੀਦਦੀ ਹੈ, ਉਹੋ ਕਣਕ ਕਾਰਪੋਰੇਟ ਘਰਾਣੇ ਪੈਕਟਾਂ ਦੇ ਵਿੱਚ ਬੰਦ ਕਰ ਕੇ 100-150 ਰੁਪਏ ਕਿੱਲੋ ਤੱਕ ਲੋਕਾਂ ਨੂੰ ਵੇਚਦੇ ਹਨ। ਇਸੇ ਤਰ੍ਹਾਂ ਸਬਜ਼ੀਆਂ ਦਾ ਹਾਲ ਹੈ। ਕਿਸਾਨਾਂ ਕੋਲੋਂ ਸਬਜ਼ੀਆਂ ਸਸਤੇ ਭਾਅ ਖ਼ਰੀਦੀਆਂ ਜਾਂਦੀਆਂ ਹਨ, ਪਰ ਉਸ ਨੂੰ ਪੈਕਟਾਂ ਵਿੱਚ ਬੰਦ ਕਰ ਕੇ ਕਾਰਪੋਰੇਟ ਘਰਾਣੇ ਚੋਖ ਆਮਦਨ ਕਰਦੇ ਹਨ। ਕੀ ਸਰਕਾਰਾਂ ਨੂੰ ਨਹੀ ਚਾਹੀਦਾ ਕਿ ਇਸ ਬਾਰੇ ਕਾਨੂੰਨ ਬਣਾਇਆ ਜਾਵੇ। ਅਸਲ ਵਿੱਚ, ਸਰਕਾਰ ਚਾਹੁੰਦੀ ਹੀ ਨਹੀ ਕਿ ਕਿਸਾਨ ਦੀ ਆਮਦਨ ਵਧੇ। ਇਸੇ ਕਰ ਕੇ ਅੱਜ ਖੇਤੀ ਘਾਟੇ ਵਾਲਾ ਸੌਦਾ ਹੋ ਗਈ ਹੈ। ਜਦੋਂ ਕਿਸਾਨਾਂ ਮਜ਼ਦੂਰਾਂ ਦੀ ਮਿਹਨਤ, ਉਨ੍ਹਾਂ ਦੀਆਂ ਫ਼ਸਲਾਂ ਦੇ ਸਹੀ ਭਾਅ ਅਤੇ ਕਰਜ਼ਾ ਮੁਆਫ਼ੀ ਦੀ ਗੱਲ ਆਉਂਦੀ ਹੈ ਤਾਂ ਉਸ ਵੇਲੇ ਕੋਈ ਅੱਗੇ ਨਹੀ ਆਉਂਦਾ, ਸਾਰੀਆਂ ਧਿਰਾਂ ਚੁੱਪ ਹੋ ਜਾਂਦੀਆਂ ਹਨ। ਵਿਰੋਧੀ ਧਿਰਾਂ ਵੀ ਓਨੀ ਦੇਰ ਹੀ ਕਿਸਾਨਾਂ ਨਾਲ ਖੜ੍ਹਦੀਆਂ ਹਨ ਜਦੋਂ ਤੱਕ ਉਹ ਸੱਤਾ ਵਿੱਚ ਨਹੀ ਆਉਂਦੀਆਂ। ਜਿਹੜੀਆਂ ਪਾਰਟੀਆਂ ਵਿਰੋਧੀ ਧਿਰ ਵਿੱਚ ਹੁੰਦਿਆਂ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੀਆਂ ਹਨ, ਉਹ ਸੱਤਾ ਵਿੱਚ ਆਉਂਦਿਆਂ ਹੀ ਕਿਸਾਨਾਂ ਦੀਆਂ ਮੰਗਾਂ ਸੁਣਨ ਦੀ ਬਜਾਏ, ਉਨ੍ਹਾਂ ਨੂੰ ਗੁਮਰਾਹ ਕਰਨ ਲੱਗ ਪੈਂਦੀਆਂ ਹਨ। ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ, ਕਿਸੇ ਨੇ ਵੀ ਕਿਸਾਨ ਪੱਖੀ ਫ਼ੈਸਲੇ ਨਹੀ ਕੀਤੇ। ਜਿੰਨੇ ਵੀ ਫ਼ੈਸਲੇ ਕੀਤੇ, ਉਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਪੱਖ ਵਿੱਚ ਹੀ ਕੀਤੇ। ਤਿੰਨ ਖੇਤੀ ਕਾਨੂੰਨ, ਜਿਨ੍ਹਾਂ ਨੂੰ ਕਿਸਾਨਾਂ ਨੇ ਵੱਡੇ ਘੋਲ ਤੋਂ ਬਾਅਦ ਵਾਪਸ ਕਰਵਾਇਆ, ਉਹ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੀ ਸਨ। ਇਸ ਤੋਂ ਬਾਅਦ ਜਿਹੜਾ ਖੇਤੀ ਨੀਤੀ ਖਰੜਾ ਤਿਆਰ ਕੀਤਾ ਗਿਆ, ਉਹ ਵੀ ਕਿਸਾਨ ਵਿਰੋਧੀ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ 'ਤੇ ਪਹਿਰਾ ਦਿੰਦਿਆਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਲਗਾਤਾਰ ਲਤਾੜ ਰਹੀਆਂ ਹਨ। ਉਹ ਸਾਜ਼ਿਸ਼ਾਂ ਘੜ ਰਹੀਆਂ ਹਨ ਕਿ ਕਿਸਾਨਾਂ ਨੂੰ ਖੇਤੀ ਵਿੱਚੋਂ ਕਿਵੇਂ ਬਾਹਰ ਕੱਢਿਆ ਜਾਵੇ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਹੁਣ ਇਸ ਵਿੱਚ ਵੀ ਇਸ ਵੇਲੇ ਫੈਕਟਰੀਆਂ ਤੇ ਹੋਰ ਕਾਰਖ਼ਾਨੇ ਲਾਉਣ ਦੀ ਥਾਂ ਨਵੇਂ-ਨਵੇਂ ਸ਼ਹਿਰ ਵਸਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਅਜਿਹੀਆਂ ਨੀਤੀਆਂ ਪੰਜਾਬ ਨੂੰ ਹੋਰ ਖੋਖਲਾ ਕਰਨਗੀਆਂ। ਇਸ ਵੇਲੇ ਦੁਨੀਆ ਭਰ ਵਿੱਚ ਤਬਾਹੀ ਮੱਚੀ ਪਈ ਹੈ ਕਿਉਂਕਿ ਜਲਵਾਯੂ ਤਬਦੀਲੀ ਕਾਰਨ ਸਮੇਂ ਤੋਂ ਪਹਿਲਾਂ ਮੀਂਹ ਪੈ ਰਹੇ ਹਨ, ਹੜ੍ਹ ਆ ਰਹੇ ਹਨ ਅਤੇ ਕਈ ਥਾਵਾਂ 'ਤੇ ਸੋਕਾ ਪੈ ਰਿਹਾ ਹੈ, ਲੋਕ ਪਾਣੀ ਨੂੰ ਤਰਸ ਰਹੇ ਹਨ। ਜਿੰਨੀ ਦੇਰ ਤੱਕ ਸਰਕਾਰਾਂ ਚੰਗੀਆਂ ਨੀਤੀਆਂ ਨਹੀ ਘੜਦੀਆਂ, ਉਦੋਂ ਤੱਕ ਮੁਲਕ ਦੇ ਕਿਸਾਨ ਮਜ਼ਦੂਰ ਮਰਦੇ ਰਹਿਣਗੇ। ਇਸ ਵੇਲੇ ਦੇਸ਼ ਦੀ ਸਰਕਾਰ ਭਾਵੇਂ ਕਿਸਾਨਾਂ ਦੇ ਹੱਕ ਵਿੱਚ ਵੱਡੇ-ਵੱਡੇ ਬਿਆਨ ਦੇ ਰਹੀ ਹੈ ਅਤੇ ਕਈ ਤਰ੍ਹਾਂ ਦੇ ਵਾਅਦੇ ਕਿਸਾਨਾਂ ਨਾਲ ਕੀਤੇ ਜਾ ਰਹੇ ਹਨ, ਪਰ ਹਕੀਕਤ ਵਿੱਚ ਕਿਸਾਨਾਂ ਦੀ ਲਾਗਤ ਦਾ ਮੁੱਲ ਵੀ ਸਰਕਾਰਾਂ ਨਹੀ ਦੇ ਰਹੀਆਂ। ਇਸ ਵਕਤ ਦੇਸ਼ ਦੇ ਕਿਸਾਨਾਂ ਦੀ ਹਾਲਤ ਬੇਹੱਦ ਮਾੜੀ ਹੈ। ਚਾਹੀਦਾ ਤਾਂ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਾੜੀ ਹਾਲਤ ਦੇ ਮੱਦੇਨਜ਼ਰ ਕੋਈ ਕਿਸਾਨ ਹਿਤੂ ਕਾਨੂੰਨ ਬਣਾਵੇ ਪਰ ਸਰਕਾਰ ਦਾ ਤਵਾਜ਼ਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਝੁਕ ਰਿਹਾ ਹੈ। ਹਕੀਕਤ ਇਹ ਹੈ ਕਿ ਜੇ ਅੰਨਦਾਤਾ ਬਚੇਗਾ ਤਾਂ ਹੀ ਮੁਲਕ ਬਚੇਗਾ। ਜਿਹੜੇ ਕੁਝ ਲੋਕ ਇਸ ਵੇਲੇ ਕਿਸਾਨਾਂ ਦਾ ਵਿਰੋਧ ਕਰ ਰਹੇ ਹਨ, ਜੇ ਉਹ ਚਾਹੁੰਦੇ ਹਨ ਕਿ ਉਹ ਵੀ ਬਚੇ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਖੜ੍ਹਨ। ਸਰਕਾਰਾਂ ਨਾਲ ਖੜ੍ਹ ਕੇ ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਧਿਰ ਦਾ ਸਾਥ ਤਾਂ ਮਿਲੇਗਾ, ਪਰ ਰੋਟੀ ਨਹੀ।



# ਝੋਨੇ ਦੀ ਮਸ਼ੀਨੀ ਲਵਾਈ ਵਿੱਚ ਕਾਮਯਾਬੀ ਦੀ ਮਿਸਾਲ: ਤਪਿੰਦਰ ਸਿੰਘ



ਪੰਜਾਬ ਵਿੱਚ ਝੋਨਾ ਸਾਉਣੀ ਦੀ ਮੁੱਖ ਫਸਲ ਹੈ। ਇਸ ਦੀ ਲਵਾਈ ਸਮੇਂ ਮਜ਼ਦੂਰਾਂ ਦੀ ਕਾਫੀ ਘਾਟ ਰਹਿੰਦੀ ਹੈ ਜਿਸ ਨਾਲ ਖੇਤੀ ਲਾਗਤਾਂ ਵਧਦੀਆਂ ਹਨ, ਗੈਰ ਮਿਆਰੀ ਲਵਾਈ ਹੁੰਦੀ ਹੈ ਅਤੇ ਲਵਾਈ ਵਿੱਚ ਦੇਰੀ ਹੋਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ।ਹੋਰ ਫਸਲੀ ਕੰਮਾਂ ਕਾਰਾਂ ਵਾਂਗ ਇਹਨਾ ਮੁਸ਼ਕਲਾਂ ਨੂੰ ਵੀ ਮਸ਼ੀਨੀਕਰਨ ਨਾਲ ਸੁਧਾਰਿਆ ਜਾ ਸਕਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਝੋਨੇ ਦੀ ਮਸ਼ੀਨੀ ਲਵਾਈ ਦੀ ਸ਼ਿਫਾਰਿਸ਼ ਕੀਤੀ ਹੋਈ ਹੈ, ਜਿਸ ਨੂੰ ਕਾਫੀ ਜਿਮੀਦਾਰ ਆਪਣੇ ਖੇਤਾਂ ਉੱਪਰ ਅਪਣਾ ਰਹੇ ਹਨ। ਅਜਿਹੇ ਹੀ ਇੱਕ ਅਗਾਂਹਵਧੂ ਸੋਚ ਰੱਖਣ ਵਾਲਾ ਕਿਸਾਨ ਪਿੰਡ ਜੋਧਾ, ਜ਼ਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸ. ਤਪਿੰਦਰ ਸਿੰਘ ਪੁੱਤਰ ਸ. ਰੁਪਿੰਦਰ ਸਿੰਘ ਹੈ ਜਿਸ ਨੇ ਕੰਪਿਊਟਰ ਸਾਇੰਸ ਦੀ ਪੜ੍ਹਾਈ ਪੂਰੀ ਕਰਕੇ ਆਪਣੇ ਸ਼ੌਕ ਅਨੁਸਾਰ ਖੇਤੀ ਨੂੰ ਹੀ ਆਪਣਾ ਪੇਸ਼ਾ ਬਣਾਇਆ ਅਤੇ ਇੱਕ ਸਫਲ ਕਿਸਾਨ ਬਣਿਆ। ਉਹ ਸ਼ੁਰੂ ਵਿੱਚ 12 ਏਕੜ ਦੀ ਖੇਤੀ ਕਰਦਾ ਸੀ ਜੋ ਕਿ ਅੱਜ 25 ਤੋਂ 30 ਏਕੜ ਵਿੱਚ ਕਣਕ ਝੋਨਾਂ ਦੇ ਫਸਲੀ ਚੱਕਰ ਦੇ ਨਾਲ-ਨਾਲ ਆਲੂ, ਮੱਕੀ,ਮੂੰਗੀ ਦੀ ਕਾਸ਼ਤ ਕਰਦਾ ਹੈ। ਉਸ ਨੇ ਇਸ ਸਾਲ ਦੋ ਏਕੜ ਵਿੱਚ ਪਿਆਜ਼ ਦੀ ਖੇਤੀ ਵੀ ਕੀਤੀ ਹੈ।

ਉਹ ਪਹਿਲਾਂ ਝੋਨੇ ਦੀ ਕਾਸ਼ਤ ਰਵਾਇਤੀ ਢੰਗ ਨਾਲ ਕਰਦਾ ਸੀ ਜਿਸ ਵਿੱਚ ਪਨੀਰੀ ਨੂੰ ਪੁੱਟ ਕੇ ਖੇਤ ਵਿੱਚ ਲਗਾਉਣ ਨਾਲ ਕਾਫੀ ਜ਼ਿਆਦਾ ਖਰਚਾ, ਸਮਾਂ ਅਤੇ ਲੇਬਰ ਲੱਗਦੀ ਸੀ ਜਿਸ ਨਾਲ ਖੇਤੀ ਖਰਚੇ ਵਿੱਚ ਵਾਧਾ ਹੁੰਦਾ ਸੀ। ਸਾਲ 2018 ਵਿੱਚਕਿਸਾਨ ਮੇਲੇ ਦੌਰਾਨ ਉਸਨੂੰ ਝੋਨਾ ਟਰਾਂਸਪਲਾਂਟਰ ਮਸ਼ੀਨ ਬਾਰੇ ਜਾਣਕਾਰੀ ਮਿਲੀ ਅਤੇ ਫਿਰ ਉਸ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਮਾਹਰਾਂ ਨਾਲ ਰਾਬਤਾ ਕਰਕੇ ਇਸ ਬਾਰੇ ਪੂਰੀ ਜਾਣਕਾਰੀ ਹਾਸਲ ਕੀਤੀ। ਅਗਲੇ ਹੀ ਸਾਲ ਉਸ ਨੇ ਹੌਸਲਾ ਕਰਕੇ ਝੋਨਾ ਟਰਾਂਸਪਲਾਂਟਰ ਮਸ਼ੀਨ ਖਰੀਦ ਲਈ ਅਤੇ ਪੀ.ਆਰ. 121 ਅਤੇ ਪੀ.ਆਰ. 126 ਦੀ ਮੈਟ ਨਰਸਰੀ ਤਿਆਰ ਕੀਤੀ। ਇਸ ਸਮੇਂ ਉਸ ਦੇ ਕੋਲ ਝੋਨਾ ਲਾਉਣ ਵਾਲੀਆਂ ਦੋ ਮਸ਼ੀਨਾਂ ਹਨ ਜੋ ਕਿ ਚਾਰ ਅਤੇ ਛੇ ਕਤਾਰਾਂ ਵਿੱਚ ਝੋਨੇ ਦੀ ਲਵਾਈ ਕਰ ਸਕਦੀਆਂ ਹਨ। ਉਸ ਨੇ ਲਗਾਤਾਰ ਪੀ.ਏ.ਯੂ. ਨਾਲ ਰਾਬਤਾ ਕਾਇਮ ਕਰਕੇ ਇਸ ਤਕਨੀਕ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਉਹ ਪਿਛਲੇ 7 ਸਾਲਾਂ ਤੋਂ ਲਾਗਾਤਾਰ ਰਵਾਇਤੀ ਢੰਗ ਨਾਲੋਂ 2 ਤੋਂ 3 ਕੁਇੰਟਲ/ਏਕੜ ਦਾ ਮੁਨਾਫਾ ਪ੍ਰਾਪਤ ਕਰ ਰਿਹਾ ਹੈ। ਇਸੇ ਤਰ੍ਹਾਂ ਪਿਛਲੇ ਸਾਲ 2024 ਵਿੱਚ ਵੀ ਉਸ ਨੇ ਮਸ਼ੀਨੀ ਲਵਾਈ ਦਾ ਝਾੜ ਰਵਾਇਤੀ ਤਰੀਕੇ ਦੇ ਮੁਕਾਬਲੇ ਨਾਲੋਂ ਵੱਧ ਝਾੜ ਲਿਆ ਹੈ। ਉਸ ਨੇ ਆਪਣੇ ਜੋਧਾ ਪਿੰਡ ਦੇ ਨਾਲ ਲੱਗਦੇ 6-7 ਪਿੰਡਾਂ ਵਿੱਚ ਝੋਨਾ

**ਲਖਵਿੰਦਰ ਕੌਰ**
**ਧਰਮਿੰਦਰ ਸਿੰਘ**

ਟਰਾਂਸਪਲਾਂਟਰ ਨਾਲ ਪਨੀਰੀ ਲਗਾਈ ਅਤੇ ਕਿਰਾਏ ਉੱਪਰ ਵੀ ਮਸ਼ੀਨਾਂ ਨੂੰ ਚਲਾਇਆ। ਉਹ ਕਿਸਾਨਾਂ ਲਈ ਮੈਟ ਨਰਸਰੀ ਵੀ ਉਪਲਬਧ ਕਰਵਾਉਂਦਾ ਹੈ। ਪਿਛਲੇ ਸਾਲ ਉਸ ਨੇ ਇਹਨਾਂ ਵੱਖ-ਵੱਖ ਪਿੰਡਾਂ ਵਿੱਚ 200 ਏਕੜ ਦੇ ਰਕਬੇ ਵਿੱਚ ਝੋਨਾ ਟਰਾਂਸਪਲਾਂਟਰ ਨਾਲ ਬਿਜਾਈ ਕੀਤੀ। ਕਿਸਾਨ ਝੋਨੇ ਦੀ ਮਸ਼ੀਨੀ ਲਵਾਈ ਤੋਂ ਕਾਫੀ ਪ੍ਰਭਾਵਿਤ ਅਤੇ ਸੰਤੁਸ਼ਟ ਹੋਏ।

### ਉਸਦੇ ਕੁਝ ਨਿੱਜੀ ਤਜ਼ਰਬੇ ਇਸ ਪ੍ਰਕਾਰ ਹਨ:

- •ਮਸ਼ੀਨੀ ਲਵਾਈ ਨਾਲ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਸਾਰੀ ਲਵਾਈ ਸਮੇਂ ਸਿਰ ਹੋ ਜਾਂਦੀ ਹੈ।
- •ਮਸ਼ੀਨ ਦੀ ਵਰਤੋਂ ਨਾਲ ਖੇਤ ਵਿੱਚ ਝੋਨੇ ਦੇ ਬੂਟੇ ਯੂਨੀਵਰਸਿਟੀ ਦੀ ਸਿਫਾਰਿਸ਼ ਮੁਤਾਬਿਕ ਸਹੀ ਗਿਣਤੀ ਵਿੱਚ ਲੱਗਦੇ ਹਨ ਜਿਸ ਨਾਲ ਫਸਲ ਦਾ ਝਾੜ ਵਧਦਾ ਹੈ।
- •ਝੋਨੇ ਦੀ ਲਵਾਈ ਸਿੱਧੀਆਂ ਲਾਈਨਾਂ ਵਿੱਚ ਹੋਣ ਕਾਰਨ ਖਾਦ ਪਾਉਣ ਅਤੇ ਸਪਰੇਆਂ ਕਰਨ ਵਿੱਚ ਅਸਾਨੀ ਰਹਿੰਦੀ ਹੈ। ਇਸ ਤੋਂ ਇਲਾਵਾ ਖੇਤ ਵਿੱਚ ਚੰਗੀ ਹਵਾ ਪੈਂਦੀ ਹੈ। ਜਿਸ ਨਾਲ ਫਸਲ ਨੂੰ ਬਿਮਾਰੀਆਂ ਘੱਟ ਲੱਗਦੀਆਂ ਹਨ ਅਤੇ ਸਪਰੇਆਂ ਦਾ ਖਰਚਾ ਬੱਚਦਾ ਹੈ।
- •ਜੇਕਰ ਵਾਧੂ ਲੇਬਰ ਲਗਾ ਕੇ ਪਨੀਰੀ ਦੇ ਮੈਟ ਪਹਿਲਾਂ ਹੀ ਕੱਟ ਕੇ ਰੱਖੇ ਜਾਣ ਅਤੇ ਲਵਾਈ ਲਗਾਤਾਰ ਚੱਲੇ ਤਾਂ ਦਿਹਾੜੀ ਦੇ 5-6 ਏਕੜ ਅਰਾਮ ਨਾਲ ਲੱਗ ਜਾਂਦੇ ਹਨ।
- •ਮਸ਼ੀਨੀ ਲਵਾਈ ਦਾ ਝਾੜ ਰਵਾਇਤੀ ਤਰੀਕੇ ਦੇ ਮੁਕਾਬਲੇ 2-3 ਕੁਇੰਟਲ/ਏਕੜ ਜ਼ਿਆਦਾ ਨਿਕਲਦਾ ਹੈ।
- •ਝੋਨਾ ਟਰਾਂਸਪਲਾਂਟਰ ਮਸ਼ੀਨ ਲਈ ਮੈਟ ਨਰਸਰੀ ਲਗਾਉਣ ਦੀ ਅਗਾਹੂੰ ਸਿਖਲਾਈ ਲੈਣੀ ਜ਼ਰੂਰੀ ਹੈ।

ਸ. ਤਪਿੰਦਰ ਸਿੰਘ ਦੀ ਕਹਾਣੀ ਇਹ ਸਾਬਤ ਕਰਦੀ ਹੈ ਕਿ ਜੇ ਨੌਜਵਾਨ ਕਿਸਾਨ ਇਸ ਤਕਨੀਕ ਨੂੰ ਅਪਣਾਉਣ ਲਈ ਤਿਆਰ ਹੋਣ ਤਾਂ ਉਹਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ। । ਹੌਲੀ-ਹੌਲੀ ਝੋਨੇ ਦੀ ਮਸ਼ੀਨੀ ਲਵਾਈ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ। ਲੋੜ ਹੈ ਤਪਿੰਦਰ ਸਿੰਘ ਵਾਂਗ ਇਸ ਤਕਨੀਕ ਨੂੰ ਸਮੇਂ ਸਿਰ ਅਪਣਾ ਕੇ ਮੋਹਰੀ ਕਿਸਾਨ ਬਣ ਕੇ ਇਲਾਕੇ ਵਿੱਚ ਹੋਰ ਕਿਸਾਨਾਂ ਲਈ ਮਿਸਾਲ ਬਣੋ।

# ਝੋਨੇ ਦੀ ਮੈਟ ਟਾਈਪ ਪਨੀਰੀ ਦੇ ਵਧੀਆ ਨਤੀਜੇ

**ਅਜੈਬ ਸਿੰਘ**
**ਮਨਿੰਦਰ ਸਿੰਘ ਬੌਂਸ**

ਖੇਤਾਂ ਨੂੰ ਕੱਦੂ ਕਰਨ ਤੋਂ ਬਾਅਦ ਝੋਨੇ ਦੀ ਪਨੀਰੀ ਨੂੰ ਹੱਥ ਨਾਲ ਲਾ ਕੇ ਜ਼ਿਆਦਾਤਰ ਕਿਸਾਨਾਂ ਵੱਲੋਂ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਸ ਵਿਧੀ ਨਾਲ ਝੋਨੇ ਦੀ ਲੁਆਈ ਦੌਰਾਨ ਲੇਬਰ ਦੀ ਬਹੁਤ ਜ਼ਿਆਦਾ ਵਰਤੋਂ ਹੁੰਦੀ ਹੈ। ਕਈ ਵਾਰ ਸਮੇਂ ਸਿਰ ਲੇਬਰ ਨਾ ਮਿਲਣ ਕਰਕੇ ਝੋਨੇ ਦੀ ਲੁਆਈ ਲੇਟ ਹੋ ਜਾਂਦੀ ਹੈ ਤੇ ਲੇਬਰ ਵੀ ਮਨਚਾਹੇ ਪੈਸੇ ਲੈਂਦੀ ਹੈ, ਜਿਸ ਨਾਲ ਝੋਨੇ ਦੀ ਲੁਆਈ ਦੀ ਲਾਗਤ ਵਿੱਚ ਵਾਧਾ ਹੋ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਦਾ ਰੁਝਾਨ ਝੋਨੇ ਦੀ ਮਸ਼ੀਨੀ ਲੁਆਈ ਵੱਲ ਵਧਿਆ ਹੈ, ਜਿਸ ਨਾਲ ਲੇਬਰ ਦੀ ਬੱਚਤ ਅਤੇ ਝੋਨੇ ਦੀ ਲੁਆਈ ਸਮੇਂ ਸਿਰ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਝੋਨੇ ਦੀ ਮਸ਼ੀਨੀ ਲੁਆਈ ਲਈ ਮਸ਼ੀਨਾਂ ਦੀ ਸਿਫਾਰਿਸ਼ ਕੀਤੀ ਹੈ। ਝੋਨੇ ਦੀ ਮਸ਼ੀਨੀ ਲੁਆਈ ਲਈ ਮੈਟ ਟਾਈਪ ਪਨੀਰੀ ਦੀ ਲੋੜ ਹੁੰਦੀ ਹੈ। ਝੋਨੇ ਦੀ ਮਸ਼ੀਨੀ ਲੁਆਈ ਦੀ ਕਾਰਜਕੁਸ਼ਲਤਾ, ਝੋਨੇ ਦੀ ਮੈਟ ਟਾਈਪ ਪਨੀਰੀ 'ਤੇ ਬਹੁਤ ਨਿਰਭਰ ਕਰਦੀ ਹੈ ਅਤੇ ਮੈਟਾਂ ਵਿੱਚ ਪੁੰਗਰਿਆ ਹੋਇਆ ਬੀਜ ਇਕਸਾਰ ਖਿੱਲਰਿਆ ਹੋਣਾ ਚਾਹੀਦਾ ਹੈ। ਰਵਾਇਤੀ ਤਰੀਕੇ ਨਾਲ 2 ਕਾਮੇ ਪ੍ਰਤੀ ਦਿਨ ਵਿੱਚ 5 ਏਕੜ ਰਕਬੇ ਦੀ ਮਸ਼ੀਨੀ ਲੁਆਈ ਲਈ ਮੈਟ ਤਿਆਰ ਕਰ ਸਕਦੇ ਹਨ। 2.5 ਏਕੜ ਰਕਬੇ ਦੀ ਮਸ਼ੀਨੀ ਲੁਆਈ ਲਈ ਲਗਭਗ 50 ਵਰਗ ਮੀਟਰ ਨਰਸਰੀ ਖੇਤਰ ਦੀ ਲੋੜ ਹੁੰਦੀ ਹੈ। ਲੇਬਰ ਦੁਆਰਾ ਮੈਟ ਟਾਈਪ ਪਨੀਰੀ ਤਿਆਰ ਕਰਨ ਲਈ ਬਹੁਤ ਸਾਰੇ ਕੰਮ (ਪਨੀਰੀ ਵਾਲਾ ਖੇਤ ਤਿਆਰ ਹੋਣ ਉਪਰੰਤ ਪਲਾਸਟਿਕ ਦੀ ਸ਼ੀਟ ਨੂੰ ਵਿਛਾਉਣਾ, ਵਿਛਾਈ ਹੋਈ ਸ਼ੀਟ ਉੱਪਰ ਫਰੇਮਾਂ ਨੂੰ ਰੱਖਣਾ, ਫਰੇਮ ਦੇ ਦੋਨੋਂ ਪਾਸਿਆਂ ਤੋਂ ਇਕਸਾਰ ਮਿੱਟੀ ਚੁੱਕ ਕੇ ਫਰੇਮ ਵਿੱਚ ਪਾ ਕੇ ਪੱਧਰਾ ਕਰਨਾ, ਹਰੇਕ ਖਾਨੇ ਵਿੱਚ 50-60 ਗ੍ਰਾਮ ਪੁੰਗਰੇ ਝੋਨੇ ਦੇ ਬੀਜ ਨੂੰ ਰੋਲਰ ਦੀ ਸਹਾਇਤਾ ਨਾਲ ਖਿਲਾਰਨਾ ਤਾਂ ਜੋ 2 ਜਾਂ 3 ਦਾਣੇ ਪ੍ਰਤੀ ਸੈਂਟੀਮੀਟਰ ਖੇਤਰਫਲ ਵਿੱਚ ਆਉਣ, ਬੀਜ ਨੂੰ ਮਿੱਟੀ ਦੀ ਬਾਰੀਕ ਪਰਤ ਨਾਲ ਢੱਕਣ ਉਪਰੰਤ ਹੱਥ ਵਾਲੇ ਫੁਆਰੇ ਨਾਲ ਪਾਣੀ ਦਾ ਛਿੜਕਾਅ ਕਰਨਾ ਤਾਂ ਜੋ ਮਿੱਟੀ ਜੰਮ ਜਾਵੇ, ਫਰੇਮਾਂ ਨੂੰ ਹੌਲੀ ਚੁੱਕਣਾ ਅਤੇ ਅੱਗੇ ਵਿਛਾਈ ਹੋਈ ਪਲਾਸਟਿਕ ਸ਼ੀਟ 'ਤੇ ਰੱਖਣਾ) ਵਿੱਚ ਬਹੁਤ ਜ਼ਿਆਦਾ ਸਮਾਂ ਲੱਗਦਾ ਹੈ ਅਤੇ ਕਾਮੇ ਨੂੰ ਵੀ ਬਹੁਤ ਸਰੀਰਕ ਥਕਾਵਟ ਮਹਿਸੂਸ ਹੁੰਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕਿਸਾਨ ਇਸ ਤਰੀਕੇ ਨੂੰ ਘੱਟ ਪਸੰਦ ਕਰਦੇ ਹਨ। ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਨੂੰ ਆਸਾਨ ਅਤੇ ਤੇਜ਼ੀ ਨਾਲ ਕਰਨ ਲਈ ਸਾਲ 2021 ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਮੈਟ ਟਾਈਪ ਪਨੀਰੀ ਦੀ ਮਸ਼ੀਨੀ ਬਿਜਾਈ ਲਈ ਟਰੈਕਟਰ ਨਾਲ ਚੱਲਣ ਵਾਲੀ ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਵਿਕਸਤ ਕੀਤੀ ਹੈ। ਇਸ ਮਸ਼ੀਨ ਨਾਲ ਆਸਾਨੀ ਨਾਲ ਮੈਟ ਤਿਆਰ ਕੀਤੇ ਜਾ ਸਕਦੇ ਹਨ। ਇਸ ਮਸ਼ੀਨ ਵਿੱਚ ਦੋਵੇਂ ਪਾਸੇ ਤੋਂ ਮਿੱਟੀ ਕੱਟਣ ਵਾਲਾ ਬਲੇਡ ਲੱਗਾ ਹੁੰਦਾ ਹੈ ਅਤੇ ਨਾਲ ਹੀ ਡੂੰਘਾਈ ਕੰਟਰੋਲ ਕੀਤੀ ਜਾਂਦੀ ਹੈ, ਜਿਸ ਨਾਲ ਤਿਆਰ ਕਰਨ ਵੇਲੇ ਮਿੱਟੀ ਦੀ ਕਟਾਈ ਦੀ ਮਾਤਰਾ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਮਿੱਟੀ ਨੂੰ ਕਨਵੇਆਰ ਅਤੇ ਔਗਰ ਰਾਹੀ ਛਾਣਨੀ ਵਾਲੀ ਇਕਾਈ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਮਿੱਟੀ ਦੇ ਛੋਟੇ ਡਲੇ ਜਾਂ ਹੋਰ ਰੋੜੇ, ਮਿੱਟੀ ਤੋਂ ਵੱਖ ਹੋ ਜਾਂਦੇ ਹਨ ਅਤੇ ਸਾਫ਼ ਮਿੱਟੀ ਹੌਪਰ ਵਿੱਚ ਜਾਂਦੀ ਹੈ। ਇੱਕ ਪੌਲੀਥੀਨ ਸ਼ੀਟ ਰੋਲ ਹੌਪਰ ਦੇ ਸਾਹਮਣੇ ਲਗਾਈ ਗਈ ਰਾਡ ਵਿੱਚ ਪਾਇਆ ਜਾਂਦਾ ਹੈ ਤਾਂ ਜੋ 1.0 ਮੀਟਰ ਚੌੜੇ ਮਿੱਟੀ ਦੇ ਬੈੱਡ 'ਤੇ ਪੌਲੀਥੀਨ ਸ਼ੀਟ (50-60 ਗੇਜ਼) ਨੂੰ ਵਿਛਾਇਆ ਜਾ ਸਕੇ ਤੇ ਉਸ 'ਤੇ ਮਿੱਟੀ ਡਿੱਗਦੀ ਹੋ ਜਾਵੇ। ਛਾਣਨੀ ਵਾਲੇ ਯੂਨਿਟ ਦੇ ਪਿੱਛੇ ਬੀਜ ਬਕਸਾ ਲੱਗਾ ਹੁੰਦਾ ਹੈ, ਇਸ ਤੋਂ ਮਿਣਤੀ ਕੀਤਾ ਝੋਨੇ ਦਾ ਬੀਜ ਮੈਟ 'ਤੇ ਗਿਰਦਾ ਹੈ, ਜਿਸ ਤੋਂ ਬਾਅਦ ਇਸ ਝੋਨੇ ਦੇ ਬੀਜ ਨੂੰ ਢਕਣ ਲਈ ਮਸ਼ੀਨ ਦੁਆਰਾ ਹਲਕੀ ਮਿੱਟੀ ਦੀ ਪਰਤ ਵੀ ਪਾਈ ਜਾਂਦੀ ਹੈ।

ਇਹ ਮਸ਼ੀਨ ਆਸਾਨੀ ਨਾਲ 40 ਹਾਰਸ ਪਾਵਰ ਜਾਂ ਇਸ ਤੋਂ ਵੱਧ ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਈ ਜਾ ਸਕਦੀ ਹੈ। ਇਹ ਮਸ਼ੀਨ ਇੱਕ ਦਿਨ ਵਿੱਚ 150 ਏਕੜ ਦੀ ਪਨੀਰੀ ਲਈ ਮੈਟ ਤਿਆਰ ਕਰ ਦਿੰਦੀ ਹੈ। ਇਹ ਮਸ਼ੀਨ ਔਸਤਨ 4.65 ਲਿਟਰ/ਘੰਟਾ ਡੀਜ਼ਲ ਦੀ ਖਪਤ ਕਰਦੀ ਹੈ। ਇਸ ਮਸ਼ੀਨ ਦੁਆਰਾ ਮੈਟ ਦੀ ਮੋਟਾਈ 24-27 ਮਿਲੀਮੀਟਰ ਤੱਕ ਹੁੰਦੀ ਹੈ।

### ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਦੀ ਵਰਤੋਂ ਦੇ ਫਾਇਦੇ

- •ਰਵਾਇਤੀ ਢੰਗ ਨਾਲ ਮੈਟ ਵਾਲੀ ਪਨੀਰੀ ਦੇ ਬਿਜਾਈ ਦੇ ਮੁਕਾਬਲੇ ਲਾਗਤ ਵਿੱਚ 64-68% ਅਤੇ ਮਜ਼ਦੂਰੀ ਵਿੱਚ 93-94.4% ਦੀ ਬੱਚਤ ਹੁੰਦੀ ਹੈ।
- •ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਨਾਲ ਮੈਟ ਦੀ ਬਿਜਾਈ ਪ੍ਰਕਿਰਿਆ ਤੇਜ਼ ਅਤੇ ਨਿਰਵਿਘਨ ਹੁੰਦੀ ਹੈ, ਜਦੋਂ ਕਿ ਮੈਟ ਵਾਲੀ ਪਨੀਰੀ ਦੀ ਹੱਥੀ ਬਿਜਾਈ ਹੌਲੀ ਅਤੇ ਜ਼ਿਆਦਾ ਸਰੀਰਕ ਥਕਾਵਟ ਵਾਲੀ ਹੁੰਦੀ ਹੈ।
- •ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਬੈੱਡ ਤਿਆਰ ਕਰਨ ਦੇ ਨਾਲ ਪੌਲੀਥੀਨ ਸ਼ੀਟ ਵਿਛਾਉਂਦੀ ਹੋਈ ਤੇ ਨਾਲ ਹੀ ਮਿੱਟੀ ਪਾਉਂਦੀ ਜਾਂਦੀ ਹੈ, ਉਸ ਉੱਪਰ ਬੀਜ ਵੀ ਕੇਰ ਕੇ ਨਾਲ ਦੀ ਨਾਲ ਹਲਕੀ ਮਿੱਟੀ ਦੀ ਪਰਤ ਵੀ ਵਿਛਾਉਂਦੀ ਹੈ। ਇਸ ਤਰ੍ਹਾਂ ਮਸ਼ੀਨ ਬਹੁਤ ਸਾਰੇ ਕੰਮ ਇੱਕ ਹੀ ਗੇੜੇ ਵਿੱਚ ਕਰਨ ਦੇ ਸਮਰੱਥ ਹੈ।
- •ਮਸ਼ੀਨ ਦੁਆਰਾ ਬਣਾਏ ਮੈਟਾਂ ਵਿੱਚ ਝੋਨੇ ਦਾ ਬੀਜ ਇਕਸਾਰ ਖਿਲਰਦਾ ਹੈ।
- •ਲੇਬਰ ਦੁਆਰਾ ਮੈਟ ਪਨੀਰੀ ਦੀ ਬਿਜਾਈ ਜ਼ਿਆਦਾ ਸਮਾਂ, ਘੱਟ ਸਮਰੱਥਾ ਅਤੇ ਜ਼ਿਆਦਾ ਸਰੀਰਕ ਥਕਾਵਟ ਹੋਣ ਕਰਕੇ ਕਈ ਕਿਸਾਨ ਝੋਨੇ ਦੀ ਮਸ਼ੀਨੀ ਲੁਆਈ ਛੱਡ ਗਏ ਸਨ, ਪਰ ਮੈਟ ਟਾਈਪ ਪਨੀਰੀ ਦੀ ਮਸ਼ੀਨੀ ਬਿਜਾਈ ਕਰਕੇ ਬਹੁਤ ਸਾਰੇ ਕਿਸਾਨ ਫਿਰ ਤੋਂ ਝੋਨੇ ਦੀ ਮਸ਼ੀਨੀ ਲੁਆਈ ਵਾਲੇ ਪਾਸੇ ਉਤਸ਼ਾਹਿਤ ਹੋਏ ਹਨ।

### ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਦੀ ਵਰਤੋਂ ਕਰਦੇ ਸਮੇਂ ਧਿਆਨ ਵਿੱਚ ਰੱਖਣ ਵਾਲੇ ਮਹੱਤਵਪੂਰਨ ਨੁਕਤੇ



- •ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਵਾਲਾ ਖੇਤ ਲੇਜ਼ਰ ਕਰਾਹੇ ਨਾਲ ਪੱਧਰਾ ਹੋਣਾ ਚਾਹੀਦਾ ਹੈ ਅਤੇ ਖੇਤਾਂ ਨੂੰ ਤਿਆਰ ਕਰਨ ਤੋਂ ਪਹਿਲਾਂ ਰੂੜੀ ਖਾਦ ਦੀ ਵਰਤੋਂ ਕਰੋ। ਪਨੀਰੀ ਵਾਲੇ ਖੇਤ ਵਿੱਚ ਪੱਥਰ ਜਾਂ ਕਿਸੇ ਤਰ੍ਹਾਂ ਦੀ ਸਖ਼ਤ ਵਸਤੂ ਨਹੀ ਹੋਣੀ ਚਾਹੀਦੀ।
- •ਝੋਨਾ ਲਗਾਉਣ ਵਾਲੇ ਖੇਤਾਂ ਦੇ ਨੇੜੇ ਝੋਨੇ ਦੀ ਮੈਟ ਟਾਈਪ ਪਨੀਰੀ ਤਿਆਰ ਕਰਨੀ ਚਾਹੀਦੀ ਹੈ ਅਤੇ ਟਿਊਬਵੈੱਲ ਤੇ ਦਰੱਖਤਾਂ ਤੋਂ ਵੀ ਘੱਟੋ ਘੱਟ 20 ਮੀਟਰ ਦੀ ਦੂਰੀ 'ਤੇ ਹੋਣਾ ਚਾਹੀਦਾ ਹੈ।
- •ਬਿਜਾਈ ਤੋਂ ਪਹਿਲਾਂ ਪਨੀਰੀ ਵਾਲਾ ਖੇਤ ਸੁੱਕਾ ਹੋਣਾ ਚਾਹੀਦਾ ਹੈ।
- •ਬਿਜਾਈ ਤੋਂ ਪਹਿਲਾਂ ਝੋਨੇ ਦਾ ਬੀਜ ਸਿਫਾਰਸ਼ ਕੀਤੇ ਉੱਲੀਨਾਸ਼ਕਾਂ ਨਾਲ ਸੋਧਿਆ ਹੋਣਾ ਚਾਹੀਦਾ ਹੈ।
- •ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਵਿੱਚ ਮੈਟ ਦੀ ਮੋਟਾਈ ਲਗਭਗ 1 ਇੰਚ 'ਤੇ ਸੈੱਟ ਕਰੋ ਅਤੇ ਇਸ ਸੈਟਿੰਗ ਲਈ ਸਾਹਮਣੇ ਵਾਲੇ ਰੋਲਰ ਦਾ ਲੈਵਲ ਸੈੱਟ ਕਰੋ।

### ਸਫਲਤਾ ਦੀ ਕਹਾਣੀ

ਮੈਟ ਦੀ ਮਸ਼ੀਨੀ ਬਿਜਾਈ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਇਸ ਅਧੀਨ ਆਉਂਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਦੀਆਂ ਸਿਖਲਾਈਆਂ, ਖੇਤ ਪ੍ਰਦਰਸ਼ਨੀਆਂ ਅਤੇ ਖੇਤ ਦਿਵਸ ਲਗਾਤਾਰ ਕੀਤੇ ਜਾ ਰਹੇ ਹਨ। ਇਨ੍ਹਾਂ ਖੇਤੀ ਪਸਾਰ ਗਤੀਵਿਧੀਆਂ ਰਾਹੀ ਕਿਸਾਨਾਂ ਨੂੰ ਇਸ ਨਵੀਨਤਮ ਮਸ਼ੀਨ ਨੂੰ ਚਲਾਉਣ ਅਤੇ ਤਿਆਰ ਪਨੀਰੀ ਦੀ ਦੇਖਭਾਲ ਬਾਬਤ ਮਾਹਿਰਾਂ ਵੱਲੋਂ ਖੇਤੀ ਦੌਰੇ ਵੀ ਕੀਤੇ ਜਾਂਦੇ ਹਨ। ਸਾਉਣੀ 2023 ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਤਿੰਨ ਅਗਾਂਹਵਧੂ ਕਿਸਾਨਾਂ ਨੇ ਮਿਲਕੇ ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਖ਼ਰੀਦਿਆ। ਕੇ.ਵੀ.ਕੇ. ਹੁਸ਼ਿਆਰਪੁਰ ਦੇ ਤਕਨੀਕੀ ਮਾਹਿਰਾਂ ਦੀ ਨਿਗਰਾਨੀ ਹੇਠ ਇਨ੍ਹਾਂ ਕਿਸਾਨਾਂ ਨੇ ਲਗਭਗ 300 ਏਕੜ ਦੀ ਮਸ਼ੀਨੀ ਲੁਆਈ ਲਈ ਮੈਟ ਟਾਈਪ ਪਨੀਰੀ ਦੀ ਸਫਲਤਾਪੂਰਵਕ ਬਿਜਾਈ ਕੀਤੀ। ਇਸ ਮਸ਼ੀਨ ਦੀ ਕਾਰਜਗੁਜ਼ਾਰੀ ਦੇਖ ਕੇ ਹੋਰ ਕਿਸਾਨ ਵੀ ਸੰਤੁਸ਼ਟ ਹਨ ਅਤੇ ਹੋਰ ਕਿਸਾਨ ਵੀ ਹੁਣ ਇਹ ਮਸ਼ੀਨ ਖ਼ਰੀਦ ਰਹੇ ਹਨ ਜਾਂ ਕਿਰਾਏ ਰਾਹੀ ਵਰਤ ਰਹੇ ਹਨ। ਮਾਰਚ 2025 ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਕਿਸਾਨ ਮੇਲੇ ਦੌਰਾਨ ਇਨ੍ਹਾਂ ਕਿਸਾਨਾਂ ਵਿੱਚੋਂ ਜ਼ਿਲ੍ਹੇ ਹੁਸ਼ਿਆਰਪੁਰ ਦੇ ਪਿੰਡ ਕੋਟ ਫਤੂਹੀ ਦੇ ਅਗਾਂਹਵਧੂ ਕਿਸਾਨ ਗੁਰਦੀਪ ਸਿੰਘ ਨੂੰ ਖੇਤੀ ਵਿੱਚ ਆਧੁਨਿਕ ਮਸ਼ੀਨੀਕਰਨ ਅਪਣਾਉਣ ਬਾਬਤ ਸੀ.ਆਈ.ਆਰ. ਪੰਪਸ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਸਾਉਣੀ 2025 ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਕਿਸਾਨਾਂ ਵੱਲੋਂ ਇਸ ਮਸ਼ੀਨ ਦੀ ਵਰਤੋਂ ਕਰਕੇ 500 ਏਕੜ ਦੀ ਮੈਟ-ਟਾਈਪ ਪਨੀਰੀ ਦੀ ਸਫਲਤਾਪੂਰਵਕ ਬਿਜਾਈ ਕੀਤੀ ਗਈ। ਇਸ ਮਸ਼ੀਨ ਦੀ ਕੀਮਤ 3,35,000/- ਰੁਪਏ ਹੈ ਅਤੇ ਸਰਕਾਰ ਵੱਲੋਂ 40% ਸਬਸਿਡੀ 'ਤੇ ਇਹ ਮਸ਼ੀਨ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾ ਰਹੀ ਹੈ। ਮੈਸਰਜ਼ ਰਾਜਣ ਐਗਰੀਕਲਚਰਲ ਵਰਕਸ, ਮੁੱਲਾਂਪੁਰ, ਲੁਧਿਆਣਾ ਹੁਣ ਤੱਕ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ 28 ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਵੇਚ ਚੁੱਕੇ ਹਨ। ਇਹ ਤਕਨੀਕ ਹੁਣ ਝੋਨੇ ਦੀ ਮੈਟ ਕਿਸਮ ਦੀ ਪਨੀਰੀ ਦੀ ਬਿਜਾਈ ਵਿੱਚ ਇੱਕ ਸਫਲ ਤੇ ਭਰੋਸੇਯੋਗ ਹੱਲ ਵਜੋਂ ਆਪਣੀ ਪਛਾਣ ਬਣਾਉਂਦੀ ਜਾ ਰਹੀ ਹੈ।

# ਪੰਜਾਬ ਸਰਕਾਰ ਦਾ ਪ੍ਰੋਜੈਕਟ ਭੀਖ ਮੰਗ ਰਹੇ ਬੱਚਿਆਂ ਲਈ ਬਣਿਆ ਉਮੀਦ ਦਾ ਚਿਰਾਗ: ਡਾ ਬਲਜੀਤ ਕੌਰ

ਚੰਡੀਗੜ੍ਹ, 28 ਜੁਲਾਈ (ਚ.ਨ.ਸ.) : ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਪ੍ਰੋਜੈਕਟ ਜੀਵਨਜੋਤ-2 ਭੀਖ ਮੰਗ ਰਹੇ ਬੱਚਿਆਂ ਲਈ ਉਮੀਦ ਦੀ ਰੋਸ਼ਨੀ ਬਣ ਕੇ ਉੱਭਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਸੂਬੇ ਭਰ ਵਿੱਚ 19 ਵਿਸ਼ੇਸ਼ ਛਾਪਿਆਂ ਦੌਰਾਨ 6 ਬੱਚਿਆਂ ਨੂੰ ਭੀਖ ਮੰਗਣ ਤੋਂ ਰੈਸਕਿਉ ਕੀਤਾ ਗਿਆ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਅੱਜ 12ਵੇਂ ਦਿਨ ਤੱਕ ਕੁੱਲ 203 ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਬਚਾਇਆ ਜਾ ਚੁੱਕਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਪ੍ਰੋਜੈਕਟ ਜੀਵਨਜੋਤ-2 ਦਾ ਅਸਲ ਪ੍ਰਭਾਵ ਹੁਣ ਜ਼ਮੀਨੀ ਪੱਧਰ 'ਤੇ ਸਾਫ਼ ਤੌਰ 'ਤੇ ਨਜ਼ਰ ਆਉਣ ਲੱਗ ਪਿਆ ਹੈ, ਕਿਉਂਕਿ ਰੈਗੂਲਰ ਵਿਸ਼ੇਸ਼ ਚੈਕਿੰਗਾਂ ਦੇ ਨਤੀਜੇ ਵਜੋਂ ਰੈਸਕਿਉ ਕੀਤੇ ਜਾਣ ਵਾਲੇ ਬੱਚਿਆਂ ਦੀ ਗਿਣਤੀ ਘੱਟ ਰਹੀ ਹੈ। ਇਹ ਸਾਬਤ ਕਰਦਾ ਹੈ ਕਿ ਲੋਕ ਜਾਗਰੂਕ ਹੋ ਰਹੇ ਹਨ ਅਤੇ ਭੀਖ ਮੰਗਵਾਉਣ ਵਾਲੇ ਮਾਫੀਆਵਾਂ ਦੇ ਹੌਸਲੇ ਟੁੱਟ ਰਹੇ ਹਨ। ਮੰਤਰੀ ਨੇ ਦੱਸਿਆ ਕਿ ਅੱਜ ਜ਼ਿਲ੍ਹਾ ਬਰਨਾਲਾ 'ਚ 1, ਮਲੇਰਕੋਟਲਾ 'ਚ 3 ਅਤੇ ਸ੍ਰੀ ਮੁਕਤਸਰ ਸਾਹਿਬ 'ਚ 2 ਬੱਚਿਆਂ ਨੂੰ ਰੈਸਕਿਉ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 4 ਬੱਚਿਆਂ ਨੂੰ ਦਸਤਾਵੇਜ਼ ਜਾਂਚ ਅਤੇ ਮਾਪਿਆਂ ਦੀ ਕਾਉਂਸਲਿੰਗ ਤੋਂ ਬਾਅਦ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਗਿਆ, ਜਦਕਿ ਸ੍ਰੀ ਮੁਕਤਸਰ ਸਾਹਿਬ ਦੇ 2 ਬੱਚਿਆਂ ਨੂੰ ਬਾਲ ਘਰ ਵਿੱਚ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 105 ਬੱਚਿਆਂ ਨੂੰ ਸੁਰੱਖਿਅਤ ਬਾਲ ਘਰਾਂ ਵਿੱਚ ਭੇਜਿਆ ਗਿਆ ਹੈ, ਜਿੱਥੇ ਉਨ੍ਹਾਂ ਲਈ ਸਿੱਖਿਆ, ਭੋਜਨ ਅਤੇ ਰਹਿਣ-ਸਹਿਣ ਦੀ ਚੰਗੀ ਵਿਵਸਥਾ ਕੀਤੀ ਗਈ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਜਿੱਥੇ ਵੀ ਬੱਚੇ ਅਤੇ ਉਨ੍ਹਾਂ ਨਾਲ ਹੋਰ ਵਿਅਕਤੀਆਂ ਦੇ ਰਿਸ਼ਤਿਆਂ 'ਤੇ ਸ਼ੱਕ ਹੁੰਦਾ ਹੈ, ਉੱਥੇ ਡੀ.ਐਨ.ਏ. ਟੈਸਟ ਕਰਵਾਇਆ ਜਾਵੇਗਾ। ਉਨ੍ਹਾਂ ਨੇ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਕਿ ਜੋ ਵੀ ਵਿਅਕਤੀ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਦੇ ਹਨ, ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## SBI ਸਟੇਟ ਬੈਂਕ ਆਫ ਇੰਡੀਆ

ਐਚਐਲਸੀ, ਸੈਕਟਰ 5 ਪੰਚਕੂਲਾ-134109
E-mail: agmraseccc.pkl@sbi.co.in
Ph: 0172-4569156, 9153, 9158

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ (ਸਰਫਾਇਸੀ) ਧਾਰਾ 13 (2) ਦੇ ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੇ ਅਸਾਸੇ ਬਣ ਚੁੱਕੇ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਪੰਜੀਕ੍ਰਿਤ ਡਾਕ/ਸਪੀਡ ਪੋਸਟ ਦੁਆਰਾ ਭੇਜੀ ਗਈ ਸੀ। ਹਾਲਾਂਕਿ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (ਾਂ)/ਜ਼ਾਮਨ (ਾਂ) ਸੂਚਨਾ ਦੀ ਤਾਮੀਲ ਨੂੰ ਟਾਲ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ/ ਕਬਜ਼ੇ 'ਚ ਲਏ ਜਾਣ ਵਾਲੇ ਸੁਰੱਖਿਅਤ ਅਸਾਸਿਆਂ ਦਾ ਪਤਾ | ਸੂਚਨਾ ਦੀ ਮਿਤੀ | ਐਨਪੀਏ ਦੀ ਮਿਤੀ | ਬਕਾਇਆ ਰਕਮ (ਸੂਚਨਾ ਦੀ ਮਿਤੀ ਅਨੁਸਾਰ) |
|---|---|---|---|---|
| **ਕਰਜ਼ਦਾਰ (ਾਂ) :- ਸ੍ਰੀਮਤੀ ਮਨੀਸ਼ਾ ਸ਼ਰਮਾ** ਸੁਪਤਨੀ ਅਕਸ਼ੈ ਚਤੁਰਵੇਦੀ ਅਤੇ **ਸ੍ਰੀ ਅਕਸ਼ੈ ਚਤੁਰਵੇਦੀ** ਸਪੁੱਤਰ ਰਵਿੰਦਰਾ ਕੁਮਾਰ ਚਤੁਰਵੇਦੀ, **ਪਤਾ- 1:** ਫਲੈਟ ਨੰ. 8008, 8ਵੀਂ ਮੰਜ਼ਿਲ, ਜ਼ਮੀਨੀ ਤਲ, ਓਸੀਆਨ ਕਲੋਰੋਫਿਲ ਅਪਾਰਟਮੈਂਟ, ਪੋਰੂਰ, ਓਟੀਐਸ ਪੋਰੂਰ ਲੇਨ, ਚੇਨਈ, ਤਾਮਿਲਨਾਡੂ-600116, **ਪਤਾ-2 :** ਫਲੈਟ ਨੰ. 708, ਟਾਵਰ-1, 7ਵੀਂ ਮੰਜ਼ਿਲ, ਜੁਆਏਨੈਸਟ ਮੋਹ 1, ਪਿੰਡ ਛੱਤ, ਜ਼ੀਰਕਪੁਰ, ਮੋਹਾਲੀ-140603 | ਤਿੰਨ ਪੱਖੀ ਸਮਝੌਤਾ ਮਿਤੀ 18.10.2021 ਦੇ ਅਧੀਨ ਫਲੈਟ ਨੰ. 708, ਟਾਵਰ-1, 7ਵੀਂ ਮੰਜ਼ਿਲ, ਜੁਆਏਨੈਸਟ ਮੋਹ 1, ਪਿੰਡ ਛੱਤ, ਜ਼ੀਰਕਪੁਰ, ਮੋਹਾਲੀ-140603 ਦੇ ਅਧੀਨ ਰਿਹਾਇਸ਼ੀ ਮਕਾਨ ਸੰਪੱਤੀ ਦੀ ਨਿਆਂਸੰਗਤ ਗਿਰਵੀ। **ਮਾਲਕੀ ਧਾਰਕ** :- ਸ੍ਰੀਮਤੀ ਮਨੀਸ਼ਾ ਸ਼ਰਮਾ ਸੁਪਤਨੀ ਅਕਸ਼ੈ ਚਤੁਰਵੇਦੀ ਦੇ ਨਾਮ 'ਤੇ। | 06.06.2025 | 29.05.2025 | ਰੁ. 20,20,722/- 06.06.2025 ਦੇ ਅਨੁਸਾਰ ਭਾਵੀ ਵਿਆਜ ਅਤੇ ਅਚਨਚੇਤੀ ਖਰਚਿਆਂ, ਲਾਗਤਾਂ ਆਦਿ ਸਮੇਤ। |

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਅਸੀਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (4) ਦੇ ਅਧੀਨ ਸਾਰੇ ਜਾਂ ਕਿਸੇ ਵੀ ਅਧਿਕਾਰਾਂ ਦੀ ਵਰਤੋਂ ਕਰਾਂਗੇ।
ਇਸ ਤੋਂ ਇਲਾਵਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇਥੇ ਇਸ ਰਾਹੀਂ ਬਿਨਾਂ ਸਾਡੀ ਅਗਾਊਂ ਪ੍ਰਵਾਨਗੀ ਤੋਂ ਕਿਸੇ ਵੀ ਰੂਪ ਵਿਚ, ਜੋ ਵੀ ਹੋਵੇ, ਉਕਤ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦੀ ਵੀ ਸੌਦੇਬਾਜ਼ੀ ਕਰਨ ਤੋਂ ਰੋਕਿਆ ਜਾਂਦਾ ਹੈ। ਇਹ ਸਬੰਧਤ ਕਾਨੂੰਨ ਅਤੇ/ਜਾਂ ਕਿਸੇ ਵੀ ਹੋਰ ਲਾਗੂ ਕਾਨੂੰਨ ਦੇ ਅਧੀਨ ਸਾਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਦੇ ਉਲੰਘਣ ਤੋਂ ਬਿਨਾਂ ਹੈ। ਤੁਹਾਡਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਸਰਫਾਇਸੀ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਧਾਰਾ 13 (13) ਦੇ ਸਬੰਧ ਵਿਚ ਕਰਜ਼ਦਾਰ/ਜ਼ਾਮਨ ਸੁਰੱਖਿਅਤ ਕਰਜ਼ਦਾਤਾ ਦੀ ਲਿਖ਼ਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਨਿਮਨ ਸੂਚੀ ਬੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੇਗਾ। ਇਹ ਅੱਗੇ ਤੁਹਾਡੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਦਰਸਾਏ ਕਾਨੂੰਨ ਦੇ ਤਹਿਤ ਵਿਵਸਥਿਤ ਅਨੁਸਾਰ ਵਿਧਾਨਕ ਰੋਕ/ਮਨਾਹੀ ਦੀ ਕੋਈ ਵੀ ਉਲੰਘਣਾ ਇੱਕ ਅਪਰਾਧ ਹੈ ਅਤੇ ਜੇਕਰ ਕਿਸੇ ਵੀ ਕਾਰਨ ਕਰਕੇ ਸੁਰੱਖਿਅਤ ਸੰਪੱਤੀਆਂ ਨੂੰ ਵਪਾਰ ਦੇ ਸਧਾਰਨ ਢੰਗ ਵਿਚ ਵੇਚਿਆ ਜਾਂ ਲੀਜ਼ 'ਤੇ ਦਿੱਤਾ ਜਾਂਦਾ ਹੈ ਤਾਂ ਵਿਕਰੀ ਆਮਦਨ ਜਾਂ ਵਸੂਲ ਹੋਈ ਆਮਦਨ ਸੁਰੱਖਿਅਤ ਕਰਜ਼ਦਾਤਾ ਕੋਲ ਜਮ੍ਹਾਂ ਕਰਵਾਈ ਜਾਵੇਗੀ। ਇਸ ਸਬੰਧ ਵਿਚ ਤੁਹਾਨੂੰ ਅਜਿਹੀ ਵਸੂਲੀ/ਆਮਦਨ ਢੁੱਕਵੇਂ ਖਾਤਿਆਂ ਵਿਚ ਜਮ੍ਹਾਂ ਕਰਨੀ ਹੋਵੇਗੀ।

ਮਿਤੀ : 28.07.2025 ਸਥਾਨ : ਪੰਚਕੂਲਾ ਅਧਿਕਾਰਤ ਅਧਿਕਾਰੀ

## pnb ਪੰਜਾਬ ਨੈਸ਼ਨਲ ਬੈਂਕ

ਅਸੈਟ ਰਿਕਵਰੀ ਐਂਡ ਮਾਨੀਟਰਿੰਗ ਬ੍ਰਾਂਚ (ਏਆਰਐਮਬੀ)

ਪਲਾਟ ਨੰ. 10, ਬੀ-ਬਲਾਕ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ

**ਨਿਯਮ 8 (1) ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ "**ਅਧਿਕਾਰਤ ਅਧਿਕਾਰੀ**" ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਖਾਤੇ ਅਧੀਨ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਸਬੰਧਤ **ਕਰਜ਼ਦਾਰਾਂ/ਜ਼ਾਮਨਾਂ** ਨੂੰ ਸੱਦਾ ਦਿੰਦੇ ਹੋਏ ਖਾਤੇ ਅਧੀਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
**ਕਰਜ਼ਦਾਰ/ਜ਼ਾਮਨ** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰਾਂ/ਜ਼ਾਮਨਾਂ** ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰਾਂ/ਜ਼ਾਮਨਾਂ** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮਾਂ, ਹੋਰ ਫੀਸਾਂ, ਲਾਗਤਾਂ, ਖਰਚਿਆਂ ਅਤੇ ਵਿਆਜ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ। **ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਐਨਪੀਏ ਖਾਤੇ ਦਾ ਨਾਮ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|
| ਸ੍ਰੀ ਜਰਮਨਜੀਤ ਸਿੰਘ ਸਪੁੱਤਰ ਸ੍ਰੀ ਅਮਰੀਕ ਸਿੰਘ (**ਕਰਜ਼ਦਾਰ**), ਵਾਸੀ ਮਕਾਨ ਨੰ. ਬੀ-ਵੀ/380ਏ, ਗਲੀ ਨੰ. 14/ਬੀ, ਸਟਾਫ ਰੋਡ, ਚੰਦਰ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143505 ਅਤੇ **ਜ਼ਾਮਨਾਂ** (1) ਸ੍ਰੀ ਪਰਮਜੀਤ ਸਿੰਘ ਸਪੁੱਤਰ ਸ੍ਰੀ ਅਮਰੀਕ ਸਿੰਘ, ਵਾਸੀ ਮਕਾਨ ਨੰ. ਬੀ-ਵੀ/380ਏ, ਗਲੀ ਨੰ. 14/ਬੀ, ਸਟਾਫ ਰੋਡ, ਚੰਦਰ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143505 (2) ਸ੍ਰੀ ਦਲੇਰ ਸਿੰਘ ਸਪੁੱਤਰ ਸ੍ਰੀ ਸੁਲੱਖਣ ਸਿੰਘ ਵਾਸੀ ਨੇੜੇ ਪ੍ਰਾਇਮਰੀ ਸਕੂਲ ਚੌਂਕ, ਸੋਚੇਤਗੜ੍ਹ, ਗੁਰਦਾਸਪੁਰ, ਨੌਸ਼ਹਿਰਾ ਮੱਜਾ ਸਿੰਘ 143518 | 18-04-2025 | 24-07-2025 | ਰੁ. 16,49,442.11 31.03.2025 ਦੇ ਅਨੁਸਾਰ + 01.04.2025 ਤੋਂ ਪ੍ਰਭਾਵੀ ਵਿਆਜ, ਹੋਰ ਫੀਸਾਂ ਅਤੇ ਮਨਫੀ ਵਸੂਲੀ, ਜੇਕਰ ਕੋਈ ਹੈ, ਹੁਣ ਤੱਕ ਪ੍ਰਭਾਵੀ |

**ਅਚੱਲ ਸੰਪੱਤੀ ਦੇ ਵੇਰਵਾ** : ਮੁਰਗੀ ਮੁਹੱਲਾ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਸ੍ਰੀ ਜਰਮਨਜੀਤ ਸਿੰਘ ਸਪੁੱਤਰ ਸ੍ਰੀ ਅਮਰੀਕ ਸਿੰਘ ਦੇ ਨਾਮ 'ਤੇ ਨੰਬਰ 6902 ਅਧੀਨ ਮਾਲਕੀ ਮਿਤੀ 08.03.2011 ਦੀ ਤਬਾਦਲਾ ਡੀਡ ਅਧੀਨ ਪੰਜੀਕ੍ਰਿਤ ਟੈਕਸ ਯੂਨਿਟ ਨੰਬਰ ਬੀ-ਵੀ/380ਏ ਦੇ ਅਧੀਨ 7 ਮਰਲੇ ਮਾਪ ਵਾਲੀ ਮਕਾਨ ਸੰਪੱਤੀ ਦੀ ਨਿਆਂਸੰਗਤ ਗਿਰਵੀ ਅਤੇ ਹੱਦਬੰਦੀ : ਪੂਰਬ : ਅਣਪਛਾਤੇ ਦੀ ਮਾਲਕੀ ਪਲਾਟ ਨੰ. ਬੀ-9-ਐਮ, ਪੱਛਮ : ਗਲੀ, ਉਤਰ : ਹੋਰਨਾਂ ਦੀ ਮਾਲਕੀ ਪਲਾਟ ਨੰ. ਬੀ-9-101-ਕਿਊ, ਦੱਖਣ : ਪਲਾਟ ਨੰ. ਬੀ-9-101-ਓ।

ਮਿਤੀ : 24.07.2025 ਸਥਾਨ : ਬਟਾਲਾ ਸਹੀ/- ਅਧਿਕਾਰਤ ਅਧਿਕਾਰੀ

## ਕੇਨਰਾ ਬੈਂਕ Canara Bank

ਭਾਰਤ ਸਰਕਾਰ ਦਾ ਅਦਾਰਾ — A Government of India Undertaking — ਸਿੰਡੀਕੇਟ Syndicate

**ਸੋਧ**

ਕਿਰਪਾ ਕਰਕੇ 24.07.2025 ਨੂੰ ਦ ਪਾਇਨੀਅਰ ਅਤੇ ਚੜ੍ਹਦੀਕਲਾ ਨਿਊਜ਼ਪੇਪਰਸ ਵਿੱਚ ਪ੍ਰਕਾਸ਼ਿਤ ਦੀਪਕ ਸ਼ਰਮਾ ਪੁੱਤਰ ਰਵੀ ਕਾਂਤ ਸ਼ਰਮਾ ਦੇ ਬੀ. ਓ. ਮਲੇਰਕੋਟਲਾ - II ਦੇ ਸਾਡੇ ਮੁੜ ਪ੍ਰਾਪਤੀ ਸੂਚਨਾ ਨੂੰ ਵੇਖੋ। ਇਸ ਨੋਟਿਸ ਵਿੱਚ ਕਿਰਪਾ ਕਰਕੇ ਮੁਕਤਸਰ ਦੀ ਬਜਾਏ ਸ਼ਾਖਾ ਮਲੇਰਕੋਟਲਾ II ਦਾ ਨਾਮ ਪੜ੍ਹੋ

## ਉੱਤਰ ਰੇਲਵੇ

**'ਇਕ ਸਟੇਸ਼ਨ ਇਕ ਉਤਪਾਦ' ਸਕੀਮ ਦੇ ਤਹਿਤ ਸਟਾਲ ਸਥਾਪਿਤ ਕਰਨ ਲਈ ਦਰਖਾਸਤ ਮੰਗ ਕੀਤੇ ਜਾ ਰਹੇ ਹਨ:**

ਕ) **ਕੁਲ ਸੋਲਹਾ (16) ਸਟਾਲ:** ਅਬੋਹਰ, ਸਹਾਰਨਪੁਰ, ਯਮੁਨਾਨਗਰ-ਜਗਾਧਰੀ, ਬਰਾੜਾ, ਅੰਬਾਲਾ ਕੈਂਟ, ਰਾਜਪੁਰਾ, ਪਟਿਆਲਾ, ਧੂਰੀ, ਬਠਿੰਡਾ, ਬਰਨਾਲਾ, ਚੰਡੀਗੜ੍ਹ, ਸਰਹਿੰਦ, ਕਾਲਕਾ, ਸ਼ਿਮਲਾ, ਅੰਬ-ਅੰਦੌਰਾ ਅਤੇ ਊਨਾ ਹਿਮਾਚਲ ਸਟੇਸ਼ਨਾਂ ਉਤੇ।

ਖ). **ਕੁਲ ਚਾਰ (4) ਟ੍ਰਾਲੀ:** ਅੰਬਾਲਾ ਸ਼ਹਿਰ, ਆਨੰਦਪੁਰ ਸਾਹਿਬ, ਮਲੋਟ ਅਤੇ ਗਿਦੜਬਾਹਾ ਸਟੇਸ਼ਨਾਂ ਉਤੇ।

- ਕੁਲ ਬਾਰਾਂ (12) ਸਟਾਲ: ਅਬੋਹਰ, ਸਹਾਰਨਪੁਰ, ਯਮੁਨਾਨਗਰ-ਜਗਾਧਰੀ, ਬਰਾੜਾ, ਅੰਬਾਲਾ ਕੈਂਟ, ਰਾਜਪੁਰਾ, ਪਟਿਆਲਾ, ਧੂਰੀ, ਬਠਿੰਡਾ, ਬਰਨਾਲਾ, ਚੰਡੀਗੜ੍ਹ, ਸਰਹਿੰਦ ਅਤੇ ਉਪਰੋਕਤ (ਖ) ਸਮੂਹ ਦੇ ਤਹਿਤ ਦਿਤੇ ਗਏ ਸਟੇਸ਼ਨਾਂ ਤੇ ਸਟਾਲ/ਟ੍ਰਾਲੀ ਸਥਾਪਿਤ ਕਰਨ ਦੇ ਸਮੇਂ ਪ੍ਰਤੀ ਪੜਾਅ ਵਿਚ 90 ਦਿਨ ਹੋਵੇਗੀ।
- ਕਾਲਕਾ ਅਤੇ ਸ਼ਿਮਲਾ ਸਟੇਸ਼ਨਾਂ ਤੇ ਸਟਾਲ ਸਥਾਪਿਤ ਕਰਨ ਦਾ ਸਮਾਂ ਪ੍ਰਤੀ ਪੜਾਅ ਵਿਚ 30 ਦਿਨ ਹੋਵੇਗਾ।
- ਅੰਬ-ਅੰਦੌਰਾ ਅਤੇ ਊਨਾ ਹਿਮਾਚਲ ਸਟੇਸ਼ਨਾਂ ਤੇ ਸਟਾਲ ਸਥਾਪਿਤ ਕਰਨ ਦਾ ਸਮਾਂ ਪ੍ਰਤੀ ਪੜਾਅ ਵਿਚ 15 ਦਿਨ ਹੋਵੇਗਾ।

1. ਚੰਡੀਗੜ੍ਹ, ਅੰਬਾਲਾ ਕੈਂਟ, ਸਹਾਰਨਪੁਰ, ਯਮੁਨਾਨਗਰ-ਜਗਾਧਰੀ ਅਤੇ ਬਠਿੰਡਾ ਸਟੇਸ਼ਨਾਂ ਦੇ ਲਈ ਰਜਿਸਟ੍ਰੇਸ਼ਨ ਸ਼ੁਲਕ 6000 ਰੁਪਏ ਦੀ ਦਰ ਨਾਲ ਹਰੇਕ ਨੱਬੇ (90) ਦਿਨਾਂ ਦੇ ਸਮੇਂ ਦੇ ਲਈ ਹਰ ਵਾਰ ਅਲਗ ਨਾਲ ਲਿਆ ਜਾਵੇਗਾ।
2. ਅਬੋਹਰ, ਮਲੋਟ, ਗਿਦੜਬਾਹਾ, ਬਰਨਾਲਾ, ਪਟਿਆਲਾ, ਧੂਰੀ, ਸਰਹਿੰਦ, ਰਾਜਪੁਰਾ, ਅਤੇ ਬਰਾੜਾ ਸਟੇਸ਼ਨਾਂ ਦੇ ਲਈ ਰਜਿਸਟ੍ਰੇਸ਼ਨ ਸ਼ੁਲਕ 3000 ਰੁਪਏ ਦੀ ਦਰ ਨਾਲ ਹਰੇਕ ਨੱਬੇ (90) ਦਿਨਾਂ ਦੇ ਸਮੇਂ ਦੇ ਲਈ ਹਰ ਵਾਰ ਅਲਗ ਨਾਲ ਲਿਆ ਜਾਵੇਗਾ।
3. ਕਾਲਕਾ ਅਤੇ ਸ਼ਿਮਲਾ ਸਟੇਸ਼ਨਾਂ ਦੇ ਲਈਰਜਿਸਟ੍ਰੇਸ਼ਨ ਸ਼ੁਲਕ 2000 ਰੁਪਏ ਦੀ ਦਰ ਨਾਲ ਹਰੇਕ ਨੱਬੇ (90) ਦਿਨਾਂ ਦੇ ਸਮੇਂ ਦੇ ਲਈ ਹਰ ਵਾਰ ਅਲਗ ਨਾਲ ਲਿਆ ਜਾਵੇਗਾ।
4. ਅੰਬ-ਅੰਦੌਰਾ ਅਤੇ ਊਨਾ ਹਿਮਾਚਲ ਸਟੇਸ਼ਨਾਂ ਦੇ ਲਈਰਜਿਸਟ੍ਰੇਸ਼ਨ ਸ਼ੁਲਕ 1000 ਰੁਪਏ ਦੀ ਦਰ ਨਾਲ ਹਰੇਕ ਪੰਦਰਾਂ (15) ਦਿਨਾਂ ਦੇ ਸਮੇਂ ਦੇ ਲਈ ਹਰ ਵਾਰ ਅਲਗ ਨਾਲ ਲਿਆ ਜਾਵੇਗਾ।

ਪ੍ਰਤੀਭਾਗੀ ਦੇ ਲਈ ਯੋਗਤਾ ਮਾਨਦੰਡ ਹੇਠਾਂ ਲਿਖਤ ਹਨ:-

7. ਵਿਕਾਸ ਕਮਿਸ਼ਨਰ ਹਸਤਸ਼ਿਲਪ, ਵਿਕਾਸ ਕਮਿਸ਼ਨਰ ਹਥਕਰਘਾ ਜਾਂ ਅਪੇਖਿਅਤ ਰਾਜ/ ਕੇਂਦਰ ਸਰਕਾਰ ਪ੍ਰਾਧੀਕਰਨ ਦੁਆਰਾ ਜਾਰੀ ਕਾਰੀਗਰਾਂ/ ਬੁਣਕਰ ਆਈਡੀ ਕਾਰਡ ਹੋਲਡਰ।
8. ਭਾਰਤੀਯ ਜਨਜਾਤੀਯ ਸਹਕਾਰੀ ਵਿਪਨਣ ਵਿਕਾਸ ਸੰਘ ਲਿਮਟਿਡ (ਟ੍ਰਾਇਫੇਡ)/ ਰਾਸ਼ਟਰੀ ਹਥਕਰਘਾ ਵਿਕਾਸ ਨਿਗਮ (ਐਨਐਚਡੀਸੀ)/ ਖਾਦੀ ਅਤੇ ਗ੍ਰਾਮੋਦਯੋਗ ਆਯੋਗ (ਕੇਵੀਆਈਸੀ)/ਗੈਰ ਸਰਕਾਰੀ ਸੰਗਠਨ ਅਤੇ ਸੂਖਮ, ਲਘੂ ਅਤੇ ਮਧਿਅਮ ਉਧਮ ਮੰਤਰਾਲਾ ਦੇ ਉਧਮ ਪੋਰਟਲ ਤੇ ਸੂਖਮ ਉਦਯੋਗਾਂ ਦੇ ਨਾਲ ਰਜਿਸਟਰਡ ਅਤੇ ਸਮਾਜਿਕ ਸੰਗਠਨਾਂ, ਰਾਜ ਸਰਕਾਰ ਦੇ ਨਿਕਾਇਆ ਆਦਿ ਦੇ ਨਾਲ ਨਾਮਾਂਕਿਤ/ ਰਜਿਸਟਰਡ ਵਿਅਕਤੀਗਤ ਕਾਰੀਗਰ/ਬੁਣਕਰ ਸ਼ਿਲਪਕਾਰ।
9. ਪੀਐਮਈਜੀਪੀ (ਪ੍ਰਧਾਨਮੰਤਰੀ ਰੋਜਗਾਰ ਸਿਰਜਨ ਪ੍ਰੋਗਰਾਮ) ਦੇ ਨਾਲ ਰਜਿਸਟਰਡ ਸਵੈ ਸਹਾਇਤਾ ਸਮੂਹ।
10. ਸਮਾਜ ਦੇ ਹਾਸ਼ੀਏ ਤੇ ਜਾਂ ਕਮਜੋਰ ਵਰਗ।
11. ਕਿਸੇ ਵੀ ਅਲਗ ਪ੍ਰਤੀਕ ਚਿੰਨ ਦੀ ਇਜਾਜਤ ਪ੍ਰਦਾਨ ਨਹੀਂ ਕੀਤੀ ਜਾਵੇਗੀ।

ਆਵੇਦਕ ਨੂੰ ਸਟੇਸ਼ਨ ਸੁਪਰੰਟੈਂਡੰਟ ਨੂੰ ਇਕ ਹਲਫਨਾਮਾ ਪੇਸ਼ ਕਰਨਾ ਹੋਵੇਗਾ ਜਿਸ ਵਿਚ ਇਹ ਸੰਕੇਤ ਦਿਤਾ ਜਾਵੇਗਾ। ਕਿ ਟ੍ਰੇਨ ਸੰਚਾਲਨ, ਯਾਤਰੀ ਸੁਰੱਖਿਆ ਅਤੇ ਰੇਲਵੇ ਦੀ ਛਵੀ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਦੇ ਲਈ ਕੋਈ ਗਤੀਵਿਧੀ ਨਹੀਂ ਕੀਤੀ ਜਾਵੇਗੀ। ਆਵੇਦਕ ਦੁਆਰਾ ਦਾ ਆਵੇਦਨ ਇਸ ਅਧਿਸੂਚਨਾ ਦੇ ਜਾਰੀ ਹੋਣ ਦੇ ਬਾਅਦ 01.08.2025 15:00 ਵਜੇ ਤਕ ਸਟੇਸ਼ਨ ਸੁਪਰੰਟੈਂਡੰਟ ਨੂੰ ਸੰਬੋਧਿਤ ਤੇ ਜਮ੍ਹਾ ਕੀਤਾ ਜਾ ਸਕਦਾ ਹੈ ਤੇ ਉਸੇ ਦਿਨ ਖੋਹਲਿਆ ਜਾਵੇਗਾ। ਸਾਰੇ ਅਨੁਮੋਦਿਤ ਪ੍ਰਤੀਭਾਗੀਆਂ ਦੀ ਪ੍ਰਾਥਮਿਕਤਾ ਰੋਸਟਰ ਬਨਾਉਣ ਦੇ ਲਈ ਐਸਐਸ ਅਤੇ ਸਟੇਸ਼ਨ ਪ੍ਰਬੰਧਕ/ਅਨੁਭਾਗੀ ਸੀਐਮਆਈ ਅਤੇ ਨਾਮਾਂਕਿਤ ਵਿਤ ਪ੍ਰਤੀਨਿਧੀ ਦੁਆਰਾ ਸਾਰੇ ਅਨੁਮੋਦਿਤ ਆਵੇਦਕਾਂ ਦੀ ਮੌਜੂਦੀ ਵਿਚ ਸਟੇਸ਼ਨ ਤੇ ਆਯੋਜਿਤ ਡ੍ਰਾਅ ਦੇ ਮਾਧਿਅਮ ਨਾਲ ਪਹਿਲ ਤੈਅ ਕੀਤੀ ਜਾਵੇਗੀ।

'ਇਕ ਸਟੇਸ਼ਨ ਇਕ ਉਤਪਾਦ' ਯੋਜਨਾ ਰੇਲਵੇ ਬੋਰਡ ਵਾਣਿਜਕ ਪਰਿਪੱਤਰ ਨੰਬਰ: 12/2022 ਅਤੇ 09/2023 ਦੇ ਤਹਿਤ /ਤਹਿਤ ਮਾਨਯ ਹੋਵੇਗੀ ਉਪਰੋਕਤ ਪਰਿਪੱਤਰ ਵੈਬਸਾਈਟ: www.indianrailways.gov.in & URL:https://indianrailways.gov.in/railwayboard/uploads/directorate/traffic_comm/Comm_Cir_2022/OSOP%20Policy.pdf ਅਤੇ https://indianrailways.gov.in/railwayboard/uploads/directorate/traffic_comm/ Comm_Cir_2023/CC%20%2009%20of%202023 'ਤੇ ਉਪਲਬਧ ਹੈ।

ਇਸ ਨਾਲ ਸਬੰਧਿਤ ਕਿਸੇ ਵੀ ਜਾਣਕਾਰੀ ਦੇ ਲਈ ਆਵੇਦਕ ਸਬੰਧਿਤ ਸਟੇਸ਼ਨਾਂ ਦੇ ਸਟੇਸ਼ਨ ਸੁਪਰੰਟੈਂਡੰਟ ਜਾਂ ਸੀਐਮਆਈ ਨਾਲ ਸੰਪਰਕ ਕਰ ਸਕਦਾ ਹੈ। 2302/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

**ਏ.ਟੀ.ਵੀ.ਐਮ. ਮਸ਼ੀਨ ਦੁਆਰਾ ਅਣਰੀਜ਼ਰਵ ਟਿਕਟ ਜਾਰੀ ਕਰਨ ਲਈ**

No: NR-UMB0COML/1/2025(284713) Date: 25.07.2025

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਅੰਬਾਲਾ ਮੰਡਲ ਦੁਆਰਾ ਰਿਟਾਇਰ ਗਰੁਪ ਸੀ ਰੇਲਵੇ ਕਰਮਚਾਰੀਆਂ ਤੋਂ ਸਮਾਰਟ ਕਾਰਡ ਹੋਲਡਰ ਯਾਤਰੀਆਂ ਨੂੰ ਅੰਬਾਲਾ ਮੰਡਲ ਦੇ ਵਖ-ਵਖ ਸਟੇਸ਼ਨਾਂ ਤੇ ਏ.ਟੀ.ਵੀ.ਐਮ. ਮਸ਼ੀਨ ਦੁਆਰਾ ਟਿਕਟ ਜਾਰੀ ਕਰਨ ਵਿਚ ਸਹਾਇਤਾ ਕਰਨ ਅਤੇ ਏ.ਟੀ.ਵੀ.ਐਮ. ਮਸ਼ੀਨ ਨਾਲ ਅਣਰੀਜ਼ਰਵ ਟਿਕਟ ਜਾਰੀ ਕਰਨ ਲਈ ਸਹਾਇਕ ਨਿਯੁਕਤੀ ਕਰਨ ਦੇ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।
ਸਹਾਇਕ ਦੇ ਰੂਪ ਵਿਚ ਕੰਮ ਕਰਨ ਦਾ ਸਮਾਂ 01 ਸਾਲ ਯਾਨੀ 31.03.2025 ਤਕ ਦੀ ਹੋਵੇਗੀ। ਏ.ਟੀ.ਵੀ.ਐਮ. ਸਮਾਰਟ ਕਾਰਡ ਹੋਲਡਰਾਂ ਨੂੰ ਦਿਤੇ ਜਾਣ ਵਾਲੇ 3% ਬੋਨਸ ਦੇ ਇਲਾਵਾ ਰੇਲਵੇ ਦੁਆਰਾ ਸਹਾਇਕਾਂ ਨੂੰ ਕੋਈ ਵੀ ਵਾਧੂ ਮਾਣਦੇਅ ਦੇਅ ਨਹੀਂ ਹੋਵੇਗਾ।
ਅੰਬਾਲਾ ਮੰਡਲ ਵਿਚ ਏ.ਟੀ.ਵੀ.ਐਮ. ਦੀ ਸੂਚੀ:-

| ਲ. ਨੰ. | ਸਟੇਸ਼ਨ ਦਾ ਨਾਮ | ਸਟੇਸ਼ਨ ਕੋਡ | ਏ.ਟੀ. ਵੀ.ਐਮ. ਦੀ ਸੰਖਿਆ | ਨਿਯੁਕਤ ਕੀਤੇ ਜਾਣ ਵਾਲੇ ਸਹਾਇਕਾਂ ਦੀ ਸੰਖਿਆ | ਸਟੇਸ਼ਨ ਕੇਟੇਗਰੀ |
|---|---|---|---|---|---|
| 1 | ਸਹਾਰਨਪੁਰ | SRE | 3 | 6 | NSG-3 |
| 2 | ਯਮੁਨਾਨਗਰ ਜਗਾਧਰੀ | YJUD | 1 | 3 | NSG-3 |
| 3 | ਬਰਾੜਾ | RAA | 1 | 3 | NSG-5 |
| 4 | ਅੰਬਾਲਾ ਕੈਂਟ | UMB | 2 | 6 | NSG-2 |
| 5 | ਅੰਬਾਲਾ ਸਿਟੀ | UBC | 1 | 3 | NSG-5 |
| 6 | ਚੰਡੀਗੜ੍ਹ | CDG | 4 | 11 | NSG-2 |
| 7 | ਕਾਲਕਾ | KLK | 1 | 3 | NSG-3 |
| 8 | ਰਾਜਪੁਰਾ | RPJ | 1 | 2 | NSG-4 |
| 9 | ਪਟਿਆਲਾ | PTA | 1 | 3 | NSG-4 |
| 10 | ਨਾਭਾ | NBA | 1 | 3 | NSG-5 |
| 11 | ਧੂਰੀ | DUI | 1 | 3 | NSG-5 |
| 12 | ਸਰਹਿੰਦ | SIR | 1 | 3 | NSG-4 |
| 13 | ਖੰਨਾ | KNN | 1 | 3 | NSG-5 |
| 14 | ਰੂਪਨਗਰ | RPAR | 1 | 3 | NSG-5 |
| 15 | ਆਨੰਦਪੁਰ ਸਾਹਿਬ | ANSB | 1 | 3 | NSG-5 |
| 16 | ਨੰਗਲ ਡੈਮ | NLDM | 1 | 3 | NSG-5 |
| 17 | ਰਾਮਪੁਰ ਫੂਲ | PUL | 1 | 3 | NSG-5 |
| 18 | ਬਰਨਾਲਾ | BNN | 1 | 3 | NSG-5 |
| 19 | ਮਲੇਰਕੋਟਲਾ | MET | 1 | 3 | NSG-5 |
| 20 | ਬਠਿੰਡਾ | BTI | 2 | 5 | NSG-3 |
| 21 | ਅਬੋਹਰ | ABS | 1 | 3 | NSG-4 |
| 22 | ਗਿਦੜ ਬਾਹਾ | GDB | 1 | 3 | NSG-5 |
| 23 | ਮਲੋਟ | MOT | 1 | 3 | NSG-5 |
| 24 | ਸੰਗਰੂਰ | SAG | 1 | 3 | NSG-5 |
| 25 | ਸੁਨਾਮ ਉਧਮ ਸਿੰਘ ਵਾਲਾ | SFMU | 1 | 3 | NSG-5 |
| 26 | ਊਨਾ ਹਿਮਾਚਲ | UHL | 1 | 3 | NSG-4 |
| 27 | ਅੰਬ ਅਨਦੌਰਾ | AADR | 1 | 3 | NSG-4 |
| 28 | ਸ਼ਿਮਲਾ | SML | 1 | 3 | NSG-5 |
| 29 | ਗੋਵਿੰਦਗੜ੍ਹ | GVG | 1 | 3 | NSG-5 |
| | | | 36 | 102 | |

| | |
|---|---|
| ਅਗਾਂਊ ਰਾਸ਼ੀ (ਰੁ.) | Nil |
| ਨਿਵਿਦਾ ਫਾਰਮ ਮੁਲ (ਰੁ.) | Nil |
| ਸੁਰੱਖਿਆ ਜਮ੍ਹਾ ਰਾਸ਼ੀ (ਰੁ.) | Nil |
| ਦਰਖਾਸਤ ਫਾਰਮ ਜਮ੍ਹਾ ਕਰਵਾਉਣ ਦੀ ਮਿਤੀ | ਸੀਨੀ. ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਦੇ ਦਫਤਰ ਵਿਚ ਇਛੁਕ ਰਿਟਾਇਰ ਰੇਲ ਕਰਮਚਾਰੀਆਂ ਦੁਆਰਾ ਜਮ੍ਹਾ ਕਰਾਏ ਗਏ ਪ੍ਰਾਰਥਨਾ ਪੱਤਰ "ਪਹਿਲੇ ਆਓ, ਪਹਿਲੇ ਪਾਓ ਦੇ ਆਧਾਰ ਤੇ ਸਵੀਕ੍ਰਿਤ ਕੀਤੇ |
| ਦਰਖਾਸਤ ਪੱਤਰ ਪ੍ਰਾਪਤ ਕਰਨ ਦਾ ਸਥਾਨ ਤੇ ਪਤਾ | ਨਿਯਮ ਅਤੇ ਸ਼ਰਤਾਂ ਅਤੇ ਮਸੌਦਾ ਸਮਝੌਤੇ ਦੇ ਵੇਰਵੇ ਵਾਲੇ ਦਰਖਾਸਤ ਪੱਤਰ ਉਤਰ ਰੇਲਵੇ ਦੀ ਵੈਬਸਾਈਟ ਯਾਨੀ www.nr.indianrailways.gov.in 'ਤੇ ਉਪਲਬਧ ਹੈ ਅਤੇ ਇਸੇ ਨੂੰ ਮਿਤੀ 28.07.2025, ਸਮਾਂ 12:00 ਵਜੇ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। |

Assistant Commercial Manager,
Northern Railway, Ambala

2295/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## SBI ਸਟੇਟ ਬੈਂਕ ਆਫ ਇੰਡੀਆ

**ਈ-ਨਿਲਾਮੀ ਵਿਕਰੀ ਸੂਚਨਾ 22.08.2025 11.00 ਵਜੇ ਤੋਂ 16.00 ਵਜੇ**

ਈ-ਨਿਲਾਮੀ ਵਿਕਰੀ ਸੂਚਨਾ 22.08.2025 11.00 ਵਜੇ ਤੋਂ 16.00 ਵਜੇ

ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

22.08.2025 ਨੂੰ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 11.00 ਵਜੇ ਤੋਂ 16.00 ਵਜੇ ਵਜੇ ਤੱਕ, ਈ-ਨਿਲਾਮੀ ਬੰਦ ਹੋਣ 'ਤੇ ਜਾਂ ਇਸ ਤੋਂ ਪਹਿਲਾਂ ਈਐਮਡੀ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵਾਲਿਟ ਰਾਹੀਂ ਬੋਲੀਕਾਰ : **https://baanknet.com** ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ

**ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ** ਕਾਨੂੰਨ, 2002 ਦੇ ਤਹਿਤ ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਜਿਸ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਅਤੇ 9 (1) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ **ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਨੂੰ ਗਿਰਵੀ ਰੱਖੀਆਂ ਗਈਆਂ ਹਨ, ਇਹਨਾਂ ਜਾਇਦਾਦਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, 22.08.2025 ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਓਥੇ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਬਕਾਇਆ ਬੈਂਕ ਬਕਾਏ + ਵਿਆਜ (ਜਿਵੇਂ ਕਿ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸਿਆ ਗਿਆ ਹੈ) ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸੇ ਅਨੁਸਾਰ ਹੋਵੇਗਾ। ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ ਦਾ ਭੁਗਤਾਨ ਕਿਸੇ ਵੀ ਵਿਅਕਤੀ ਦੇ ਕਾਰਨ ਸਿਰਫ਼ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰ ਲਈ ਜਾਵੇਗੀ। **ਵਿਕਰੀ ਦੇ ਵੇਰਵੇ ਨਿਯਮ ਅਤੇ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ/ਵੈਬਸਾਈਟ ਵੇਖੋ: (a) https:sbi.co.in/(b) https://baanknet.com**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | ਸ੍ਰੀ ਜਸਪਾਲ ਪਰਮਾਰ ਪੁੱਤਰ ਸ੍ਰੀ ਕੈਲਾਸ਼ ਨਾਥ ਪਰਮਾਰ ਅਤੇ ਸ਼੍ਰੀਮਤੀ ਸ਼ਿਵਾਨੀ ਪਰਮਾਰੇ ਸ੍ਰੀ ਜਸਪਾਲ ਪਰਮਾਰ | ਰੁ. 01/12/2015 ਨੂੰ 33,94,984.00 (ਤੇਤੀ ਲੱਖ ਚੁਰਾਨਵੇਂ ਹਜ਼ਾਰ ਨੌਂ ਸੌ ਚੌਰਾਸੀ ਸਿਰਫ਼) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | ਜਾਇਦਾਦ ID-SBIN200014540106: 10-1/2 ਮਰਲੇ ਦਾ ਰਿਹਾਇਸ਼ੀ ਘਰ ਹੇਠਾਂ ਦਿੱਤੇ ਅਨੁਸਾਰ ਵੇਰਵਾ ਦਿੱਤਾ ਗਿਆ ਹੈ: ●.) 9-3/4 ਮਰਲੇ ਦੀ ਜ਼ਮੀਨ ਕੁੱਲ 95 ਕਨਾਲ ਜ਼ਮੀਨ ਵਿੱਚੋਂ 39/7604 ਹਿੱਸਾ ਹੈ- 1 ਮਰਲੇ ਜਿਸ ਵਿੱਚ ਖੱਟਾ ਨੰਬਰ 1/1, ਖਸਰਾ ਨੰਬਰ 615(6-4), 262(6-0), 264(8-0), 265(7-4), 268(7-9), 272(5-2), 273(8-0), 616(7-9), 617(10-18), 938/280(11-12), 1029/279(4-0), 055/266(3-16), 1057/267(4-0), 1059/619(1-7), 1065/274(1-11), 1078/269(2-9), ii) 1 3/4 ਮਰਲੇ ਦੀ ਜ਼ਮੀਨ 7K-9M ਮਾਪ ਵਾਲੀ ਜ਼ਮੀਨ ਵਿੱਚੋਂ 3/596 ਹਿੱਸੇ ਵਜੋਂ 3/596 ਹਿੱਸਾ ਹੈ ਜੋ ਕਿ ਪਿੰਡ ਚੱਕ ਹਕੀਮਾ, ਫਗਵਾੜਾ ਵਿਖੇ ਸਥਿਤ ਖਾਤਾ ਨੰਬਰ 2/2, ਖਸਰਾ ਨੰਬਰ 612(3-2), 1061/613(4-7) ਵਿੱਚ ਸ਼ਾਮਲ ਸ੍ਰੀ ਜਸਪਾਲ ਪਰਮਾਰ ਪੁੱਤਰ ਸ੍ਰੀ ਕੈਲਾਸ਼ ਨਾਥ ਪਰਮਾਰ ਦੇ ਨਾਮ 'ਤੇ ਸੇਲ ਡੀਡ ਨੰਬਰ 965 ਮਿਤੀ 28.05.2013 ਰਾਹੀਂ। **ਭੌਤਿਕ ਕਬਜ਼ੇ ਦੀ ਮਿਤੀ - 09.02.2016** | Rs. 16,63,000/- / Rs. 1,66,000/- / Rs. 10,000/- | 11.08.2025 11:00 hrs to 15:00 hrs | ਨਾਮ : ਜਸਬੀਰ ਸਿੰਘ (ਮੁੱਖ ਪ੍ਰਬੰਧਕ) ਮੋਬਾਇਲ ਨੰ. : 99881-92220 ਨਾਮ : ਸ੍ਰੀ ਲਿੰਪੂ ਪ੍ਰਸਾਦ (ਉਪ ਪ੍ਰਬੰਧਕ) ਮੋਬਾਇਲ ਨੰ. : 98159-69920 |
| 2. | ਮੈਸ. ਐਸ ਐਸ ਫਾਰਮਾਸਿਊਟੀਕਲ, 8-ਈ × 9-ਈ ਦਿਲਖੁਸ਼ਾ ਮਾਰਕਿਟ ਜਲੰਧਰ, ਪੰਜਾਬ ਇੰਡੀਆ-144001, 1) ਦੁਕਾਨ ਨੰ.-8-ਈ (ਖੇਤਰ 1 ਮਰਲਾ 119 sft): ਸ੍ਰੀ ਅਤੁਲ ਸੂਦ ਪੁੱਤਰ ਸ. ਸਤਪਾਲ ਸੂਦ, 2. ਸ਼੍ਰੀਮਤੀ. ਅਨੀਤਾ ਸੂਦ ਨਾਲ ਨਰੇਸ਼ ਸੂਦ, ਬੀ) ਦੁਕਾਨ ਨੰਬਰ- 9-ਈ: (ਖੇਤਰ 1 ਮਰਲਾ 126 ਵਰਗ ਫੁੱਟ): 1. ਸ੍ਰੀ ਅਤੁਲ ਸੂਦ ਪੁੱਤਰ ਸ੍ਰੀ ਸਤਪਾਲ ਸੂਦ, 2.ਸ਼. ਨਰੇਸ਼ ਸੂਦ ਪੁੱਤਰ ਸ. ਸਤਪਾਲ ਸੂਦ ਜ਼ਾਮਨਾਂ: ਸ੍ਰੀ ਅਤੁਲ ਸੂਦ ਪੁੱਤਰ ਸ੍ਰੀ ਸਤਪਾਲ ਸੂਦ, ਸ਼੍ਰੀਮਤੀ ਅਤੁਲ ਸੂਦ ਸੁਪਤਨੀ ਮੋਨਿਕਾ ਸੂਦ | 02/12/2011 ਨੂੰ 5,01,78,357/- ਰੁਪਏ (ਪੰਜ ਕਰੋੜ ਇੱਕ ਲੱਖ ਅਠੱਤਰ ਹਜ਼ਾਰ ਤਿੰਨ ਸੌ ਸਤਵੰਜਾ ਸਿਰਫ਼) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | **Property 1:** ਜਾਇਦਾਦ ID-SBIN100000312531: ਵਪਾਰਕ ਇਮਾਰਤ ਦੁਕਾਨ ਨੰਬਰ 85, ਮਾਪ 326 ਵਰਗ ਮੀਟਰ ਦੇ ਸਾਰੇ ਹਿੱਸੇ ਅਤੇ ਪਾਰਸਲ। ਫੁੱਟ (76+ 229 ਵਰਗ ਫੁੱਟ 66 ਵਿਖੇ 260 ਵਰਗ ਫੁੱਟ ਦਾ ਨਿਰਮਾਣ) ਸ਼੍ਰੀਮਤੀ ਅਨੀਤਾ ਸੂਦ ਪਤਨੀ ਸਵਰਗੀ ਸ੍ਰੀ ਨਰੇਸ਼ ਕੁਮਾਰ ਸੂਦ ਅਤੇ ਸ੍ਰੀ ਅਤੁਲ ਸੂਦ ਪੁੱਤਰ ਸਤਿਆ ਪਾਲ ਸੂਦ ਦੇ ਨਾਮ 'ਤੇ ਵਿਕਰੀ ਡੀਡ ਨੰਬਰ 9776 ਮਿਤੀ 12.03.2004 ਦੁਆਰਾ, ਸਥਿਤ ਜਾਇਦਾਦ ਨੰਬਰ ਬੀ-9/2-2481 ਦਿਲਖੁਸ਼ਾ ਮਾਰਕਿਟ, ਜਲੰਧਰ-144001, ਪੰਜਾਬ ਹੇਠ ਲਿਖੇ ਅਨੁਸਾਰ ਸੀਮਾਬੱਧ: - ਪੂਰਬ: ਦੁਕਾਨ ਨੰਬਰ 7, ਪੱਛਮ: ਦੁਕਾਨ ਨੰਬਰ 9, ਉੱਤਰ: ਸੜਕ 20 ਫੁੱਟ ਚੌੜੀ, ਦੱਖਣ: ਘਰ ਦੁਰਗਾ ਦੱਤ **ਭੌਤਿਕ ਕਬਜ਼ੇ ਦੀ ਮਿਤੀ - 18.01.2014** | Rs. 1,47,00,000/- / Rs. 14,70,000/- / Rs. 25,000/- | 11.08.2025 11:00 hrs to 15:00 hrs | ਨਾਮ : ਜਸਬੀਰ ਸਿੰਘ (ਮੁੱਖ ਪ੍ਰਬੰਧਕ) ਮੋਬਾਇਲ ਨੰ. : 99881-92220 ਨਾਮ : ਸ੍ਰੀ ਲਿੰਪੂ ਪ੍ਰਸਾਦ (ਉਪ ਪ੍ਰਬੰਧਕ) ਮੋਬਾਇਲ ਨੰ. : 98159-69920 |
| | | | **Property 2:** ਜਾਇਦਾਦ ID-SBIN100000312586: ਵਪਾਰਕ ਇਮਾਰਤ ਦੁਕਾਨ ਨੰਬਰ 95 ਦੇ ਸਾਰੇ ਹਿੱਸੇ ਅਤੇ ਪਾਰਸਲ, ਮਾਪ 333 ਵਰਗ ਫੁੱਟ। (76 'ਤੇ 266 ਵਰਗ ਫੁੱਟ + 66 'ਤੇ 233 ਵਰਗ ਫੁੱਟ ਬਣਾਇਆ ਗਿਆ) ਸ੍ਰੀ ਅਤੁਲ ਸੂਦ ਪੁੱਤਰ ਸ੍ਰੀ ਸੱਤਿਆ ਪਾਲ ਸੂਦ ਅਤੇ ਸਵਰਗੀ ਸ੍ਰੀ ਨਰੇਸ਼ ਕੁਮਾਰ ਸੂਦ ਪੁੱਤਰ ਸ੍ਰੀ ਸੱਤਿਆ ਪਾਲ ਸੂਦ ਦੇ ਨਾਮ 'ਤੇ ਵਿਕਰੀ ਡੀਡ ਨੰਬਰ 4748 ਮਿਤੀ 06.08.1992, ਦਿਲਖੁਸ਼ਾ ਮਾਰਕਿਟ, ਜਲੰਧਰ-144001, ਪੰਜਾਬ ਵਿਖੇ ਸਥਿਤ। ਪੂਰਬ ਦੇ ਹੇਠਾਂ ਸੀਮਾਬੱਧ: ਦੁਕਾਨ 85, ਪੱਛਮ: ਦੁਕਾਨ 10 5, ਉੱਤਰ: ਸੜਕ 20 ਫੁੱਟ ਚੌੜੀ, ਦੱਖਣ: ਘਰ ਦੁਰਗਾ ਦੱਤ। **ਭੌਤਿਕ ਕਬਜ਼ੇ ਦੀ ਮਿਤੀ - 18.01.2014** | Rs. 1,50,00,000/- / Rs. 15,00,000/- / Rs. 25,000/- | 11.08.2025 11:00 hrs to 15:00 hrs | |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।**

ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ ਸਵੇਰੇ 11.00 ਵਜੇ **https://baanknet.com** ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: **https://baanknet.com**

ਮਿਤੀ: 28.07.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

## SBI ਸਟੇਟ ਬੈਂਕ ਆਫ ਇੰਡੀਆ

**ਈ-ਨਿਲਾਮੀ ਵਿਕਰੀ ਸੂਚਨਾ 08.09.2025 11.00 ਵਜੇ ਤੋਂ 16.00 ਵਜੇ**

ਈ-ਨਿਲਾਮੀ ਵਿਕਰੀ ਸੂਚਨਾ 08.09.2025 11.00 ਵਜੇ ਤੋਂ 16.00 ਵਜੇ

ਸਟਰੈਸਡ ਅਸਾਸੇ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

08.09.2025 ਨੂੰ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 11.00 ਵਜੇ ਤੋਂ 16.00 ਵਜੇ ਵਜੇ ਤੱਕ, ਈ-ਨਿਲਾਮੀ ਬੰਦ ਹੋਣ 'ਤੇ ਜਾਂ ਇਸ ਤੋਂ ਪਹਿਲਾਂ ਈਐਮਡੀ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵਾਲਿਟ ਰਾਹੀਂ ਬੋਲੀਕਾਰ : **https://baanknet.com** ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ

**ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ** ਕਾਨੂੰਨ, 2002 ਦੇ ਤਹਿਤ ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਜਿਸ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਅਤੇ 9 (1) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ **ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਨੂੰ ਗਿਰਵੀ ਰੱਖੀਆਂ ਗਈਆਂ ਹਨ, ਇਹਨਾਂ ਜਾਇਦਾਦਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, 08.09.2025 ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਓਥੇ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਬਕਾਇਆ ਬੈਂਕ ਬਕਾਏ + ਵਿਆਜ (ਜਿਵੇਂ ਕਿ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸਿਆ ਗਿਆ ਹੈ) ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸੇ ਅਨੁਸਾਰ ਹੋਵੇਗਾ। ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ ਦਾ ਭੁਗਤਾਨ ਕਿਸੇ ਵੀ ਵਿਅਕਤੀ ਦੇ ਕਾਰਨ ਸਿਰਫ਼ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰ ਲਈ ਜਾਵੇਗੀ। **ਵਿਕਰੀ ਦੇ ਵੇਰਵੇ ਨਿਯਮ ਅਤੇ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ/ਵੈਬਸਾਈਟ ਵੇਖੋ: (a) https:sbi.co.in/(b) https://baanknet.com**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | ਮੈਸਰਜ਼ ਮਹਾਵੀਰ ਸੇਲਜ਼, 2-XXXII-ਈ-2/80 (ਪਲਾਟ ਨੰ. 14), ਗੁਰੂ ਵਿਹਾਰ, ਰਾਹੋਂ ਰੋਡ, ਲੁਧਿਆਣਾ ਆਪਣੇ ਭਾਈਵਾਲਾਂ ਰਾਹੀਂ ਸ੍ਰੀ ਰਾਜੇਸ਼ ਜੈਨ ਪੁੱਤਰ ਜੋਗਿੰਦਰ ਪਾਲ ਜੈਨ ਵਾਸੀ ਐਮਸੀ ਨੰਬਰ ਬੀ-XIX- 1387/89-ਐਫ, ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ, ਸ੍ਰੀ ਸੰਜੇ ਜੈਨ ਪੁੱਤਰ ਜੋਗਿੰਦਰ ਪਾਲ ਜੈਨ, ਵਾਸੀ ਐਮਸੀ ਨੰਬਰ ਬੀ-XIX- 1387/89-ਐਫ, ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ, ਜ਼ਾਮਨ: ਸ੍ਰੀ ਜੋਗਿੰਦਰ ਪਾਲ ਜੈਨ ਪੁੱਤਰ ਸ੍ਰੀ ਰਿਖਬ ਦਾਸ ਜੈਨ, ਵਾਸੀ ਐਮਸੀ ਨੰਬਰ ਬੀ-XIX-1387/89-ਐਫ, ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ | ਰੁ. 31/12/2022 ਨੂੰ 9,41,23,836.11 ਪੈਸੇ (ਨੌਂ ਕਰੋੜ, ਇੱਕਤਾਲੀ ਲੱਖ, ਤੇਈ ਹਜ਼ਾਰ, ਅੱਠ ਸੌ ਛੱਤੀ ਅਤੇ ਸਿਰਫ਼ ਗਿਆਰਾਂ ਪੈਸੇ) ਜਮ੍ਹਾਂ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | ਸੰਪੱਤੀ-1 ID SBIN0527100444: 149.45 ਵਰਗ ਗਜ਼ ਦੇ ਰਿਹਾਇਸ਼ੀ ਘਰ ਦਾ ਬਰਾਬਰ ਗਿਰਵੀਨਾਮਾ, ਜਿਸ ਦਾ ਐਮਸੀ ਨੰਬਰ 2-XIX-1387/89-ਐਫ ਹੈ, ਜੋ ਕਿਚਲੂ ਨਗਰ, ਜੈਨ ਮੰਦਰ ਦੇ ਸਾਹਮਣੇ, ਲੁਧਿਆਣਾ ਵਿਖੇ ਸਥਿਤ ਹੈ। ਸ੍ਰੀ ਸੰਜੇ ਜੈਨ ਦੇ ਨਾਮ 'ਤੇ ਟਰਾਂਸਫਰ ਡੀਡ ਵਸੀਕਾ ਨੰ.2021-22/101/13991 ਮਿਤੀ 07.01.2022 (74.72 ਵਰਗ ਗਜ਼ ਦੇ ਖੇਤਰ ਲਈ) ਅਤੇ ਸ੍ਰੀ ਰਾਜੇਸ਼ ਜੈਨ ਦੇ ਨਾਮ 'ਤੇ ਟਾਈਟਲ ਡੀਡ ਵਸੀਕਾ ਨੰ.2021-22/101/13992 ਮਿਤੀ 07.01.2022 ਰਾਹੀਂ ਹੈ। 07.01.2022 (74.72 ਵਰਗ ਗਜ਼ ਦੇ ਖੇਤਰ ਲਈ)। **ਭੌਤਿਕ ਕਬਜ਼ੇ ਦੀ ਮਿਤੀ - 23.01.2025** | Rs. 1,32,00,000/- / Rs. 13,20,000/- / Rs. 1,00,000/- | 22.08.2025 11:00 hrs to 15:00 hrs | ਨਾਮ : ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾਇਲ ਨੰ. : 97790 75339 ਨਾਮ : ਹਰਦੀਪ ਕੌਰ (ਸੀਐਲਓ) ਮੋਬਾਇਲ ਨੰ. : 80545 98007 |
| | | | ਸੰਪੱਤੀ-2 ਆਈਡੀ SBIN@527100445: 200 ਵਰਗ ਗਜ਼ ਦੀ ਵਪਾਰਕ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜੋ ਪਲਾਟ ਨੰਬਰ 22, ਪਿਛਲੇ ਪਾਸੇ ਸੁਧਾਰ ਟਰੱਸਟ ਫਲੈਟ, ਅੰਮ੍ਰਿਤ ਕਲੋਨੀ, ਡੇਅਰੀ ਕੰਪਲੈਕਸ, ਹੰਬਰਾਨ ਰੋਡ, ਲੁਧਿਆਣਾ ਵਿਖੇ ਸਥਿਤ ਹੈ, ਸ੍ਰੀ ਜੋਗਿੰਦਰ ਪਾਲ ਜੈਨ ਪੁੱਤਰ ਸ੍ਰੀ ਰਿਖਬ ਦਾਸ ਜੈਨ ਦੇ ਨਾਮ 'ਤੇ ਟਾਈਟਲ ਡੀਡ ਵਸੀਕਾ ਨੰਬਰ 4028 ਮਿਤੀ 12.05.1999 ਰਾਹੀਂ ਹੈ। **ਭੌਤਿਕ ਕਬਜ਼ੇ ਦੀ ਮਿਤੀ - 23.01.2025** | Rs. 66,46,150/- / Rs. 6,64,615/- / Rs. 50,000/- | 22.08.2025 11:00 hrs to 15:00 hrs | ਨਾਮ : ਵਿਕਾਸ ਕੁਮਾਰ ਚੌਰਸੀਆ (ਸੀਐਲਓ) ਮੋਬਾਇਲ ਨੰ. : 97790 75339 ਨਾਮ : ਹਰਦੀਪ ਕੌਰ (ਸੀਐਲਓ) ਮੋਬਾਇਲ ਨੰ. : 80545 98007 |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 30 ਦਿਨਾਂ ਦਾ ਨੋਟਿਸ ਵੀ ਹੈ।**

ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ ਸਵੇਰੇ 11.00 ਵਜੇ **https://baanknet.com** ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: **https://baanknet.com**

ਮਿਤੀ: 28.07.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ




# ਖ਼ੂਨ ਦੀ ਘਾਟ ਨੂੰ ਦੂਰ ਕਰਦੇ ਨੇ ਡ੍ਰਾਈ ਫਰੂਟ

ਅੱਜਕੱਲ੍ਹ ਬਹੁਤ ਸਾਰੀਆਂ ਔਰਤਾਂ ਖ਼ੂਨ ਦੀ ਘਾਟ (ਐਨੀਮੀਆ) ਦੀ ਸਮੱਸਿਆ ਨਾਲ ਜੂਝ ਰਹੀਆਂ ਹਨ। ਇਸ ਨਾਲ ਥਕਾਵਟ, ਕਮਜ਼ੋਰੀ, ਊਰਜਾ ਦੀ ਘਾਟ ਅਤੇ ਹਰ ਵੇਲੇ ਸੁਸਤੀ ਮਹਿਸੂਸ ਹੁੰਦੀ ਹੈ। ਜੇਕਰ ਤੁਹਾਡੇ ਸਰੀਰ 'ਚ ਵੀ ਖ਼ੂਨ ਦੀ ਕਮੀ ਹੋ ਰਹੀ ਹੈ, ਤਾਂ ਆਪਣੀ ਡਾਈਟ 'ਚ ਆਇਰਨ ਨਾਲ ਭਰਪੂਰ ਚੀਜ਼ਾਂ ਨੂੰ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ।ਕਿਸ਼ਮਿਸ਼ ਆਇਰਨ ਨਾਲ ਭਰਪੂਰ ਹੁੰਦੀ ਹੈ ਅਤੇ ਇਹ ਹੀਮੋਗਲੋਬਿਨ ਵਧਾਉਣ 'ਚ ਮਦਦਗਾਰ ਸਾਬਿਤ ਹੁੰਦੀ ਹੈ। ਖਾਸ ਕਰਕੇ ਭਿੱਜੀ ਹੋਈ ਕਿਸ਼ਮਿਸ਼ ਸਵੇਰੇ ਖਾਲੀ ਪੇਟ ਖਾਣੀ ਬਹੁਤ ਲਾਭਕਾਰੀ ਮੰਨੀ ਜਾਂਦੀ ਹੈ।



**ਮੂੰਹ ਦੀ ਬਦਬੂ ਦੂਰ ਕਰੇ:** ਜਿਨ੍ਹਾਂ ਲੋਕਾਂ ਦੇ ਮੂੰਹ 'ਚੋਂ ਬਦਬੂ ਆਉਂਦੀ ਹੈ, ਉਹ ਰੋਜ਼ਾਨਾ ਭਿੱਜੀ ਹੋਈ ਕਿਸ਼ਮਿਸ਼ ਖਾ ਕੇ ਇਹ ਸਮੱਸਿਆ ਦੂਰ ਕਰ ਸਕਦੇ ਹਨ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਰੱਖੇ:** ਕਿਸ਼ਮਿਸ਼ 'ਚ ਪੋਟੈਸ਼ੀਅਮ ਵਧੀਆ ਮਾਤਰਾ 'ਚ ਮਿਲਦਾ ਹੈ, ਜੋ ਕਿ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਲਈ ਫਾਇਦੇਮੰਦ ਹੈ।

**ਹਾਜਮੇ ਦੀ ਸਮੱਸਿਆ ਹੋਵੇ ਦੂਰ:** ਇਸ 'ਚ ਮੌਜੂਦ ਫਾਈਬਰ ਕਬਜ਼ ਅਤੇ ਹਾਜਮੇ ਦੀਆਂ ਸਮੱਸਿਆਵਾਂ ਨੂੰ ਦੂਰ ਕਰਦਾ ਹੈ।

**ਹੱਡੀਆਂ ਅਤੇ ਦੰਦਾਂ ਲਈ ਲਾਭਦਾਇਕ:** ਕਿਸ਼ਮਿਸ਼ ਕੈਲਸ਼ੀਅਮ ਦਾ ਵਧੀਆ ਸਰੋਤ ਹੈ, ਜੋ ਕਿ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਬਣਾਉਂਦਾ ਹੈ। ਵਧ ਰਹੇ ਬੱਚਿਆਂ ਲਈ ਵੀ ਇਹ ਬਹੁਤ ਫਾਇਦੇਮੰਦ ਹੈ।

**ਇਮਿਊਨਿਟੀ ਵਧਾਏ:** ਰੋਜ਼ਾਨਾ ਭਿੱਜੀ ਹੋਈ ਕਿਸ਼ਮਿਸ਼ ਖਾਣ ਨਾਲ ਰੋਗ ਪ੍ਰਤੀਰੋਧਕ ਸ਼ਕਤੀ ਵਧਦੀ ਹੈ ਅਤੇ ਮੌਸਮੀ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।

**ਕਿਸ ਤਰ੍ਹਾਂ ਖਾਣੀ ਹੈ ?**

ਰਾਤ ਨੂੰ 10-15 ਕਿਸ਼ਮਿਸ਼ ਚੰਗੀ ਤਰ੍ਹਾਂ ਧੋ ਕੇ ਇਕ ਗਿਲਾਸ ਸਾਫ਼ ਪਾਣੀ 'ਚ ਭਿੱਜਣ ਲਈ ਰੱਖ ਦਿਓ।

ਸਵੇਰੇ ਉੱਠ ਕੇ ਪਹਿਲਾਂ ਉਸ ਪਾਣੀ ਨੂੰ ਪੀ ਲਵੋ।

ਫਿਰ ਭਿੱਜੀ ਹੋਈ ਕਿਸ਼ਮਿਸ਼ ਖਾਲੀ ਪੇਟ ਚਬਾ ਕੇ ਖਾਓ।

ਇਸ ਤਰੀਕੇ ਨਾਲ 30 ਦਿਨ ਤੱਕ ਲਗਾਤਾਰ ਕਿਸ਼ਮਿਸ਼ ਖਾਣ ਨਾਲ ਖ਼ੂਨ ਦੀ ਘਾਟ ਦੂਰ ਹੋ ਸਕਦੀ ਹੈ।

# ਸ਼ਤਰੰਜ: ਦਿਵਿਆ ਦੇਸ਼ਮੁਖ ਨੇ ਮਹਿਲਾ ਵਿਸ਼ਵ ਕੱਪ ਦਾ ਖ਼ਿਤਾਬ ਜਿੱਤਿਆ

## ਫਾਈਨਲ 'ਚ ਹੰਪੀ ਨੂੰ ਹਰਾਇਆ, ਗਰੈਂਡ ਮਾਸਟਰ ਬਣੀ

ਬਾਤੁਮੀ (ਜਾਰਜੀਆ), 28 ਜੁਲਾਈ (ਚ.ਨ.ਸ.): ਭਾਰਤ ਦੀ ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੱਜ ਇੱਥੇ ਹਮਵਤਨ ਅਤੇ ਆਪਣੇ ਤੋਂ ਕਿਤੇ ਵੱਧ ਤਜਰਬੇਕਾਰ ਕੋਨੇਰੂ ਹੰਪੀ ਨੂੰ ਟਾਈਬ੍ਰੇਕਰ ਵਿੱਚ ਹਰਾ ਕੇ 6945 ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ।ਇਸ ਜਿੱਤ ਨਾਲ 19 ਸਾਲਾ ਦਿਵਿਆ ਨੇ ਨਾ ਸਿਰਫ਼ ਇਹ ਵੱਕਾਰੀ ਟੂਰਨਾਮੈਂਟ ਜਿੱਤਿਆ, ਬਲਕਿ ਨਾਲ ਗਰੈਂਡਮਾਸਟਰ ਵੀ ਬਣ ਗਈ, ਜੋ ਟੂਰਨਾਮੈਂਟ ਦੇ ਸ਼ੁਰੂ ਵਿੱਚ ਅਸੰਭਵ ਲੱਗ ਰਿਹਾ ਸੀ।ਉਹ ਗਰੈਂਡਮਾਸਟਰ ਬਣਨ ਵਾਲੀ ਸਿਰਫ਼ ਚੌਥੀ ਭਾਰਤੀ ਮਹਿਲਾ ਅਤੇ ਕੁੱਲ 88ਵੀਂ ਖਿਡਾਰਨ ਹੈ। ਨਾਗਪੁਰ ਦੀ ਇਸ ਖਿਡਾਰਨ ਨੇ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਖੇਡੇ ਗਏ ਦੋ ਕਲਾਸੀਕਲ ਮੁਕਾਬਲਿਆਂ ਦੇ ਡਰਾਅ ਹੋਣ ਮਗਰੋਂ ਟਾਈਬ੍ਰੇਕਰ ਵਿੱਚ ਜਿੱਤ ਦਰਜ ਕੀਤੀ।ਦੋ ਕਲਾਸੀਕਲ ਬਾਜ਼ੀ ਡਰਾਅ ਹੋਣ ਮਗਰੋਂ ਟਾਈਬ੍ਰੇਕਰਾਂ ਦਾ ਪਹਿਲਾ ਗਰੁੱਪ ਫ਼ੈਸਲਾਕੁੰਨ ਸਾਬਤ ਹੋਇਆ, ਜਿਸ 'ਚ ਹੰਪੀ ਨੇ ਆਪਣਾ ਸੰਜਮ ਗੁਆ ਬੈਠੀ।ਵਿਸ਼ਵ ਕੱਪ ਅਤੇ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਨੂੰ ਛੱਡ ਕੇ ਹੰਪੀ ਨੇ ਕੌਮਾਂਤਰੀ ਸ਼ਤਰੰਜ ਵਿੱਚ ਸਭ ਕੁੱਝ ਜਿੱਤਿਆ ਹੈ ਪਰ ਫਿਰ ਜਲਦਬਾਜ਼ੀ ਕਾਰਨ ਵਿਸ਼ਵ ਕੱਪ ਖਿਤਾਬ ਜਿੱਤਣ 'ਚ ਨਾਕਾਮ ਰਹੀ ਹੈ।ਦਿਵਿਆ ਨੇ ਅੱਜ ਦ੍ਰਿੜਤਾ ਦਿਖਾਈ ਅਤੇ ਇਸ ਜਜ਼ਬੇ ਦਾ ਬੋਨਸ ਗਰੈਂਡਮਾਸਟਰ ਖਿਤਾਬ ਸੀ, ਜੋ ਇਸ ਟੂਰਨਾਮੈਂਟ ਦੇ ਚੈਂਪੀਅਨ ਲਈ ਰਾਖਵਾਂ ਸੀ।ਅੱਜ ਟਾਈਮ-ਕੰਟਰੋਲਰ ਟਾਈਬ੍ਰੇਕਰ ਦੀ ਪਹਿਲੀ ਬਾਜ਼ੀ 'ਚ ਸਫ਼ੈਦ ਮੋਹਰਿਆਂ ਨਾਲ ਖੇਡਦਿਆਂ ਦਿਵਿਆ ਨੇ ਹੰਪੀ ਨੂੰ ਮੁੜ ਡਰਾਅ 'ਤੇ ਰੋਕਿਆ ਪਰ ਦੂਜੀ ਬਾਜ਼ੀ 'ਚ ਕਾਲੇ ਮੋਹਰਿਆਂ ਨਾਲ ਖੇਡਦਿਆਂ ਉਸ ਨੇ ਦੋ ਵਾਰ ਦੀ ਵਿਸ਼ਵ ਰੈਪਿਡ ਚੈਂਪੀਅਨ ਨੂੰ ਹਰਾ ਕੇ ਜਿੱਤ ਦਰਜ ਕੀਤੀ।ਦਿਵਿਆ ਹੁਣ ਹੰਪੀ, ਡੀ ਹਰਿਕਾ ਅਤੇ ਆਰ ਵੈਸ਼ਾਲੀ ਨਾਲ ਦੇਸ਼ ਦੀਆਂ ਗਰੈਂਡਮਾਸਟਰ ਬਣਨ ਵਾਲੀਆਂ ਮਹਿਲਾਵਾਂ ਦੀ ਸੂਚੀ 'ਚ ਸ਼ਾਮਲ ਹੋ ਗਈ ਹੈ। ਹੰਪੀ 38 ਸਾਲ ਦੀ ਹੈ ਅਤੇ 2002 ਵਿੱਚ ਗਰੈਂਡਮਾਸਟਰ ਬਣੀ, ਜਦਕਿ ਦਿਵਿਆ ਦਾ ਜਨਮ 2005 ਵਿੱਚ ਹੋਇਆ।ਆਪਣੇ ਤੋਂ ਦੁੱਗਣੀ ਉਮਰ ਦੀ ਵਿਰੋਧੀ ਖਿਡਾਰਨ ਖ਼ਿਲਾਫ਼ ਜਿੱਤ ਮਗਰੋਂ ਦਿਵਿਆ ਭਾਵੁਕ ਹੋ ਗਈ। ਦਿਵਿਆ ਨੇ ਕਿਹਾ, "ਮੈਨੂੰ ਇਸ ਨੂੰ ਸਮਝਣ ਲਈ ਸਮਾਂ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਕਿਸਮਤ ਸੀ ਕਿ ਮੈਨੂੰ ਇਸ ਤਰ੍ਹਾਂ ਗਰੈਂਡਮਾਸਟਰ ਦਾ ਖਿਤਾਬ ਮਿਲਿਆ।"ਮੁਕਾਬਲੇ 'ਤੇ ਨੇੜਿਓਂ ਨਿਗ੍ਹਾ ਰੱਖਣ ਵਾਲੇ ਪੰਜ ਵਾਰ ਦੇ ਸਾਬਕਾ ਵਿਸ਼ਵ ਚੈਂਪੀਅਨ ਵਿਸ਼ਵਨਾਥਨ ਆਨੰਦ ਨੇ ਦਿਵਿਆ ਦੀ ਜਿੱਤ ਦੀ ਸਰਾਹਨਾ ਕੀਤੀ ਅਤੇ ਇਸ ਨੂੰ ਭਾਰਤੀ ਸ਼ਤਰੰਜ ਲਈ ਮਹਾਨ ਜਸ਼ਨ ਕਰਾਰ ਦਿੱਤਾ।



# ਵਿਸ਼ਵ ਤੈਰਾਕੀ ਚੈਂਪੀਅਨਸ਼ਿਪ 'ਚ 200 ਮੀਟਰ ਫ੍ਰੀਸਟਾਈਲ ਵਿੱਚ 43ਵੇਂ ਸਥਾਨ 'ਤੇ ਰਹੇ ਸਾਜਨ ਪ੍ਰਕਾਸ਼

ਸਿੰਗਾਪੁਰ, 28 ਜੁਲਾਈ (ਚ.ਨ.ਸ.): ਭਾਰਤ ਦਾ ਤਜਰਬੇਕਾਰ ਤੈਰਾਕ ਸਾਜਨ ਪ੍ਰਕਾਸ਼ ਸੋਮਵਾਰ ਨੂੰ ਇੱਥੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੇ 200 ਮੀਟਰ ਫ੍ਰੀਸਟਾਈਲ ਮੁਕਾਬਲੇ ਦੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਉਣ ਵਿੱਚ ਅਸਫਲ ਰਿਹਾ। 31 ਸਾਲਾ ਬਟਰਫਲਾਈ ਮਾਹਰ 1:51.57 ਸਕਿੰਟ ਦਾ ਸਮਾਂ ਕੱਢ ਕੇ ਆਪਣੀ ਹੀਟ ਵਿੱਚ ਚੌਥੇ ਸਥਾਨ 'ਤੇ ਰਿਹਾ ਅਤੇ ਕੁੱਲ ਮਿਲਾ ਕੇ 43ਵੇਂ ਸਥਾਨ 'ਤੇ ਰਿਹਾ।ਚੋਟੀ ਦੇ 16 ਤੈਰਾਕ ਸੈਮੀਫਾਈਨਲ ਵਿੱਚ ਪਹੁੰਚੇ।



ਰੋਮਾਨੀਆ ਦੇ ਡੇਵਿਡ ਪੋਪੋਵਿਚੀ ਨੇ 1:45.43 ਸਕਿੰਟ ਦੇ ਨਾਲ ਹੀਟ ਵਿੱਚ ਸਭ ਤੋਂ ਤੇਜ਼ ਸਮਾਂ ਕੱਢਿਆ ਜਦੋਂ ਕਿ ਇਟਲੀ ਦਾ ਕਾਰਲੋਸ ਡੀਐਂਬਰੋਸੀਓ (1:46.67 ਸਕਿੰਟ) ਸੈਮੀਫਾਈਨਲ ਵਿੱਚ ਜਗ੍ਹਾ ਬਣਾਉਣ ਵਾਲਾ ਆਖਰੀ ਤੈਰਾਕ ਸੀ। ਦੋ ਵਾਰ ਦਾ ਓਲੰਪੀਅਨ ਪ੍ਰਕਾਸ਼ ਹੁਣ 200 ਮੀਟਰ ਬਟਰਫਲਾਈ ਮੁਕਾਬਲੇ ਵਿੱਚ ਹਿੱਸਾ ਲਵੇਗਾ।

# ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ 'ਚ ਸਿੰਗਾਪੁਰ ਦੀ ਝੰਡੀ

ਰੋਮ, 28 ਜੁਲਾਈ (ਚ.ਨ.ਸ.): ਜਿਹੜੇ ਦੇਸ਼ ਦੁਨੀਆ ਤੇ ਰਾਜ ਕਰਨ ਦੇ ਸੁਪਨੇ ਦੇਖ ਰਹੇ ਹਨ, ਉਹਨਾਂ ਦਾ ਪਾਸਪੋਰਟ ਅੰਤਰਰਾਸ਼ਟਰੀ ਪੱਧਰ ਤੇ ਗਿਰਾਵਟ ਵਿੱਚ ਜਾਣ ਨਾਲ ਉਹਨਾਂ ਲੋਕਾਂ ਨੂੰ ਝਟਕਾ ਲੱਗ ਰਿਹਾ ਹੈ ਜਿਹੜੇ ਕਹਿੰਦੇ ਨਹੀਂ ਥੱਕਦੇ ਕਿ ਉਹ ਦੁਨੀਆ ਦੇ ਸਭ ਤੋਂ ਸ਼ਕਤੀਸਾਲੀ ਦੇਸ਼ ਦੇ ਨਾਗਰਿਕ ਹਨ। ਪਰ ਜਦੋਂ ਹਾਲ ਹੀ ਵਿੱਚ ਦੁਨੀਆ ਦੇ 199 ਪਾਸਪੋਰਟਾਂ ਦੀ ਪੁਣ-ਛਾਣ ਹੈਨਲੀ ਪਾਸਪੋਰਟ ਇੰਡੈਕਸ ਦੀ 2025 ਦੀ ਰੈਂਕਿੰਗ ਵਿੱਚ ਕੀਤੀ ਗਈ ਤਾਂ ਦੁਨੀਆ ਦੇ ਸਭ ਤੋਂ ਸ਼ਕਤੀਸਾਲੀ ਪਾਸਪੋਰਟ ਦੇ ਤਖ਼ਤ ਤੇ ਬਿਰਾਜਮਾਨ ਹੋਣ ਵਾਲਾ ਦੇਸ਼ ਸਿੰਗਾਪੁਰ ਇੱਕ ਵਾਰ ਫਿਰ ਪ੍ਰਮਾਣਿਤ ਹੋਇਆ ਹੈ ਜਦੋਂ ਕਿ ਲੰਡਨ ਸਥਿਤ ਸਲਾਹਕਾਰ ਫਰਮ ਹੈਨਲੇ ਐਂਡ ਪਾਰਟਨਰਜ਼ ਦੀ ਤਾਜ਼ਾ ਰਿਪੋਰਟ ਅਨੁਸਾਰ ਇਟਲੀ ਸਮੇਤ ਡੈਨਮਾਰਕ, ਜਰਮਨੀ, ਫਿਨਲੈਂਡ, ਫਰਾਂਸ, ਆਇਰਲੈਂਡ ਅਤੇ ਸਪੇਨ ਨੂੰ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਵਿੱਚੋਂ ਚੋਟੀ ਦੇ ਤੀਜੇ ਦਰਜ਼ੇ ਦੇ ਪਾਸਪੋਰਟ ਮੰਨਿਆ ਗਿਆ ਹੈ।2006 ਵਿੱਚ ਸਥਾਪਿਤ ਹੈਨਲੇ ਪਾਸਪੋਰਟ ਇੰਡੈਕਸ ਦੁਨੀਆ ਭਰ ਦੇ 227 ਸਥਾਨਾਂ ਤੇ 199 ਪਾਸਪੋਰਟ ਧਾਰਕਾਂ ਲਈ ਆਵਾਜਾਈ ਦੀ ਵਿਸ਼ਵਵਿਆਪੀ ਆਜ਼ਾਦੀ ਨੂੰ ਟਰੈਕ ਕਰਦਾ ਹੈ, ਅੰਤਰਰਾਸ਼ਟਰੀ ਹਵਾਈ ਟ੍ਰਾਂਸਪੋਰਟ ਐਸੋਸੀਏਸ਼ਨ (ਆਇਟਾ) ਦੇ ਡੇਟਾ ਦੀ ਵਰਤੋਂ ਕਰਕੇ ਇਹ ਸਥਾਪਿਤ ਕਰਦਾ ਹੈ ਕਿ ਵਿਦੇਸ਼ ਯਾਤਰਾ ਕਰਨ ਵੇਲੇ ਕਿਹੜੇ ਪਾਸਪੋਰਟ ਸਭ ਤੋਂ ਵੱਧ ਸ਼ਕਤੀ ਰੱਖਦੇ ਹਨ। ਰਿਪੋਰਟ ਦੇ 2025 ਐਡੀਸ਼ਨ ਵਿੱਚ ਇਟਲੀ ਨੂੰ ਡੈਨਮਾਰਕ, ਜਰਮਨੀ, ਫਿਨਲੈਂਡ, ਫਰਾਂਸ, ਆਇਰਲੈਂਡ ਅਤੇ ਸਪੇਨ ਦੇ ਨਾਲ ਸਾਂਝੇ ਤੀਜੇ ਸਥਾਨ ਤੇ ਰੱਖਿਆ ਗਿਆ ਹੈ, ਇਹ ਸਾਰੇ ਦੁਨੀਆ ਭਰ ਦੇ 189 ਦੇਸ਼ਾਂ ਨੂੰ ਵੀਜ਼ਾ-ਮੁਕਤ ਪਹੁੰਚ ਦੀ ਪੇਸ਼ਕਸ਼ ਕਰਦੇ ਹਨ।ਭਾਰਤੀ ਪਾਸਪੋਰਟ ਹੈਨਲੀ ਪਾਸਪੋਰਟ ਇੰਡੈਕਸ 2025 ਵਿੱਚ ਅੱਠ ਸਥਾਨ ਉੱਪਰ ਚੜ੍ਹ ਕੇ 77ਵੇਂ ਸਥਾਨ ਤੇ ਆ ਗਿਆ ਹੈ ਜੋ ਪਿਛਲੇ ਸਾਲ 85 ਸੀ, ਹਾਲਾਂਕਿ ਭਾਰਤੀ ਪਾਸਪੋਰਟ ਧਾਰਕਾਂ ਨੂੰ ਵੀਜ਼ਾ-ਮੁਕਤ ਪਹੁੰਚ ਦੀ ਆਗਿਆ ਦੇਣ ਵਾਲੇ ਦੇਸ਼ਾਂ ਦੀ ਗਿਣਤੀ ਮੈਰੀਜਿਨਲੀ ਤੌਰ ਤੇ 59 ਹੋ ਗਈ ਹੈ।



# ਡਰਬੀ ਵਿਖੇ ਨੌਵੇਂ ਪਾਤਸ਼ਾਹ ਦੇ 350 ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਨੇ ਕੀਤਾ ਸੰਬੋਧਨ

ਡਰਬੀ, 28 ਜੁਲਾਈ (ਚ.ਨ.ਸ.): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਬਾਣੀ ਅਤੇ ਨੌਵੇਂ ਮਹੱਲੇ ਦੇ ਸਲੋਕ ਸਮੁੱਚੀ ਮਾਨਵਤਾ ਲਈ ਮੋਹ ਅਤੇ ਲਾਲਸਾਵਾਂ ਤੋਂ ਉਪਰ ਉਠ ਕੇ ਕਲਿਆਣ ਕਾਰੀ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਸਨ। ਸਾਡੇ ਪੁਰਾਤਨ ਪੁਰਖੇ ਜਦੋਂ ਕਿਸੇ ਪਰਿਵਾਰ ਜਾਂ ਗੁਰੂ ਘਰ ਪਾਠ ਦੇ ਭੋਗ ਸਮੇਂ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਜਾਂਦੇ ਹਨ ਸਨ ਤਾਂ ਉਹ ਇਸ ਪਾਵਨ ਬਾਣੀ ਨੂੰ ਸੁਣਨ ਤੋਂ ਪਹਿਲਾਂ ਆਪਣੇ ਪਰਿਵਾਰ ਨੂੰ ਇਹ ਕਹਿੰਦੇ ਸੁਣੇ ਜਾਂਦੇ ਸਨ ਮੈਂ ਜ਼ਿੰਦਗੀ ਦਾ ਸੱਚ ਸੁਣ ਲਈ ਪਹਿਲਾਂ ਪਹੁੰਚਣਾ ਹੈ ਅੱਜ ਇਸ ਪਾਵਨ ਬਾਣੀ ਦੀ ਪ੍ਰੇਰਨਾ ਅਤੇ ਸੱਚ ਨੂੰ ਘਰ ਘਰ ਤੱਕ ਪਹੁੰਚਾਣ ਦੀ ਲੋੜ ਹੈ ਤਾਂ ਜੋ ਮਾਇਆ ਦੀ ਦੌੜ ਤੋਂ ਉਪਰ ਉਠ ਕੇ ਸਾਰਥਿਕ ਜੀਵਨ ਜੀਅ ਸਕੀਏ। ਇਹ ਵਿਚਾਰ ਪ੍ਰਸਿੱਧ ਸਿੱਖ ਚਿੰਤਕ ਲੇਖਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੋਹਲ ਨੇ ਡਰਬੀ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਸੰਗਤ ਨੂੰ ਸੰਬੋਧਨ ਕਰਦਿਆਂ ਕਹੇ ਮਾਨਵਤਾ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸਮਾਗਮ ਨੂੰ ਸਮਰਪਿਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਈ ਸੰਗਤ ਨੂੰ ਆਪਣੇ ਆਪਣੇ ਪਰਿਵਾਰਾਂ ਵਿੱਚ ਸਹਿਜ ਪਾਠ ਕਰਨ ਦੀ ਬੇਨਤੀ ਵੀ ਕੀਤੀ ਤਾਂ ਜੋ ਅਸੀਂ ਪਾਵਨ ਗੁਰਬਾਣੀ ਨਾਲ ਜੁੜ ਸਕੀਏ। ਇਹਨਾਂ ਸਮਾਗਮਾਂ ਦਾ ਪ੍ਰਬੰਧ ਉਘੇ ਪੱਤਰਕਾਰ ਅਤੇ ਸ਼ਖਸੀਅਤ ਸ੍. ਰਜਿੰਦਰ ਸਿੰਘ ਪੁਰੇਵਾਲ ਵੱਲੋਂ ਕੀਤਾ ਗਿਆ। ਡਰਬੀ ਯੂਕੇ ਦੇ ਗੁਰਦੁਆਰਾ ਖਾਲਸਾ ਦਰਬਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਰਾਮਗੜੀਆ ਗੁਰਦੁਆਰਾ ਸਾਹਿਬ ਦੀਆਂ ਸਮੁੱਚੀਆਂ ਪ੍ਰਬੰਧਕ ਕਮੇਟੀਆਂ ਨੇ ਇਸ ਸਬੰਧੀ ਵਿਸ਼ੇਸ਼ ਦੀਵਾਨ ਆਯੋਜਿਤ ਕੀਤੇ। ਹਰ ਸਮਾਗਮ ਦੌਰਾਨ ਸਮੁੱਚੀ ਸੰਗਤ ਵੱਲੋਂ ਸਿੱਖ ਚਿੰਤਨ ਭਗਵਾਨ ਸਿੰਘ ਜੋਹਲ ਦੇ ਪ੍ਰੇਰਨਾਮਈ ਗੁਰਬਾਣੀ ਦੇ ਸਹਿਜ ਅਤੇ ਸਿੱਖ ਇਤਿਹਾਸ ਨਾਲ ਓਤ-ਪੋਤ ਵਿਚਾਰਾਂ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਰਵਣ ਕੀਤਾ ਇਹਨਾਂ ਬਾਰੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ੍. ਜੋਹਲ ਦਾ ਮਾਨ ਸਨਮਾਨ ਵੀ ਬੜੇ ਉਤਸ਼ਾਹ ਤੇ ਪ੍ਰੇਮ ਨਾਲ ਕੀਤਾ ਗਿਆ।



# ਲਾਈ.ਫ ਜਿੰਮ ਨੇ ਤੀਆਂ ਦਾ ਤਿਉਹਾਰ ਮਨਾਇਆ





ਪਟਿਆਲਾ, 28 ਜੁਲਾਈ (ਚ.ਨ.ਸ.): ਪੰਜਾਬੀ ਸਭਿਆਚਾਰ ਦੀ ਤਰਜ਼ਮਾਨੀ ਕਰਦਾ ਤੀਆਂ ਦੇ ਤਿਉਹਾਰ ਦਾ ਸਾਉਣ ਮਹੀਨੇ ਵਿਚ ਖਾਸ ਮਹੱਤਵ ਹੁੰਦਾ ਐ।ਇਸ ਦਿਨ ਨਵ-ਵਿਆਹੀਆਂ ਕੁੜੀਆਂ ਸਾਉਣ ਮਹੀਨਾ ਕੱਟਣ ਆਪਣੇ ਪੇਕੇ ਘਰ ਆਉਂਦੀਆਂ ਹਨ ਤੇ ਤੀਆਂ ਦਾ ਤਿਉਹਾਰ ਆਪਣੀਆਂ ਸਹੇਲੀਆਂ ਨਾਲ ਮਨਾਉਂਦੀਆਂ ਹਨ। ਇਸੇ ਸੱਭਿਆਚਾਰ ਨੂੰ ਪਿਛਲੇ 10 ਸਾਲਾਂ ਤੋਂ ਪ੍ਰਫੁੱਲਿਤ ਕਰਦੇ ਹੋਏ ਪਟਿਆਲਾ ਦੇ ਅਰਬਨ ਅਸਟੇਟ ਫ਼ੇਜ਼-1 ਸਥਿਤ ਲਾਈਫ ਜਿੰਮ ਦੇ ਪ੍ਰਬੰਧਕ ਮਨਪ੍ਰੀਤ ਕੌਰ ਢੀਂਡਸਾ ਅਤੇ ਸੋਨੀਆ ਸ਼ਰਮਾ ਦੀ ਅਗਵਾਈ ਵਿਚ ਤੀਆਂ ਤੀਜ਼ ਦੀਆਂ ਦਾ ਤਿਉਹਾਰ ਕਲੱਬ ਦੇ ਮੈਂਬਰਾਂ ਤੇ ਛੋਟੇ ਬੱਚਿਆਂ ਨਾਲ ਮਨਾਇਆ ਗਿਆ।ਜਿਸ ਦੌਰਾਨ ਸਮਾਜ ਸੇਵੀ ਸ਼ਮਿੰਦਰ ਕੌਰ ਅਤੇ ਡੈਂਟਲ ਕਾਲਜ ਦੀ ਪ੍ਰਿੰਸਿਪਲ ਡਾ.ਮੋਨੀਕਾ ਜੈਨ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਪ੍ਰੋਗਰਾਮ ਦੌਰਾਨ ਮੁੱਖ ਜੱਜਾਂ ਦੀ ਭੂਮਿਕਾ ਨਿਭਾਈ। ਇਸ ਦੌਰਾਨ ਪਹੁੰਚੀਆਂ ਮੁਟਿਆਰਾਂ ਨੇ ਵੱਖ-ਵੱਖ ਤਰ੍ਹਾਂ ਦੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤੇ, ਜਿਸ ਵਿਚ ਗਿੱਧਾ, ਸੋਲੋ ਡਾਂਸ, ਨਾਟਕ ਆਦਿ ਪ੍ਰਮੁੱਖ ਰਹੇ ਜਿਹਨਾਂ ਨੇ ਆਪਣੀ ਪੇਸ਼ਕਾਰੀ ਨਾਲ ਤਾੜੀਆਂ ਦੀ ਵਾਹ-ਵਾਹ ਖੱਟੀ।ਇਸ ਦੇ ਨਾਲ ਹੀ ਛੋਟੀ ਬੱਚੀ ਲਵਨੂਰ ਵਲੋਂ ਪੰਜਾਬੀ ਪਹਿਰਾਵੇ ਵਿਚ ਲੋਕ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ ਤੇ ਸਰੋਤਿਆਂ ਦਾ ਮਨ ਮੋਹਿਆ ਗਿਆ ਪ੍ਰੋਗਰਾਮ ਦੌਰਾਨ ਡਾ.ਸੁਖਵਿੰਦਰ ਕੌਰ ਮਿਸੇਜ਼ ਤੀਜ਼ ਚੁਣੇ ਗਏ, ਜਸਲੀਨ ਕੌਰ ਫ਼ਸਟ ਰਨਰ ਅਪ, ਵੀਨਾ ਦੇਵਗਨ ਸੈਕਿੰਡ ਰਨਰ ਅਪ ਅਤੇ ਮਿਸ ਅਰਸ਼ਦੀਪ ਕੌਰ, ਮਿਸ ਤੰਬੋਲਾ ਚੁਣੇ ਗਏ।ਜਿਹਨਾਂ ਨੂੰ ਕਲੱਬ ਪ੍ਰਬੰਧਕਾਂ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਗੁਰਦੁਆਰਾ ਸੱਚਖੰਡ ਬੋਰਡ ਦੇ ਕਰਮਚਾਰੀਆਂ ਦੀ ਸਾਲਾਨਾ ਤਨਖ਼ਾਹ ਵਿੱਚ ਵਾਧਾ

ਹਜ਼ੂਰ ਸਾਹਿਬ, 28 ਜੁਲਾਈ (ਅੰਮ੍ਰਿਤਪਾਲ ਸਿੰਘ): ਅੱਜ ਮਿਤੀ 28 ਜੁਲਾਈ ਨੂੰ ਗੁਰਦੁਆਰਾ ਬੋਰਡ ਦੇ ਸਮੂਹ ਪੱਕੇ ਕਰਮਚਾਰੀਆਂ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਨੇ ਸਾਲਾਨਾ ਤਨਖਾਹ ਵਿੱਚ ਵਾਧਾ ਕੀਤਾ ਹੈ। ਨਿਯਮਾਂ ਅਨੁਸਾਰ ਜੁਲਾਈ ਤੋਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਸਮੂਹ ਕਰਮਚਾਰੀਆਂ ਨੇ ਇਸ ਫੈਸਲੇ ਦਾ ਤਹਿ ਦਿਲੋਂ ਸੁਵਾਗਤ ਕਰਦੇ ਹੋਏ ਖੁਸ਼ੀ ਦਾ ਇਜਹਾਰ ਕਰ ਮਾਣਯੋਗ ਪ੍ਰਸ਼ਾਸਕ ਸਾਹਿਬ ਡਾ.ਸ. ਵਿਜੇ ਸਤਬੀਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਅਤੇ ਵਿਸ਼ਵਾਸ ਦਿਲਵਾਇਆ ਕਿ, ਅੱਗੇ ਵੀ ਆਉਣਵਾਲੇ ਦਿਨ, ਤਿਉਹਾਰ, ਜੋੜ ਮੇਲੇ, ਮਹੱਲੇ ਆਦਿ ਵਿੱਚ ਆਉਣ ਵਾਲੀ ਸਮੂਚੀ ਸਾਧ ਸੰਗਤ ਦਾ ਪੂਰਾ ਮਾਨ ਸਨਮਾਨ ਕਰਦੇ ਹੋਏ ਉਨ੍ਹਾਂ ਦੇ ਪ੍ਰਬੰਧ ਵਿੱਚ ਕੋਈ ਕਮੀ ਪੇਸ਼ੀ ਨਾ ਰਹੇ ਇਸ ਦਾ ਖਾਸ ਧਿਆਨ ਰੱਖਿਆ ਜਾਵੇਗਾ।



# ਭਾਰਤੀ ਯੋਗ ਸੰਸਥਾਨ ਵੱਲੋਂ ਤੀਜ ਸੰਬੰਧੀ ਸ਼ਾਨਦਾਰ ਜਸ਼ਨ ਦਾ ਆਯੋਜਨ



ਚੰਡੀਗੜ੍ਹ, 28 ਜੁਲਾਈ (ਅੰਮ੍ਰਿਤਪਾਲ ਸਿੰਘ): ਭਾਰਤੀ ਯੋਗ ਸੰਸਥਾਨ ਦੀ ਸੈਕਟਰ 36 ਅਤੇ ਸੈਕਟਰ 37 ਦੀ ਜ਼ਿਲ੍ਹਾ ਪੱਛਮੀ ਇਕਾਈ ਨੇ ਕੱਲ੍ਹ ਸ਼ਾਮ ਧਰਮਸ਼ਾਲਾ ਸਨਾਤਨ ਧਰਮ ਮੰਦਰ, ਸੈਕਟਰ 37 ਵਿਖੇ ਤੀਜ ਤਿਉਹਾਰ ਦੇ ਸ਼ਾਨਦਾਰ ਜਸ਼ਨ ਦਾ ਆਯੋਜਨ ਕੀਤਾ। 100 ਤੋਂ ਵੱਧ ਪਰਿਵਾਰਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ ਅਤੇ ਇਸਨੂੰ ਬੜੇ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ।ਪ੍ਰੋਗਰਾਮ ਦਾ ਉਦਘਾਟਨ ਵਿੰਗ ਕਮਾਂਡਰ (ਰਿਟਾਇਰਡ) ਆਰ ਕੇ ਅਨੇਜਾ ਨੇ ਗਾਇਤਰੀ ਮੰਤਰ ਨਾਲ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਯੋਗ ਸੰਸਥਾਨ ਪਿਛਲੇ 60 ਸਾਲਾਂ ਤੋਂ ਮੁਫ਼ਤ ਯੋਗ ਕਲਾਸਾਂ ਰਾਹੀਂ ਲੋਕਾਂ ਦੀ ਸਿਹਤ ਵਿੱਚ ਯੋਗਦਾਨ ਪਾ ਰਿਹਾ ਹੈ। ਸੰਸਥਾ ਦਾ ਉਦੇਸ਼ ਯੋਗਾ ਰਾਹੀਂ ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਸਿਹਤਮੰਦ ਬਣਾਉਣਾ ਹੈ। ਸੰਸਥਾ ਦੇ ਮੈਂਬਰਾਂ ਦੇ ਮਨੋਬਲ ਨੂੰ ਵਧਾਉਣ ਲਈ ਅਜਿਹੇ ਜਸ਼ਨ ਆਯੋਜਿਤ ਕੀਤੇ ਜਾਂਦੇ ਹਨ।ਪ੍ਰੋਗਰਾਮ ਦਾ ਸੰਚਾਲਨ ਕਰਦੇ ਹੋਏ, ਸੰਸਥਾ ਦੀ ਸਰਗਰਮ ਮੈਂਬਰ, ਸ਼੍ਰੀਮਤੀ ਸੁਦੇਸ਼ ਕੁਮਾਰੀ ਨੇ ਸਾਰੇ ਮੌਜੂਦ ਮੈਂਬਰਾਂ ਨੂੰ ਤੀਜ ਦੀ ਮਹੱਤਤਾ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਬੱਚਿਆਂ ਅਤੇ ਔਰਤਾਂ ਨੇ ਭਾਰਤ ਦੇ ਅਮੀਰ ਸੱਭਿਆਚਾਰ ਨੂੰ ਦਰਸਾਉਂਦੇ ਵਿਸ਼ੇਸ਼ ਗੀਤ, ਨਾਚ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।ਸ਼੍ਰੀ ਕੇ.ਕੇ. ਡੋਗਰਾ, ਸ਼੍ਰੀਮਤੀ ਲੀਲਾ ਗੁਗਲਾਨੀ, ਸ਼੍ਰੀਮਤੀ ਕਿਰਨ ਗੁਪਤਾ, ਅਤੇ ਸ਼੍ਰੀਮਤੀ ਨੀਰੂ ਦੀਵਾਨ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਇਸ ਰਵਾਇਤੀ ਤਿਉਹਾਰ ਨੂੰ ਮਨਾਉਣ ਦੀ ਮਹੱਤਤਾ ਬਾਰੇ ਚਰਚਾ ਕੀਤੀ ਅਤੇ ਇੱਕ ਦੂਜੇ ਨੂੰ ਤੀਜ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਆਰ. ਈ. ਸੀ. ਨੇ ਆਈ.ਐਸ.ਓ. ਪ੍ਰਮਾਣੀਕਰਣ ਸਰਟੀ.ਫਿਕੇਟ ਕੀਤਾ ਪ੍ਰਾਪਤ

ਨਵੀਂ ਦਿੱਲੀ, 28 ਜੁਲਾਈ (ਅੰਮ੍ਰਿਤਪਾਲ ਸਿੰਘ): ਆਰ ਈ ਸੀ ਲਿਮਟਿਡ, ਜੋ ਕਿ ਬਿਜਲੀ ਮੰਤਰਾਲੇ ਦੇ ਅਧੀਨ ਇੱਕ ਮਹਾਰਤਨ ਕੇਂਦਰੀ ਜਨਤਕ ਖੇਤਰ ਉਦਮ ਹੈ ਅਤੇ ਇੱਕ ਮੋਹਰੀ ਐਨ ਬੀ ਐਫ ਸੀਹੈ, ਨੇ ਆਪਣੇ ਐਂਟਰਪ੍ਰਾਈਜ਼-ਵਿਆਪੀ ਜੋਖਮ ਪ੍ਰਬੰਧਨ ਢਾਂਚੇ ਲਈ ਆਈ.ਐਸ.ਓ. 31000:2018 (ਜੋਖਮ ਪ੍ਰਬੰਧਨ - ਦਿਸ਼ਾ-ਨਿਰਦੇਸ਼) ਪ੍ਰਮਾਣੀਕਰਣ ਪ੍ਰਾਪਤ ਕੀਤਾ ਹੈ। ਇਹ ਮਹੱਤਵਪੂਰਨ ਮੀਲ ਪੱਥਰ ਆਰ ਈ ਸੀ ਨੂੰ ਬ੍ਰਿਟਿਸ਼ ਸਟੈਂਡਰਡਜ਼ ਇੰਸਟੀਚਿਊਸ਼ਨ (ਬੀ ਐਸ ਆਈ) ਤੋਂ ਇਹ ਪ੍ਰਮਾਣੀਕਰਣ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਜਨਤਕ ਖੇਤਰ ਦੀ ਗੈਰ-ਬੈਂਕਿੰਗ ਵਿੱਤੀ ਕੰਪਨੀ (ਐਨ ਬੀ ਐਫ ਸੀ) ਬਣਾਉਂਦਾ ਹੈ।ਆਈ.ਐਸ.ਓ. 31000:2018 ਇੱਕ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਮਿਆਰ ਹੈ ਜੋ ਪ੍ਰਭਾਵਸ਼ਾਲੀ ਜੋਖਮ ਪ੍ਰਬੰਧਨ ਲਈ ਸਿਧਾਂਤ ਅਤੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। ਇਹ ਜੋਖਮ ਪ੍ਰਬੰਧਨ ਅਤੇ ਘਟਾਉਣ ਦੇ ਮੋਰਚੇ 'ਤੇ ਆਰ. ਈ. ਸੀ. ਨੂੰ ਮਹੱਤਵਪੂਰਨ ਮੁੱਲ ਪ੍ਰਦਾਨ ਕਰਨ ਲਈ ਸਭ ਤੋਂ ਵਧੀਆ ਜੋਖਮ ਪ੍ਰਬੰਧਨ ਅਭਿਆਸਾਂ ਨੂੰ ਅਪਣਾਉਣ ਦੇ ਸਾਡੇ ਯਤਨਾਂ ਦਾ ਪ੍ਰਮਾਣ ਹੈ।ਸ਼੍ਰੀ ਸੁਬਰਤ ਆਈਚ, ਮੁੱਖ ਜੋਖਮ ਅਧਿਕਾਰੀ, ਆਰ ਈ ਸੀਨੇ ਕਿਹਾ, ਇਹ ਆਈ.ਐਸ.ਓ. 31000:2018 ਪ੍ਰਮਾਣੀਕਰਣ ਐਂਟਰਪ੍ਰਾਈਜ਼ ਜ਼ੋਖ਼ਮ ਪ੍ਰਬੰਧਨ ਵਿੱਚ ਉਤਮਤਾ ਪ੍ਰਤੀ ਆਰ ਈ ਸੀਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾਂ ਅੱਗੇ ਕਿਹਾ, ਇਹ ਦਰਸਾਉਂਦਾ ਹੈ ਕਿ ਆਰ ਈ ਸੀ ਕੋਲ ਜੋਖਮ ਪ੍ਰਬੰਧਨ ਪ੍ਰਤੀ ਇੱਕ ਢਾਂਚਾਗਤ, ਵਿਆਪਕ ਅਤੇ ਅੰਤਰਰਾਸ਼ਟਰੀ ਪੱਧਰ ਤੇ ਤਾਲਮੇਲ ਵਾਲਾ ਦ੍ਰਿਸ਼ਟੀਕੋਣ ਹੈ, ਜੋ ਨਿਵੇਸ਼ਕਾਂ ਅਤੇ ਰਿਣਦਾਤਾਵਾਂ ਸਮੇਤ ਸਾਡੇ ਸਾਰੇ ਹਿੱਸੇਦਾਰਾਂ ਦੇ ਵਿਸ਼ਵਾਸ ਨੂੰ ਹੋਰ ਵਧਾਏਗਾ।



# ਇਟਲੀ ਦੇ ਸ਼ਹਿਰ ਫ਼ੋਰਲੀ ਵਿਖੇ ਦੂਜੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਫ਼ੌਜੀਆਂ ਦਾ ਸ਼ਹੀਦੀ ਸਮਾਗਮ ਮਨਾਇਆ

ਰੋਮ, 28 ਜੁਲਾਈ (ਚ.ਨ.ਸ.): ਇਟਲੀ ਦੇ ਸ਼ਹਿਰ ਫ਼ੋਰਲੀ ਵਿਖੇ ਸਿੱਖ ਫ਼ੌਜੀਆਂ ਦਾ 81ਵਾਂ ਸ਼ਹੀਦੀ ਸਮਾਗਮ ਮਨਾਇਆ ਗਿਆ। ਸਿੱਖ ਫ਼ੌਜੀਆਂ ਦੇ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰ ਕਮੇਟੀ (ਰਾਜਿ) ਇਟਲੀ ਅਤੇ ਕਮੂਨੇ ਦੀ ਫ਼ੋਰਲੀ ਅਤੇ ਫ਼ੋਰਲੀ ਦੀ ਸੰਗਤ ਦੇ ਨਾਲ ਕੇ ਮਿਲ ਕੇ ਸ਼ਹੀਦੀ ਸਮਾਗਮ ਕਰਾਇਆ। ਜਿਸ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ, ਉਪਰੰਤ ਭਾਈ ਤਲਿਵੰਦਰ ਸਿੰਘ ਨੇ ਅਰਦਾਸ ਕੀਤੀ। ਬਾਅਦ ਵਿੱਚ ਪੰਡਾਲ ਸਜਾਇਆ ਗਿਆ। ਇਸ ਮੌਕੇ ਗਿਆਨੀ ਸਰੂਪ ਸਿੰਘ ਕਡਿਆਨਾ ਦੇ ਢਾਡੀ ਜੱਥੇ ਅਤੇ ਸੁਖਵੀਰ ਸਿੰਘ ਭੌਰ ਦੇ ਢਾਡੀ ਜੱਥੇ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਫ਼ੋਰਲੀ ਦੇ ਪ੍ਰਸ਼ਾਸ਼ਨ ਤੋਂ ਇਲਾਵਾ ਹੋਰ ਵੀ ਕਈ ਸ਼ਹਿਰਾਂ ਦੇ ਮੇਅਰ ਅਤੇ ਪ੍ਰਸ਼ਾਨਿਕ ਅਧਿਕਾਰੀਆਂ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਵਰਲਡ ਸਿੱਖ ਸ਼ਹੀਦ ਮਿਲਟਰੀ (ਰਜਿ) ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ, ਸੇਵਾ ਸਿੰਘ ਫ਼ੌਜੀ, ਸਤਿਨਾਮ ਸਿੰਘ, ਜਸਵੀਰ ਸਿੰਘ ਧਨੋਤਾ, ਗੁਰਮੇਲ ਸਿੰਘ ਭੱਟੀ, ਇੰਦਰਜੀਤ ਸਿੰਘ ਫ਼ੋਰਲੀ, ਜਸਪ੍ਰੀਤ ਸਿੰਘ ਸਿੱਧੂ ਕੋਰੇਜੋ, ਰਾਜ ਕੁਮਾਰ ਕੋਰੇਜੋ, ਭੁਪਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਾਹਿਬ ਪਾਰਮਾ, ਹਰੀ ਸਿੰਘ, ਸੁਰਜੀਤ ਸਿੰਘ ਬੇਗੋਵਾਲ, ਮਨਿਜੰਦਰ ਸਿੰਘ ਸੁਜਾਰਾ, ਗੁਰਚਰਨ ਸਿੰਘ ਭੂੰਗਰਨੀ, ਕਰਮਜੀਤ ਸਿੰਘ ਮੁੱਖ ਸੇਵਾਦਾਰ ਲੇਨੋ, ਰਣਜੀਤ ਸਿੰਘ ਔਲਖ ਤੋਂ ਇਲਾਵਾ ਵੱਖ ਵੱਖ ਗੁਰਦੁਆਰਾ ਸਾਹਿਬ ਦੀਆਂ ਕਮੇਟੀਆ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਸ਼ਾਮਲ ਹੋਏ। ਇਸ ਮੌਕੇ ਲੰਗਰ ਦੀ ਸੇਵਾ ਬੋਲੋਨੀਆਂ, ਕੋਰੇਜੋ, ਅਨਕੋਨਾ, ਪਾਰਮਾ ਅਤੇ ਨੋਵੋਲਾਰਾ ਦੇ ਗੁਰਦੁਆਰਾ ਸਾਹਿਬ ਨੇ ਕੀਤੀ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



**ਜਨਮ ਦਿਨ ਮੁਬਾਰਕ**



ਅਨੁਰੀਤ ਕੌਰ



ਸੁਨੀਤ



ਸੰਦੀਪ ਬਾਂਸਲ ਅਤੇ ਨੇਹਾ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# ਇੰਗਲੈਂਡ ਨੇ ਆਖਰੀ ਟੈਸਟ ਲਈ ਟੀਮ ਵਿੱਚ ਆਲਰਾਊਂਡਰ ਜੈਮੀ ਓਵਰਟਨ ਨੂੰ ਕੀਤਾ ਸ਼ਾਮਲ

ਲੰਡਨ, 28 ਜੁਲਾਈ (ਚ.ਨ.ਸ.): ਤਿੰਨ ਸਾਲ ਪਹਿਲਾਂ ਆਪਣੇ ਕਰੀਅਰ ਦਾ ਇੱਕੋ ਇੱਕ ਟੈਸਟ ਮੈਚ ਖੇਡਣ ਵਾਲੇ ਆਲਰਾਊਂਡਰ ਜੈਮੀ ਓਵਰਟਨ ਨੂੰ ਵੀਰਵਾਰ ਨੂੰ ਓਵਲ ਵਿੱਚ ਸ਼ੁਰੂ ਹੋਣ ਵਾਲੇ ਭਾਰਤ ਵਿਰੁੱਧ ਪੰਜਵੇਂ ਅਤੇ ਆਖਰੀ ਟੈਸਟ ਲਈ ਇੰਗਲੈਂਡ ਦੀ 15 ਮੈਂਬਰੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। 31 ਸਾਲਾ ਸਰੀ ਦੇ ਇਸ ਆਲਰਾਊਂਡਰ ਨੇ 2022 ਵਿੱਚ ਲੀਡਜ਼ ਵਿੱਚ ਨਿਊਜ਼ੀਲੈਂਡ ਵਿਰੁੱਧ ਆਪਣਾ ਇੱਕੋ ਇੱਕ ਟੈਸਟ ਮੈਚ ਖੇਡਿਆ ਸੀ ਜਿਸ ਵਿੱਚ ਉਸਨੇ ਦੋ ਵਿਕਟਾਂ ਲਈਆਂ ਸਨ ਅਤੇ 97 ਦੌੜਾਂ ਬਣਾਈਆਂ ਸਨ। ਉਸਨੇ ਇਸ ਸਾਲ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਚੇਨਈ ਸੁਪਰ ਕਿੰਗਜ਼ ਲਈ ਤਿੰਨ ਮੈਚ ਖੇਡੇ ਸਨ। ਓਵਰਟਨ ਨੂੰ ਛੱਡ ਕੇ, ਆਖਰੀ ਮੈਚ ਵਿੱਚ ਚੁਣੇ ਗਏ 14 ਖਿਡਾਰੀਆਂ ਨੂੰ ਬਰਕਰਾਰ ਰੱਖਿਆ ਗਿਆ ਹੈ।

**ਇੰਗਲੈਂਡ ਦੀ ਟੈਸਟ ਟੀਮ:** ਬੇਨ ਸਟੋਕਸ (ਕਪਤਾਨ), ਜੋਫਰਾ ਆਰਚਰ, ਗੁਸ ਐਟਕਿੰਸਨ, ਜੈਕਬ ਬੈਥਲ, ਹੈਰੀ ਬਰੂਕ, ਬ੍ਰਾਈਡਨ ਕਾਰਸ, ਜੈਕ ਕ੍ਰਾਲੀ, ਲਿਆਮ ਡਾਸਨ, ਬੇਨ ਡਕੇਟ, ਜੈਮੀ ਓਵਰਟਨ, ਓਲੀ ਪੋਪ, ਜੋ ਰੂਟ, ਜੈਮੀ ਸਮਿਥ, ਜੋਸ਼ ਟੰਗ, ਕ੍ਰਿਸ ਵੋਕਸ।



# ਆਈ. ਟੀ. 2.0 ਐਪਲੀਕੇਸ਼ਨ ਦੀ ਸ਼ੁਰੂਆਤ ਡਿਜੀਟਲ ਪਰਿਵਰਤਨ ਵੱਲ ਪਹਿਲਕਦਮੀ

ਚੰਡੀਗੜ੍ਹ, 28 ਜੁਲਾਈ (ਅੰਮ੍ਰਿਤਪਾਲ ਸਿੰਘ): ਡਾਕ ਵਿਭਾਗ ਏਪੀਟੀ ਐਪਲੀਕੇਸ਼ਨ ਦੇ ਰੋਲਆਊਟ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰ ਰਿਹਾ ਹੈ, ਜੋ ਕਿ ਅਗਲੀ ਪੀੜ੍ਹੀ ਦੇ ਡਿਜੀਟਲ ਉੱਤਮਤਾ ਅਤੇ ਰਾਸ਼ਟਰ ਨਿਰਮਾਣ ਵੱਲ ਸਾਡੀ ਯਾਤਰਾ ਵਿੱਚ ਇੱਕ ਵੱਡੀ ਉਪਲਬਧੀ ਹੈ। ਇਸ ਪਰਿਵਰਤਨਸ਼ੀਲ ਪਹਿਲਕਦਮੀ ਦੇ ਹਿੱਸੇ ਵਜੋਂ, ਅੱਪਗ੍ਰੇਡ ਕੀਤਾ ਸਿਸਟਮ 04.08.2025 ਤੋਂ ਰੂਪਨਗਰ ਜ਼ਿਲ੍ਹੇ ਵਿੱਚ ਸਥਿਤ ਡਾਕਘਰਾਂ ਅਤੇ ਬ੍ਰਾਂਚ ਡਾਕਘਰਾਂ ਵਿੱਚ (ਮੁੱਲਾਂਪੁਰ, ਖਰੜ, ਕੁਰਾਲੀ, ਘੜੂੰਆਂ, ਲਾਂਡਰਾਂ, ਮਨੌਲੀ ਅਤੇ ਸੋਹਾਣਾ ਡਾਕਘਰਾਂ ਸਮੇਤ) ਲਾਗੂ ਕੀਤਾ ਜਾਵੇਗਾ।ਇਸ ਉੱਨਤ ਡਿਜੀਟਲ ਪਲੇਟਫਾਰਮ ਦੀ ਸੁਰੱਖਿਅਤ ਤਬਦੀਲੀ ਨੂੰ ਸਮਰੱਥ ਬਣਾਉਣ ਲਈ, 02.08.2025 ਨੂੰ ਇੱਕ ਯੋਜਨਾਬੱਧ ਡਾਊਨ ਟਾਈਮ ਤਹਿ ਕੀਤਾ ਗਿਆ ਹੈ। 02.08.2025 ਨੂੰ ਡਾਕਘਰਾਂ ਵਿੱਚ ਕੋਈ ਜਨਤਕ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਪੱਤਰਾਂ / ਪਾਰਸਲਾਂ ਦੀ ਵੰਡ ਪਹਿਲਾਂ ਵਾਂਗ ਹੀ ਕੀਤੀ ਜਾਵੇਗੀ। ਸੇਵਾਵਾਂ ਦੀ ਇਹ ਅਸਥਾਈ ਮੁਅੱਤਲੀ ਡਾਟਾ ਮਾਈਗ੍ਰੇਸ਼ਨ, ਸਿਸਟਮ ਪ੍ਰਮਾਣਿਕਤਾ ਅਤੇ ਸੰਰਚਨਾ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਜ਼ਰੂਰੀ ਹੈ ਤਾਂ ਕਿ ਇਹ ਨਵਾਂ ਸਿਸਟਮ ਸੁਚਾਰੂ ਅਤੇ ਕੁਸ਼ਲਤਾ ਨਾਲ ਚੱਲ ਸਕੇ। ਏਪੀਟੀ ਐਪਲੀਕੇਸ਼ਨ ਨੂੰ ਇੱਕ ਬਿਹਤਰ ਉਪਭੋਗਤਾ ਅਨੁਭਵ, ਤੇਜ਼ ਸੇਵਾ ਪ੍ਰਦਾਨ ਕਰਨ ਅਤੇ ਇੱਕ ਵਧੇਰੇ ਗਾਹਕ-ਅਨੁਕੂਲ ਇੰਟਰਫੇਸ ਦੀ ਪੇਸ਼ਕਸ਼ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਕਿ ਭਵਿੱਖ ਵਿੱਚ ਡਾਕ ਕਾਰਜਾਂ ਨੂੰ ਤੇਜ਼ੀ ਅਤੇ ਕੁਸ਼ਲਤਾ ਨਾਲ ਪੂਰੀ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਸੀਂ ਆਪਣੇ ਕੀਮਤੀ ਗਾਹਕਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਸ ਥੋੜ੍ਹੇ ਜਿਹੇ ਰੁਕਾਵਟ ਸਮੇਂ ਦੌਰਾਨ ਸਾਡੇ ਨਾਲ ਬਣੇ ਰਹਿਣ। ਇਸ ਸਮੇਂ ਦੌਰਾਨ ਗਾਹਕਾਂ ਨੂੰ ਹੋਈ ਕਿਸੇ ਵੀ ਅਸੁਵਿਧਾ ਲਈ ਖੇਦ ਹੈ ਅਤੇ ਅਸੀਂ ਤੁਹਾਨੂੰ ਭਰੋਸਾ ਦਿਵਾਉਂਦੇ ਹਾਂ ਕਿ ਇਹ ਕਦਮ ਹਰੇਕ ਨਾਗਰਿਕ ਨੂੰ ਬਿਹਤਰ, ਤੇਜ਼ ਅਤੇ ਵਧੇਰੇ ਡਿਜੀਟਲ ਤੌਰ 'ਤੇ ਸਸ਼ਕਤ ਸੇਵਾਵਾਂ ਪ੍ਰਦਾਨ ਕਰਨ ਦੇ ਹਿੱਤ ਵਿੱਚ ਚੁੱਕੇ ਜਾ ਰਹੇ ਹਨ।



# ਸ੍ਰੀ ਅਨੰਦਪੁਰ ਸਾਹਿਬ ਦੀ ਪਾਕ-ਪਵਿੱਤਰ ਧਰਤੀ 'ਤੇ ਖੋਲ੍ਹੀ ਯੂਨੀਵਰਸਿਟੀ ਹਰ ਵਰਗ ਨੂੰ ਦੇਵੇਗੀ ਬਿਲਕੁਲ ਮੁਫ਼ਤ ਵਿੱਦਿਆ : ਡਾ. ਐਸ. ਪੀ. ਸਿੰਘ ਓਬਰਾਏ



ਸ੍ਰੀ ਮੁਕਤਸਰ ਸਾਹਿਬ, 28 ਜੁਲਾਈ ( ਐਚ ਐਸ ਕਪੂਰ): ਦੁੱਬਈ ਦੇ ਉੱਘੇ ਕਾਰੋਬਾਰੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾਕਟਰ ਐਸ ਪੀ ਸਿੰਘ ਓਬਰਾਏ ਜੋ ਬਿਨਾਂ ਕਿਸੇ ਕੋਲੋਂ ਇੱਕ ਵੀ ਰੁਪਿਆ ਇਕੱਠਾ ਕੀਤਿਆਂ ਆਪਣੀ ਨੇਕ ਕਮਾਈ ਵਿਚੋਂ ਹਰ ਸਾਲ ਕਰੋੜਾਂ ਰੁਪਿਆ ਦਾਨ ਵਜੋਂ ਖਰਚ ਕਰ ਰਹੇ ਹਨ। ਉਨ੍ਹਾਂ ਵੱਲੋਂ ਲੋੜਵੰਦਾਂ ਅਤੇ ਗ਼ਰੀਬਾਂ ਦੇ ਉਥਾਨ ਲਈ ਇੱਕ ਵਿਸ਼ੇਸ਼ ਯੂਨੀਵਰਸਿਟੀ ਸਥਾਪਤ ਕਰਨ ਦਾ ਸੁਪਨਾ ਲਿਆ ਸੀ।ਇਸ ਪ੍ਰੋਜੈਕਟ ਲਈ ਤਕਨੀਕੀ ਸ਼ਰਤਾਂ ਪੂਰੀਆਂ ਕਰਨ ਲਈ ਅੱਗੇ ਵਧਦੇ ਹੋਏ ਜ਼ਮੀਨ ਦੀ ਖਰੀਦ ਕਰਨ ਉਪਰੰਤ, ਯੂਨੀਵਰਸਿਟੀ ਦੇ ਐਕਟ ਦੀ ਬਣਤਰ ਬੁਣ ਲਈ ਗਈ ਅਤੇ ਆਰੰਭਲੇ ਕੋਰਸਾਂ ਬਾਰੇ ਫੈਸਲਾ ਕਰਨ ਉਪਰੰਤ ਦੱਸਿਆ ਗਿਆ ਕਿ ਕੋਰਸ ਛੋਟੇ ਅਤੇ ਆਨਲਾਈਨ ਵੀ ਹੋਣਗੇ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾ. ਓਬਰਾਏ ਨੇ ਦੱਸਿਆ ਕਿ ਮੇਰੀ ਇੱਕੋ ਪ੍ਰਬਲ ਇੱਛਾ ਹੈ ਕਿ ਮੈਂ ਅਪਣੀ ਕੌਮ ਨੂੰ ਇਸ ਉਲਾਹਮੇ ਤੋਂ ਮੁਕਤ ਕਰ ਸਕਾਂ । ਅੱਜ ਤੱਕ ਇੱਕ ਵੀ ਅਜਿਹਾ ਵਿੱਦਿਅਕ ਅਦਾਰਾ ਨਹੀਂ ਜਿੱਥੇ ਅਧੁਨਿਕ ਸਿੱਖਿਆ ਵੀ ਹੋਵੇ, ਕਿੱਤਾ ਮੁਖੀ ਵੀ ਹੋਵੇ ਅਤੇ ਫੀਸ ਮੁਕਤ ਵੀ । ਡਾਕਟਰ ਓਬਰਾਏ ਨੇ ਦੱਸਿਆ ਕਿ ਕਿਸੇ ਵੀ ਵਿਦਿਆਰਥੀ ਤੋਂ ਨਾ ਐਡਮਿਸਨ ਫੀਸ, ਨਾ ਟਿਊਸ਼ਨ ਫੀਸ, ਨਾ ਹੋਸਟਲ ਖ਼ਰਚਾ ਲਿਆ ਜਾਵੇਗਾ। ਇਹ ਯੂਨੀਵਰਸਿਟੀ ਅਕਾਦਮਿਕ ਉੱਤਮਤਾ, ਨਵੀਨਤਾ ਅਤੇ ਸਮਾਵੇਸ਼ੀ ਵਿਕਾਸ ਦਾ ਕੇਂਦਰ ਬਣੇਗੀ । ਪ੍ਰੋ. ਡਾਕਟਰ ਐਸ ਪੀ ਸਿੰਘ ਓਬਰਾਏ, ਜੋ ਸੰਨੀ ਓਬਰਾਏ ਵਿਵੇਕ ਸਦਨ ਸ਼੍ਰੀ ਅਨੰਦਪੁਰ ਸਾਹਿਬ (ਫਿਊਚਰਿਸਟਿਕ ਯੂਨੀਵਰਸਿਟੀ) ਦੇ ਚਾਂਸਲਰ ਹਨ, ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਸੁਪ੍ਰਸਿੱਧ ਸਿੱਖ ਚਿੰਤਕ ਕੌਮਾਂਤਰੀ ਅਕਾਦਮੀਸ਼ੀਅਨ ਡਾਕਟਰ ਸਰਬਜਿੰਦਰ ਸਿੰਘ ਨੂੰ ਰੁਤਬੇ ਆਸੀਨ ਕਰ ਦਿੱਤਾ ਗਿਆ ਹੈ । ਵਾਈਸ ਚਾਂਸਲਰ ਸਹਿਬ ਨੇ ਡਾ. ਭੁਪਿੰਦਰ ਕੌਰ ਨੂੰ ਪ੍ਰੋਫੈਸਰ ਡੀਨ, ਡਾ. ਰਾਜਿੰਦਰ ਸਿੰਘ ਅਟਵਾਲ ਨੂੰ ਚਕਿਤਸਾ ਵਿਭਾਗ ਦੇ ਮੁਖੀ ਤੇ ਪ੍ਰੋਫੈਸਰ ਆਫ ਐਮੀਨੈਸ, ਸਮ੍ਰਿਤੀ ਪੁਰੀ ਜੀ ਐਸ ਟੀ ਤੇ ਇਨਕਮ ਟੈਕਸ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਸੁਰਿੰਦਰ ਸਿੰਘ ਨੂੰ ਚੀਫ ਉਸਾਰੀ ਵਿਭਾਗ ਜਲਦੀ ਤੋਂ ਜਲਦੀ ਨਿਯੁਕਤ ਕਰਨ ਦਾ ਇਸ਼ਾਰਾ ਕਰ ਦਿੱਤਾ ਗਿਆ ਹੈ।ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਸਮੂਹ ਟੀਮ ਦੇ ਸੇਵਾਦਾਰਾਂ ਨੇ ਦੱਸਿਆ ਕਿ ਉਪਰੋਕਤ ਪ੍ਰੋਜੈਕਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਸ਼ਾਨਦਾਰ ਵਿਰਾਸਤ ਵਿੱਚ ਇੱਕ ਹੋਰ ਚਮਕਦਾ ਹੀਰਾ ਸਾਬਤ ਹੋਵੇਗਾ । ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਦਫ਼ਤਰ ਦਾ ਰਸਮੀ ਉਦਘਾਟਨ ਕੀਤਾ ਜਾ ਚੁੱਕਾ ਹੈ। ਇਸ ਤੋਂ ਬਾਅਦ ਯੂਨੀਵਰਸਿਟੀ ਦੀਆਂ ਸਾਰੀਆਂ ਜ਼ੁੰਮੇਵਾਰੀਆਂ ਬਹੁਤ ਹੀ ਰਸਮੀ ਤਰੀਕੇ ਨਾਲ ਪ੍ਰੋ. ਡਾ. ਸਰਬਜਿੰਦਰ ਸਿੰਘ ਨੂੰ ਸੌਂਪੀਆਂ ਗਈਆਂ, ਜਿਨ੍ਹਾਂ ਨੇ ਯੂਨੀਵਰਸਿਟੀ ਨੂੰ ਸਿੱਖਿਆ ਦੇ ਖੇਤਰ ਵਿਚ ਨਵੀਆਂ ਬੁਲੰਦੀਆਂ 'ਤੇ ਲਿਜਾਣ ਦਾ ਪ੍ਰਣ ਲਿਆ ।

# ਡੇਰਾ ਬਾਬਾ ਸੁਜਾਨ ਗਿਰ ਦੇ ਮਹੰਤ ਪਰਮਜੀਤ ਗਿਰ ਨੇ ਸਰਕਾਰੀ ਸਕੂਲ ਵਾਲੇ ਬੱਚਿਆਂ ਲਈ ਬੱਸ ਨੂੰ ਦਿੱਤੀ ਝੰਡੀ

ਕੌਹਰੀਆਂ, 28 ਜੁਲਾਈ (ਅਵਤਾਰ ਸਿੰਘ ਜਟਾਣਾ): ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੌਹਰੀਆਂ ਵਿਖੇ ਬੱਚਿਆਂ ਨੂੰ ਟਰਾਂਸਪੋਰਟ ਦੀ ਆ ਰਹੀ ਸਮੱਸਿਆ ਦੇ ਹੱਲ ਲਈ ਡੇਰਾ ਬਾਬਾ ਸੁਜਾਨ ਗਿਰ ਦੇ ਮਹੰਤ ਪਰਮਜੀਤ ਗਿਰ ਜੀ ਵੱਲੋਂ ਵਿਦਿਆਰਥੀਆਂ ਦੇ ਲਈ ਇੱਕ ਨੇਕ ਉਪਰਾਲਾ ਕੀਤਾ ਗਿਆ, ਜਿਸ ਦੇ ਤਹਿਤ ਉਹਨਾਂ ਵੱਲੋਂ ਉਭਿਆ ਤੋਂ ਵਿਦਿਆਰਥੀਆਂ ਨੂੰ ਲੈ ਕੇ ਆਉਣ ਵਾਲੀ ਸਕੂਲ ਬੈਨ ਦਾ ਖਰਚਾ ਚੁੱਕਣ ਦਾ ਬੀੜਾ ਚੁੱਕਿਆ ਗਿਆ । ਇਸ ਤੋਂ ਇਲਾਵਾ ਉਹਨਾਂ ਸਕੂਲ ਦੇ ਹੋਰ ਵਿਕਾਸ ਕਾਰਜਾਂ ਲਈ ਵੀ ਹਰ ਸੰਭਵ ਸਹਾਇਤਾ ਦੇਣ ਦਾ ਵੀ ਭਰੋਸਾ ਦਿੱਤਾ ਗਿਆ। ਮਹੰਤ ਪਰਮਜੀਤ ਗਿਰਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੀ ਇਹ ਦਿੱਲੀ ਇੱਛਾ ਸੀ ਕਿ ਜੋ ਵਿਦਿਆਰਥੀ ਪੈਦਲ ਸਕੂਲ ਆਉਂਦੇ ਹਨ, ਉਹ ਵੀ ਪ੍ਰਾਈਵੇਟ ਸਕੂਲ ਦੇ ਬੱਚਿਆਂ ਦੀ ਤਰ੍ਹਾਂ ਸਕੂਲ ਵੈਨ ਵਿੱਚ ਆਉਣ । ਇਸ ਲਈ ਉਹਨਾਂ ਨੇ ਇਸ ਕਾਰਜ ਲਈ ਪਹਿਲਕਦਮੀ ਕੀਤੀ ਹੈ।ਸਕੂਲ ਪਹੁੰਚਣ 'ਤੇ ਸਕੂਲ ਮੁੱਖੀ ਸਰਦਾਰ ਹਰਸੰਤ ਸਿੰਘ ਢੀਂਡਸਾ, ਲੈਕ. ਕੁਲਦੀਪ ਸਿੰਘ, ਮਾਸਟਰ ਪ੍ਰਗਟ ਸਿੰਘ, ਹਰੀ ਸਿੰਘ, ਪ੍ਰਦੀਪ ਸਿੰਘ, ਹਰਪ੍ਰੀਤ ਕੌਰ, ਬਵੀਤਾ ਗੇਰਾ, ਆਰਤੀ ਸਿੰਗਲਾ ਅਧਿਆਪਕ ਸਾਹਿਬਾਨਾਂ ਵੱਲੋਂ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ ਉਹਨਾਂ ਨੂੰ ਜੀ ਆਇਆਂ ਆਖਿਆ ਗਿਆ। ਸਕੂਲ ਮੁੱਖੀ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਉਭਿਆ ਦੇ ਵਿਦਿਆਰਥੀਆਂ ਨੂੰ ਟਰਾਂਸਪੋਰਟ ਦੀ ਬਹੁਤ ਸਮੱਸਿਆ ਆ ਰਹੀ ਸੀ, ਵਿਦਿਆਰਥੀ ਅਕਸਰ ਸਕੂਲ ਆਉਣ ਸਮੇਂ ਲੇਟ ਹੋ ਜਾਂਦੇ ਸੀ ਅਤੇ ਗਰਮੀ ਕਾਰਨ ਵਿਦਿਆਰਥੀਆਂ ਨੂੰ ਜਾਣ ਸਮੇਂ ਵੀ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ । ਜਿਸ ਕਰਕੇ ਮਹੰਤ ਪਰਮਜੀਤ ਗਿਰ ਜੀ ਵੱਲੋਂ ਇਹ ਉਪਰਾਲਾ ਕੀਤਾ ਗਿਆ, ਜਿਸ ਦੇ ਲਈ ਅਸੀਂ ਉਹਨਾਂ ਦਾ ਹਾਰਦਿਕ ਸਵਾਗਤ ਕਰਦੇ ਹਾਂ। ਉਹਨਾਂ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਸਮੂਹ ਸਟਾਫ, ਵਿਦਿਆਰਥੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ ।

# ਮੇਲਾ ਤੀਆਂ ਦਾ ਮੰਡੀ ਵਾਲੇ ਪਾਰਕ 'ਚ ਮਨਾਇਆ




ਗਿੱਦੜਬਾਹਾ, 28 ਜੁਲਾਈ ( ਐਚ ਐਸ ਕਪੂਰ): ਸਾਵਣ ਦਾ ਮਹੀਨਾ ਆਪਣੇ ਆਪ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਮਹੀਨੇ ਵਿੱਚ ਹਰ ਧੀ ਲਈ ਤੀਆਂ ਦਾ ਮੇਲਾ ਬਹੁਤ ਮਹੱਤਵਪੂਰਨ ਹੁੰਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹਿਰ ਦੇ ਮਾਨਯੋਗ ਹਸਤੀ ਸੁਭਾਸ਼ ਜੈਨ ਲਿਲੀ ਪ੍ਰਧਾਨ ਦੁੱਖ ਨਿਵਾਰਨ ਹਨੂੰਮਾਨ ਮੰਦਰ ਬੈਟਾ ਬਾਜ਼ਾਰ ਮੰਡੀ ਵਾਲੇ ਪਾਰਕ ਵਿੱਚ ਚੱਲ ਰਹੇ ਤੀਆਂ ਦੇ ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੇ ਸੰਬੋਧਨ ਦੇ ਦੌਰਾਨ ਆਈਆਂ ਹੋਈਆਂ ਭੈਣਾਂ ਮਾਤਾਵਾਂ ਬੱਚਿਆਂ ਨੂੰ ਨੌਜਵਾਨਾਂ ਅਤੇ ਬਜ਼ੁਰਗਾਂ ਦੇ ਸਨਮੁੱਖ ਕੀਤੇ। ਉਹਨਾਂ ਨੇ ਕਿਹਾ ਕਿ ਹਰ ਬੇਟੀ ਆਪਣੇ ਸਹੁਰਿਆਂ ਤੋਂ ਸਾਵਣ ਦੇ ਮਹੀਨੇ ਵਿੱਚ ਹਰਿਆਲੀ ਤੀਜ ਦੇ ਪਵਿੱਤਰ ਦਿਹਾੜੇ 'ਤੇ ਆਪਣੇ ਪੇਕੇ ਘਰ ਆਈ ਹੁੰਦੀ ਹੈ। ਜਿੱਥੇ ਉਹ ਬੜੇ ਚਾਅ ਨਾਲ ਪੀਂਘਾਂ ਝੂਟਦੀਆਂ ਹਨ ਅਤੇ ਖੁਸ਼ੀਆਂ ਮਨਾਉਂਦੀਆਂ ਹਨ। ਉਹਨਾਂ ਨੇ ਤੀਆਂ ਦੇ ਮੇਲੇ ਵਿੱਚ ਆਏ ਹੋਏ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਮਾਜ ਨਿਰਮਾਣ ਦੇ ਲਈ ਆਪਣੇ ਆਪ ਨੂੰ ਅੱਗੇ ਲਿਆਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ। ਉਹਨਾਂ ਨੇ ਹਰਿਆਲੀ ਤੀਜ ਦੇ ਪਾਵਨ ਮੌਕੇ 'ਤੇ ਆਪਣੇ ਸੰਬੋਧਨ ਦੌਰਾਨ ਹਰ ਕਿਸੇ ਨੂੰ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਰੱਖਣ ਦੀ ਵੀ ਅਪੀਲ ਕੀਤੀ ਤਾਂ ਜੋ ਤੇਜ਼ ਪੈ ਰਹੀ ਗਰਮੀ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਦੂਰ ਰਿਹਾ ਜਾ ਸਕੇ। ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦਿਨੇਸ਼ ਕੁਮਾਰ ਬੌਬੀ ਸਿੰਗਲਾ ਜ਼ਿਲ੍ਹਾ ਪ੍ਰਧਾਨ ਅਗਰਵਾਲ ਸਭਾ ਸ੍ਰੀ ਮੁਕਤਸਰ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ ਪਹੁੰਚਦਿਆਂ ਦੱਸਿਆ ਕਿ ਇਸ ਤੀਆਂ ਦਾ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹਿਰ ਦੇ ਮੰਡੀ ਵਾਲੇ ਭਾਰਤ ਵਿੱਚ ਮਹਿਲਾ ਦੁੱਖ ਨਿਵਾਰਨ ਵੈਲਫੇਅਰ ਸੋਸਾਇਟੀ ਰਜਿਸਟਰਡ ਦੇ ਸੰਸਥਾਪਕ ਪਰਵੀਨ ਜਿੰਦਲ ਵੱਲੋਂ ਮਨਾਇਆ ਗਿਆ। ਜਿਸ ਵਿੱਚ ਕਰੀਬ 80 ਬੱਚੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਵਾਹਵਾਹ ਲੁੱਟੀ।ਤੀਆਂ ਦਾ ਮੇਲਾ ਕਰਵਾਉਣ ਦਾ ਮਾਤਰ ਇੱਕ ਹੀ ਮਕਸਦ ਰਹਿੰਦਾ ਹੈ ਕਿ ਅੱਜ ਕੱਲ ਬੱਚੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਅਤੇ ਹਰ ਬੱਚੇ ਨੂੰ ਪੰਜਾਬ ਦੇ ਸੱਭਿਆਚਾਰ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਡਾਕਟਰ ਸਵਰਨ ਲਤਾ ਸਿੰਗਲਾ ਨੇ ਦੱਸਿਆ ਕਿ ਛੋਟੀਆਂ ਛੋਟੀਆਂ ਬੱਚੀਆਂ ਜਦੋਂ ਪੰਜਾਬੀ ਪਹਿਰਾਵੇ ਵਿੱਚ ਸਟੇਜ 'ਤੇ ਪ੍ਰੋਗਰਾਮ ਪੇਸ਼ ਕਰ ਰਹੀਆਂ ਸਨ ਤਾਂ ਮਨ ਬੜਾ ਖੁਸ਼ ਹੋ ਰਿਹਾ ਸੀ। ਪੰਜਾਬੀ ਸੱਭਿਆਚਾਰਕ ਗੀਤਾਂ 'ਤੇ ਬੱਚੀਆਂ ਵੱਲੋਂ ਸੱਭਿਆਚਾਰਕ ਡਾਂਸ ਪੇਸ਼ ਕੀਤੇ ਗਏ। ਸ਼ਹਿਰ ਦੇ ਜਾਨੇ ਮਾਨੇ ਹਸਤੀ ਅਤੇ ਗੀਤਕਾਰ ਅਨਿਲ ਗਰਗ ਜੀ ਵੱਲੋਂ ਜਦੋਂ ਭੋਲੇ ਸ਼ੰਕਰ ਦਾ ਭਜਨ ਭੋਲੇ ਓ ਭੋਲੇ ਪੇਸ਼ ਕੀਤਾ ਗਿਆ ਤਾਂ ਮੰਡੀ ਵਾਲੇ ਪਾਰਕ ਵਿੱਚ ਤਾਲੀਆਂ ਦੀ ਗੂੰਜ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਮੇਲੇ ਵਿੱਚ ਆਈਆਂ ਸਾਰੀਆਂ ਹੀ ਸੰਗਤਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ। ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਬੱਚਿਆਂ ਨੂੰ ਮਹਿਲਾ ਦੁੱਖ ਨਿਵਾਰਨ ਵੈਲਫੇਅਰ ਸੋਸਾਇਟੀ ਰਜਿਸਟਰਡ ਗਿੱਦੜਬਾਹਾ ਵੱਲੋਂ ਸੁਭਾਸ਼ ਜੈਨ ਲੀਲੀ, ਦਿਨੇਸ਼ ਕੁਮਾਰ ਬੌਬੀ ਸਿੰਗਲਾ ਅਤੇ ਉਹਨਾਂ ਦੀ ਧਰਮ ਪਤਨੀ ਸੁਮਨ ਲਤਾ ਸਿੰਗਲਾ ਜੀ, ਡਾਕਟਰ ਸਵਰਨ ਲਤਾ ਸਿੰਗਲਾ ਸ਼ਾਮ ਲਾਲ ਗਰਗ ਜੀ ਮੁਨੀਸ਼ ਗਰਗ ਜੀ ਅਤੇ ਸਾਬਕਾ ਪ੍ਰਧਾਨ ਕਰਿਆਨਾ ਮਰਚੈਂਟ ਐਸੋਸੀਏਸ਼ਨ ਦੇ ਵਰਿੰਦਰ ਅਗਰਵਾਲ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।ਗਿੱਦੜਬਾਹਾ ਦੇ ਥਾਣਾ ਇੰਚਾਰਜ ਅਵਤਾਰ ਸਿੰਘ ਰਾਜਪਾਲ ਅਤੇ ਥਾਣਾ ਮੁਖੀ ਮੈਡਮ ਦੀਪਿਕਾ ਰਾਣੀ ਕੰਬੋਜ ਵੱਲੋਂ ਮੰਡੀ ਵਾਲੇ ਪਾਰਕ ਵਿੱਚ ਪੰਜਾਬ ਪੁਲਿਸ ਦੇ ਨੌਜਵਾਨਾਂ ਅਤੇ ਭੈਣਾਂ ਦੇ ਡਿਊਟੀ ਵੀ ਸੁਰੱਖਿਆ ਦੇ ਪ੍ਰਬੰਧਾਂ ਨੂੰ ਸੁਚਾਰੂ ਰੂਪ ਨਾਲ ਚਲਾਉਣ ਦੇ ਲਈ ਲਗਾਏ ਗਏ।ਗਰਗ ਕਾਕਾ ਦਵਾਈਆਂ ਵਾਲੇ ਆਦਿ ਨੇ ਪਹੁੰਚ ਕੇ ਮੇਲੇ ਦੀ ਸ਼ੋਭਾ ਵਧਾਈ ।

# ਅਮੀਰ ਬਣਨ ਦੀ ਲਾਲਸਾ ਲੈ ਡੁੱਬੀ, ਵਪਾਰੀ ਤੋਂ ਫਿਰੌਤੀ ਮੰਗਣ ਵਾਲੇ ਤਿੰਨ ਮਜ਼ਦੂਰ ਪੁਲਿਸ ਵੱਲੋਂ ਕਾਬੂ

ਬਠਿੰਡਾ, 28 ਜੁਲਾਈ (ਦੀਪਕ ਸ਼ਰਮਾ): ਤਲਵੰਡੀ ਸਾਬੋ ਦੇ ਇੱਕ ਵਪਾਰੀ ਨੂੰ ਫੋਨ 'ਤੇ ਗੈਂਗਸਟਰ ਦੇ ਨਾਂ 'ਤੇ ਫਿਰੌਤੀ ਮੰਗਣ ਵਾਲੇ ਤਿੰਨ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਦਿਲਚਸਪ ਗੱਲ ਇਹ ਹੈ ਕਿ ਫੋਨ 'ਤੇ ਧਮਕੀਆਂ ਦੇਣ ਵਾਲੇ ਇਹ ਵਿਅਕਤੀ ਮਿਹਨਤ-ਮਜ਼ਦੂਰੀ ਦਾ ਕੰਮ ਕਰਦੇ ਹਨ । ਜਲਦੀ ਅਮੀਰ ਬਣਨ ਦੀ ਲਾਲਸਾ ਵਿੱਚ ਉਨ੍ਹਾਂ ਨੇ ਗੈਂਗਸਟਰਾਂ ਦਾ ਨਾਂ ਵਰਤ ਕੇ ਫਿਰੌਤੀ ਮੰਗਣ ਦੀ ਕੋਸ਼ਿਸ਼ ਕੀਤੀ। ਫਿਲਹਾਲ, ਥਾਣਾ ਤਲਵੰਡੀ ਸਾਬੋ ਪੁਲਿਸ ਨੇ ਤਿੰਨਾਂ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਨੇ ਇਸ ਤੋਂ ਪਹਿਲਾਂ ਵੀ ਕਿਸੇ ਵਪਾਰੀ ਤੋਂ ਫਿਰੌਤੀ ਮੰਗੀ ਹੈ ਜਾਂ ਨਹੀਂ। ਇਸ ਸਬੰਧੀ ਡੀਐਸਪੀ ਤਲਵੰਡੀ ਸਾਬੋ ਰਾਜੇਸ਼ ਸਨੇਹੀ ਨੇ ਦੱਸਿਆ ਕਿ ਥਾਣਾ ਤਲਵੰਡੀ ਸਾਬੋ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਤਲਵੰਡੀ ਸਾਬੋ ਦੇ ਵਸਨੀਕ ਇੱਕ ਵਪਾਰੀ ਨੇ ਦੱਸਿਆ ਕਿ ਲੰਘੀ 25 ਜੁਲਾਈ ਦੀ ਰਾਤ ਕਰੀਬ 9 ਵਜੇ ਉਸਨੂੰ ਇੱਕ ਅਣਪਛਾਤੇ ਨੰਬਰ ਤੋਂ ਫੋਨ ਆਇਆ । ਫੋਨ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਇੱਕ ਗੈਂਗਸਟਰ ਦੱਸਿਆ ਅਤੇ ਉਸ ਕੋਲੋਂ ਢਾਈ ਲੱਖ ਰੁਪਏ ਦੀ ਮੰਗ ਕੀਤੀ। ਪੈਸੇ ਨਾ ਦੇਣ 'ਤੇ ਉਸਨੂੰ ਧਮਕੀਆਂ ਵੀ ਦਿੱਤੀਆਂ ਗਈਆਂ। ਪੀੜਤ ਵਪਾਰੀ ਨੇ ਦੱਸਿਆ ਕਿ ਜਦੋਂ ਉਸਨੇ ਅਣਪਛਾਤੇ ਮੁਲਜ਼ਮ ਨੂੰ ਕਿਹਾ ਕਿ ਉਸਦੇ ਕੋਲ ਪੈਸੇ ਨਹੀਂ ਹਨ, ਤਾਂ ਉਸਨੇ ਇੱਕ ਲੱਖ ਰੁਪਏ ਦੇਣ ਦੀ ਮੰਗ ਰੱਖੀ। ਜਦੋਂ ਪੀੜਤ ਨੇ ਇਹ ਰਕਮ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਤਾਂ ਮੁਲਜ਼ਮ ਨੇ ਉਸਨੂੰ ਦੁਬਾਰਾ ਕਿਹਾ ਕਿ ਉਹ ਆਪਣਾ ਆਦਮੀ ਉਸਦੇ ਘਰ ਭੇਜ ਰਿਹਾ ਹੈ ਅਤੇ ਉਸਨੂੰ 50 ਹਜ਼ਾਰ ਰੁਪਏ ਹੀ ਦੇ ਦੇਵੇ । ਪੀੜਤ ਨੇ ਕਿਹਾ ਕਿ ਉਹ ਕੁਝ ਮਰਜ਼ੀ ਕਰ ਲਵੇ, ਪਰ ਉਹ ਪੈਸੇ ਨਹੀਂ ਦੇਵੇਗਾ। ਜਿਸ ਤੋਂ ਬਾਅਦ ਉਸਨੇ ਮਾਮਲੇ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਸ਼ਿਕਾਇਤ ਮਿਲਣ 'ਤੇ ਪੁਲਿਸ ਨੇ ਪੀੜਤ ਵਪਾਰੀ ਦੇ ਬਿਆਨਾਂ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਜਿਸ ਮੋਬਾਈਲ ਨੰਬਰ ਤੋਂ ਫੋਨ ਆਇਆ ਸੀ, ਉਸਦੀ ਪੜਤਾਲ ਕਰਨ 'ਤੇ ਪਤਾ ਚੱਲਿਆ ਕਿ ਇਹ ਫੋਨ ਨੰਬਰ ਮੁਲਜ਼ਮ ਇੰਦਰਜੀਤ ਸਿੰਘ ਵਾਸੀ ਤਲਵੰਡੀ ਸਾਬੋ ਦੇ ਨਾਂ 'ਤੇ ਰਜਿਸਟਰਡ ਹੈ। ਜਿਸ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਇੰਦਰਜੀਤ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਸਨੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਉਸਨੇ ਆਪਣੇ ਦੋ ਸਾਥੀ ਨਜ਼ੀਰ ਖਾਨ ਅਤੇ ਸਲੀਮ ਖਾਨ ਵਾਸੀ ਤਲਵੰਡੀ ਸਾਬੋ ਦੇ ਨਾਂ ਵੀ ਦੱਸੇ। ਜਿਸ ਤੋਂ ਬਾਅਦ ਪੁਲਿਸ ਟੀਮ ਨੇ ਛਾਪਾ ਮਾਰ ਕੇ ਦੋਵਾਂ ਮੁਲਜ਼ਮਾਂ ਨੂੰ ਵੀ ਗ੍ਰਿਫਤਾਰ ਕਰ ਲਿਆ । ਇਸ ਸਬੰਧੀ ਡੀਐਸਪੀ ਨੇ ਦੱਸਿਆ ਕਿ ਤਿੰਨਾਂ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਹ ਕਿਸੇ ਗੈਂਗਸਟਰ ਨਾਲ ਜੁੜੇ ਹੋਏ ਹਨ ਜਾਂ ਨਹੀਂ । ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਡੀਐਸਪੀ ਅਨੁਸਾਰ ਮੁਢਲੀ ਪੜਤਾਲ 'ਚ ਖੁਲਾਸਾ ਹੋਇਆ ਹੈ ਕਿ ਤਿੰਨੋਂ ਮੁਲਜ਼ਮ ਮਿਹਨਤ-ਮਜ਼ਦੂਰੀ ਦਾ ਕੰਮ ਕਰਦੇ ਹਨ ਅਤੇ ਜਲਦੀ ਅਮੀਰ ਬਣਨ ਦੇ ਚੱਕਰ ਵਿੱਚ ਉਨ੍ਹਾਂ ਨੇ ਫਿਰੌਤੀ ਮੰਗਣ ਦੀ ਕੋਸ਼ਿਸ਼ ਕੀਤੀ ਸੀ । ਪੁਲਿਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਇਹਨਾਂ ਨੇ ਪਹਿਲਾਂ ਵੀ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ ?

# ਅਕਾਲੀ ਦਲ ਦੇ ਸੀਨੀਅਰ ਆਗੂ ਦਵਿੰਦਰ ਕੁਮਾਰ ਨੀਟੂ ਨੂੰ ਸਦਮਾ, ਮਾਤਾ ਦਾ ਹੋਇਆ ਦੇਹਾਂਤ



ਲਹਿਰਾਗਾਗਾ, 28 ਜੁਲਾਈ (ਗੁਰਦੀਪ ਸਿੰਘ): ਸ਼੍ਰੋਮਣੀ ਅਕਾਲੀ ਦਲ ਸਾਬਕਾ ਸ਼ਹਿਰੀ ਪ੍ਰਧਾਨ ਅਤੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਦੇ ਨੇੜਲੇ ਸਾਥੀ ਦਵਿੰਦਰ ਕੁਮਾਰ ਨੀਟੂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਅੱਜ ਸਵੇਰੇ ਉਹਨਾਂ ਦੇ ਮਾਤਾ ਸ੍ਰੀਮਤੀ ਵਿਦਿਆ ਦੇਵੀ ਜੀ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ, ਉਹ ਲਗਭਗ 85 ਸਾਲ ਦੇ ਸਨ, ਉਹਨਾਂ ਦੀ ਅੰਤਿਮ ਅਰਦਾਸ ਸੱਤ ਅਗਸਤ ਦਿਨ ਵੀਰਵਾਰ ਨੂੰ ਜੀ ਪੀ ਐਫ ਕੰਪਲੈਕਸ ਲਹਿਰਾਗਾਗਾ ਵਿਖੇ ਕੀਤੀ ਜਾਵੇਗੀ, ਉਹਨਾਂ ਦੇ ਅਕਾਲ ਚਲਾਣੇ 'ਤੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਮੈਂਬਰ ਧਰਮ ਪ੍ਰਚਾਰ ਸ਼੍ਰੋਮਣੀ ਕਮੇਟੀ, ਬੀਬੀ ਪਰਮਜੀਤ ਕੌਰ ਭੰਗੂ ਮੈਂਬਰ ਐਸਜੀਪੀਸੀ, ਗਿਆਨੀ ਨਿਰੰਜਨ ਸਿੰਘ ਭੁਟਾਲ, ਗੁਰਬਿੰਦਰ ਸਿੰਘ ਸਰਾਓ ਏ ਡੀ ਸੀ, ਗੁਰਦੀਪ ਸਿੰਘ ਕੋਟੜਾ ਸਾਬਕਾ ਚੇਅਰਮੈਨ, ਗੁਰਸੰਤ ਸਿੰਘ ਭੁਟਾਲ ਸਾਬਕਾ ਚੇਅਰਮੈਨ, ਪ੍ਰੀਤ ਮਹਿੰਦਰ ਸਿੰਘ ਭਾਈ ਕੀ ਪਿਸ਼ੌਰ, ਪਾਲਾ ਸਿੰਘ ਗੋਹਲਾ ਸਾਬਕਾ ਚੇਅਰਮੈਨ, ਜਸਵੰਤ ਸਿੰਘ ਹੈਪੀ, ਬਾਬਰਜੀਤ ਸਿੰਘ ਗਾਗਾ, ਸੰਜੇ ਸਿੰਗਲਾ, ਪਾਲਾ ਰਾਮ, ਸੁਖਵਿੰਦਰ ਸਿੰਘ ਬਿੱਲੂ ਖੰਡੇਬਾਦ, ਅੰਮ੍ਰਿਤਪਾਲ ਸਿੰਘ ਕਾਲੀਆ, ਗੁਲਜਾਰ ਸਿੰਘ ਜਵੰਦਾ, ਛੱਜੂ ਸਿੰਘ ਧਾਲੀਵਾਲ, ਮਦਨ ਸਿੰਘ ਕਲੇਰ, ਬੀਬੀ ਹਰਦੀਪ ਕੌਰ ਰਾਏਧਰਾਣਾ, ਗੁਰਲਾਲ ਸਿੰਘ ਜਲੂਰ ਨੇ ਦੁੱਖ ਪ੍ਰਗਟ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ

# ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਅਕੈਡਮਿਕ ਵਰਲਡ ਸਕੂਲ ਖੋਖਰ ਦੇ ਵਿਦਿਆਰਥੀਆਂ ਨੇ ਬਾਜ਼ੀ ਮਾਰੀ



ਲਹਿਰਾਗਾਗਾ, 28 ਜੁਲਾਈ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): ਸੁਨਾਮ ਵਿਖੇ ਜ਼ੋਨ ਪੱਧਰੀ ਐਸ .ਯੂ.ਐਸ ਸਕੂਲ ਆਫ ਐਮੀਨੈਂਸ ਸਕੂਲ, ਸੁਨਾਮ ਵਿਖੇ ਤਾਈਕਵਾਂਡੋ ਦੇ ਮੁਕਾਬਲੇ ਹੋਏ। ਜਿਸ ਵਿਚ ਇਲਾਕੇ ਦੇ ਵੱਖੋ ਵੱਖਰੇ ਸਕੂਲਾਂ ਦੀਆ ਟੀਮਾਂ ਨੇ ਹਿੱਸਾ ਲਿਆ। ਜਿਸ ਅਕੈਡਮਿਕ ਵਰਲਡ ਸਕੂਲ ਖੋਖਰ ਦੇ ਵਿਦਿਆਰਥੀ (ਲੜਕੇ ਅਤੇ ਲੜਕੀਆਂ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਵਿਚ ਅੰਡਰ-14 ਦੀ ਲੜਕੀਆਂ, ਅੰਡਰ-14 ਲੜਕੇ ਅਤੇ ਅੰਡਰ-17 ਦੇ ਅਲੱਗ-ਅਲੱਗ ਭਾਰ ਵਰਗ ਦੇ 24 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਾਰੇ ਵਿਦਿਆਰਥੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਜਿਸਦੇ ਸਦਕੇ ਇਹਨਾਂ ਵਿਦਿਆਰਥੀਆਂ ਵਿੱਚੋਂ 21 ਵਿਦਿਆਰਥੀਆਂ ਨੇ ਮੈਚ ਵਿਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਆਪਣਾ ਨਾਮ ਦਰਜ ਕੀਤਾ । ਜਿਸ ਵਿੱਚ ਅੰਡਰ-14 ਕੁੜੀਆਂ ਨਵਿਆਂ (26 ਕਿਲੋ), ਹਰਸਿਮਰਤ (29 ਕਿਲੋ), ਨਿਮਰਤ ਕੌਰ ( 32 ਕਿਲੋ), ਭਾਵਨਾ (35 ਕਿਲੋ), ਅੰਡਰ-17 ਮਨਪ੍ਰੀਤ ਕੌਰ(52 ਕਿਲੋ), ਜਸਪ੍ਰੀਤ ਕੌਰ (42 ਕਿਲੋ), ਸਤਵੀਰ ਕੌਰ (59 ਕਿਲੋ), ਖੁਸ਼ਪ੍ਰੀਤ ਕੌਰ(54 ਕਿਲੋ) ਨੇ ਪਹਿਲਾਂ ਸਥਾਨ ਹਾਸਲ ਕੀਤਾ। ਅੰਡਰ-17 ਲੜਕੇ ਬਲਰਾਜ ਸਿੰਘ (38 ਕਿਲੋ), ਸਹਿਜਦੀਪ ਸ਼ਰਮਾ(45 ਕਿਲੋ), ਨੂਰਦੀਪ ਸਿੰਘ (68 ਕਿਲੋ), ਅੰਡਰ-19 ਕਰਨਵੀਰ ਸ਼ਰਮਾ (51 ਕਿਲੋ), ਅਰਮਾਨਦੀਪ ਸਿੰਘ ਚੱਠਾ (55ਕਿਲੋ), ਭਾਗ ਪ੍ਰੀਤ ਸਿੰਘ (59 ਕਿਲੋ), ਹਰਸਦੀਪ ਸਿੰਘ (63 ਕਿਲੋ), ਹਰਮਨਦੀਪ ਸਿੰਘ (73 ਕਿਲੋ) , ਅੰਡਰ-14 ਮੋਹਿਤਦੀਪ ਸਿੰਘ (32 ਕਿਲੋ), ਸਹਿਜਪ੍ਰੀਤ ਸਿੰਘ (38 ਕਿਲੋ), ਗੁਰਿੰਦਰ ਸਿੰਘ (41 ਕਿਲੋ) ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸਪਲ ਬਬੀ ਵਰਗੇਸ ਨੇ ਬੱਚਿਆਂ ਨੂੰ ਓਹਨਾਂ ਦੀ ਜਿੱਤ ਦੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਜਿਸ ਤਰ੍ਹਾਂ ਬੱਚਿਆਂ ਨੇ ਅੱਜ ਪ੍ਰਦਰਸ਼ਨ ਕੀਤਾ, ਅੱਗੇ ਵੀ ਇਸ ਤਰ੍ਹਾਂ ਹੀ ਕਰਦੇ ਰਹਿਣਗੇ ਅਤੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਦਾ ਵੀ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ । ਇਕ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸ ਹੁੰਦਾ ਹੈ । ਇਸ ਮੌਕੇ ਸਕੂਲ ਦੇ ਚੇਅਰਮੈਨ ਸੰਜੇ ਸਿੰਗਲਾ ਨੇ ਬੱਚਿਆਂ ਨੂੰ ਅਤੇ ਓਹਨਾਂ ਦੇ ਕੋਚ ਸੁਰਿੰਦਰ ਸਿੰਘ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਜਿੱਤ ਬੱਚਿਆਂ ਅਤੇ ਓਹਨਾਂ ਦੇ ਕੋਚ ਦੀ ਮਿਹਨਤ ਸਦਕਾ ਹੀ ਪ੍ਰਾਪਤ ਹੋਈ ਹੈ ਅਤੇ ਉਹ ਇਹਨਾਂ ਦੇ ਉੱਜਵਲ ਭਵਿੱਖ ਅਤੇ ਹੋਰ ਸ਼ਾਨਦਾਰ ਜਿੱਤ ਦੀ ਕਾਮਨਾ ਕਰਦੇ ਹਨ । ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਡੀ. ਪੀ.ਈ. ਸੁਰਿੰਦਰ, ਸੁਰਭੀ, ਮਨਪ੍ਰੀਤ, ਨੇਵੀ, ਹਰਸਿਤਾ, ਮਨਦੀਪ, ਗਗਨਦੀਪ, ਗੁਰਵਿੰਦਰ, ਹਰਪ੍ਰੀਤ, ਸਾਕਸ਼ੀ , ਤਮੰਨਾ , ਜਸ਼ਨਦੀਪ, ਰਕਸੀਨ, ਕਾਜਲ,ਹੀਨਾ, ਦਿਕਸ਼ਾ ਆਦਿ ਸ਼ਾਮਲ ਸਨ । ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਡੀ. ਪੀ. ਈ. ਸੁਰਿੰਦਰ, ਸੁਰਭੀ , ਮਨਪ੍ਰੀਤ, ਨੇਵੀ, ਮੀਨਾ, ਮਨਦੀਪ, ਗਗਨਦੀਪ, ਗੁਰਵਿੰਦਰ, ਹਰਪ੍ਰੀਤ, ਸਾਕਸ਼ੀ , ਤਮੰਨਾ , ਜਸ਼ਨਦੀਪ, ਰਕਸੀਨ, ਕਾਜਲ, ਹੀਨਾ, ਦਿਕਸ਼ਾ ਆਦਿ ਸ਼ਾਮਲ ਸਨ।

# ਯੁੱਧ ਨਸ਼ਿਆਂ ਵਿਰੁੱਧ: ਕੇਂਦਰੀ ਜੇਲ੍ਹ ਦੀ ਅਚਨਚੇਤ ਚੈਕਿੰਗ



ਬਠਿੰਡਾ, 28 ਜੁਲਾਈ (ਦੀਪਕ ਸ਼ਰਮਾ): ਸੂਬੇ ਦੀ ਸਭ ਤੋਂ ਸੁਰੱਖਿਅਤ ਮੰਨੀ ਜਾਂਦੀ ਕੇਂਦਰੀ ਜੇਲ੍ਹ ਵਿੱਚ ਬਠਿੰਡਾ ਵਿੱਚ ਅੱਜ ਪੁਲਿਸ ਵੱਲੋਂ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮਾਂ ਨੇ ਜੇਲ੍ਹ ਦਾ ਚੱਪਾ ਚੱਪਾ ਛਾਣਿਆ । ਦਿਨ ਚੜ੍ਹਦੇ ਸਾਰ ਇਹ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਸੈਂਕੜੇ ਪੁਲਿਸ ਮੁਲਾਜ਼ਮਾਂ ਨੇ ਕੇਂਦਰੀ ਜੇਲ੍ਹ ਨੂੰ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਸੀ। ਜਿਸ ਤੋਂ ਬਾਅਦ ਜੇਲ੍ਹ ਦੇ ਹਰ ਇੱਕ ਕੋਨੇ ਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ ਗਿਆ । ਦੱਸਣਾ ਬਣਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅਤੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਦੇ ਨਿਰਦੇਸ਼ਾਂ ਅਨੁਸਾਰ ਪੁਲਿਸ ਵੱਲੋਂ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ ।ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਨੇ ਦੱਸਿਆ ਕਿ ਇਸ ਅਚਨਚੇਤ ਚੈਕਿੰਗ ਦਾ ਮੁੱਖ ਮਕਸਦ ਜੇਲ੍ਹਾਂ ਵਿੱਚੋਂ ਨਸ਼ਿਆਂ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣਾ, ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਕਿਸੇ ਵੀ ਅਣਚਾਹੀ ਘਟਨਾ ਨੂੰ ਟਾਲਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਨਸ਼ਿਆਂ ਵਿਰੁੱਧ ਇਸ ਜੰਗ ਲਈ ਪੂਰੀ ਤਰ੍ਹਾਂ ਵਚਨਬੱਧ ਅਤੇ ਯਤਨਸ਼ੀਲ ਹੈ।ਇਸ ਦੌਰਾਨ, ਐਸ.ਪੀ. ਇਨਵੈਸਟੀਗੇਸ਼ਨ ਜਸਮੀਤ ਸਿੰਘ ਸਾਹੀਵਾਲ, ਡੀ.ਐਸ.ਪੀ. ਸਿਟੀ-2 ਸਰਬਜੀਤ ਸਿੰਘ ਬਰਾੜ ਅਤੇ ਡੀ.ਐੱਸ.ਪੀ. ਮਨਮੋਹਨ ਸਿੰਘ ਸਰਨਾ ਸਮੇਤ ਕਈ ਹੋਰ ਅਧਿਕਾਰੀ ਵੀ ਮੌਜੂਦ ਸਨ।

# ਕੀਮਤੀ ਜਾਨਾਂ ਬਚਾਉਣ ਲਈ ਲੋਕ ਵੱਧ ਤੋਂ ਵੱਧ ਖ਼ੂਨਦਾਨ ਕਰਨ : ਦਲਬੀਰ ਢਿੱਲੋਂ




ਧੂਰੀ, 28 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਪਰਿਵਰਤਨ ਮਾਲਵਾ ਫਰੈਂਡਜ਼ ਵੈਲਫੇਅਰ ਸੁਸਾਇਟੀ ਧੂਰੀ ਅਤੇ ਸਟੈਪ ਔਨ ਸੁਸਾਇਟੀ ਧੂਰੀ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ ਸਨਾਤਨ ਧਰਮ ਸਭਾ ਹਾਲ ਧੂਰੀ ਵਿਖੇ ਲਗਾਇਆ ਗਿਆ। ਇਸ ਕੈਂਪ ਦੇ ਵਿੱਚ 225 ਤੋਂ ਜ਼ਿਆਦਾ ਖ਼ੂਨਦਾਨ ਦੇ ਯੂਨਿਟ ਇਕੱਤਰ ਕੀਤੇ ਗਏ । ਕੈਂਪ ਵਿੱਚੋਂ ਸਰਕਾਰੀ ਬਲੱਡ ਬੈਂਕ ਸੰਗਰੂਰ ਦੀ ਟੀਮ ਵੱਲੋਂ ਖ਼ੂਨ ਇਕੱਤਰਤ ਕੀਤਾ ਗਿਆ। ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਸਟੈਪ ਆਨ ਸੁਸਾਇਟੀ ਦੇ ਪ੍ਰਧਾਨ ਰੋਮੀ ਢੰਡ ਅਤੇ ਪਰਿਵਰਤਨ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਡਿੰਪੀ ਵੱਲੋਂ ਦੱਸਿਆ ਗਿਆ ਕਿ ਬਹੁਤ ਹੀ ਦਿਨਾਂ ਤੋਂ ਸੰਗਰੂਰ ਬਲੱਡ ਬੈਂਕ ਵਿਚ ਖ਼ੂਨ ਦੀ ਬਹੁਤ ਕਮੀ ਚੱਲ ਰਹੀ ਸੀ, ਜਿਸ ਨੂੰ ਦੇਖਦੇ ਹੋਏ ਇਹ ਖ਼ੂਨ ਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਦਲਬੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਰਾਜ ਫੂਡ ਕਮਿਸ਼ਨ ਦੇ ਮੈਂਬਰ ਜੱਸੀ ਸੇਖੋਂ, ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਕਾਤਰੋਂ ਨੇ ਸ਼ਿਰਕਤ ਕੀਤੀ ਤੇ ਖ਼ੂਨਦਾਨੀਆਂ ਦਾ ਸਨਮਾਨ ਕੀਤਾ । ਇਸ ਮੌਕੇ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੇ ਵੀ ਕੈਂਪ ਵਿੱਚ ਪਹੁੰਚ ਕੇ ਖ਼ੂਨਦਾਨ ਕੀਤਾ ਅਤੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ। ਬੁਲਾਰਿਆਂ ਨੇ ਲੋਕਾਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਅਤੇ ਖ਼ੂਨਦਾਨੀਆਂ ਨੂੰ ਵੱਧ ਤੋਂ ਵੱਧ ਅਜਿਹੇ ਕੰਮਾਂ ਵਿੱਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ ਤਾਂ ਜੋ ਖ਼ੂਨ ਦੀ ਕਮੀ ਨਾਲ ਕਿਸੇ ਦੀ ਵੀ ਜਾਨ ਨਾ ਜਾ ਸਕੇ । ਇਸ ਮੌਕੇ ਗੁਰਤੇਜ ਸਿੰਘ ਤੇਜੀ, ਅਮਨਪ੍ਰੀਤ ਬਾਵਾ, ਰਿੰਕੂ ਬਾਂਸਲ, ਰਜਨੀਸ਼ ਗਰਗ, ਹਰਿੰਦਰ ਸ਼ਰਮਾ, ਸੰਦੀਪ ਵਰਮਾ, ਜੈਕੀ ਜਿੰਦਲ, ਗੁਰਤੇਜ ਸਿੰਘ ਮਾਨ, ਜਸਵਿੰਦਰ ਸਿੰਘ, ਜਗਰੂਪ ਸਿੰਘ, ਬੱਬੂ ਰਣੀਕੇ, ਰਿਜੂ ਸ਼ਰਮਾ, ਅਮਨਦੀਪ ਕੌਰ, ਮਨੋਜ ਸ਼ਰਮਾ, ਧਰਮ ਸਿੰਘ, ਕਿਰਨ ਬਾਲਾ, ਜਸਕੀਰਤ ਸਿੰਘ, ਰਮਨ, ਕਮਲਜੀਤ ਸ਼ਰਮਾ, ਗੁਲਸ਼ਨ ਭਾਟੀਆ, ਸੁਖਵੀਰ ਸਿੰਘ ਮਾਨ, ਰੇਖਾ ਰਾਣੀ ਅਤੇ ਸਾਥੀ ਮੈਂਬਰ ਹਾਜ਼ਰ ਸਨ।

# ਜਹਾਂਗੀਰ ਦੀ ਪੰਚਾਇਤ ਵੱਲੋਂ ਨਸ਼ਿਆਂ ਖ਼ਿਲਾਫ਼ ਮਤਾ ਪਾਸ

ਧੂਰੀ, 28 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ):ਸਰਪੰਚ ਬੀਬੀ ਰੁਪਿੰਦਰ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਜਹਾਂਗੀਰ ਦੀ ਅਗਵਾਈ ਹੇਠ ਕਿਸਾਨ ਜਥੇਬੰਦੀਆਂ ਅਤੇ ਪਿੰਡ ਵਾਸੀਆਂ ਨੇ 'ਜਹਾਂਗੀਰ' ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲੈਂਦਿਆਂ ਨਸ਼ਾ ਵੇਚਣ ਵਾਲਿਆਂ ਨੂੰ ਆਪਣੇ ਕਾਰੋਬਾਰ ਬੰਦ ਕਰਨ ਲਈ ਤਾੜਨਾ ਕੀਤੀ ਹੈ। ਪਿੰਡ ਜਹਾਂਗੀਰ ਦੇ ਦਰਵਾਜ਼ੇ ਪਿੰਡ ਦੇ ਪੰਚਾਇਤੀ ਨੁਮਾਇੰਦਿਆਂ, ਕਿਸਾਨ ਜਥੇਬੰਦੀਆਂ ਦੇ ਚੋਣਵੇਂ ਆਗੂਆਂ ਅਤੇ ਸਮੂਹ ਪਿੰਡ ਵਾਸੀਆਂ ਨੇ ਇਕੱਤਰਤਾ ਕਰਕੇ ਫੈਸਲਾ ਕੀਤਾ ਕਿ ਪਿੰਡ ਵਿੱਚ ਨਸ਼ੇ ਵੇਚਣ ਵਾਲੇ ਦੀ ਸੂਚਨਾ ਸਿੱਧੀ ਪੁਲਿਸ ਨੂੰ ਦਿੱਤੀ ਜਾਵੇਗੀ ਅਤੇ ਪਿੰਡ ਵਿੱਚ ਨਸ਼ੇ ਦੀ ਵਿਕਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉੱਦਮੀ ਨੌਜਵਾਨ ਮਨਪ੍ਰੀਤ ਸਿੰਘ ਨੇ ਪੰਚਾਇਤ ਦੇ ਫ਼ੈਸਲੇ ਬਾਰੇ ਦੱਸਿਆ ਕਿ ਪਿੰਡ ਵਿੱਚ ਨਸ਼ੇ ਵੇਚਣ ਵਾਲਿਆਂ ਦੀ ਕੋਈ ਵੀ ਪਿੰਡ ਵਾਸੀ ਜ਼ਮਾਨਤ ਨਹੀਂ ਦੇਵੇਗਾ, ਸਗੋਂ ਨਸ਼ੇ ਦੇ ਸੌਦਾਗਰਾਂ ਬਾਰੇ ਪੁਲਿਸ ਨੂੰ ਸੂਚਨਾ ਦਿੱਤੀ ਜਾਵੇਗੀ । ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਬੀਕੇਯੂ ਏਕਤਾ ਉਗਰਾਹਾਂ ਦੇ ਮਨਜੀਤ ਸਿੰਘ ਜਹਾਂਗੀਰ ਨੇ ਪੰਚਾਇਤ ਦੇ ਫੈਸਲੇ ਦਾ ਸਮਰਥਨ ਕਰਦਿਆਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਸਮੂਹ ਪਿੰਡ ਵਾਸੀਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਪੰਚਾਇਤੀ ਨੁਮਾਇੰਦੇ ਨੌਜਵਾਨ ਸੋਹਣਦੀਪ ਸਿੰਘ ਨੋਨੀ ਨੇ ਕਿਹਾ ਕਿ ਨਸ਼ੇ ਵਿਕਰੀ ਨੂੰ ਠੱਲ੍ਹਣ ਲਈ ਉਨ੍ਹਾਂ ਦੇ ਉਪਰਾਲਿਆਂ ਦੇ ਨਾਲ-ਨਾਲ ਉਹ ਪੁਲਿਸ ਕੋਲੋਂ ਵੀ ਮੰਗ ਕਰਨਗੇ ਕਿ ਕੁੱਝ ਚੋਣਵੇਂ ਥਾਵਾਂ 'ਤੇ ਗਸ਼ਤ ਵਧਾਈ ਜਾਵੇ। ਐੱਸਐੱਚਓ ਸਦਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਪਿੰਡ ਜਹਾਂਗੀਰ ਵਾਸੀਆਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਕੀਤਾ ਅਤੇ ਹੋਰਨਾਂ ਪਿੰਡਾਂ ਨੂੰ ਇਸ ਪਿੰਡ ਤੋਂ ਪ੍ਰੇਰਨਾ ਲੈ ਕੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੱਤਾ।

# ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਧੂਰੀ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ



ਧੂਰੀ, 28 ਜੁਲਾਈ (ਰਾਜੇਸ਼ਵਰ ਪਿੰਟੂ,ਅਮਨ ਗਰਗ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ. ਡੀ. ਸੁਖਵੀਰ ਸਿੰਘ ਸੁੱਖੀ ਨੇ ਅੱਜ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਹਲਕਾ ਨਿਵਾਸੀਆਂ ਨਾਲ ਮੁਲਾਕਾਤ ਕਰਦਿਆਂ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਇਸ ਮੌਕੇ ਬਰੜ੍ਹਵਾਲ ਦੀ ਸੰਗਤ ਵੱਲੋਂ ਸ੍ਰੀ ਸੁੱਖੀ ਅਤੇ ਸ੍ਰੀ ਢਿੱਲੋ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਹਲਕਿਆਂ ਦੇ ਸਮੁੱਚੇ ਵਿਕਾਸ ਵੱਲ ਵਚਨਬੱਧ ਹੈ । ਉਨ੍ਹਾਂ ਨੇ ਕਿਹਾ ਕਿ ਧੂਰੀ ਹਲਕੇ ਵਿਚ ਵਿਕਾਸੀ ਕੰਮਾਂ ਲਈ ਗਰਾਂਟ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜਿੱਥੇ ਵੀ ਜਨਤਾ ਨੂੰ ਜ਼ਰੂਰਤ ਹੋਵੇਗੀ, ਉਥੇ ਸਰਕਾਰ ਪੂਰੀ ਤਰ੍ਹਾਂ ਹਾਜ਼ਰ ਰਹੇਗੀ। ਇਸ ਮੌਕੇ ਉਨ੍ਹਾਂ ਨੇ ਸਿੱਧਾ ਸੰਪਰਕ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਜਿਵੇਂ ਕਿ ਪਿੰਡਾਂ ਵਿਚ ਸੜਕਾਂ ਦੀ ਹਾਲਤ, ਪਾਣੀ ਸਪਲਾਈ, ਨਿਕਾਸੀ ਪ੍ਰਣਾਲੀ, ਬਿਜਲੀ ਸਬੰਧੀ ਸਮੱਸਿਆਵਾਂ, ਵਿਦਿਅਕ ਸੰਸਥਾਵਾਂ ਦੀ ਸੁਰੱਖਿਆ, ਅਤੇ ਬੇਰੋਜ਼ਗਾਰੀ ਵਰਗੀਆਂ ਮੁੱਖ ਚੁਣੌਤੀਆਂ । ਉਨ੍ਹਾਂ ਨੇ ਕਿਹਾ ਕਿ ਇਹ ਸਰਕਾਰ ਕਾਗਜ਼ੀ ਘੋਸ਼ਣਾਵਾਂ ਨਹੀਂ ਕਰਦੀ, ਸਗੋਂ ਜ਼ਮੀਨ 'ਤੇ ਉਤਰੀ ਹੋਈ ਸਰਕਾਰ ਹੈ ਜੋ ਲੋਕਾਂ ਨਾਲ ਰੋਜ਼ਾਨਾ ਵਾਸਤਾ ਰੱਖਦੀ ਹੈ।ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਵੀ ਲੋਕਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਹਰੇਕ ਅਰਜ਼ੀ ਨੂੰ ਗੰਭੀਰਤਾ ਨਾਲ ਲੈ ਕੇ ਅੱਗੇ ਭੇਜਿਆ ਜਾਵੇਗਾ।ਸਭਾ ਦੌਰਾਨ ਕਈ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਤੋਂ ਆਏ ਲੋਕਾਂ ਨੇ ਆਪਣੇ ਅਰਜ਼ੀਆਂ ਸੁਪੁਰਦ ਕੀਤੀਆਂ ਅਤੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਹਰੇਕ ਅਰਜ਼ੀ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਨੇ ਆਖਰ ਵਿਚ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਲੋਕਾਂ ਦੇ ਦਰ 'ਤੇ ਸੇਵਾਵਾਂ ਪਹੁੰਚਾਉਣਾ ਹੈ, ਨਾ ਕਿ ਉਨ੍ਹਾਂ ਨੂੰ ਦਫ਼ਤਰਾਂ ਦੇ ਚੱਕਰਾਂ ਵਿੱਚ ਪਾਉਣਾ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਬਲਾਕ ਪ੍ਰਧਾਨ ਹੈਪੀ ਗਰਗ, ਵੀਰ ਭਾਨ, ਭੀਮ ਸਿੰਘ ਬਰੜ੍ਹਵਾਲ ਆਦਿ ਵੀ ਹਾਜ਼ਰ ਸਨ।

# ਡੀ. ਏ. ਵੀ. ਸਕੂਲ ਮੂਨਕ ਵਿਖੇ ਤੀਜ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



ਮੂਨਕ, 28 ਜੁਲਾਈ(ਸਮਸ਼ੇਰ ਸਿੰਘ ਭੁਟਾਲ): ਬਾਬੂ ਬ੍ਰਿਸ਼ ਭਾਨ ਪਬਲਿਕ ਸਕੂਲ, ਮੂਨਕ ਵਿਖੇ ਪ੍ਰਿੰਸੀਪਲ ਸ੍ਰੀ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਕੂਲ ਦੇ ਆਡੀਟੋਰੀਅਮ ਵਿਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ । ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨਾ ਸੀ। ਤੀਜ ਦੇ ਤਿਉਹਾਰ ਦੇ ਸਬੰਧ ਵਿੱਚ ਸ਼ਨੀਵਾਰ ਨੂੰ ਇੰਟਰ -ਹਾਊਸ ਮਹਿੰਦੀ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਐਤਵਾਰ ਦੇ ਇਸ ਪ੍ਰੋਗਰਾਮ ਵਿੱਚ ਪ੍ਰਿੰਸੀਪਲ ਸਾਹਿਬ, ਸਮੂਹ ਅਧਿਆਪਕਾਂ, ਅੱਠਵੀ ਜਮਾਤ ਤੋਂ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਅਤੇ ਉਹਨਾਂ ਦੀਆਂ ਮਾਵਾਂ ਨੇ ਵੀ ਭਾਗ ਲਿਆ । ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਸਾਹਬ ਨੇ ਅਧਿਆਪਕਾਂ ਦੇ ਨਾਲ ਜੋਤੀ ਪ੍ਰਜਵਲਿਤ ਕਰਕੇ ਕੀਤੀ । ਵਿਦਿਆਰਥੀਆਂ ਨੇ ਪੰਜਾਬੀ ਗੀਤਾਂ ਅਤੇ ਪੰਜਾਬ ਦੇ ਪ੍ਰਸਿੱਧ ਲੋਕ ਨਾਚ ਲੁਡੀ, ਭੰਗੜਾ ਅਤੇ ਗਿੱਧਾ ਪਾ ਕੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਸਾਰੇ ਅਧਿਆਪਕ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਬਹੁਤ ਹੀ ਸੋਹਣੇ ਲੱਗ ਰਹੇ ਸਨ । ਇਸ ਤੋਂ ਬਾਅਦ 12ਵੀਂ ਜਮਾਤ ਦੀ ਵਿਦਿਆਰਥਣ ਅਨਮੋਲਪ੍ਰੀਤ ਕੌਰ ਨੂੰ ਮਿਸ ਤੀਜ ਚੁਣਿਆ ਗਿਆ ਅਤੇ ਮਾਵਾਂ ਵਿੱਚ ਸ੍ਰੀਮਤੀ ਮਨਜੀਤ ਕੌਰ ਨੂੰ ਅਤੇ ਸ੍ਰੀ ਮਤੀ ਪੂਨਮ ਨੂੰ ਮਿਸ ਤੀਜ ਚੁਣਿਆ ਗਿਆ। ਅੰਤ ਵਿੱਚ ਪ੍ਰਿੰਸੀਪਲ ਸਾਹਿਬ ਜੀ ਨੇ ਪ੍ਰੋਗਰਾਮ ਦੀ ਪ੍ਰਸੰਸਾ ਕੀਤੀ ਅਤੇ ਸਾਰਿਆਂ ਨੂੰ ਤੀਜ ਦੀਆਂ ਬਹੁਤ - ਬਹੁਤ ਮੁਬਾਰਕਾਂ ਦਿੱਤੀਆਂ ।

# ਮੌੜ ਮੰਡੀ 'ਚ ਚੋਰਾਂ ਵੱਲੋਂ ਕਰਤੂਤ: ਸਰਕਾਰੀ ਬੱਸ ਚੋਰੀ ਕਰਨ ਦੀ ਕੀਤੀ ਕੋਸ਼ਿਸ਼

ਬਠਿੰਡਾ, 28 ਜੁਲਾਈ (ਦੀਪਕ ਸ਼ਰਮਾ): ਵਹੀਕਲ ਚੋਰੀ ਦੀਆਂ ਘਟਨਾਵਾਂ ਅਕਸਰ ਹਰ ਰੋਜ਼ ਵਾਪਰਦੀਆਂ ਹਨ। ਹੁਣ ਤੱਕ ਚੋਰਾਂ ਦੇ ਨਿਸ਼ਾਨੇ 'ਤੇ ਕਾਰਾਂ, ਜੀਪਾਂ, ਮੋਟਰਸਾਈਕਲ ਅਤੇ ਹੋਰ ਟੂ ਵਹੀਲਰ ਹੀ ਸਨ । ਪਰ ਜ਼ਰਾ ਸੋਚੋ, ਜੇ ਕੋਈ ਚੋਰ ਸਰਕਾਰੀ ਬੱਸ ਹੀ ਚੋਰੀ ਕਰਨ ਦੀ ਕੋਸ਼ਿਸ਼ ਕਰੇ ਤਾਂ ਕੀ ਹੋਵੇਗਾ ? ਜੀ ਹਾਂ, ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਤੋਂ ਅਜਿਹੀ ਹੀ ਇੱਕ ਹੈਰਾਨੀਜਨਕ ਖ਼ਬਰ ਸਾਹਮਣੇ ਆਈ ਹੈ, ਜਿੱਥੇ ਰਾਤ ਸਮੇਂ ਚੋਰਾਂ ਨੇ ਬੱਸ ਅੱਡੇ ਵਿੱਚੋਂ ਇੱਕ ਸਰਕਾਰੀ ਬੱਸ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਮਿਲੀ ਜਾਣਕਾਰੀ ਅਨੁਸਾਰ ਇਹ ਬੱਸ ਹਰ ਰੋਜ਼ ਸਵੇਰੇ ਮੌੜ ਤੋਂ ਮਾਨਸਾ ਲਈ ਚੱਲਦੀ ਹੈ । ਚੋਰਾਂ ਨੇ ਅੱਧੀ ਰਾਤ ਨੂੰ ਬੜੀ ਚਲਾਕੀ ਨਾਲ ਇਸ ਬੱਸ ਨੂੰ ਅੱਡੇ ਵਿੱਚੋਂ ਗਾਇਬ ਕਰ ਦਿੱਤਾ । ਹਾਲਾਂਕਿ, ਚੋਰਾਂ ਦੀ ਬਦਕਿਸਮਤੀ ਕਹੋ ਜਾਂ ਬੱਸ ਦੀ ਕਿਸਮਤ, ਕੁਝ ਕਿਲੋਮੀਟਰ ਅੱਗੇ ਜਾ ਕੇ ਬੱਸ ਇੱਕ ਮਿੱਟੀ-ਗਾਰੇ ਵਾਲੇ ਰਸਤੇ ਵਿੱਚ ਫਸ ਗਈ। ਚੋਰਾਂ ਨੇ ਬੱਸ ਨੂੰ ਕੱਢਣ ਦੀ ਕਾਫ਼ੀ ਕੋਸ਼ਿਸ਼ ਕੀਤੀ ਪਰ ਜਦੋਂ ਕੋਈ ਚਾਰਾ ਨਾ ਚੱਲਿਆ ਤਾਂ ਉਹ ਬੱਸ ਨੂੰ ਉੱਥੇ ਹੀ ਛੱਡ ਕੇ ਫਰਾਰ ਹੋ ਗਏ। ਸਵੇਰੇ ਜਦੋਂ ਬੱਸ ਦਾ ਡਰਾਈਵਰ ਅਤੇ ਕੰਡਕਟਰ ਆਪਣੇ ਨਿਰਧਾਰਤ ਸਮੇਂ 'ਤੇ ਬੱਸ ਅੱਡੇ ਪਹੁੰਚੇ ਤਾਂ ਚੋਰੀ ਦੀ ਇਸ ਵਾਰਦਾਤ ਦਾ ਖੁਲਾਸਾ ਹੋਇਆ। ਜਿਸ ਤੋਂ ਬਾਅਦ ਡਰਾਈਵਰ, ਕੰਡਕਟਰ ਨੇ ਆਪਣੇ ਸੀਨੀਅਰ



ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਮੌੜ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ। ਥੋੜ੍ਹੀ ਦੇਰ ਬਾਅਦ ਹੀ ਪਤਾ ਲੱਗਿਆ ਕਿ ਬੱਸ ਮੌੜ ਤੋਂ ਘੁੰਮਣ ਕੈਂਚੀਆਂ ਨੂੰ ਜਾਣ ਵਾਲੇ ਰਸਤੇ 'ਤੇ ਚਿੱਕੜ ਵਿੱਚ ਫਸੀ ਖੜ੍ਹੀ ਹੈ। ਬੱਸ ਮਿਲਣ ਨਾਲ ਭਾਵੇਂ ਪੀਆਰਟੀਸੀ ਅਧਿਕਾਰੀਆਂ ਨੇ ਸੁੱਖ ਦਾ ਸਾਹ ਲਿਆ, ਪਰ ਸਰਕਾਰੀ ਬੱਸ ਚੋਰੀ ਹੋਣ ਦੀ ਇਹ ਖ਼ਬਰ ਇੱਕ ਨਵੀਂ ਚਰਚਾ ਦਾ ਵਿਸ਼ਾ ਬਣ ਗਈ । ਲੋਕ ਹੈਰਾਨ ਹਨ ਕਿ ਹੁਣ ਚੋਰ ਸਰਕਾਰੀ ਸੰਪੱਤੀ ਨੂੰ ਵੀ ਨਹੀਂ ਬਖਸ਼ ਰਹੇ। ਦੂਜੇ ਪਾਸੇ ਥਾਣਾ ਮੌੜ ਦੇ ਮੁਖੀ ਨੇ ਦੱਸਿਆ ਕਿ ਪੁਲਿਸ ਸੀਸੀਟੀਵੀ ਕੈਮਰਿਆਂ ਅਤੇ ਹੋਰ ਤਕਨੀਕੀ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਛੰਨਾ ਗੁਲਾਬ ਸਿੰਘ ਵਾਲਾ ਜ਼ਿਮਨੀ ਚੋਣ ਵਿੱਚ ਅਮਰਜੀਤ ਸਿੰਘ ਅੰਬੂ ਜੇਤੂ



ਭਦੌੜ, 28 ਜੁਲਾਈ (ਸੁਖਵਿੰਦਰ ਪਲਾਹਾ): ਪੂਰੇ ਪੰਜਾਬ ਵਿੱਚ ਖਾਲੀ ਹੋਈਆਂ ਪੰਚਾਂ ਸਰਪੰਚਾਂ ਦੀਆਂ ਅੱਜ ਪਈਆਂ ਵੋਟਾਂ ਵਿੱਚ ਜ਼ਿਲ੍ਹਾ ਬਰਨਾਲਾ ਦੇ ਇੱਕੋ ਇੱਕ ਪਿੰਡ ਛੰਨਾ ਗੁਲਾਬ ਸਿੰਘ ਵਾਲਾ ਵਿੱਚ ਮੁਕਾਬਲਾ ਵੇਖਣ ਨੂੰ ਮਿਲਿਆ। ਇੱਥੇ ਸਾਬਕਾ ਸਰਪੰਚ ਸੁਖਜੀਤ ਸਿੰਘ ਦੇ ਕਤਲ ਹੋਣ ਕਾਰਨ ਇਹ ਸੀਟ ਖਾਲੀ ਹੋ ਗਏ ਸੀ ਅਤੇ ਸੱਤ ਮਹੀਨਿਆਂ ਬਾਅਦ ਅੱਜ ਹੋਈਆਂ ਜ਼ਿਮਨੀ ਚੋਣਾਂ ਵਿੱਚ ਸੁਖਜੀਤ ਸਿੰਘ ਦੇ ਪਿਤਾ ਅਮਰਜੀਤ ਸਿੰਘ ਅੰਬੂ ਜੇਤੂ ਰਹੇ। ਕੁੱਲ ਪੋਲ ਹੋਈਆਂ ਵੋਟਾਂ ਵਿੱਚ 644 ਅਮਰਜੀਤ ਸਿੰਘ ਅੰਬੂ ਅਤੇ ਉਸ ਦੇ ਨਿਕਟਤਮ ਵਿਰੋਧੀ ਲੱਖਾ ਸਿੰਘ ਨੂੰ 165 ਵੋਟਾਂ ,8 ਵੋਟਾਂ ਨੋਟਾਂ ਨੂੰ ਮਿਲੀਆਂ। ਜਦਕਿ ਚਾਰ ਵੋਟਾਂ ਕੈਂਸਲ ਪਾਈਆਂ ਗਈਆਂ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਹ ਜਿੱਤ ਨੇਕੀ ਅਤੇ ਤਰਸ ਦੇ ਆਧਾਰ 'ਤੇ ਹੋਈ ਹੈ। ਕਿਉਂਕਿ ਨਵੇਂ ਬਣੇ ਸਰਪੰਚ ਅਮਰਜੀਤ ਸਿੰਘ ਅੰਬੂ ਦੇ ਪੁੱਤਰ ਸਾਬਕਾ ਸਰਪੰਚ ਸੁਖਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਪਿੰਡ ਵਾਸੀਆਂ ਨੇ ਏਕੇ ਦਾ ਸਬੂਤ ਦਿੰਦੇ ਹੋਏ ਦੁਬਾਰਾ ਉਸੇ ਪਰਿਵਾਰ ਨੂੰ ਸਰਪੰਚੀ ਤਾਜ ਬਖਸ਼ ਕੇ ਸਰਪੰਚ ਜੀ ਦੀ ਕੁਰਸੀ 'ਤੇ ਬਿਠਾ ਦਿੱਤਾ। ਅੱਜ ਸਵੇਰੇ 8 ਵਜੇ ਤੋਂ ਸ਼ੁਰੂ ਹੋਈ ਜ਼ਿਮਨੀ ਚੋਣ ਸ਼ਾਮ ਦੇ 4 ਵਜੇ ਤੱਕ ਮੁਕੰਮਲ ਹੋ ਗਈ ਸੀ। ਕੁੱਲ 821 ਵੋਟਾਂ ਪੋਲ ਹੋਈਆਂ ਅਤੇ ਜਿਆਦਾ ਗਰਮੀ ਦੇ ਹੋਣ ਕਾਰਨ ਵੋਟਾਂ ਬਹੁਤ ਹੀ ਧੀਮੀ ਗਤੀ ਨਾਲ ਪੋਲ ਹੋ ਰਹੀਆਂ ਸਨ। ਵੋਟਾਂ ਪੈਣ ਤੋਂ ਤੁਰੰਤ ਬਾਅਦ ਨਾਇਬ ਤਹਿਸੀਲਦਾਰ ਭਦੌੜ ਦੀ ਹਾਜਰੀ ਦੇ ਵਿੱਚ ਵੋਟਾਂ ਦੀ ਗਿਣਤੀ ਦਾ ਕੰਮ ਸ਼ੁਰੂ ਕੀਤਾ ਗਿਆ, ਜਿਸ ਵਿੱਚ ਅਮਰਜੀਤ ਸਿੰਘ ਅੰਬੂ ਆਪਣੇ ਨਿਕਟਤਮ ਵਿਰੋਧੀ ਲੱਖਾ ਸਿੰਘ ਤੋਂ 469 ਵੋਟਾਂ ਦੀ ਵੱਡੀ ਲੀਡ ਨਾਲ ਜੇਤੂ ਕਰਾਰ ਦਿੱਤੇ ਗਏ। ਇਸ ਮੌਕੇ ਥਾਣਾ ਭਦੌੜ ਮੁਖੀ ਗੁਰਵਿੰਦਰ ਸਿੰਘ ਡੀਐਸਪੀ ਤਪਾ ਗੁਰਬਿੰਦਰ ਸਿੰਘ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਰਨਾਲਾ ਨੇ ਪਿੰਡ ਛੰਨਾ ਗੁਲਾਬ ਸਿੰਘ ਵਾਲਾ ਵਿਖੇ ਪਹੁੰਚ ਕੇ ਚੋਣ ਪ੍ਰਕਿਰਿਆ ਦੀ ਸਮੀਖਿਆ ਕੀਤੀ।

# ਡਿਪਟੀ ਕਮਿਸ਼ਨਰ ਦੇ ਹੁਕਮਾਂ ਨੂੰ ਕੀਤਾ ਅਣਗੌਲਿਆਂ,ਚਾਰ ਸਾਲਾਂ ਤੋਂ ਨੇਪਰੇ ਨਹੀਂ ਚੜ੍ਹੇ ਪਖਾਨੇ



ਸ਼ਹਿਣਾ ਭਦੌੜ, 28 ਜੁਲਾਈ (ਸੁਖਵਿੰਦਰ ਪਲਾਹਾ) 22 ਹਜ਼ਾਰ ਦੀ ਅਬਾਦੀ ਵਾਲੇ ਕਸਬਾ ਸ਼ਹਿਣਾ ਦੇ ਮੇਨ ਬੱਸ ਸਟੈਂਡ ਤੇ ਰਾਹਗੀਰਾਂ ਲਈ ਪਖਾਨੇ ਨਾ ਹੋਣ ਕਾਰਨ ਆਉਣ ਜਾਣ ਵਾਲੇ ਮੁਸਾਫ਼ਰ ਪੂਰੀ ਤਰ੍ਹਾਂ ਦੁਖੀ ਹਨ।ਦੱਸਣਾ ਬਣਦਾ ਹੈ ਕਿ ਸੈਨੀਟੇਜਰ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਰੀਬ ਤਿੰਨ ਚਾਰ ਸਾਲ ਪਹਿਲਾਂ ਸਾਬਕਾ ਸਰਪੰਚ ਮਲਕੀਤ ਕੌਰ ਕਲਕੱਤਾ ਦੀ ਅਗਵਾਈ ਵਾਲੀ ਪੰਚਾਇਤ ਸਮੇਂ ਮੇਨ ਬੱਸ ਸਟੈਂਡ ਤੇ ਪਖਾਨਿਆਂ ਦਾ ਕੰਮ ਆਰੰਭ ਕੀਤਾ ਗਿਆ ਸੀ, ਪ੍ਰੰਤੂ ਕੁਝ ਸਮੇਂ ਬਾਅਦ ਹੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੰਮ ਰੋਕ ਦਿੱਤਾ ਗਿਆ ਸੀ। ਉਸ ਸਮੇਂ ਕਿਸੇ ਕੰਮ ਕਾਜ ਲਈ ਸਾਬਕਾ ਸਰਪੰਚ ਮਲਕੀਤ ਕੌਰ ਕਲਕੱਤਾ ਦੀ ਅਗਵਾਈ ਵਿੱਚ ਪੰਚਾਇਤ ਦਾ ਵਫ਼ਦ ਡਿਪਟੀ ਕਮਿਸ਼ਨਰ ਬਰਨਾਲਾ ਮੈਡਮ ਪੂਨਮਦੀਪ ਕੌਰ ਨੂੰ ਮਿਲਿਆ ਸੀ ਅਤੇ ਅੱਧ ਵਿਚਕਾਰ ਲਟਕ ਰਹੇ ਪਖਾਨਿਆਂ ਦਾ ਮੁੱਦਾ ਸਾਬਕਾ ਪੰਚਾਇਤ ਮੈਂਬਰ ਸੁਖਵਿੰਦਰ ਸਿੰਘ ਧਾਲੀਵਾਲ ਸੀਨੀਅਰ ਕਾਂਗਰਸੀ ਆਗੂ ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਹਲਕਾ ਭਦੌੜ ਨੇ ਚੁੱਕਿਆ ਸੀ, ਪ੍ਰੰਤੂ ਉਸ ਸਮੇਂ ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਨੇ ਤੁਰੰਤ ਹੀ ਅਧਿਕਾਰੀਆਂ ਨੂੰ ਕੰਮ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ ਸੀ। ਪਰ ਅਧਿਕਾਰੀਆਂ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਉਹਨਾਂ ਕਿਹਾ ਕਿ ਸਾਬਕਾ ਸਰਪੰਚ ਮਨਜੀਤ ਕੌਰ ਧਰਮਪਤਨੀ ਜਤਿੰਦਰ ਸਿੰਘ ਖਹਿਰਾ ਨੇ ਵੀ ਕਈ ਵਾਰ ਵਿਭਾਗ ਦੇ ਅਧਿਕਾਰੀਆਂ ਨੂੰ ਸਪੱਸ਼ਟ ਰੂਪ ਵਿੱਚ ਕਿਹਾ ਕਿ ਪਖਾਨਿਆਂ ਦਾ ਕੰਮ ਨੇਪਰੇ ਚਾੜ੍ਹਿਆ ਜਾਵੇ ,ਇਸ ਕਾਰਜ਼ ਵਿੱਚ ਸਾਡੀ ਪੰਚਾਇਤ ਤੁਹਾਨੂੰ ਪੂਰਾ ਸਹਿਯੋਗ ਦੇਵੇਗੀ। ਜ਼ਿਕਰਯੋਗ ਹੈ ਕਿ ਬੱਸ ਸਟੈਂਡ ਤੇ ਪਖਾਨੇ ਨਾ ਹੋਣ ਕਾਰਨ ਔਰਤਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਗੁਰਪ੍ਰੀਤ ਸਿੰਘ ਗਿੱਲ ਇਕਾਈ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਗੁਰਜੀਤ ਸਿੰਘ ਖਾਲਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਰਸ਼ਨ ਸਿੰਘ ਸਿੱਧੂ, ਸੁਖਵਿੰਦਰ ਸਿੰਘ ਧਾਲੀਵਾਲ ਸਾਬਕਾ ਪੰਚਾਇਤ ਮੈਂਬਰ ਆਦਿ ਪਿੰਡ ਵਾਸੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਨੂੰ ਨਾਂ ਮੰਨਣ ਵਾਲੇ ਵਿਭਾਗ ਦੇ ਅਧਿਕਾਰੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ, ਨਹੀਂ ਤਾਂ ਜਲਦੀ ਹੀ ਸੰਘਰਸ਼ ਸ਼ੁਰੂ ਕੀਤ ਜਾਵੇਗਾ।

# ਉਪਕਾਰ ਕੋਆਰਡੀਨੇਸ਼ਨ ਸੋਸਾਇਟੀ (ਰਜਿ) ਬਰਨਾਲਾ ਨੇ ਬੂਟੇ ਲਗਾ ਕੇ ਮੈਂਬਰ ਦਾ ਮਨਾਇਆ ਜਨਮ ਦਿਨ



ਬਰਨਾਲਾ, 28 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਉਪਕਾਰ ਕੋਆਰਡੀਨੇਸ਼ਨ ਕਮੇਟੀ ਬਰਨਾਲਾ ਦੇ ਪ੍ਰੈੱਸ ਸਕੱਤਰ ਸੰਗੀਤ ਸ਼ਰਮਾ ਨੇ ਦੱਸਿਆ ਕਿ ਉਪਕਾਰ ਸੋਸਾਇਟੀ ਆਪਣੇ ਮੈਂਬਰ ਦੇ ਜਨਮ ਦਿਨ ਮੌਕੇ ਪੌਦੇ ਲਗਾਉਣ ਦੀ ਲੜੀ ਤਹਿਤ ਸੋਸਾਇਟੀ ਦੇ ਮੈਂਬਰ ਮੈਡਮ ਸੁਖਪਾਲ ਦੇ ਵੱਲੋਂ ਆਪਣੇ ਜਨਮ ਦਿਨ ਦੇ ਮੌਕੇ ਤਪਾ ਅਤੇ ਖੁੱਡੀ ਕਲਾਂ ਵਿਖੇ ਲਗਭਗ 35 ਬੂਟੇ ਲਗਾਏ ਗਏ। ਇਹ ਬੂਟੇ ਹਰੇਕ ਮੈਂਬਰ ਦੇ ਜਨਮ ਦਿਨ ਮੌਕੇ ਲਗਾਏ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਵਾਤਾਵਰਣ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ। ਉਪਕਾਰ ਸੋਸਾਇਟੀ ਦੇ ਪ੍ਰਧਾਨ ਨੀਰਜ ਕੁਮਾਰ ਸਿੰਗਲਾ ਨੇ ਦੱਸਿਆ ਕਿ ਸੋਸਾਇਟੀ ਵੱਲੋਂ ਵਾਤਾਵਰਣ ਅਤੇ ਆਲਾ ਦੁਆਲਾ ਸਾਫ਼ ਅਤੇ ਹਰਾ ਭਰਾ ਬਣਾਉਣ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਹੀ ਸੋਸਾਇਟੀ ਮੈਂਬਰ ਦੇ ਜਨਮ ਦਿਨ ਮੌਕੇ ਪੌਦੇ ਲਗਾਏ ਗਏ ਹਨ। ਪ੍ਰਿੰਸੀਪਲ ਹਰੀਸ਼ ਬਾਂਸਲ ਨੇ ਦੱਸਿਆ ਕਿ ਸੋਸਾਇਟੀ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਬਰਨਾਲਾ ਦੇ ਸਹਿਯੋਗ ਨਾਲ ਰੇਲਵੇ ਸਟੇਸ਼ਨ ਦੇ ਨੇੜੇ ਵਿਦਿਆਰਥੀਆਂ ਲਈ ਮੁਫ਼ਤ ਲਾਇਬ੍ਰੇਰੀ ਵੀ ਚਲਾਈ ਜਾ ਰਹੀ ਹੈ। ਉਪਕਾਰ ਸੋਸਾਇਟੀ ਦੇ ਖਜ਼ਾਨਚੀ ਵਿਸ਼ਾਲ ਗਰਗ ਨੇ ਲਾਇਬ੍ਰੇਰੀ ਵਿੱਚ ਕਿਤਾਬਾਂ ਦਾਨ ਕਰਨ ਦੀ ਅਪੀਲ ਕੀਤੀ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਦਾ ਫਾਇਦਾ ਉਠਾ ਸਕਣ। ਇਸ ਮੌਕੇ ਮੈਡਮ ਸੁਖਪਾਲ, ਵਿਜੇ ਸ਼ਰਮਾ,ਮੁਕੇਸ਼ ਕਾਂਸਲ, ਚੇਤਨ ਗਰਗ, ਵੰਸ਼ਿਕਾ ਆਦਿ ਹਾਜ਼ਰ ਸਨ।

# ਭਾਰਤ ਸਰਕਾਰ ਦੀਆਂ ਫਲੈਗਸ਼ਿਪ ਸਕੀਮਾਂ ਬਾਰੇ ਵਰਕਸ਼ਾਪ



ਬਰਨਾਲਾ, 28 ਜੁਲਾਈ (ਅਮਨਦੀਪ ਸਿੰਘ)- ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਅਦਾਰੇ ਮੇਰਾ ਯੁਵਾ ਭਾਰਤ ਬਰਨਾਲਾ ਵਲੋਂ ਜਿਲਾ ਯੂਥ ਅਫਸਰ ਮੈਡਮ ਆਭਾ ਸੈਨੀ ਦੇ ਨਿਰਦੇਸ਼ਾਂ ਅਨੁਸਾਰ ਵਾਈ ਐਸ ਕਾਲਜ ਹੰਡਿਆਇਆ ਦੇ ਸਹਿਯੋਗ ਨਾਲ ਭਾਰਤ ਸਰਕਾਰ ਦੀਆਂ ਫਲੈਗਸ਼ਿਪ ਸਕੀਮਾਂ ਬਾਰੇ ਨੌਜਵਾਨਾਂ ਨੂੰ ਜਾਣੂ ਕਰਵਾਉਣ ਲਈ ਇਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਲਾ ਯੂਥ ਅਫਸਰ ਮੈਡਮ ਆਭਾ ਸੈਨੀ ਨੇ ਕਿਹਾ ਕਿ ਇਸ ਵਰਕਸ਼ਾਪ ਦਾ ਮਕਸਦ ਨੌਜਵਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ ਕਿ ਆਯੁਸ਼ਮਾਨ ਭਾਰਤ, ਮੁਦਰਾ ਯੋਜਨਾ, ਸਵੱਛ ਭਾਰਤ ਮਿਸ਼ਨ, ਸਕਿੱਲ ਇੰਡੀਆ, ਬੇਟੀ ਬਚਾਓ-ਬੇਟੀ ਪੜ੍ਹਾਓ, ਅਟਲ ਯੋਜਨਾ ਆਦਿ ਬਾਰੇ ਜਾਣੂ ਕਰਵਾਉਣਾ ਸੀ। ਕਾਲਜ ਦੇ ਪ੍ਰਿੰਸੀਪਲ ਡਾ.ਗੁਰਪਾਲ ਸਿੰਘ ਰਾਣਾ ਨੇ ਕਿਹਾ, "ਅਸੀਂ ਨੌਜਵਾਨਾਂ ਨੂੰ ਸਿਰਫ ਅਕਾਦਮਿਕ ਹੀ ਨਹੀਂ, ਸਿਹਤ, ਰੋਜ਼ਗਾਰ, ਅਤੇ ਸਨ-ਕਲਿਆਣ ਸਕੀਮਾਂ ਬਾਰੇ ਵੀ ਸਜਗ ਦਿਵਾਉਣ ਲਈ ਪ੍ਰਤਿਬੱਧ ਹਾਂ। ਅਜਿਹੀਆਂ ਵਰਕਸ਼ਾਪਾਂ ਉਨ੍ਹਾਂ ਦੇ ਸਮੂਹਿਕ ਵਿਕਾਸ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ।"ਓਹਨਾ ਨੇ ਕਿਹਾ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸ$ਕਿਲ ਇੰਡੀਆ ਮਿਸ਼ਨ ਬਾਰੇ ਜਾਣੂ ਕਰਵਾਇਆ। ਓਹਨਾ ਕਿਹਾ ਕਿ ਸਕਿੱਲ ਇੰਡੀਆ ਮਿਸ਼ਨ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਇੱਕ ਮਹੱਤਵਪੂਰਨ ਕਾਰਜਕ੍ਰਮ ਹੈ, ਜਿਸਦਾ ਉਦੇਸ਼ ਦੇਸ਼ ਦੇ ਨੌਜਵਾਨਾਂ ਨੂੰ ਕੌਸ਼ਲ ਸਿਖਲਾਈ ਦੇ ਕੇ ਉਨ੍ਹਾਂ ਨੂੰ ਰੋਜ਼ਗਾਰਯੋਗ ਬਣਾਉਣਾ ਹੈ। ਇਸਦੇ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਵੱਧਦੇ ਹਨ। ਪ੍ਰੋਫੈਸਰ ਵੀ ਪੀ ਸਿੰਗਲਾ ਨੇ ਕਿਹਾ ਕਿ ਸਰਕਾਰ ਆਪਣੇ ਨਾਗਰਿਕਾਂ ਦੀ ਸਮਾਜਿਕ-ਆਰਥਿਕ ਭਲਾਈ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਕਈ ਪ੍ਰਮੁੱਖ ਯੋਜਨਾਵਾਂ ਲਾਗੂ ਕਰ ਰਹੀ ਹੈ। ਓਹਨਾ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਭਾਰਤ ਸਰਕਾਰ ਵੱਲੋਂ ਚਲਾਈ ਗਈ ਇੱਕ ਮਹੱਤਵਕਾਂਖਿਊ ਸਕੀਮ ਹੈ ਜੋ ਸਿਹਤ ਸੰਭਾਲ ਨੂੰ ਲੈ ਕੇ ਆਮ ਲੋਕਾਂ ਲਈ ਬਹੁਤ ਹੀ ਲਾਭਕਾਰੀ ਹੈ। ਇਸ ਯੋਜਨਾ ਤਹਿਤ ਹਰ ਲਾਭਪਾਤਰੀ ਪਰਿਵਾਰ ਨੂੰ ਪੰਜ ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਤੀ ਸਾਲ ਮਿਲਦਾ ਹੈ। ਇਹ ਯੋਜਨਾ ਮੁੱਖ ਤੌਰ 'ਤੇ ਗਰੀਬ, ਆਰਥਿਕ ਤੌਰ 'ਤੇ ਕਮਜ਼ੋਰ ਅਤੇ ਬੀਪੀਐਲ ਪਰਿਵਾਰਾਂ ਲਈ ਹੈ। ਮੈਡਮ ਰੁਪਿੰਦਰਜੀਤ ਕੌਰ ਨੇ ਨੌਜਵਾਨਾਂ ਨੂੰ ਜਲ ਜੀਵਨ ਮਿਸ਼ਨ ਬਾਰੇ ਦਸਿਆ। ਓਹਨਾ ਕਿਹਾ ਕਿ ਇਸ ਮਿਸ਼ਨ ਦਾ ਮੁੱਖ ਮਕਸਦ ਭਾਰਤ ਦੇ ਹਰ ਘਰ ਤਕ ਪਾਣੀ ਪਹੁੰਚਾਉਣਾ ਹੈ। ਇਸਦੇ ਨਾਲ ਹੀ ਨੌਜਵਾਨਾਂ ਨੇ ਵੀ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਬਾਰੇ ਆਪਣੇ ਵਿਚਾਰ ਰੱਖੇ।

# ਬੀ ਵੀ ਐਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ: ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ



ਬਰਨਾਲਾ, 28 ਜੁਲਾਈ (ਹਿਮਾਂਸ਼ੂ ਗਰਗ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਆਯੋਜਿਤ ਮਾਡਲ ਯੂਨਾਈਟਿਡ ਨੇਸ਼ਨਜ਼ (MUN) ਕਾਨਫਰੰਸ ਵਿੱਚ ਆਪਣੀ ਬੌਧਿਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਕਾਨਫਰੰਸ ਨਾ ਸਿਰਫ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮੁੱਦਿਆਂ 'ਤੇ ਸੋਚਣ ਅਤੇ ਆਪਣੀ ਗੱਲ ਰੱਖਣ ਦਾ ਮੰਚ ਮੁਹੱਈਆ ਕਰਵਾਉਂਦਾ ਹੈ, ਸਗੋਂ ਉਹਨਾਂ ਦੇ ਨੇਤ੍ਰਤਵ ਹੁਨਰ ਅਤੇ ਸੰਵਾਦ ਸਮਰੱਥਾ ਨੂੰ ਵੀ ਨਿਖਾਰਦਾ ਹੈ। ਛੇਵੀਂ ਕਲਾਸ ਦੀ ਵਿਦਿਆਰਥਣ ਇਮਾਨਤ ਧਾਲੀਵਾਲ, ਜਿਨ੍ਹਾਂ ਨੇ AIPPM (ਆਲ ਇੰਡੀਆ ਪੋਲਿਟਿਕਲ ਪਾਰਟੀਆਂ ਮੀਟ) ਕਮੇਟੀ ਵਿੱਚ ਮਨੋਹਰ ਲਾਲ ਖੱਟਰ ਦਾ ਭੂਮਿਕਾ ਨਿਭਾਈ, ਉਨ੍ਹਾਂ ਨੂੰ ਉਹਨਾਂ ਦੀ ਕੂਟਨੀਤਕ ਸਮਝ ਅਤੇ ਸੰਤੁਲਿਤ ਤਰਕਸ਼ਕਤੀ ਲਈ ਬੈਸਟ ਡਿਪਲੋਮੈਟਿਕ ਡੈਲੀਗੇਟ ਦਾ ਇਨਾਮ ਮਿਲਿਆ। ਉਹਨਾਂ ਦਾ ਆਤਮਵਿਸ਼ਵਾਸ ਅਤੇ ਵਿਸ਼ਲੇਸ਼ਣਾਤਮਕ ਨਜ਼ਰੀਆ ਸਭ ਨੂੰ ਪ੍ਰਭਾਵਿਤ ਕਰ ਗਿਆ। ਨੌਵੀਂ ਕਲਾਸ ਦੇ ਵਿਦਿਆਰਥੀ ਦੇਸ਼ਵੀਰ ਸਿੰਘ, ਜੋ ਇੰਟਰਨੈਸ਼ਨਲ ਪ੍ਰੈੱਸ (IP) ਕਮੇਟੀ ਦੇ ਰਿਪੋਰਟਰ ਸਨ, ਉਹਨਾਂ ਨੂੰ ਉਹਨਾਂ ਦੀ ਪ੍ਰਸ਼ੰਸਨੀ ਰਿਪੋਰਟਿੰਗ ਅਤੇ ਨਿਸ਼ਪੱਖ ਨਜ਼ਰੀਏ ਲਈ ਵਿਸ਼ੇਸ਼ ਸਲਾਹੀ ਦਿੱਤੀ ਗਈ। ਉਹਨਾਂ ਦੀ ਰਿਪੋਰਟਿੰਗ ਵਿੱਚ ਵਿਸ਼ੇ ਦੀ ਗਹਿਰਾਈ ਅਤੇ ਨਿਸ਼ਪੱਖਤਾ ਸਾਫ਼ ਦਿਸੀ। ਇਸ ਦੇ ਨਾਲ-ਨਾਲ, ਦਸਵੀਂ ਕਲਾਸ ਦੀ ਵਿਦਿਆਰਥਣ ਮੀਨਾਕਸ਼ੀ, ਜਿਨ੍ਹਾਂ ਨੇ ਜੇਪੀ ਨੱਡਾ ਦਾ ਪ੍ਰਤਿਨਿਧਿਤਵ ਕੀਤਾ, ਤਨਰੀਤ ਕੌਰ ਵੜੈਚ (ਦਸਵੀਂ ਕਲਾਸ) ਜਿਨ੍ਹਾਂ ਨੇ ਕਿੰਜਰਾਪੂ ਰਾਮ ਮੋਹਨ ਨਾਯਡੂ ਦੀ ਭੂਮਿਕਾ ਨਿਭਾਈ, ਅਤੇ ਛੇਵੀਂ ਕਲਾਸ ਦੀ ਵਿਦਿਆਰਥਣ ਹਨੀਜ਼ਵੀਰ ਕੌਰ, ਜੋ IP ਕਮੇਟੀ ਦੀ ਰਿਪੋਰਟਰ ਸਨ, ਨੇ ਵੀ MUN ਵਿੱਚ ਭਾਗ ਲਿਆ ਅਤੇ ਸ਼ਾਨਦਾਰ ਭੂਮਿਕਾ ਨਿਭਾਈ। ਤਿੰਨੋਂ ਪ੍ਰਤੀਭਾਗੀਆਂ ਨੂੰ ਉਹਨਾਂ ਦੀ ਮਿਹਨਤ ਅਤੇ ਸਰਗਰਮ ਭਾਗੀਦਾਰੀ ਲਈ ਪ੍ਰਸ਼ੰਸਾ ਪੱਤਰ ਦਿੱਤੇ ਗਏ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਨੇਹੁਲ ਅਰੋੜਾ ਨੇ ਬੱਚਿਆਂ ਦੀ ਸਰਾਹਨਾ ਕਰਦਿਆਂ ਕਿਹਾ, ਸਾਡੇ ਵਿਦਿਆਰਥੀਆਂ ਦਾ MUN ਵਿੱਚ ਪ੍ਰਦਰਸ਼ਨ ਬਹੁਤ ਗਰਵ ਦੀ ਗੱਲ ਹੈ। ਇਸ ਤਰ੍ਹਾਂ ਦੇ ਮੰਚਾਂ 'ਤੇ ਭਾਗ ਲੈ ਕੇ ਉਹ ਨਾ ਸਿਰਫ਼ ਆਤਮਵਿਸ਼ਵਾਸ ਪ੍ਰਾਪਤ ਕਰਦੇ ਹਨ, ਸਗੋਂ ਵਿਸ਼ਵ ਮਾਮਲਿਆਂ ਦੀ ਸਮਝ, ਨੇਤ੍ਰਤਵ ਅਤੇ ਤਰਕਸ਼ਕਤ ਸੰਵਾਦ ਦੀ ਤਾਕਤ ਵੀ ਵਿਕਸਤ ਕਰਦੇ ਹਨ।

# ਮੋਬਾਇਲ ਫੋਨ ਵਾਪਿਸ ਕਰਕੇ ਇਮਾਨਦਾਰੀ ਜਿੰਦਾ ਹੈ ਦਾ ਸਬੂਤ ਦਿੱਤਾ

ਭਦੌੜ, 28 ਜੁਲਾਈ (ਸੁਖਵਿੰਦਰ ਪਲਾਹਾ): ਅੱਜ ਡਿੱਗਿਆ ਮੋਬਾਇਲ ਫੋਨ ਵਾਪਿਸ ਕਰਕੇ ਇਮਾਨਦਾਰੀ ਜਿੰਦਾ ਹੈ ਦਾ ਸਬੂਤ ਸਾਬਿਤ ਕਰ ਦਿੱਤਾ ਹੈ। ਸੁਰਿੰਦਰਪਾਲ ਸਰਮਾ ਅਤੇ ਡਾ ਬਲਵਿੰਦਰ ਸਿੰਘ ਢਿੱਲੋਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ,



ਕਿ ਅਸੀ ਬੀਤੇ ਦਿਨ ਸ਼ਾਮ ਨੂੰ ਸ਼ਹੀਦ-ਏ-ਆਜਮ ਸ੍ਰ. ਭਗਤ ਸਿੰਘ ਚੌਂਕ ਭਦੌੜ ਵਿਖੇ ਸੈਰ ਕਰ ਰਹੇ ਸੀ ਤਾਂ ਕਿਸੇ ਰਾਹਗੀਰ ਦਾ ਡਿੱਗਿਆ ਮੋਬਾਇਲ ਲੱਭਿਆ।ਅਸੀਂ ਮੋਬਾਇਲ ਫੋਨ ਆਪਣੇ ਕੋਲ ਰੱਖ ਲਿਆ ਅਤੇ ਇਸਦੇ ਮਾਲਕ ਬਾਰੇ ਪਤਾ ਕਰਨਾ ਸ਼ੁਰੂ ਕਰ ਦਿੱਤਾ। ਕੁੱਝ ਸਮੇਂ ਬਾਅਦ ਇਸ ਮੋਬਾਇਲ ਫੋਨ 'ਤੇ ਇੱਕ ਫੋਨ ਆਇਆ ਅਤੇ ਉਸ ਨੇ ਆਪਣਾ ਨਾਮ ਅਜੈ ਵਾਸੀ ਨਾਨਕਸਰ ਰੋਡ ਭਦੌੜ ਦੱਸਿਆ ਅਤੇ ਇਸ ਮੋਬਾਇਲ ਨੂੰ ਆਪਣਾ ਮੋਬਾਇਲ ਦੱਸਿਆ ਅਤੇ ਇਸ ਦੀਆਂ ਸਾਰੀਆਂ ਨਿਸ਼ਾਨੀਆਂ ਦੱਸ ਦਿੱਤੀਆਂ ਜੋ ਕਿ ਸਹੀ ਸਨ। ਸੁਰਿੰਦਰਪਾਲ ਸਰਮਾਂ ਅਤੇ ਡਾ. ਬਲਵਿੰਦਰ ਸਿੰਘ ਢਿੱਲੋਂ ਨੇ ਅਜੈ ਨੂੰ ਉਸਦਾ ਮੋਬਾਇਲ ਫੋਨ ਵਾਪਿਸ ਕਰਕੇ ਇਮਾਨਦਾਰੀ ਜਿੰਦਾ ਹੈ ਦਾ ਸਬੂਤ ਦਿੱਤਾ। ਇਸ ਮੌਕੇ ਰਾਜੂ ਟੇਲਰ ਮਾਸਟਰ, ਹਰਦੀਪ ਸਿੰਘ ਗਿੱਲ, ਮਿਸਤਰੀ ਬਸੰਤ ਸਿੰਘ, ਵੀਰਇੰਦਰ ਸਿੰਘ ਢਿੱਲੋਂ ਆਦਿ ਹਾਜਰ ਸਨ।

# ਵਾਈਐਸ ਪਬਲਿਕ ਸਕੂਲ 'ਚ ਗੂੰਜਿਆ 'ਤੀਜ ਟਿਊਨਸ': ਰੰਗ-ਰਸ ਭਰਪੂਰ ਪਰੰਪਰਾ ਅਤੇ ਏਕਤਾ ਦਾ ਤਿਉਹਾਰ



ਬਰਨਾਲਾ, 28 ਜੁਲਾਈ (ਕਪਿਲ)- ਵਾਈਐਸ ਪਬਲਿਕ ਸਕੂਲ 'ਚ 'ਤੀਜ ਟਿਊਨਸ' ਦੇ ਜਸ਼ਨ ਦੌਰਾਨ ਰੰਗ, ਰਵਾਇਤ ਅਤੇ ਖੁਸ਼ੀ ਦੀ ਲਹਿਰ ਦੌੜ ਗਈ। ਪਲੇਵੇ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀ ਰਵਾਇਤੀ ਪੰਜਾਬੀ ਲਿਬਾਸ ਪਾ ਕੇ ਸਕੂਲ ਆਏ, ਜਿਸ ਨਾਲ ਪੂਰਾ ਸਕੂਲ ਪੰਜਾਬੀ ਸਭਿਆਚਾਰ ਦੇ ਗੌਰਵ ਨਾਲ ਰੌਸ਼ਨ ਹੋ ਗਿਆ। ਇਸ ਦਿਨ ਦੀ ਸ਼ੁਰੂਆਤ ਜਮਾਤ 11ਵੀਂ ਦੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਅਸੈਂਬਲੀ ਨਾਲ ਹੋਈ, ਜਿਸ 'ਚ ਗਿੱਧਾ, ਭੰਗੜਾ ਅਤੇ ਬੋਲੀਆਂ ਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਜਦੋਂ ਅਧਿਆਪਕਾਂ ਨੇ ਵੀ ਮਿਲਕੇ ਸੋਹਣੀ ਸੰਗੀਤਮਈ ਪ੍ਰਸਤੁਤੀ ਦਿੱਤੀ ਤਾਂ ਸਮੂਹ ਮਾਹੌਲ ਹੋਰ ਵੀ ਰੌਣਕਮਈ ਹੋ ਗਿਆ। ਵਿਦਿਆਰਥੀਆਂ ਨੂੰ ਤੀਜ ਦੇ ਅਸਲ ਅਰਥਾਂ ਅਤੇ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ। ਇਹ ਤਿਉਹਾਰ ਕੁਦਰਤ, ਔਰਤਾਂ ਅਤੇ ਸਾਵਣ ਨਾਲ ਜੁੜਿਆ ਹੋਇਆ ਹੈ। ਵਿਦਿਆਰਥੀਆਂ ਨੇ ਜਾਣਿਆ ਕਿ ਇਹ ਤਿਉਹਾਰ ਕਿਉਂ ਮਨਾਇਆ ਜਾਂਦਾ ਹੈ ਅਤੇ ਇਹ ਸਾਨੂੰ ਪਰਿਵਾਰਕ ਪਿਆਰ, ਅਤੇ ਸਭਿਆਚਾਰ ਨਾਲ ਜੋੜਦਾ ਹੈ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ 'ਵਾਈਐਸ ਪਬਲਿਕ ਸਕੂਲ 'ਚ ਅਸੀਂ ਸਿਰਫ਼ ਪਾਠ ਨਹੀਂ, ਪਹਿਚਾਣ ਵੀ ਸਿਖਾਉਂਦੇ ਹਾਂ। ਤੀਜ ਵਰਗੇ ਤਿਉਹਾਰ ਮਨਾਉਣਾ ਸਾਡੇ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦਾ ਹੈ। ਇਹਨਾਂ ਰਾਹੀਂ ਅਸੀਂ ਇਕਤਾ, ਖੁਸ਼ੀ ਅਤੇ ਸਾਂਝੀ ਭਾਵਨਾਵਾਂ ਨੂੰ ਉਤਸ਼ਾਹਤ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਜ਼ਿੰਦਗੀ ਵਿਚ ਹਰ ਪੱਖੋਂ ਪੂਰੇ, ਮੂਲਾਂ ਤੇ ਖੜੇ ਅਤੇ ਵਿਸ਼ਵਾਸ ਨਾਲ ਭਰਪੂਰ ਹੋਣ।' 'ਤੀਜ ਟਿਊਨਸ' ਸਿਰਫ਼ ਇੱਕ ਤਿਉਹਾਰ ਨਹੀਂ ਸੀ – ਇਹ ਸਿੱਖਿਆ ਅਤੇ ਰਵਾਇਤ ਦਾ ਰੰਗੀਨ ਮੇਲ ਸੀ, ਜਿਸਨੇ ਹਰ ਵਿਦਿਆਰਥੀ ਦੇ ਮਨ ਵਿਚ ਆਪਣੀ ਮਿੱਟੀ ਲਈ ਪਿਆਰ ਅਤੇ ਤਿਉਹਾਰ ਲਈ ਤਾਲ ਭਰ ਦਿੱਤੀ।

# ਜਾਨਵਰਾਂ ਦੇ ਕੱਟਣ ਤੋਂ ਬਾਅਦ ਹਲਕਾਅ ਤੋਂ ਬਚਾਅ ਲਈ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਵੀ ਲੱਗਣਗੇ ਟੀਕੇ : ਡਾ ਬਾਂਸਲ

ਤਪਾ ਮੰਡੀ, 28 ਜੁਲਾਈ (ਭੂਸ਼ਨ ਘੜੈਲਾ)- ਸਿਹਤ ਬਲਾਕ ਤਪਾ ਅਧੀਨ ਐਸ.ਡੀ.ਐਚ. ਤਪਾ ਤੇ ਸੀ.ਐਚ.ਸੀ. ਭਦੌੜ ਦੇ ਨਾਲ- ਨਾਲ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਵੀ ਹਲਕਾਅ ਤੋਂ ਬਚਾਅ ਦੇ ਟੀਕੇ ਲਗਾਏ ਜਾਣਗੇ।

ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਇੰਦੂ ਬਾਂਸਲ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ 'ਚ ਹਲਕਾਅ ਦੇ ਟੀਕਿਆਂ ਦਾ ਲਗਾਉਣਾ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਸ਼ਹਿਣਾ, ਢਿੱਲਵਾਂ ਤੇ ਓਗੋਕੇ ਵਿਖੇ ਹਲਕਾਅ ਤੋ ਬਚਾਅ ਦੇ ਟੀਕੇ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਜੇਕਰ ਬਿੱਲੀ ,ਕੁੱਤਾ, ਬਾਂਦਰ, ਨਿਓਲਾ, ਗਿੱਦੜ ਜਾਂ ਕੋਈ ਹੋਰ ਜਾਨਵਰ ਕੱਟ ਲੈਣ ਤਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਆਮ ਆਦਮੀ ਕਲੀਨਿਕਾਂ ਵਿੱਚ ਇਹ ਟੀਕਾ ਲਗਾ ਕੇ ਹਲਕਾਅ ਤੋਂ ਬਚਾਇਆ ਜਾ ਸਕਦਾ ਹੈ। ਇਹ ਟੀਕਾ ਜਾਨਵਰ ਦੇ ਕੱਟਣ ਦੇ ਤੁਰੰਤ ਬਾਅਦ (24 ਘੰਟੇ ਦੇ ਅੰਦਰ), ਤੀਸਰੇ, ਸੱਤਵੇਂ ਅਤੇ 28ਵੇਂ ਦਿਨ ਲਗਾਉਣਾ ਜਰੂਰੀ ਹੁੰਦਾ।ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਦੱਸਿਆ ਕਿ ਜਾਨਵਰ ਦੇ ਕੱਟ ਲੈਣ ਉਪਰੰਤ ਦੇਸੀ ਇਲਾਜ ਵਿੱਚ ਨਹੀਂ ਪੈਣਾ ਚਾਹੀਦਾ ਸਗੋਂ ਨੇੜੇ ਦੇ ਸਰਕਾਰੀ ਹਸਪਤਾਲ ਜਾਂ ਆਮ ਆਦਮੀ ਕਲੀਨਿਕ 'ਚ ਪਹੁੰਚ ਕੇ ਇਹ ਟੀਕਾ ਲਗਵਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਜਾਨਵਰ ਦੇ ਕੱਟਣ ਉਪਰੰਤ ਹਲਕਾਅ ਤੋਂ ਬਚਾਅ ਲਈ ਟੀਕਾ ਜਰੂਰ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰੀ ਹਸਪਤਾਲ ਤੇ ਆਮ ਆਦਮੀ ਕਲੀਨਿਕ ਵਿੱਚ ਬਿਲਕੁਲ ਮੁਫ਼ਤ ਲਗਾਏ ਜਾਂਦੇ ਹਨ।

# ਮਹਿਲ ਕਲਾਂ ਵਿਖੇ ਲਗਾਇਆ ਗਿਆ ਮੁਫ਼ਤ ਆਯੁਸ਼ ਆਯੁਰਵੇਦਿਕ ਹੋਮਿਓਪੈਥੀ ਕੈਂਪ



ਮਹਿਲਕਲਾਂ, 28 ਜੁਲਾਈ (ਜੱਸਾ ਸਿੰਘ ਮਾਨਕੀ): ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਆਫਸਰ ਡਾ. ਅਮਨ ਕੌਸ਼ਲ ਅਤੇ ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਾਜੀਵ ਜਿੰਦੀਆ ਦੀ ਅਗਵਾਈ ਹੇਠ ਪਿੰਡ ਮਹਿਲ ਕਲਾਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਆਯੂਸ਼ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਾ. ਗੁਰਤੇਜਿੰਦਰ ਕੌਰ ਐਸ. ਐਮ. ਓ ਸੀ.ਐਚ.ਸੀ . ਮਹਿਲ ਕਲਾਂ ਅਤੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਜੀ ਨੇ ਕੀਤਾ। ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ 453 ਅਤੇ ਹੋਮਿਓਪੈਥੀ ਵਿਭਾਗ ਵੱਲੋਂ 220 ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਵਿੱਚ ਆਯੁਰਵੇਦ ਵਿਭਾਗ ਵੱਲੋਂ ਡਾ. ਨਵਨੀਤ ਬਾਂਸਲ, ਡਾ. ਸੀਮਾ ਬਾਂਸਲ, ਡਾ. ਅਮਨਦੀਪ ਸਿੰਘ ਅਤੇ ਡਾ. ਸੁਵਿੰਦਰਜੀਤ ਸਿੰਘ ਨੇ ਮਰੀਜ਼ਾਂ ਦਾ ਨਿਰੀਖਣ ਕੀਤਾ। ਉਪਵੈਦ ਅਜੇ ਕੁਮਾਰ ,ਉਪਵੈਦ ਗੁਰਪ੍ਰੀਤ ਸਿੰਘ ਉਪਵੈਦ ਜਗਸੀਰ ਸਿੰਘ, ਉਪਵੈਦ ਸੁਖਵਿੰਦਰ ਸਿੰਘ, ਉਪ ਵੈਦ ਸੁਖਚੈਨ ਸਿੰਘ, ਉਪ ਵੈਦ ਬਿੰਦਰ ਸਿੰਘ ਨੇ ਦਵਾਈਆਂ ਦੀ ਵੰਡ ਕੀਤੀ। ਹੋਮਿਓਪੈਥੀ ਵਿਭਾਗ ਵੱਲੋਂ ਡਾ. ਹੋਮਿਓਪੈਥਿਕ ਫਾਰਮਾਸਿਸਟ ਗੁਰਚਰਨ ਸਿੰਘ ਔਲਖ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਕੈਂਪ ਮੌਕੇ ਤਰਸੇਮ ਸਿੰਘ ਐਲ ਟੀ ਮਹਿਲ ਕਲਾਂ ਵੱਲੋਂ ਮਰੀਜ਼ਾਂ ਦੀ ਸ਼ੂਗਰ ਦੀ ਜਾਂਚ ਵੀ ਕੀਤੀ ਗਈ। ਇਸ ਮੌਕੇ ਸ਼ਿਵਾਨੀ ਅਰੋੜਾ ਬੀ ਈ ਈ, ਸੁਖਦੀਪ ਕੌਰ ਗਰੇਵਾਲ ਸੀ ਐਚ ਓ, ਵਿਨੋਦ ਰਾਣੀ ਏ ਐਨ ਐਮ, ਜਸਬੀਰ ਕੌਰ ਏ ਐਨ ਐਮ, ਬੂਟਾ ਸਿੰਘ ਮ.ਪ.ਹ.ਵ. (ਮੇਲ) ਅਤੇ ਸਮੂਹ ਆਸ਼ਾ ਵਰਕਰ, ਅਤੇ ਮਾਲਵਾ ਨਰਸਿੰਗ ਕਾਲਜ ਮਹਿਲ ਕਲਾਂ ਦੇ ਵਿਦਿਆਰਥੀ ਅਤੇ ਹਰਮਨ ਸਿੰਘ, ਮਹਿਕ ਸਿੰਘ ਹਾਜ਼ਰ ਸਨ।

# ਪ੍ਰੋਜੈਕਟ ਜੀਵਨ ਜੋਤ 2- ਜ਼ਿਲ੍ਹੇ ਵਿੱਚ ਬਾਲ ਭੀਖ ਰੋਕਣ ਲਈ ਚੈਕਿੰਗ ਜਾਰੀ

ਬਰਨਾਲਾ, 28 ਜੁਲਾਈ (ਬਘੇਲ ਸਿੰਘ ਧਾਲੀਵਾਲ): ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਟੀਮ ਨੇ ਜ਼ਿਲ੍ਹਾ ਬਰਨਾਲਾ ਵਿੱਚ ਬਾਲ ਭੀਖ ਰੋਕਣ ਲਈ ਵਿਸ਼ੇਸ਼ ਚੈਕਿੰਗ ਕੀਤੀ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਖੁਸ਼ਵੀਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵਲੋਂ ਸ਼ਹਿਰ ਦੇ ਵੱਖ-ਵੱਖ ਦੇ ਹਿੱਸਿਆਂ ਵਿੱਚ ਛਾਪੇਮਾਰੀ ਕੀਤੀ ਗਈ।ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ ਘੁਮਾਣ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਬੱਚਿਆਂ ਦੀ ਭੀਖ ਮੰਗਣ ਨੂੰ ਰੋਕਣ ਲਈ ਇੱਕ ਵਿਸ਼ੇਸ਼ ਟੀਮ ਬਣਾਈ ਗਈ ਹੈ। ਇਹ ਟੀਮ ਪੁਲਿਸ ਅਤੇ ਹੋਰ ਵੱਖ – ਵੱਖ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨਾਲ ਮਿਲ ਕੇ ਲਗਾਤਾਰ ਛਾਪੇਮਾਰੀ ਕਰ ਰਹੀ ਹੈ ਜਿਸ ਤਹਿਤ ਭੀਖ ਮੰਗਣ ਵਿੱਚ ਸ਼ਾਮਲ ਬੱਚਿਆਂ ਨੂੰ ਬਚਾਇਆ ਜਾਵੇਗਾ ਅਤੇ ਉਨ੍ਹਾਂ ਦਾ ਪੁਨਰਵਾਸ ਕੀਤਾ ਜਾਵੇਗਾ।ਉਪਰੋਕਤ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਹੁਣ ਤੱਕ ਬਰਨਾਲਾ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ ਤੋਂ 5 ਬਾਲ ਭਿਖਾਰੀ ਮਿਲੇ ਹਨ, ਜਿਨ੍ਹਾਂ ਨੂੰ ਦਸਤਾਵੇਜ਼ ਦੀ ਵੈਰੀਫਿਕੇਸ਼ਨ ਤੋਂ ਬਾਅਦ ਮਾਤਾ ਪਿਤਾ ਨੂੰ ਸੁਪਰਦ ਕਰ ਦਿੱਤਾ ਗਿਆ ਹੈ। ਟੀਮ ਵਿਚ ਸਿਹਤ ਵਿਭਾਗ ਤੋਂ ਸ਼ਾਮਿਲ ਸ਼੍ਰੀ ਕੁਲਦੀਪ ਸਿੰਘ ਨੇ ਦੱਸਿਆ ਕਿ ਅਜਿਹੇ ਬੱਚਿਆਂ ਦਾ ਮੈਡੀਕਲ ਸਿਹਤ ਵਿਭਾਗ ਦੁਆਰਾ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਟੀਮ ਵਲੋਂ ਦੱਸਿਆ ਗਿਆ ਕਿ ਜੇਕਰ ਕਿਤੇ ਕੋਈ ਵੀ ਅਜਿਹਾ ਬੱਚਾ ਮਿਲਦਾ ਹੈ ਤਾਂ ਮਾਪਿਆਂ ਅਤੇ ਬੱਚਿਆਂ ਦੀ ਕਾਉਂਸਲਿੰਗ ਕਰਕੇ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਿਆ ਜਾਂਦਾ ਹੈ। ਹੁਣ ਤੱਕ ਬਹੁਤ ਸਾਰੇ ਬੱਚਿਆਂ ਨੂੰ ਬਾਲ ਭੀਖ ਤੋਂ ਹਟਾ ਕੇ ਸਕੂਲ ਵਿਚ ਦਾਖਲ ਕਰਵਾਏ ਜਾ ਚੁੱਕੇ ਨੇ ਅਤੇ ਸਮੇ ਸਮੇਂ 'ਤੇ ਉਨ੍ਹਾਂ ਨੂੰ ਸਕੂਲ ਜਾ ਕੇ ਚੈਕ ਵੀ ਕੀਤਾ ਜਾਂਦਾ ਹੈ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਭੀਖ ਨਾ ਦਿੱਤੀ ਜਾਵੇ ਕਿਉਂਕਿ ਬੱਚਿਆਂ ਤੇ ਭੀਖ ਮੰਗਵਾਉਣ ਵਾਲੇ ਮਾਪੇ ਇਸ ਲਈ ਬੱਚਿਆਂ ਨੂੰ ਨਹੀਂ ਪੜ੍ਹਾਉਂਦੇ ਕਿਉਂਕਿ ਉਨ੍ਹਾਂ ਦੇ ਬਚੇ ਭੀਖ ਮੰਗ ਕੇ ਚੰਗੇ ਪੈਸੇ ਇਕਠੇ ਕਰਕੇ ਲਿਆਉਂਦੇ ਹਨ। ਉਨ੍ਹਾਂ ਨੇ ਦੱਸਿਆ ਕਿ ਭੀਖ ਮੰਗਵਾਉਣ ਦੇ ਦੋਸ਼ ਵਿਚ ਜੇ.ਜੇ.ਐਕਟ 2025 ਤਹਿਤ ਕੇਸ ਦਰਜ ਕੀਤਾ ਜਾਵੇਗਾ।

# ਸਰਬਤ ਦਾ ਭਲਾ ਟਰੱਸਟ ਵੱਲੋਂ ਸਕੂਲ ਵਿੱਚ ਆਰ ਓ ਲਗਵਾਇਆ



ਮਾਨਸਾ 28 ਜੁਲਾਈ (ਨਰਿੰਦਰ ਬਾਂਸਲ) ਸਮਾਜ ਸੇਵੀ ਸੰਸਥਾਂ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਪਟਿਆਲਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਟਾਹਲੀਆਂ ਵਿਖੇ ਵਿਦਿਆਰਥੀਆ ਦੇ ਸ਼ੁੱਧ ਪਾਣੀ ਪੀਣ ਲਈ ਆਰ ਓ ਲਗਵਾਇਆ ਗਿਆ ।ਸਕੂਲ ਮੁਖੀ ਜੋਗਿੰਦਰ ਸਿੰਘ ਲਾਲੀ ਨੇ ਦੱਸਿਆ ਕਿ ਬਿੱਗ ਹੋਪ ਫਾਉਡੇਸ਼ਨ ਬਰੇਟਾ ਦੇ ਮਨਿੰਦਰ ਕੁਮਾਰ ਦੇ ਯਤਨਾ ਸਦਕਾ ਇਹ ਆਰ ਓ ਸਰਬਤ ਦਾ ਭਲਾ ਟਰੱਸਟ ਪਟਿਆਲਾ ਵੱਲੋ ਲਗਾਇਆ ਗਿਆ ।ਉਹਨਾਂ ਟਰੱਸਟ ਦੇ ਜਿਲਾ ਮਾਨਸਾ ਕੋਆਡੀਨੇਟਰ ਮਦਲ ਲਾਲ ਕੁਸਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਪੀਣ ਲਈ ਸ਼ੁੱਧ ਪਾਣੀ ਮਿਲੇਗਾ ।ਇਸ ਮੌਕੇ ਸੁਖਜੀਤ ਸਿੰਘ ਬੱਗਾ ਅਤੇ ਸਮੂਹ ਸਟਾਫ ਹਾਜਰ ਸੀ।

# ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੂੰ ਦੁਕਾਨਦਾਰ ਵੱਲੋਂ ਚੋਰ ਕਹਿਣ ਤੇ ਹੰਗਾਮਾ ਕੀਤਾ ਰੋਡ ਜਾਮ



ਧਨੌਲਾ, 28 ਜੁਲਾਈ (ਚਮਕੌਰ ਸਿੰਘ ਗੱਗੀ)- ਸਥਾਨਕ ਨਗਰ ਧਨੌਲਾ ਵਿੱਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਪਲਾਸਟਿਕ ਮੁਕਤ ਸਕੀਮ ਤਹਿਤ ਲਿਫਾਫੇ ਜਬਤ ਕਰਨ ਗਏ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਇੱਕ ਦੁਕਾਨਦਾਰ ਵੱਲੋਂ ਚੋਰ ਆਖ ਦਿੱਤਾ, ਜਿਸ ਕਾਰਨ ਗੁੱਸੇ ਵਿੱਚ ਆਏ ਸਫਾਈ ਕਰਮਚਾਰੀਆਂ ਵੱਲੋਂ ਉਸ ਦੀ ਦੁਕਾਨ ਮੂਹਰੇ ਕੂੜੇ ਦੇ ਢੇਰ ਲਗਾ ਕੇ ਰੋਡ ਜਾਮ ਕਰ ਦਿੱਤਾ ਤੇ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਵੱਡੇ ਵੱਡੇ ਜਾਮ ਲੱਗ ਗਏ, ਜਾਣਕਾਰੀ ਦਿੰਦਿਆਂ ਨਗਰ ਕੌਂਸਲ ਦੇ ਕਰਮਚਾਰੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਦਿਨੀ ਨਗਰ ਕੌਂਸਲ ਧਨੌਲਾ ਦੇ ਸਫਾਈ ਕਰਮਚਾਰੀ ਪਲਾਸਟਿਕ ਮੁਕਤ ਸਕੀਮ ਤਹਿਤ ਕਿਸਾਨ ਬੀਜ ਸਟੋਰ ਬੱਸ ਸਟੈਂਡ ਧਨੌਲਾ ਤੇ ਲਿਫਾਫੇ ਜਬਤ ਕਰਨ ਗਏ ਸੀ, ਇਸ ਦੌਰਾਨ ਲਿਫਾਫੇ ਕਬਜ਼ੇ ਵਿੱਚ ਲੈ ਕੇ ਚਲਾਨ ਕੱਟਿਆ ਗਿਆ ਤਾਂ ਉਕਤ ਦੁਕਾਨਦਾਰ ਵੱਲੋਂ ਪਹਿਲਾਂ ਤਾਂ ਕਰਮਚਾਰੀਆਂ ਨਾਲ ਗਾਲੀ ਗਲੋਚ ਕੀਤੀ ਤੇ ਬਾਅਦ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁਕ ਉੱਪਰ ਗੁਰਪ੍ਰੀਤ ਸਿੰਘ ਨਾਮ ਦੀ ਫੇਸਬੁੱਕ ਆਈ ਡੀ ਤੋਂ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਚੋਰ ਸ਼ਬਦ ਲਿਖ ਦਿੱਤਾ ਜਿਸ ਤੋਂ ਗੁੱਸੇ ਵਿੱਚ ਆਏ ਕਰਮਚਾਰੀਆਂ ਨੇ ਪੁਲਿਸ ਨੂੰ ਦਰਖਾਸਤ ਦਿੱਤੀ ਗਈ।ਪਰ ਪੁਲਿਸ ਵੱਲੋਂ ਦਰਖਾਸਤ ਤੇ ਕਾਰਵਾਈ ਕਰਨ ਵਿੱਚ ਕੀਤੀ ਦੇਰੀ ਤੋਂ ਬਾਅਦ ਕਰਮਚਾਰੀਆਂ ਵੱਲੋਂ ਉਕਤ ਦੁਕਾਨਦਾਰ ਅੱਗੇ ਕੂੜੇ ਦੀ ਭਰੀ ਟਰਾਲੀ ਸੁੱਟ ਦਿੱਤੀ ਅਤੇ ਬਰਨਾਲਾ ਸੰਗਰੂਰ ਰੋਡ ਧਨੌਲਾ ਬੱਸ ਸਟੈਂਡ ਉੱਪਰ ਜਾਮ ਲਗਾ ਦਿੱਤਾ, ਤੇ ਪ੍ਰਸ਼ਾਸਨ ਖਿਲਾਫ ਨਾਰੇਬਾਜ਼ ਕੀਤੀ ਤੇ ਇਸ ਤੋਂ ਬਾਅਦ ਥਾਣਾ ਧਨੌਲਾ ਦੇ ਮੁੱਖ ਅਫਸਰ ਇੰਸਪੈਕਟਰ ਜਗਜੀਤ ਸਿੰਘ ਅਤੇ ਵਪਾਰ ਮੰਡਲ ਧਨੌਲਾ ਦੇ ਪ੍ਰਧਾਨ ਰਮਨ ਵਰਮਾ ਵੱਲੋਂ ਮੌਕੇ ਤੇ ਪਹੁੰਚ ਕੇ ਦੋਵਾਂ ਧਿਰਾਂ ਨੂੰ ਸਮਝਾ ਕੇ ਥਾਣੇ ਲਿਆਂਦਾ ਗਿਆ ਜਿੱਥੇ ਦੋਵੇਂ ਧਿਰਾਂ ਵੱਲੋਂ ਮੋਹਤਬਰਾਂ ਅਤੇ ਪੁਲਿਸ ਦੇ ਦਖਲ ਨਾਲ ਮਸਲਾ ਸੁਲਝਾ ਦਿੱਤਾ ਗਿਆ ਤੇ ਸਫਾਈ ਕਰਮਚਾਰੀਆਂ ਵੱਲੋਂ ਬਾਅਦ ਵਿੱਚ ਕੂੜਾ ਹਟਾ ਦਿੱਤਾ ਗਿਆ।

# ਮਹੀਨਾਵਾਰ ਇਕੱਤਰਤਾ ਵਿੱਚ ਸ਼ਹੀਦ ਊਧਮ ਸਿੰਘ ਨੂੰ ਯਾਦ ਕੀਤਾ



ਦਿੜ੍ਹਬਾ ਮੰਡੀ 28 ਜੁਲਾਈ (ਸੁਖਵਿੰਦਰ ਸਿੰਘ ਵਿਰਕ) ਸਾਹਿਤ ਅਤੇ ਸੱਭਿਆਚਾਰ ਮੰਚ ਦਿੜ੍ਹਬਾ ਦੀ ਮਹੀਨਾਵਾਰ ਮੀਟਿੰਗ ਮੰਚ ਦੇ ਸੀਨੀਅਰ ਮੈਂਬਰ ਦਰਸ਼ਨ ਸਿੰਘ ਰੋਗਲਾ ਦੀ ਪ੍ਰਧਾਨਗੀ ਹੇਠ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਕਾਮਰੇਡ ਭੀਮ ਸਿੰਘ ਯਾਦਗਾਰੀ ਲਾਇਬ੍ਰੇਰੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸ਼ਹੀਦ ਊਧਮ ਸਿੰਘ ਦੇ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਭਾਗ ਲੈਂਦੇ ਹੋਏ ਨਾਇਬ ਸਿੰਘ ਰਟੋਲਾਂ, ਗੁਰਤੇਜ ਸਿੰਘ ਧਾਲੀਵਾਲ ਅਤੇ ਦਰਸ਼ਨ ਸਿੰਘ ਰੋਗਲਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਮਹਾਨ ਸ਼ਹੀਦ ਹਨ ਜੋ ਕਿ ਵਿਚਾਰਕ ਤੌਰ ਉੱਤੇ ਮਜ਼ਬੂਤ ਇਨਸਾਨ ਸਨ। ਉਨ੍ਹਾਂ ਦੇ ਵਿਚਾਰਾਂ ਨੂੰ ਅਪਨਾਉਣਾ ਸਮੇਂ ਦੀ ਲੋੜ ਹੈ। ਹੈਰੀ ਸੂਲਰ ਅਤੇ ਰਾਜ ਕ੍ਰਿਸ਼ਨ ਸਿੰਗਲਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਹਰਕੇਸ਼ ਸਿੰਘ ਧਾਲੀਵਾਲ, ਗੁਰਚਰਨ ਸਿੰਘ ਰੋਗਲਾ, ਸਵਰਨ ਸਿੰਘ ਅਤੇ ਕਸ਼ਮੀਰ ਸਿੰਘ ਹਾਜ਼ਰ ਸਨ।

# ਤਪਾ ਪੁਲਸ ਨੇ ਨਸ਼ਾ ਕਰਦੇ ਹੋਏ ਦੋਸ਼ੀ ਕੀਤਾ ਕਾਬੂ,ਮਾਮਲਾ ਦਰਜ

ਤਪਾ ਮੰਡੀ 28ਜੁਲਾਈ (ਭੂਸ਼ਨ ਘੜੈਲਾ)-ਤਪਾ ਪੁਲਸ ਨੇ ਇੱਕ ਮੁਲਜਮ ਨੂੰ ਨਸ਼ਾ ਕਰਦੇ ਮੌਕੇ ਤੇ ਕਾਬੂ ਕਰਕੇ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਥਾਣਾ ਮੁੱਖੀ ਸਰੀਫ ਖਾਂ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਦੇ ਨਿਰਦੇਸ਼ਾਂ ਤੇ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੀ ਅਗਵਾਈ 'ਚ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਲਵਪ੍ਰੀਤ ਸਿੰਘ ਪੁੱਤਰ ਗੁਰਜੀਤ ਸਿੰਘ ਵਾਸੀ ਅੰਮ੍ਰਿਤਸਰ ਬਸਤੀ ਜਿਉਂਦ (ਬਠਿੰਡਾ) ਨਸ਼ਾ ਕਰਨ ਦਾ ਆਦੀ ਹੈ,ਅੱਜ ਵੀ ਉਹ ਤਾਜੋਕੇ ਰੋਡ ਸਥਿਤ ਦਾਨਾ ਮੰਡੀ 'ਚ ਬੈਠਾ ਨਸ਼ਾ ਕਰ ਰਿਹਾ ਹੈ ਅਗਰ ਕਾਰਵਾਈ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ,ਪੁਲਸ ਨੇ ਤੁਰੰਤ ਮਾਮਲਾ ਦਰਜ ਕਰਕੇ ਉਕਤ ਮੁਲਜਮ ਨੂੰ ਕਾਬੂ ਕਰਕੇ ਉਸ ਪਾਸੋਂ ਇੱਕ ਪੰਨੀ,ਲਾਈਟਰ ਅਤੇ 10 ਰੁਪਏ ਦੀ ਭਾਰਤੀ ਕਰੰਸ਼ੀ ਨੋਟ ਬਰਾਮਦ ਕੀਤਾ ਹੈ।

# ਧਨੌਲਾ ਟਰੱਕ ਯੂਨੀਅਨ ਵੱਲੋਂ ਟਰੱਕ ਓਪਰੇਟਰਾਂ ਨੂੰ ਕਰੀਬ ਦੋ ਕਰੋੜ ਦੇ ਚੈੱਕ ਤਕਸੀਮ ਕੀਤੇ



ਧਨੌਲਾ, 28 ਜੁਲਾਈ (ਚਮਕੌਰ ਸਿੰਘ ਗੱਗੀ) ਦੀ ਟਰੱਕ ਅਪਰੇਟਰ ਯੂਨੀਅਨ ਧਨੌਲਾ ਵੱਲੋਂ ਆਪਣੇ ਟਰੱਕ ਅਪਰੇਟਰਾਂ ਨੂੰ ਅੱਜ ਯੂਨੀਅਨ ਅੰਦਰ ਕਰੀਬ ਦੋ ਕਰੋੜ ਰੁਪਏ ਦੀ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਟਰੱਕ ਯੂਨੀਅਨ ਧਨੌਲਾ ਦੇ ਪ੍ਰਧਾਨ ਬੂਟਾ ਢਿੱਲੋਂ ਨੇ ਕਿਹਾ ਕਿ ਸਰਕਾਰ ਵਲੋਂ ਕਣਕ ਦੀ ਫ਼ਸਲ ਦੀ ਢੋਆ ਢੋਆਈ ਦੀ ਰਕਮ ਅਪਰੇਟਰਾਂ ਦੇ ਖਾਤਿਆਂ ਵਿੱਚ ਪਾਉਣ ਲਈ ਕਰੀਬ ਦੋ ਕਰੋੜ ਰੁਪਏ ਯੂਨੀਅਨ ਨੂੰ ਦਿੱਤੇ ਗਏ ਸਨ, ਜਿਨਾਂ ਨੂੰ ਅਪਰੇਟਰਾਂ ਦੇ ਚੱਕਰਾਂ ਦੇ ਹਿਸਾਬ ਬਣਾ ਕੇ ਉਹਨਾਂ ਦੀ ਬਣਦੀ ਰਕਮ ਦੇ ਚੈੱਕ ਕੱਟੇ ਗਏ, ਤੇ ਅੱਜ ਢਾਈ ਸੌ ਦੇ ਲੱਗਭਗ ਅਪਰੇਟਰਾਂ ਨੂੰ ਕਰੀਬ ਇਕ ਲੱਖ ਤੋਂ ਜ਼ਿਆਦਾ ਦੀ ਰਕਮ ਦੇ ਚੈੱਕ ਓਹਨਾ ਨੂ ਤਕਸੀਮ ਕੀਤੇ ਗਏ ਹਨ, ਇਸ ਸਮੇਂ ਅਪਰੇਟਰਾਂ ਵਲੋਂ ਸਰਕਾਰ ਦਾ ਧੰਨਵਾਦ ਕਰਦੀਆਂ ਕਿਹਾ ਕਿ ਸਰਕਾਰ ਨੇ ਅਪਰੇਟਰਾਂ ਨੂੰ ਬਣਦੀ ਰਕਮ ਦੇ ਚੈੱਕ ਸਮੇਂ ਸਿਰ ਦੇ ਕੇ ਬਹੁਤ ਚੰਗਾ ਉਪਰਾਲਾ ਕੀਤਾ ਹੈ, ਇਸ ਮੌਕੇ ਲਾਲੀ ਬਾਠ, ਰਸ਼ੀ ਉੱਪਲੀ, ਗੱਗੀ ਕੁੱਬੇ, ਗੁਰਮੁਖ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਟਰੱਕ ਅਪਰੇਟਰ ਹਾਜਰ ਸਨ।



# ਪਟਿਆਲਾ-ਆਸ/ਪਾਸ



## ਬਾਬਾ ਨਛੱਤਰ ਸਿੰਘ ਜੀ ਸੰਗਤਾਂ ਨਾਲ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ

### ਗੁਰਧਾਮਾਂ ਦੀ ਯਾਤਰਾ ਮੌਕੇ ਵੱਖ-ਵੱਖ ਥਾਵਾਂ 'ਤੇ ਮਹਾਂਪੁਰਸ਼ਾਂ ਨੇ ਕੀਤਾ ਸਨਮਾਨਤ



ਪਟਿਆਲਾ, 28 ਜੁਲਾਈ (ਚ.ਨ.ਸ.) : ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਵੱਖ ਵੱਖ ਗੁਰਧਾਮਾਂ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਵਿਖੇ ਗੁਰੂ ਘਰ ਪੁੱਜ ਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਭਾਈ ਗੁਰਦੀਪ ਸਿੰਘ ਅਤੇ ਸੰਗਤੀ ਜਥਾ ਵੀ ਮੌਜੂਦ ਸੀ, ਜਿਥੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਸੰਤ ਮਹਾਂਪੁਰਸ਼ਾਂ ਦਾ ਭਰਵਾਂ ਤੇ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਗੁਰਧਾਮਾਂ ਦੀ ਯਾਤਰਾ ਬਾਰੇ ਜਾਣਕਾਰੀ ਦਿੰਦਿਆਂ ਭਾਈ ਗੁਰਦੀਪ ਸਿੰਘ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਬਾਬਾ ਨਰਿੰਦਰ ਸਿੰਘ ਜੀ, ਬਾਬਾ ਬਲਵਿੰਦਰ ਸਿੰਘ ਡੇਰਾ ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਅਤੇ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਧਰਮ ਦੇ ਪ੍ਰਚਾਰ ਪਸਾਰ 'ਤੇ ਦੀਰਘ ਵਿਚਾਰਾਂ ਵੀ ਹੋਈਆਂ। ਭਾਈ ਗੁਰਦੀਪ ਸਿੰਘ ਨੇ ਦੱਸਿਆ ਕਿ ਬਿਦਰ ਨਾਨਕ ਝੀਰਾ ਸਾਹਿਬ ਕਰਨਾਟਕਾ ਤੇ ਜਨਮ ਅਸਥਾਨ ਭਗਤ ਨਾਮ ਦੇਵ ਜੀ ਅਤੇ ਹੋਰ ਸਾਰੇ ਗੁਰਧਾਮਾਂ ਦੀ ਯਾਤਰਾ ਕੀਤੀ ਅਤੇ ਇਸ ਦੌਰਾਨ ਜਿਥੇ ਸੰਗਤਾਂ ਮੌਜੂਦ ਰਹੀਆ ਉਥੇ ਦਾਸ ਨੂੰ ਵੀ ਵੱਖ ਵੱਖ ਥਾਵਾਂ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਭਾਈ ਗੁਰਮੀਤ ਸਿੰਘ ਬਿੱਟੂ, ਭਾਈ ਪਰਮਜੀਤ ਸਿੰਘ, ਭਾਈ ਮਲਕੀਤ ਸਿੰਘ ਖੰਨਾ, ਕੰਵਲਜੀਤ ਸਿੰਘ ਸਾਹਨੀ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਵੀ ਸ਼ਾਮਲ ਸਨ। ਇਸ ਦੌਰਾਨ ਸਰਬੱਤ ਦੇ ਭਲੇ ਲਈ ਤਖਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਵੀ ਕਰਵਾਏ।

## ਦਿਨ-ਦਿਹਾੜੇ ਔਰਤ ਦਾ ਪਰਸ ਖੋਹਣ ਦੇ ਮਾਮਲੇ 'ਚ ਤਿੰਨ ਵਿਰੁੱਧ ਮਾਮਲਾ ਦਰਜ

ਸਮਾਣਾ, 28 ਜੁਲਾਈ (ਵਿਜੇ ਕੁਮਾਰ): ਸਮਾਣਾ ਵਿੱਚ ਦਿਨ-ਦਿਹਾੜੇ ਇੱਕ ਔਰਤ ਨੂੰ ਘੇਰ ਕੇ ਉਸਦਾ ਪਰਸ ਖੋਹ ਕੇ ਫਰਾਰ ਹੋਣ ਦੇ ਮਾਮਲੇ ਵਿੱਚ ਸਿਟੀ ਪੁਲਿਸ ਨੇ ਤਿੰਨ ਨੌਜਵਾਨਾਂ 'ਤੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਮੋਨੂੰ ਪੁੱਤਰ ਰਮੇਸ਼, ਲਵਲੀ ਪੁੱਤਰ ਮਹਿੰਦਰ ਵਾਸੀ ਨੇੜੇ ਸ਼ਨੀ ਮੰਦਰ, ਮੋਤੀਆ ਬਾਜ਼ਾਰ ਸਮਾਣਾ ਅਤੇ ਕਰਨ ਪੁੱਤਰ ਰਾਕੇਸ਼ ਵਾਸੀ ਨੀਲਗੜ੍ਹ ਮੁਹੱਲਾ, ਸਮਾਣਾ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਮਰਦਾਹੇੜੀ ਨਿਵਾਸੀ ਦਰਸ਼ਨੀ ਕੌਰ ਪਤਨੀ ਕ੍ਰਿਸ਼ਨਾ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 27 ਜੁਲਾਈ ਦੀ ਸ਼ਾਮ 6:00 ਵਜੇ ਜਦੋਂ ਉਹ ਅਗਰਸੇਨ ਚੌਕ ਨੇੜੇ ਜਾ ਰਹੀ ਸੀ, ਤਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਮੁਲਜ਼ਮ ਨੌਜਵਾਨਾਂ ਨੇ ਉਸਨੂੰ ਘੇਰ ਕੇ ਉਸਦਾ ਪਰਸ ਖੋਹ ਲਿਆ ਅਤੇ ਫਰਾਰ ਹੋ ਗਏ। ਪਰੰਤੂ ਤੇਜ਼ ਰਫ਼ਤਾਰ ਹੋਣ ਕਾਰਨ ਮੁਲਜ਼ਮ ਮੋਟਰਸਾਈਕਲ ਸਮੇਤ ਸੀਤਾ-ਗੀਤਾ ਗਲੀ ਨੇੜੇ ਡਿੱਗ ਪਏ, ਜਿਨ੍ਹਾਂ ਨੂੰ ਇੱਕ ਵਿਅਕਤੀ ਨੇ ਫੜਨ ਦੀ ਕੋਸ਼ਿਸ਼ ਵੀ ਕੀਤੀ ਪਰ ਮੁਲਜ਼ਮ ਫਰਾਰ ਹੋ ਗਏ। ਪਰਸ ਵਿੱਚ ਇੱਕ ਮੋਬਾਈਲ ਤੇ ਨਕਦੀ ਸੀ। ਅਧਿਕਾਰੀ ਅਨੁਸਾਰ ਤਿੰਨੋਂ ਮੁਲਜ਼ਮ ਨੌਜਵਾਨ 20 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਪੁਲਿਸ ਵੱਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

## ਪੁਲਿਸ ਵੱਲੋਂ ਨਸ਼ੀਲਾ ਪਦਾਰਥ ਬ੍ਰਾਮਦ

ਪਟਿਆਲਾ, 28 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਨੇ ਕਥਿਤ ਦੋਸ਼ੀ ਬੰਟੀ ਵਾਸੀ ਗੁਰੂ ਨਾਨਕ ਨਗਰ ਬਡੂੰਗਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਇੰਦਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਾ-ਹੱਦ ਘਲੋੜੀ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 20 ਗ੍ਰਾਮ ਨਸ਼ੀਲਾ ਡਲੀਦਾਰ ਪਦਾਰਥ ਬ੍ਰਾਮਦ ਹੋਇਆ।

## ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਸ਼ਹਿਰ ਦੇ ਕੂੜਾ ਪ੍ਰਬੰਧਨ ਸਬੰਧੀ ਅਧਿਕਾਰੀਆਂ ਨਾਲ ਬੈਠਕ



ਪਟਿਆਲਾ, 28 ਜੁਲਾਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਵਿਖੇ ਗਿੱਲੇ ਤੇ ਸੁੱਕੇ ਕੂੜੇ ਦੇ ਬਿਹਤਰ ਪ੍ਰਬੰਧਨ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜ਼ਿਲ੍ਹਾ ਪ੍ਰਸ਼ਾਸਨ, ਨਗਰ ਨਿਗਮ ਤੇ ਪੀ.ਡੀ.ਏ. ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਪਰਸਨ ਰੀਨਾ ਗੁਪਤਾ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਤੇ ਪੀਡੀਏ ਦੇ ਮੁੱਖ ਪ੍ਰਸ਼ਾਸਨ ਮਨੀਸ਼ਾ ਰਾਣਾ ਵੀ ਮੌਜੂਦ ਸਨ। ਮੀਟਿੰਗ ਦੌਰਾਨ ਡਾ. ਬਲਬੀਰ ਸਿੰਘ ਨੇ ਥਾਪਰ ਯੂਨੀਵਰਸਿਟੀ ਵੱਲੋਂ ਕੂੜਾ ਪ੍ਰਬੰਧਨ ਲਈ ਵਰਤੀ ਜਾਂਦੀ ਤਕਨੀਕ ਸਬੰਧੀ ਥਾਪਰ ਦੇ ਪ੍ਰੋਫੈਸਰਾਂ ਨਾਲ ਵਿਚਾਰ ਚਰਚਾ ਕਰਦਿਆਂ ਇਸ ਤਕਨੀਕ ਦੀ ਵਰਤੋਂ ਪਟਿਆਲਾ ਸ਼ਹਿਰ ਵਿੱਚ ਕਰਨ 'ਤੇ ਅਧਿਕਾਰੀਆਂ ਨਾਲ ਚਰਚਾ ਕੀਤੀ। ਉਹਨਾਂ ਕਿਹਾ ਕਿ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ 100 ਫ਼ੀਸਦੀ ਕੂੜਾ ਪ੍ਰਬੰਧਨ ਕਰਨ ਲਈ ਪਟਿਆਲਾ ਦੇ ਦੋ ਵਾਰਡਾਂ 'ਚ ਕੰਮ ਸ਼ੁਰੂ ਕੀਤਾ ਗਿਆ ਹੈ ਜੋ ਆਉਣ ਵਾਲੇ ਦਿਨਾਂ 'ਚ ਸਾਰੀ ਵਾਰਡਾਂ ਤੇ ਪੀਡੀਏ ਅਧੀਨ ਪੈਂਦੇ ਖੇਤਰਾਂ 'ਚ ਵੀ ਚਲਾਇਆ ਜਾਵੇਗਾ। ਇਸ ਮੌਕੇ ਉਹਨਾਂ ਛੱਪੜਾਂ ਦੀ ਸਫਾਈ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਰੀਚਾਰਜਿੰਗ ਵੈੱਲ ਸਮੇਤ ਡਰਿਪ ਇਰੀਗੇਸ਼ਨ ਵਰਗੀਆਂ ਤਕਨੀਕਾਂ ਉੱਤੇ ਵੀ ਕੰਮ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਛੱਪੜਾਂ ਦੇ ਪਾਣੀ ਦੀ ਵਰਤੋਂ ਡਰਿਪ ਇਰੀਗੇਸ਼ਨ ਲਈ ਕੀਤੀ ਜਾ ਸਕਦੀ ਹੈ ਪਰ ਇਸ ਲਈ ਜਰੂਰੀ ਹੈ ਕਿ ਛੱਪੜਾਂ ਦੇ ਪਾਣੀ ਨੂੰ ਸਾਫ ਕੀਤਾ ਜਾਵੇ ਇਸ ਲਈ ਥਾਪਰ ਮਾਡਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੀਟਿੰਗ ਵਿੱਚ ਏਡੀਸੀ ਈਸ਼ਾ ਸਿੰਗਲ, ਨਵਰੀਤ ਕੌਰ ਸੇਖੋਂ, ਐਸਡੀਐਮ ਹਰਜੋਤ ਕੌਰ ਸਮੇਤ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀ ਵੀ ਮੌਜੂਦ ਸਨ।

## ਖ਼ੁਦਕੁਸ਼ੀ ਕਰਨ ਵਾਲੇ ਨੌਜਵਾਨਾਂ ਦੇ ਹੱਕ 'ਚ ਨਿੱਤਰੀਆਂ ਕਿਸਾਨ ਜਥੇਬੰਦੀਆਂ

### ☛ਮ੍ਰਿਤਕ ਦੇਹਾਂ ਨੂੰ ਪਾਤੜਾਂ-ਸਮਾਣਾ ਰੋਡ ਉੱਪਰ ਰੱਖ ਕੇ ਕੀਤਾ ਪ੍ਰਦਰਸ਼ਨ



ਪਾਤੜਾਂ, 28 ਜੁਲਾਈ (ਹਰਮਿੰਦਰ ਕਰਤਾਰਪੁਰ): ਬੀਤੇ ਦਿਨੀਂ ਪਿੰਡ ਨਿਆਲ ਦੇ ਦੋ ਨੌਜਵਾਨ ਵਲੋਂ ਖੁਦਕੁਸ਼ੀ ਕਰਨ ਤੋਂ ਬਾਅਦ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ ਕਾਰਨ ਅੱਜ ਦੋਵਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਸੜਕ ਉੱਪਰ ਰੱਖ ਕੇ ਪਿੰਡ ਦੇ ਲੋਕਾਂ ਵਲੋਂ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਪਾਤੜਾਂ-ਸਮਾਣਾ ਸੜਕ ਨੂੰ ਜਾਮ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਇਲਾਕੇ ਦੀਆਂ ਸਮਾਜਿਕ, ਰਾਜਨੀਤਕ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ ਵਲੋਂ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਪਾਤੜਾਂ-ਸਮਾਣਾ ਬਾਈਪਾਸ ਉੱਪਰ ਖੁਦਕੁਸ਼ੀ ਕਰਨ ਵਾਲੇ ਦੋਵਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਰੱਖ ਕੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਦੋਸ਼ੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਸਮਾਜਿਕ ਆਗੂ ਜਤਿੰਦਰ ਸਿੰਘ ਮੱਟੂ, ਹਲਕਾ ਸ਼ੁਤਰਾਣਾ ਕਾਂਗਰਸ ਦੇ ਇੰਚਾਰਜ ਦਰਬਾਰਾ ਸਿੰਘ ਬੰਨਵਾਲਾ, ਕਾਂਗਰਸ ਦੇ ਸੀਨੀਅਰ ਆਗੂ ਨਛੱਤਰ ਸਿੰਘ ਅਰਾਈ ਮਾਜਰਾ, ਬੀਬੀ ਪਲਵਿੰਦਰ ਕੌਰ ਹਰਿਆਊ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਅਮਰੀਕ ਸਿੰਘ ਘੱਗਾ, ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਆਗੂ ਮਨਜੀਤ ਸਿੰਘ ਨਿਆਲ, ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ, ਸਮਾਜਿਕ ਆਗੂ ਬਹਾਦਰ ਸਿੰਘ ਘੱਗਾ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪਟਿਆਲਾ ਦਿਹਾਤੀ ਦੇ ਪ੍ਰਧਾਨ ਜਗਜੀਤ ਸਿੰਘ ਹਰਿਆਊ ਵਲੋਂ ਪ੍ਰਦਰਸ਼ਨ ਦੌਰਾਨ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਇਨਸਾਫ਼ ਨਾ ਮਿਲਣ ਤੱਕ ਵੱਡੀ ਲੜਾਈ ਲਈ ਤਿਆਰ ਰਹਿਣ ਲਈ ਕਿਹਾ ਗਿਆ। ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵਲੋਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਦੁੱਖ ਦਾ ਪ੍ਰਗਟਾਵਾ ਕਰਨ ਉਪਰੰਤ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਕਿ ਪੀੜਤ ਪਰਿਵਾਰ ਨੂੰ ਇਨਸਾਫ ਦੇਣ ਲਈ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕਿਆ ਜਾਵੇ। ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪਟਿਆਲਾ ਦਿਹਾਤੀ ਦੇ ਪ੍ਰਧਾਨ ਜਗਜੀਤ ਸਿੰਘ ਹਰਿਆਊ ਨੇ ਪੰਜਾਬ ਸਰਕਾਰ ਉੱਪਰ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ ਉੱਪਰ ਫੇਲ੍ਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰ ਦਿਨ ਸਮਾਜ ਵਿਰੋਧੀ ਅਨਸਰਾਂ ਵਲੋਂ ਆਮ ਲੋਕਾਂ ਨੂੰ ਗੋਲੀਆਂ ਮਾਰੀਆਂ ਜਾ ਰਹੀਆਂ ਹਨ ਪਰ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ।

## ਜੇਲ੍ਹ 'ਚੋਂ ਮੋਬਾਈਲ ਤੇ ਸਿੰਮ ਬ੍ਰਾਮਦ

ਪਟਿਆਲਾ, 28 ਜੁਲਾਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਲਖਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਗੁੱਡੂ ਅੰਸਾਰੀ ਵਾਸੀ ਪੁਰੈਨਾ ਗੁਸੈਨ ਥਾਣਾ ਚੇਨਪਟੀਆ ਜ਼ਿਲ੍ਹਾ ਪੱਛਮੀ ਚੰਪਾਰਨ ਬੇਤੀਆ ਬਿਹਾਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕੇਂਦਰੀ ਜੇਲ ਪਟਿਆਲਾ ਦੀ ਬੈਰਕ ਨੰ. 05 ਵਿੱਚ ਬੰਦ ਦੋਸ਼ੀ ਦੀ ਜਿਸਮਾਨੀ ਤਲਾਸ਼ੀ ਕਰਨ 'ਤੇ 2 ਮੋਬਾਇਲ ਫੋਨ, ਜਿਨ੍ਹਾਂ ਵਿੱਚ ਇੱਕ ਮਾਰਕਾ ਕੈਚਡਾ ਸਮੇਤ ਬੈਟਰੀ ਬਿਨ੍ਹਾਂ ਸਿਮ ਕਾਰਡ ਅਤੇ ਦੂਜਾ ਮਾਰਕਾ ਨੋਕੀਆ ਬਿਨ੍ਹਾ ਬੈਟਰੀ ਬਿਨ੍ਹਾਂ ਸਿਮ ਕਾਰਡ ਦੇ ਬ੍ਰਾਮਦ ਹੋਇਆ।

## ਮੇਰਾ ਨਾਭਾ ਮੇਰਾ ਪਰਿਵਾਰ: ਦੇਵ ਮਾਨ

### ਲੋਕ ਮਿਲਣੀ ਦੌਰਾਨ ਵਿਧਾਇਕ ਨੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ



ਨਾਭਾ, 28 ਜੁਲਾਈ (ਬਲਜਿੰਦਰ ਮਾਨ/ਚੌਧਰੀਮਾਜਰਾ) : ਮੇਰਾ ਨਾਭਾ ਮੇਰਾ ਪਰਿਵਾਰ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪਣੇ ਦਫ਼ਤਰ ਵਿੱਚ ਜਨਤਕ ਮਿਲਣੀ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦਿਆਂ ਕੀਤਾ। ਦੇਵ ਮਾਨ ਨੇ ਕਿਹਾ ਕਿ ਮੈਂ ਹਰ ਰੋਜ਼ ਆਪਣੇ ਦਫ਼ਤਰ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣਦਾ ਹਾਂ ਅਤੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਨਾਭਾ ਨਿਵਾਸੀ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿੱਧਾ ਮੇਰੇ ਮੋਬਾਈਲ ਨੰਬਰ 'ਤੇ ਸੰਪਰਕ ਕਰੇ ਜਾਂ ਮੇਰੇ ਦਫ਼ਤਰ ਵਿੱਚ ਆ ਕੇ ਸੰਪਰਕ ਕਰੇ। ਉਨ੍ਹਾਂ ਕਿਹਾ ਕਿ ਮੇਰਾ ਨਾਭਾ ਅਤੇ ਇਸ ਦੇ ਵਾਸੀ ਮੇਰਾ ਪਰਿਵਾਰ ਹਨ ਅਤੇ ਕਿਸੇ ਵੀ ਨਾਭਾ ਵਾਸੀ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਾਭਾ ਦੇ ਵਿਕਾਸ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਾਭਾ ਨੂੰ ਹੋਰ ਵੱਡੇ ਪ੍ਰੋਜੈਕਟ ਦਿੱਤੇ ਜਾਣਗੇ। ਇਸ ਮੌਕੇ ਪੰਜਾਬ ਯੂਥ ਵਿਕਾਸ ਬੋਰਡ ਦੇ ਡਾਇਰੈਕਟਰ ਤਜਿੰਦਰ ਸਿੰਘ ਖਹਿਰਾ, ਧਰਮਿੰਦਰ ਸਿੰਘ ਸੁੱਖੇਵਾਲ ਚੇਅਰਮੈਨ, ਮਨਜੋਤ ਸਿੰਘ ਗਰੇਵਾਲ ਲੱਧਾਹੇੜੀ ਯੂਥ ਆਗੂ, ਸੁਖਦੇਵ ਸਿੰਘ ਮਾਨ, ਅਮਨਦੀਪ ਸਿੰਘ ਤੇਜੇ ਪ੍ਰਧਾਨ ਸਰਪੰਚ ਯੂਨੀਅਨ, ਰਣਜੀਤ ਸਿੰਘ ਜੱਜ ਸਰਪੰਚ, ਬਹਾਦਰ ਸਿੰਘ ਸਰਪੰਚ ਅਲੋਹਰਾ, ਤਲਵਿੰਦਰ ਸਿੰਘ ਖੋਖ ਬਲਾਕ ਪ੍ਰਧਾਨ, ਜਸਵੀਰ ਸਿੰਘ ਛਿੰਦਾ ਆਦਿ ਹਾਜ਼ਰ ਸਨ।

## ਦੇਵ ਮਾਨ ਵੱਲੋਂ ਜ਼ਿਮਨੀ ਚੋਣਾਂ 'ਚ ਜਿੱਤੇ ਪੰਚ-ਸਰਪੰਚਾਂ ਦਾ ਸਨਮਾਨ



ਨਾਭਾ, 28 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਪੰਜਾਬ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਹਲਕਾ ਨਾਭਾ ਦੇ ਪਿੰਡਾਂ ਵਿੱਚ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਪੰਚ-ਸਰਪੰਚ ਜਿੱਤਣ ਉਪਰੰਤ ਅੱਜ ਵਿਧਾਇਕ ਦਫ਼ਤਰ ਨਾਭਾ ਵਿਖੇ ਗੁਰਦੇਵ ਸਿੰਘ ਦੇਵ ਮਾਨ ਵਿਧਾਇਕ ਨਾਭਾ ਨਾਲ ਮੁਲਾਕਾਤ ਕੀਤੀ। ਮੁਲਾਕਾਤ ਉਪਰੰਤ ਵਿਧਾਇਕ ਦੇਵ ਮਾਨ ਵੱਲੋਂ ਨਵੇਂ ਚੁਣੇ ਪੰਚ ਸਰਪੰਚਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਵੇਂ ਚੁਣੇ ਸਰਪੰਚਾਂ ਵਿੱਚ ਮਨਦੀਪ ਕੌਰ ਸਰਪੰਚ ਹਲੋਤਾਲੀ, ਜਸਵੀਰ ਸਿੰਘ ਸਰਪੰਚ ਘਨੂੰੜਕੀ, ਰਣਜੀਤ ਕੌਰ ਸਰਪੰਚ ਉਪਲਾਂ, ਜਗਦੇਵ ਸਿੰਘ ਪੰਚ, ਅਬਦੁਲ ਖਾਂ ਪੰਚ, ਸੋਮਨਾਥ ਪੰਚ, ਸਤਬੀਰ ਕੌਰ ਪੰਚ, ਹਰਜਿੰਦਰ ਸਿੰਘ ਪੰਚ ਉਪਲਾਂ, ਅਮਰੀਕ ਸਿੰਘ ਹੈਪੀ ਪੰਚ ਕਨਸੂਹਾ ਖੁਰਦ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ ਯੂਥ ਡਿਵੈਲਪਮੈਂਟ ਬੋਰਡ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁਖੇਵਾਲ, ਸਤਨਾਮ ਸਿੰਘ ਸਰਪੰਚ, ਮਨਜੋਤ ਸਿੰਘ ਲੱਧਾਹੇੜੀ ਯੂਥ ਆਗੂ, ਮਨਪ੍ਰੀਤ ਸਿੰਘ ਕਾਲੀਆ ਦਫਤਰ ਇੰਚਾਰਜ ਸੁਖਦੀਪ ਸਿੰਘ ਖਹਿਰਾ ਯੂਥ ਆਗੂ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ, ਸੁਖਦੇਵ ਸਿੰਘ ਮਾਨ, ਨਿਰਭੈ ਸਿੰਘ ਘੁੰਡਰ, ਪ੍ਰਭਜੋਤ ਸਿੰਘ ਸੋਸ਼ਲ ਮੀਡੀਆ ਅਤੇ ਵੱਡੀ ਗਿਣਤੀ ਵਿੱਚ ਅਹੁਦੇਦਾਰ ਮੌਜੂਦ ਸਨ।

## ਅੰਮ੍ਰਿਤਧਾਰੀ ਲੜਕੀ ਨੂੰ ਕਕਾਰ ਉਤਾਰ ਕੇ ਪੇਪਰ ਦੇਣ ਲਈ ਕਹਿਣਾ ਨਿੰਦਣਯੋਗ : ਦਲਿਤ ਫਰੰਟ

ਪਟਿਆਲਾ, 28 ਜੁਲਾਈ (ਰੁਪਾਣਾ) : ਭਾਰਤੀ ਘੱਟ ਗਿਣਤੀਆਂ ਅਤੇ ਦਲਿਤ ਫਰੰਟ ਦੇ ਕੌਮੀ ਪ੍ਰਧਾਨ ਜੋਗਿੰਦਰ ਸਿੰਘ ਪੰਛੀ ਨੇ ਕਿਹਾ ਕਿ ਰਾਜਸਥਾਨ ਸਰਕਾਰ ਵੱਲੋਂ ਅੰਮ੍ਰਿਤਧਾਰੀ ਲੜਕੀ ਨੂੰ ਕਕਾਰ ਉਤਾਰ ਕੇ ਪੇਪਰ ਦੇਣ ਲਈ ਕਹਿਣਾ ਅਤੇ ਪੇਪਰ ਦੇਣ ਤੋਂ ਰੋਕ ਦੇਣਾ ਭਾਰਤੀ ਸੰਵਿਧਾਨ ਦੀ ਘੋਰ ਉਲੰਘਣਾ ਹੈ। ਇਹ ਦੁਖਦਾਈ ਘਟਨਾ ਉਸ ਸਮੇਂ ਵਾਪਰੀ ਜਦੋਂ ਦੁਨੀਆਂ ਭਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਪਵਿੱਤਰ ਦਿਹਾੜਾ ਮਨਾਇਆ ਜਾ ਰਿਹਾ ਹੈ। ਸਿੱਖ ਬੀਬੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਸ ਨੇ ਆਪਣੇ ਧਾਰਮਿਕ ਚਿੰਨ੍ਹ ਆਮ ਸਾਈਜ ਨਾਲ ਛੋਟੇ ਪਾਏ ਹੋਏ ਸਨ। ਅੰਮ੍ਰਿਤਧਾਰੀ ਬੀਬੀ ਵੱਲੋਂ ਪੇਪਰ ਵਿੱਚ ਬੈਠਣ ਦੇ ਦਾਖਲੇ ਲਈ ਬਾਰ-ਬਾਰ ਬੇਨਤੀ ਕੀਤੀ ਪਰ ਪ੍ਰਬੰਧਕਾਂ ਵੱਲੋਂ ਅੜੀਅਲ ਵਤੀਰਾ ਅਖਤਿਆਰ ਕਰੀ ਰੱਖਿਆ ਤੇ ਲੜਕੀ ਪੇਪਰ ਦੇਣ ਤੋਂ ਵਾਂਝੀ ਹੋ ਗਈ ਜਿਸ ਨਾਲ ਉਸ ਨੂੰ ਬਹੁਤ ਨਿੱਜੀ ਨੁਕਸਾਨ ਝਲਣਾ ਪਿਆ। ਅਜਿਹੇ ਪ੍ਰਬੰਧ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ। ਸ੍ਰੀ ਪੰਛੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਤੇ ਸਖਤ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨਾਲ ਮਿਲ ਕੇ ਇਸ ਦਾ ਪੱਕਾ ਹੱਲ ਕੱਢਣਾ ਚਾਹੀਦਾ ਹੈ ਤਾਂ ਜੋ ਭਾਰਤ ਵਿੱਚ ਰੋਜਾਨਾ ਦੇ ਅੜਿਕੇ ਬੱਚਿਆਂ ਦੀ ਖਜਲ ਖੁਆਰੀ ਬੰਦ ਹੋ ਸਕੇ।

## ਮਾਤਾ ਸ੍ਰੀ ਨੈਣਾ ਦੇਵੀ ਲਈ 250 ਭਗਤਾਂ ਦਾ ਜਥਾ ਰਵਾਨਾ



ਨਾਭਾ, 28 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸਥਾਨਕ ਬੋੜਾ ਗੇਟ ਨਾਭਾ ਤੋਂ ਸਾਵਣ ਦੇ ਚਾਲਿਆ ਮੌਕੇ 4 ਬੱਸਾਂ ਰਾਹੀ ਫ੍ਰੀ ਸੇਵਾ ਵਿੱਚ 250 ਭਗਤਾਂ ਦਾ ਜੱਥਾ ਪਾਲੀ ਭਗਤ, ਰਾਜ ਕੁਮਾਰ ਰਾਜੂ ਜਾਗਰਣ ਪਰਿਵਾਰ ਵਾਲੇ, ਹਰੀਸ਼ ਠੇਕੇਦਾਰ ਦੀ ਅਗਵਾਈ ਵਿੱਚ ਮਾਤਾ ਸ੍ਰੀ ਨੈਣਾ ਦੇਵੀ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਬੱਸ ਨੂੰ ਝੰਡੀ ਦੇਣ ਦੀ ਰਸਮ ਖੂਨਦਾਨੀ ਸਟੇਟ ਅਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਮਾਤਾ ਰਾਣੀ ਜੀ ਦੀ ਜੋਤ ਪ੍ਰਚੰਡ ਕਰਵਾ ਕੇ ਕੀਤੀ ਨਾਲ ਹੀ ਨਾਰੀਅਲ ਤੋੜਨ ਦੀ ਰਸਮ ਧਾਰੋਕੀ ਵਾਲੇ ਜਿਪਸੀ ਬਾਂਸਲ ਚੇਅਰਮੈਨ ਅਤੇ ਹਿਮਾਂਸ਼ੂ ਜਿੰਦਲ ਪ੍ਰਧਾਨ ਯੂਥ ਵਿੰਗ ਅੱਗਰਵਾਲ ਸਭਾ ਨਾਭਾ ਨੇ ਸਾਂਝੇ ਤੌਰ ਤੇ ਕੀਤੀ ਅਤੇ ਪ੍ਰਧਾਨ ਭਾਸ਼ੀ ਨੇ ਬੋਲਦੇ ਹੋਏ ਕਿਹਾ ਕਿ ਪਾਲੀ ਢਾਬਾ ਗਰੁੱਪ ਦੀ ਸਾਰੀ ਟੀਮ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ। ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ ਸਾਡੀ ਹਰਸ਼ ਬਲੱਡ ਡੋਨਰ ਸੁਸਾਇਟੀ ਨਾਭਾ ਦਾ ਹਰੇਕ ਤਰਾਂ ਦਾ ਸਹਿਯੋਗ ਪਾਲੀ ਢਾਬਾ ਗਰੁੱਪ ਨੂੰ ਹਮੇਸ਼ਾ ਰਹੇਗਾ, ਇਹ ਗਰੁੱਪ ਪਹਿਲਾ ਵੀ ਬਹੁਤ ਜ਼ਿਆਦਾ ਧਾਰਮਿਕ ਅਤੇ ਸਮਾਜਿਕ ਕਾਰਜ ਕਰਦਾ ਰਹਿੰਦਾ ਹੈ, ਨਾਭਾ ਦੀ ਸੰਗਤ ਨੂੰ ਧਰਮ ਨਾਲ ਜੋੜਨਾ ਇਹਨਾਂ ਦਾ ਸਭ ਤੋ ਉੱਤਮ ਉਪਰਾਲਾ ਹੈ, ਸਭ ਤੋ ਵੱਡੀ ਗੱਲ ਇਹ ਹੈ ਕਿ ਸਾਰੀ ਟੀਮ ਵੱਲੋ 4 ਬੱਸਾਂ ਭਗਤਾਂ ਦੇ ਨਾਲ ਭਰ ਕੇ ਫ੍ਰੀ ਸੇਵਾ ਵਿੱਚ ਦਰਸ਼ਨ ਕਰਵਾਉਣ ਲਈ ਭੇਜ ਰਹੇ ਹਨ ਧਰਮ ਸਿੰਘ ਧਾਰੋਕੀ ਅਤੇ ਸਮਾਜ ਸੇਵਕ ਬੋਬੀ ਅਰੋੜਾ ਵੱਲੋ ਸਾਰੇ ਆਏ ਮਹਿਮਾਨਾਂ ਦਾ ਸਪੈਸ਼ਲ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ ਅਤੇ ਸਨਮਾਨ ਵੀ ਕੀਤਾ ਗਿਆ।

## ਲੋੜਵੰਦ ਨੂੰ ਵ੍ਹੀਲਚੇਅਰ ਭੇਟ

ਨਾਭਾ, 28 ਜੁਲਾਈ (ਬਲਜਿੰਦਰ ਮਾਨ) : ਵਾਰਡ ਨੰਬਰ 23 ਦੀ ਆਮ ਆਦਮੀ ਪਾਰਟੀ ਦੀ ਕੌਂਸਲਰ ਰੋਜ਼ੀ ਨਾਗਪਾਲ ਅਤੇ ਉਨ੍ਹਾਂ ਦੇ ਪਤੀ, ਸਮਾਜ ਸੇਵਕ ਦੀਪਕ ਨਾਗਪਾਲ, ਵਾਰਡ ਵਿੱਚ ਪੂਰੀ ਮਿਹਨਤ ਨਾਲ ਵਿਕਾਸ ਕਾਰਜ ਕਰਵਾ ਰਹੇ ਹਨ। ਇਸ ਦੇ ਨਾਲ ਨਾਗਪਾਲ ਪਰਿਵਾਰ ਵਲੋ ਸਮਾਜ ਸੇਵਾ ਵੀ ਬੜੇ ਉਤਸ਼ਾਹ ਨਾਲ ਯੋਗਦਾਨ ਪਾਇਆ ਜਾ ਰਿਹਾ ਹੈ। ਇਸੇ ਲੜੀ ਨੂੰ ਜਾਰੀ ਰੱਖਦੇ ਹੋਏ, ਵਾਰਡ ਵਿੱਚ ਇੱਕ ਲੋੜਵੰਦ ਪਰਿਵਾਰ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੌਂਸਲਰ ਰੋਜ਼ੀ ਨਾਗਪਾਲ ਅਤੇ ਸਮਾਜ ਸੇਵਕ ਦੀਪਕ ਨਾਗਪਾਲ ਨੇ ਚਰਨਜੀਤ ਚਰਨਾ ਨੂੰ ਇੱਕ ਵ੍ਹੀਲਚੇਅਰ ਦਿੱਤੀ। ਇਸ ਮੌਕੇ ਦੀਪਕ ਨਾਗਪਾਲ ਨੇ ਕਿਹਾ ਕਿ ਮੇਰੇ ਵਾਰਡ ਦੇ ਕਿਸੇ ਵੀ ਪਰਿਵਾਰ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਵਾਰਡ ਵਾਸੀਆਂ ਲਈ ਹਰ ਤਰ੍ਹਾਂ ਦੇ ਕੰਮ ਪਹਿਲਕਦਮੀ ਦੇ ਆਧਾਰ 'ਤੇ ਕੀਤੇ ਜਾਣਗੇ। ਇਸ ਮੌਕੇ 'ਤੇ ਵ੍ਹੀਲਚੇਅਰ ਪ੍ਰਾਪਤ ਕਰਨ ਵਾਲੇ ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ।



## ਤ੍ਰਿਵੇਣੀ ਸਾਹਿਤ ਪਰਿਸ਼ਦ ਨੇ ਸਾਵਣ ਕਵੀ ਦਰਬਾਰ ਕਰਵਾਇਆ



ਪਟਿਆਲਾ, 28 ਜੁਲਾਈ (ਚ.ਨ.ਸ.) : ਤ੍ਰਿਵੇਣੀ ਸਾਹਿਤ ਪਰਿਸ਼ਦ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਸਾਵਣ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਲਗਭਗ 30 ਸ਼ਾਇਰਾਂ ਨੇ ਹਿੱਸਾ ਲਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਸੀ.ਮੀਤ ਪ੍ਰਧਾਨ ਨਿਰਮਲਾ ਗਰਗ, ਕੁਲਵੰਤ ਸਿੰਘ ਨਾਰੀਕੇ ਸੀ.ਮੀਤ ਪ੍ਰਧਾਨ ਗਿਆਨਦੀਪ ਸਾਹਿਤ ਸਾਧਨਾ ਮੰਚ, ਰੋਟਰੀ ਕਲੱਬ ਪਟਿਆਲਾ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਭਗਵਾਨ ਦਾਸ ਗੁਪਤਾ ਅਤੇ ਉੱਘੇ ਸ਼ਾਇਰ ਗੁਰਚਰਨ ਸਿੰਘ ਪੱਬਾਰਾਲੀ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਸਮਾਗਮ ਦਾ ਆਗਾਜ਼ ਮੰਗਤ ਖਾਨ ਵੱਲੋਂ ਡਾ. ਜਸਪਾਲ ਦੇਸੂਵੀ ਦੀ ਗ਼ਜ਼ਲ 'ਖੜ੍ਹਨਾ ਸਿੱਖ ਲੈ, ਬਹਿਣਾ ਸਿੱਖ ਲੈ' ਗਾ ਕੇ ਕੀਤਾ ਗਿਆ। ਸਭਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸ਼ਾਇਰਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ। ਕਵੀ ਦਰਬਾਰ ਸੈਸ਼ਨ ਦੌਰਾਨ ਸ਼ਾਮ ਸਿੰਘ ਪ੍ਰੇਮ, ਕ੍ਰਿਸ਼ਨ ਲਾਲ ਧੀਮਾਨ, ਜੱਗਾ ਰੰਗੂਵਾਲ, ਰਘਵੀਰ ਸਿੰਘ ਮਹਿਮੀ, ਕਿਰਨ ਸਿੰਗਲਾ, ਜਗਜੀਤ ਸਾਹਨੀ, ਕਿਰਪਾਲ ਸਿੰਘ ਮੂਨਕ, ਜਸਵਿੰਦਰ ਕੌਰ, ਸੁਭਾਸ਼ ਮਲਿਕ, ਬਲਵੀਰ ਸਿੰਘ ਦਿਲਦਾਰ, ਡਾ. ਜੀ. ਐੱਸ. ਆਨੰਦ, ਕੁਲਵੰਤ ਸੈਦੋਕੇ, ਅਵਤਾਰਜੀਤ ਅਟਵਾਲ, ਸੁਰਿੰਦਰ ਕੌਰ ਬਾੜਾ, ਭਗਵੰਤ ਕੌਰ, ਸਿਮਰਨ ਕੌਰ, ਹਰਪ੍ਰੀਤ ਕੌਰ ਪ੍ਰੀਤ, ਰਾਜੇਸ਼ਵਰ ਕੁਮਾਰ, ਗੁਰਮੁਖ ਸਿੰਘ ਜਾਗੀ, ਹਰੀਸ਼ ਪਟਿਆਲਵੀ ਅਤੇ ਮੰਗਤ ਖਾਨ ਨੇ ਆਪਣੀਆਂ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਇਸ ਤੋਂ ਇਲਾਵਾ ਰੰਗਕਰਮੀ ਗੋਪਾਲ ਸ਼ਰਮਾ ਅਤੇ ਅਮਰਜੀਤ ਸਿੰਘ ਨੇ ਬਤੌਰ ਸਰੋਤੇ ਹਾਜ਼ਰੀ ਲਵਾਈ। ਉੱਘੇ ਸਮਾਜ ਸੇਵੀ ਭਗਵਾਨ ਦਾਸ ਗੁਪਤਾ ਨੂੰ ਸਭਾ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਨੇ ਸਭਾ ਦੀ ਮਾਲੀ ਮਦਦ ਵੀ ਕੀਤੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮੰਗਤ ਖ਼ਾਨ ਵੱਲੋਂ ਬਾਖ਼ੂਬੀ ਨਿਭਾਈ ਗਈ। ਅੰਤ ਵਿੱਚ ਸਭਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ ਠੱਗੀ

ਦੇਵੀਗੜ੍ਹ, 28 ਜੁਲਾਈ (ਗੁਰਜੀਤ ਢੋਟ) : ਥਾਣਾ ਜੁਲਕਾ ਪੁਲਿਸ ਕੋਲ ਰਵੀ ਗਿਰ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਬਹਾਦਰਪੁਰ ਫਕੀਰਾ ਨੇ ਕਥਿਤ ਦੋਸ਼ੀਆਂ ਸ਼ਿੰਦਰ ਸਿੰਘ ਵਾਸੀ ਪਿੰਡ ਭਿੱਖੀਵਿੰਡ ਜ਼ਿਲ੍ਹਾ ਤਰਨਤਾਰਨ, ਅਨਮੂਲਪ੍ਰੀਤ ਕੌਰ ਵਾਸੀ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ, ਬਲਵਿੰਦਰ ਕੰਬੋਜ ਵਾਸੀ ਗੜ੍ਹੀ ਮੁੰਡੋ ਸਵਾਨਪੁਰੀ ਜਗਦਾਰੀ ਯਮੁਨਾਨਗਰ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਕਤ ਕਥਿਤ ਦੋਸ਼ੀਆਂ ਨੇ ਉਸ ਨੂੰ ਵਿਦੇਸ਼ (ਕੈਨੇਡਾ) ਭੇਜਣ ਦਾ ਝਾਂਸਾ ਦੇ ਕੇ 6,50,000 ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਿਸ ਕੀਤੇ। ਪੁਲਿਸ ਨੇ ਧਾਰਾ 406,420, 120ਬੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਕਾਂਗਰਸ ਮਹਿਲਾ ਪ੍ਰਧਾਨ ਕਮਲੇਸ਼ ਕੌਰ ਗਿੱਲ ਨੇ ਤੀਆਂ ਦੇ ਤਿਉਹਾਰ ਮੌਕੇ ਬੂਟੇ ਵੰਡੇ



ਨਾਭਾ, 28 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਕਾਂਗਰਸ ਪਾਰਟੀ ਦੀ ਮਹਿਲਾ ਪ੍ਰਧਾਨ ਨਾਭਾ ਕਮਲੇਸ਼ ਕੌਰ ਗਿੱਲ ਅਤੇ ਮਹਿਲਾਵਾਂ ਵੱਲੋਂ ਇਕੱਠੇ ਹੋ ਕੇ ਵੱਡੀ ਗਿਣਤੀ ਵਿੱਚ ਮੇਲਾ ਤੀਆਂ ਦਾ ਤੇ ਉਹ ਹਰ ਮਨਾਇਆ ਗਿਆ ਜਿਸ ਵਿੱਚ ਔਰਤਾਂ ਪੂਰਾ ਸੱਜ ਧੱਜ ਕੇ ਆਈਆਂ ਅਤੇ ਉਹਨਾਂ ਨੇ ਰੰਗ ਬਿਰੰਗ ਦੇ ਸੋਹਣੇ ਸੋਹਣੇ ਲਹਿੰਗੇ ਵੀ ਪਾਏ ਹੋਏ ਸਨ ਅਤੇ ਛੋਟੀਆਂ ਛੋਟੀਆਂ ਬੱਚੀਆਂ ਵੀ ਪ੍ਰੋਗਰਾਮ 'ਚ ਪਹੁੰਚੀਆਂ ਤੇ ਉਹਨਾਂ ਨੇ ਵੀ ਗਿੱਧਾ ਪਾਇਆ ਤੇ ਬੋਲੀਆਂ ਪਾਈਆਂ ਉਸੇ ਤਰ੍ਹਾਂ ਹੀ ਮਹਿਲਾਵਾਂ ਨੇ ਵੀ ਗਿੱਧਾ ਪਾਇਆ। ਉਹਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਪਹਿਲਾਂ ਪੁਰਾਣੇ ਜਮਾਨੇ ਦੇ ਵਿੱਚ ਮਹਿਲਾਵਾਂ ਤੀਜ ਦਾ ਤਿਉਹਾਰ ਮਨਾਉਣ ਵਾਸਤੇ ਆਪਣੇ ਪੇਕੇ ਜਾਂਦੀਆਂ ਸਨ ਅਤੇ ਉੱਥੇ ਜਾ ਕੇ ਪੀਘਾਂ ਝੂਟਦੀਆਂ ਸਨ। ਅੱਜ ਅਸੀਂ ਉਸੇ ਪਿਛੋਕੜ ਨੂੰ ਯਾਦ ਰੱਖਣ ਦੇ ਲਈ ਤੀਆਂ ਦਾ ਇਹ ਤਿਉਹਾਰ ਮਨਾਇਆ ਹੈ। ਇਸ ਮੌਕੇ ਮਹਿਲਾਵਾਂ ਨੂੰ ਬੂਟੇ ਵੀ ਵੰਡੇ ਗਏ।

## ਨਸ਼ਿਆਂ ਕਾਰਨ ਬੁਢਾਪੇ ਦਾ ਸਹਾਰਾ ਨੌਜਵਾਨ ਪੁੱਤਾਂ ਦੀਆਂ ਅਰਥੀਆਂ ਨੂੰ ਮੋਢਾ ਮਾਪਿਆਂ ਵੱਲੋਂ ਦੇਣਾ ਚਿੰਤਾ ਦਾ ਵਿਸ਼ਾ: ਪਰਮਿੰਦਰ ਭਲਵਾਨ



ਪਟਿਆਲਾ, 28 ਜੁਲਾਈ (ਚ.ਨ.ਸ.) : ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਮਾਤਾ ਗੁਜਰੀ ਸਹਾਰਾ ਟਰੱਸਟ ਕਲੱਰਭੈਣੀ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਮੁਹਿੰਮ ਤਹਿਤ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੋਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਚੀਫ਼ ਮੈਨੇਜਰ ਅਵਧੇਸ਼ ਕੁਮਾਰ ਨੇ ਕੀਤੀ, ਇਸ ਮੌਕੇ ਮਾਤਾ ਗੁਜਰੀ ਸਹਾਰਾ ਟਰੱਸਟ ਦੇ ਮੁੱਖੀ ਬੀਬੀ ਸੋਹਨਜੀਤ ਕੌਰ ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ, ਵਿਸ਼ੇਸ਼ ਤੌਰ ਤੇ ਸਾਕਸ਼ੀ ਵਰਮਾ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਡਕਾਲਾ ਬ੍ਰਾਂਚ, ਸਟੇਟ ਐਵਾਰਡੀ ਰੁਪਿੰਦਰ ਕੌਰ, ਉਪਕਾਰ ਸਿੰਘ, ਯੂਥ ਆਗੂ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਸਰਪ੍ਰਸਤੀ ਹੇਠ ਵੱਖ-ਵੱਖ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਮੁਹੱਲਿਆਂ ਵਿਚ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਲੜੀਵਾਰ ਤਹਿਤ ਨਸ਼ਿਆਂ ਵਿਰੋਧੀ ਸੈਮੀਨਾਰਾ ਦਾ ਆਯੋਜਨ ਕੀਤਾ ਜਾ ਰਿਹਾ, ਉਹਨਾਂ ਕਿਹਾ ਕਿ ਬੁਢਾਪੇ ਦਾ ਸਹਾਰਾ ਨੌਜਵਾਨਾ ਪੁੱਤਾਂ ਦੀਆਂ ਅਰਥੀਆਂ ਨੂੰ ਮੋਢਾ ਮਾਪਿਆਂ ਨੂੰ ਦੇਣਾ ਪੈ ਰਿਹਾ ਹੈ, ਜੋਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ, ਇਸ ਲਈ ਉਹਨਾਂ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ।

## ਭਾਰਤ ਵਿਕਾਸ ਪ੍ਰੀਸ਼ਦ ਨੇ ਵੰਡੇ 250 ਤੁਲਸੀ ਦੇ ਪੌਦੇ



ਸਮਾਣਾ, 28 ਜੁਲਾਈ (ਵਿਜੇ ਕੁਮਾਰ) : ਸਥਾਨਕ ਐਸ.ਡੀ. ਮਾਡਲ ਸੀਨੀਅਰ ਸੈਕਡਰੀ ਸਕੂਲ 'ਚ ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਸੰਸਥਾ ਪ੍ਰਧਾਨ ਰਜਿੰਦਰ ਗੁਪਤਾ (ਹੈਪੀ) ਦੀ ਅਗਵਾਈ 'ਚ ਘਰ ਘਰ ਤੁਲਸੀ ਮੁਹਿਮ ਤਹਿਤ 250 ਸਿਆਮਾ ਤੁਲਸੀ ਦੇ ਪੌਦੇ ਤਕਸੀਮ ਕੀਤੇ ਗਏ। ਇਸ ਮੌਕੇ ਉਨਾਂ ਨਾਲ ਸੰਸਥਾ ਸੈਕਟਰੀ ਹਰੀਸ਼ ਸਡਾਨਾ, ਰਜਿੰਦਰ ਵਿੱਕੀ, ਤਰੁਣ ਗਰਗ, ਦਿਨੇਸ਼ ਸਿੰਗਲਾ, ਪੂਜਾ ਗਰਗ, ਨੰਦਨੀ ਆਦਿ ਮੌਜੂਦ ਸਨ। ਇਸ ਮੌਕੇ ਸੰਸਥਾ ਪ੍ਰਧਾਨ ਰਜਿੰਦਰ ਗੁਪਤਾ ਨੇ ਕਿਹਾ ਕਿ ਸਾਨੂੰ ਘਰ ਵਿੱਚ ਤੁਲਸੀ ਦਾ ਇੱਕ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ, ਕਿਉਂਕਿ ਇਹ ਇੱਕ ਦੇਸੀ ਦਵਾਈ ਹੈ। ਇਸ ਨੂੰ ਧਾਰਮਿਕ ਪੱਖੋਂ ਵੀ ਲਿਆ ਜਾਂਦਾ ਹੈ। ਇਹ ਹਰ ਘਰ ਵਿੱਚ ਲਗਾਉਣੀ ਚਾਹੀਦੀ ਹੈ। ਇਸ ਦੇ ਪੱਤੇ ਸਰੀਰ ਦੀ ਤੰਦਰੁਸਤੀ ਲਈ ਬਹੁਤ ਲਾਭਦਾਇਕ ਹੈ। ਇਸ ਮੌਕੇ ਸਕੂਲ ਕਮੇਟੀ ਪ੍ਰਧਾਨ ਵਿਮਲ ਬਾਂਸਲ, ਨਮਨ ਬਾਂਸਲ, ਅਸ਼ੋਕ ਬਾਂਸਲ, ਕ੍ਰਿਸ਼ਨ ਕੁਮਾਰ, ਕੇਸ਼ਵ ਪਾਠਕ, ਭੂਸ਼ਣ ਵਰਮਾ, ਮੰਜੂ ਗਰਗ ਪ੍ਰਧਾਨ ਮਹਿਲਾ ਸੰਕਿਰਤਨ ਮੰਡਲੀ, ਜੋਤੀ ਬਾਂਸਲ, ਰੀਟਾ ਵਰਮਾ ਅਤੇ ਸਕੂਲ ਪ੍ਰਿੰਸੀਪਲ ਐਸ.ਕੇ. ਖੋਸਲਾ ਆਦਿ ਵੀ ਮੌਜੂਦ ਸਨ।

## ਹਰਿਆਲੀ ਤੀਜ ਦੇ ਮੌਕੇ 'ਤੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਜੂਟ ਦੇ ਥੈਲੇ ਵੰਡੇ



ਪਟਿਆਲਾ, 28 ਜੁਲਾਈ (ਚ.ਨ.ਸ.) : ਪਟਿਆਲਾ ਸ਼ੋਸਲ ਵੈਲਫੇਅਰ ਸੁਸਾਇਟੀ ਸਮੇਂ-ਸਮੇਂ ਲੋਕਾਂ ਨੂੰ ਪਲਾਸਟਿਕ ਤੋਂ ਹੋਣ ਵਾਲੇ ਨੁਕਸਾਨ ਬਾਰੇ ਲੋਕਾਂ ਨੂੰ ਲਗਭਗ 20 ਸਾਲਾਂ ਤੋਂ ਜਾਗਰੂਕ ਕਰ ਰਹੀ ਹੈ। ਜਿੱਥੇ ਵੀ ਪਲਾਸਟਿਕ ਹੁੰਦਾ ਹੈ ਉਹ ਗਲਦਾ ਨਹੀਂ। ਜਿੱਥੇ ਉਸਦੇ ਢੇਰ ਲਗਾ ਹੁੰਦਾ ਹੈ ਸਿਹਤ ਲਈ ਨੁਕਸਾਨਦਾਇਕ ਹੈ। ਆਲ ਇੰਡੀਆ ਮੈਡੀਕਲ ਇੰਸਟੀਸਿਊਸ਼ਨ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕੈਂਸਰ ਵਰਗੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿੰਗਲ ਵਰਤੋਂ ਵਾਲੇ ਪਲਾਸਟਿਕ ਦੇ ਲਿਫਾਫੇ ਨਾ ਵਰਤੋਂ ਕਰੋ, ਸਗੋਂ ਜਾਂ ਕੱਪੜੇ ਦੇ ਥੈਲੇ ਦੀ ਵਰਤੋਂ ਕਰੋ। ਪੰਜਾਬ ਪ੍ਰਦੂਸ਼ਣ ਦੇ ਸਾਬਕਾ ਚੇਅਰਮੈਨ ਸ਼੍ਰੀ ਆਦਰਸ਼ ਪਾਲ ਵਿਗ ਦਾ ਕਹਿਣਾ ਹੈ ਕਿ ਜੇ ਸਾਡੀ ਸਿਹਤ ਕਾਇਮ ਹੈ ਤਾਂ ਹੀ ਅਸੀਂ ਤਰੱਕੀ ਕਰ ਸਕਦੇ ਹਾਂ। ਜੂਟ ਜਾਂ ਕੱਪੜੇ ਦੇ ਥੈਲੇ ਦੀ ਵਰਤੋਂ ਹਮੇਸ਼ਾ ਕਰੋ ਪਲਾਸਟਿਕ ਨੂੰ ਨਾ ਕਹੋਂ। ਪਟਿਆਲਾ ਵੈਲਫੇਅਰ ਸੋਸਾਇਟੀ ਵਲੋਂ ਹਰਿਆਲੀ ਤੀਜ ਮਨਾਈ ਗਈ ਜੋ ਕਿ ਹਰਾ-ਭਰਾ ਅਤੇ ਭੈਣਾਂ ਦਾ ਇੱਕ ਸੰਦੇਸ਼ ਦਿੰਦੀ ਹੈ। ਹਰਿਆਲੀ ਤੀਜ ਦੇ ਅਵਸਰ ਤੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਜੂਟ ਦੇ ਥੈਲੇ ਬਾਰਾਂਦਰੀ ਬਾਗ ਵਿੱਚ ਵੰਡੇ ਗਏ। ਇਹ ਸਾਡਾ ਸਭ ਦਾ ਫਰਜ਼ ਹੈ ਕਿ ਪਲਸਾਟਿਕ ਨੂੰ ਦੂਰ ਕਰਕੇ ਅਸੀ ਆਪਣੀ ਸਿਹਤ ਨੂੰ ਕਾਇਮ ਰੱਖੀਏ ਅਤੇ ਪਲਾਸਟਿਕ ਨੂੰ ਖਤਮ ਕਰੀਏ। ਇਹ ਹੜ੍ਹਾਂ ਨੂੰ ਲਿਆਉਣ ਦਾ ਕਾਰਨ ਵੀ ਬਣਦੇ ਹਨ। ਇਸ ਅਵਸਰ ਤੇ ਸੋਸਾਇਟੀ ਦੇ ਪ੍ਰਧਾਨ ਵਿਜੈ ਕੁਮਾਰ ਗੋਇਲ, ਜੀ.ਐਸ. ਓਬਰਾਏ, ਗੁਰਬਖਸ਼ ਸਿੰਘ ਓਬਰਾਏ, ਜਿੰਦਲ ਸਿੰਘ, ਮਹਿੰਦਰ ਭਾਟੀਆ, ਅਨਿਲ ਕੁਮਾਰ ਗਰਗ, ਬਲਦੇਵ ਸਿੰਘ ਅਤੇ ਸ੍ਰੀਮਤੀ ਗੁਰਮੀਤ ਕੌਰ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਗੁਰਦੁਆਰਾ ਈਸ਼ਰਸਰ ਸਾਹਿਬ ਆਲੋਵਾਲ ਵਿਖੇ 350 ਸਾਲਾ ਸ਼ਹੀਦੀ ਚੇਤਨਾ ਮਾਰਚ ਦਾ ਸਵਾਗਤ



ਭਾਦਸੋਂ, 28 ਜੁਲਾਈ (ਭਰਪੂਰ ਸਿੰਘ ਮੱਟਰਾਂ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਉਨ੍ਹਾਂ ਦੇ ਅਨਿਨ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 350 ਸਾਲਾ ਸ਼ਹੀਦੀ ਚੇਤਨਾ ਮਾਰਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਗੁਣੀਕੇ ਤੋਂ ਕੱਢਿਆ ਗਿਆ ਜੋ ਕਿ ਵੱਖ-ਵੱਖ ਪਿੰਡਾਂ ਵਿੱਚੋਂ ਦੀ ਹੋ ਕੇ ਅਖੀਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਿੰਬੜੋ ਵਿਖੇ ਸਮਾਪਤ ਹੋਇਆ। ਵੱਖ-ਵੱਖ ਪਿੰਡਾਂ ਵਿਚ ਚੇਤਨਾ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਚੇਤਨਾ ਮਾਰਚ ਦਾ ਗੁਰਦੁਆਰਾ ਈਸ਼ਰਸਰ ਸਾਹਿਬ ਆਲੋਵਾਲ ਵਿਖੇ ਸੰਤ ਬਾਬਾ ਗੁਰਮੁੱਖ ਸਿੰਘ ਆਲੋਵਾਲ ਮੁੱਖ ਸੇਵਾਦਾਰ, ਸੰਤ ਬਾਬਾ ਰੌਸ਼ਨ ਸਿੰਘ ਧਬਲਾਮਨ, ਸੰਤ ਬਾਬਾ ਰਣਜੀਤ ਸਿੰਘ ਢੀਂਗੀ ਵਾਲੇ, ਭਾਈ ਰਣਧੀਰ ਸਿੰਘ ਢੀਡਸਾ ਸਕੱਤਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤ,ਗੁਰੂਘਰ ਕਮੇਟੀਆਂ ਅਤੇ ਸੰਗਤ ਵੱਲੋਂ ਵਲੋਂ ਚੇਤਨਾ ਮਾਰਚ ਦਾ ਸਵਾਗਤ ਕੀਤਾ ਗਿਆ। ਇਸ ਦੌਰਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦੇ ਹੈੱਡ ਗ੍ਰੰਥੀ ਜਥੇਦਾਰ ਪ੍ਰਿਤਪਾਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਦਾ ਪ੍ਰਬੰਧਕਾਂ ਵਲੋਂ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਦੇ ਸਪੁੱਤਰ ਮੋਹਿਤ ਮਹਿੰਦਰਾ ਯੂਥ ਸੂਬਾਈ ਆਗੂ ਕਾਂਗਰਸ, ਸਰਪੰਚ ਧਰਮਜੀਤ ਸਿੰਘ ਆਲੋਵਾਲ, ਐਡਵੋਕੇਟ ਰਵਿੰਦਰ ਸਿੰਘ ਸ਼ਾਹਪੁਰ, ਕਰਨੈਲ ਸਿੰਘ ਆਲੋਵਾਲ,ਪ੍ਰਮੋਦ ਭਾਰਦਵਾਜ ਸਾਬਕਾ ਸਰਪੰਚ, ਗਿਆਨੀ ਸਮਸ਼ੇਰ ਸਿੰਘ, ਦਲਜਿੰਦਰ ਸਿੰਘ ਆਲੋਵਾਲ, ਮਹਿੰਗਾ ਸਿੰਘ, ਜਥੇਦਾਰ ਜੋਗਿੰਦਰ ਸਿੰਘ, ਨਿਰਲੈਪ ਸਿੰਘ ਸ਼ਾਹਪੁਰ, ਜਰਨੈਲ ਸਿੰਘ ਨੰਬਰਦਾਰ ਸ਼ਾਹਪੁਰ, ਦਲਜੀਤ ਸਿੰਘ ਫੌਜੀ, ਬਲਜਿੰਦਰ ਸਿੰਘ ਸ਼ਾਹਪੁਰ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

## ਨਗਰ ਨਿਗਮ ਨੇ 600 ਗਜ਼ ਦਾ ਨਾਜਾਇਜ਼ ਕਬਜ਼ਾ ਖਾਲੀ ਕਰਵਾਇਆ

### ☛ਵੀਰ ਜੀ ਦੀ ਮੜੀਆਂ ਦੇ ਪਿੱਛੇ ਸਥਿਤ ਨਗਰ ਨਿਗਮ ਦੀ ਜਾਇਦਾਦ 'ਤੇ ਸਾਲਾਂ ਤੋਂ ਹੋ ਰਿਹਾ ਸੀ ਕਬਜ਼ਾ



ਪਟਿਆਲਾ, 28 ਜੁਲਾਈ (ਰੁਪਾਣਾ): ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿਚ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਹੇਠ ਅੱਜ ਇੱਕ ਹੋਰ ਮਹੱਤਵਪੂਰਨ ਕਾਰਵਾਈ ਨੂੰ ਅੰਜ਼ਾਮ ਦਿੱਤਾ ਗਿਆ। ਇਹ ਕਾਰਵਾਈ ਮੇਅਰ ਕੁੰਦਨ ਗੋਗੀਆ, ਕਮੀਸ਼ਨਰ ਪਰਮਵੀਰ ਸਿੰਘ, ਸਕੱਤਰ ਸੁਰਜੀਤ ਸਿੰਘ ਚੀਮਾ, ਸੁਪਰਡੈਂਟ ਲਵਨੀਸ਼ ਗੋਇਲ ਦੀ ਅਗਵਾਈ ਹੇਠ ਨਗਰ ਨਿਗਮ ਦੇ ਅਫਸਰ ਵਿਸ਼ਾਲ ਵਰਮਾ ਅਤੇ ਪਟਵਾਰੀ ਹਰਬੰਸ ਸਿੰਘ ਤੇ ਹੋਰ ਕਲਰਕ ਤੇ ਅਧਿਕਾਰੀਆਂ ਸਮੇਤ ਪੁਲਸ ਪ੍ਰਸ਼ਾਸ਼ਨ ਵਲੋਂ ਨੇਪਰੇ ਚਾੜਿਆ ਗਿਆ। ਇਸ ਦੌਰਾਨ ਨਿਗਮ ਨੇ ਲਗਭਗ 600 ਗਜ ਜ਼ਮੀਨ, ਜੋ ਕਿ ਨਿਗਮ ਦੀ ਮਾਲਕੀ ਸੀ, 'ਤੇ ਕੀਤਾ ਗਿਆ ਨਾਜਾਇਜ਼ ਕਬਜ਼ਾ ਹਟਾ ਕੇ ਜ਼ਮੀਨ ਨੂੰ ਮੁੜ ਆਪਣੇ ਕਬਜ਼ੇ ਵਿੱਚ ਲੈ ਲਿਆ। ਦੱਸ ਦੇਈਏ ਕਿ ਇਹ ਜਗ੍ਹਾ ਵੀਰ ਜੀ ਦੀ ਮੜੀਆਂ ਦੇ ਪਿੱਛੇ ਸਥਿਤ ਸੀ, ਜਿੱਥੇ ਕਈ ਸਾਲਾਂ ਤੋਂ ਨਾਜਾਇਜ਼ ਢਾਂਚੇ ਬਣੇ ਹੋਏ ਸਨ। ਅੱਜ ਨਿਗਮ ਟੀਮ ਨੇ ਸਥਾਨਕ ਪੁਲਿਸ ਬਲਾਂ ਦੀ ਮਦਦ ਨਾਲ ਇਹ ਕਾਰਵਾਈ ਸਵੇਰੇ 11 ਵਜੇ ਸ਼ੁਰੂ ਕੀਤੀ। ਕਾਰਵਾਈ ਦੌਰਾਨ ਮੌਕੇ 'ਤੇ ਜੇ.ਸੀ.ਬੀ. ਮਸ਼ੀਨਾਂ ਰਾਹੀਂ ਕਬਜ਼ੇ ਹਟਾਏ ਗਏ ਅਤੇ ਮੌਜੂਦਾ ਢਾਂਚਿਆਂ ਨੂੰ ਤੋੜ ਦਿੱਤਾ ਗਿਆ। ਸਾਰੀ ਕਾਰਵਾਈ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜੀ ਅਤੇ ਕਿਸੇ ਵੀ ਕਿਸਮ ਦੇ ਵਿਰੋਧ ਜਾਂ ਹੰਗਾਮੇ ਦੀ ਸਥਿਤੀ ਪੈਦਾ ਨਹੀਂ ਹੋਈ। ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਨੇ ਕਿਹਾ ਕਿ ਇਹ ਜਗ੍ਹਾ ਸਾਲਾਂ ਤੋਂ ਕਈ ਵਿਅਕਤੀਆਂ ਵੱਲੋਂ ਗ਼ੈਰਕਾਨੂੰਨੀ ਢੰਗ ਨਾਲ ਕਬਜ਼ੀ ਹੋਈ ਸੀ। ਨਗਰ ਨਿਗਮ ਵੱਲੋਂ ਸ਼ਹਿਰ ਅਤੇ ਨਾਲ ਲਗਦੇ ਇਲਾਕਿਆਂ ਵਿੱਚ ਮੁਨਿਆਦੀ ਕਰਵਾ ਕੇ ਲੋਕਾਂ ਨੂੰ ਪਹਿਲਾਂ ਕਈ ਵਾਰ ਅਪੀਲ ਕੀਤੀ ਜਾ ਚੁੱਕੀ ਹੈ ਕਿ ਨਗਰ ਨਿਗਮ ਦੀ ਜਗ੍ਹਾ ਤੇ ਕਿਸੇ ਵੀ ਵਿਅਕਤੀ ਵੱਲੋਂ ਕੀਤਾ ਗਿਆ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਰ ਪ੍ਰਭਾਵਸ਼ਾਲੀ ਨਤੀਜਾ ਨਾ ਨਿਕਲਣ ਕਰਕੇ ਅਖੀਰ ਨਿਗਮ ਨੂੰ ਜ਼ਬਰਦਸਤੀ ਕਬਜ਼ਾ ਹਟਾਉਣਾ ਪਿਆ। ਵਿਸ਼ਾਲ ਵਰਮਾ ਨੇ ਹੋਰ ਕਿਹਾ ਕਿ ਹਾਲੇ ਹੋਰ ਪਟਿਆਲਾ ਸ਼ਹਿਰ ਦੀਆਂ ਕਈ ਕੀਮਤੀ ਜ਼ਮੀਨਾਂ 'ਤੇ ਅਜਿਹੇ ਨਾਜਾਇਜ਼ ਕਬਜ਼ੇ ਹੋਏ ਹੋਏ ਹਨ ਜੋ ਕਿ ਸ਼ਹਿਰੀ ਵਿਕਾਸ ਵਿੱਚ ਵੱਡੀ ਰੁਕਾਵਟ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਜ਼ਮੀਨਾਂ 'ਤੇ ਮੁੜ ਸਰਵਜਨਿਕ ਸਹੂਲਤਾਂ, ਜਿਵੇਂ ਕਿ ਪਾਰਕ, ਕਮਿਊਨਿਟੀ ਸੈਂਟਰ ਜਾਂ ਸਰਕਾਰੀ ਦਫ਼ਤਰ ਬਣਾਏ ਜਾਣ ਦੀ ਯੋਜਨਾ ਹੈ। ਇਲਾਕਾ ਵਾਸੀਆਂ ਨੇ ਵੀ ਨਿਗਮ ਦੀ ਇਸ ਕਾਰਵਾਈ ਦੀ ਸਰਾਹਣਾ ਕੀਤੀ ਅਤੇ ਕਿਹਾ ਕਿ ਕਈ ਸਾਲਾਂ ਤੋਂ ਨਾਜਾਇਜ਼ ਢੰਗ ਨਾਲ ਹੋ ਰਹੀ ਸਰਕਾਰੀ ਜਾਇਦਾਦ ਦੀ ਬਦਇਸਤਮਾਲੀ ਨੂੰ ਰੋਕਿਆ ਜਾਣਾ ਅਤਿ ਜਰੂਰੀ ਹੈ। ਨਗਰ ਨਿਗਮ ਨੇ ਚਿਤਾਵਨੀ ਦਿੱਤੀ ਹੈ ਕਿ ਭਵਿੱਖ ਵਿਚ ਜੇਕਰ ਕਿਸੇ ਨੇ ਵੀ ਨਿਗਮ ਦੀ ਜਾਂ ਹੋਰ ਸਰਕਾਰੀ ਜਾਇਦਾਦ 'ਤੇ ਨਾਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਿੰਡ ਰੱਖੜਾ ਵਿਖੇ ਵਿਸ਼ਵ ਕੁਦਰਤ ਸੰਭਾਲ ਦਿਵਸ ਮੌਕੇ ਬੂਟੇ ਲਗਾਏ



ਨਾਭਾ, 28 ਜੁਲਾਈ (ਚੌਧਰੀਮਾਜਰਾ/ਮਾਨ) : ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਅੱਜ ਸਰਕਾਰੀ ਹਾਈ ਸਕੂਲ ਪਿੰਡ ਰੱਖੜਾ ਦਾ ਦੌਰਾ ਕੀਤਾ ਤੇ ਵਿਦਿਆਰਥੀਆਂ ਨਾਲ ਪਿੰਡ ਦੇ ਪਾਰਕ ਵਿੱਚ ਬੂਟੇ ਲਗਾ ਕੇ ਵਿਸ਼ਵ ਕੁਦਰਤ ਸੰਭਾਲ ਦਿਵਸ ਮਨਾਇਆ। ਇਸ ਮੌਕੇ ਤਰਲੋਚਨ ਸਿੰਘ ਸਰਪੰਚ ਰੱਖੜਾ, ਸੁਖਦੇਵ ਸਿੰਘ ਸਰਪੰਚ ਨਵਾਂ ਰੱਖੜਾ ਵੀ ਮੌਜੂਦ ਸਨ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਕੂਲੀ ਬੱਚਿਆਂ ਅਤੇ ਪਿੰਡ ਵਾਸੀਆਂ ਨੂੰ ਇਸ ਦਿਵਸ ਮੌਕੇ ਕੁਦਰਤੀ ਸਾਧਨਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਸਾਂਭ-ਸੰਭਾਲ ਕਰਨ ਅਤੇ ਕੁਦਰਤੀ ਸ੍ਰੋਤਾਂ ਦੀ ਕਦਰ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਅਸੀਂ ਜਿੰਨੀ ਵੀ ਵਾਤਾਵਰਨ ਦੀ ਸੰਭਾਲ ਕਰ ਸਕੀਏ ਉਨੀਂ ਹੀ ਥੋੜੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੁਦਰਤੀ ਸੋਮਿਆਂ ਦੀ ਸੰਭਾਲ ਕਰਨ ਲਈ ਵਚਨਬੱਧ ਹੈ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਵਿਸ਼ੇਸ਼ ਤੌਰ 'ਤੇ ਸਕੂਲ ਦਾ ਦੌਰਾ ਕਰਕੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਪੰਚਾਇਤ ਮੈਂਬਰ ਮਦਨ ਸਿੰਘ, ਨਾਜ਼ਰ ਸਿੰਘ, ਕ੍ਰਿਸ਼ਨ ਤੇ ਅਮਰੀਕ ਸਿੰਘ, ਵਣ ਰੇਂਜ ਅਫਸਰ ਪਟਿਆਲਾ ਸਵਰਨ ਸਿੰਘ, ਬਲਾਕ ਅਫਸਰ ਗਮਨਪ੍ਰੀਤ ਸਿੰਘ, ਬੀਟ ਇੰਚਾਰਜ ਅਮਰਿੰਦਰ ਸਿੰਘ, ਸਰਕਾਰੀ ਹਾਈ ਸਕੂਲ ਦੇ ਹੈਡ ਮਿਸਟ੍ਰੈਸ ਸੁਖਪ੍ਰੀਤ ਕੌਰ, ਮਾਸਟਰ ਪਰਮਵੀਰ ਸਿੰਘ, ਰਮਨਦੀਪ ਕੌਰ ਮੇਟ, ਭਿੰਦਰ ਰੌਣੀ ਤੇ ਹੋਰ ਕੁਦਰਤ ਪ੍ਰੇਮੀ ਅਤੇ ਪਿੰਡ ਵਾਸੀ ਮੌਜੂਦ ਸਨ।

## ਪੰਜਾਬੀ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਆਰੰਭ



ਪਟਿਆਲਾ, 28 ਜੁਲਾਈ (ਚ.ਨ.ਸ.): ਪੰਜਾਬੀ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਆਰੰਭ ਹੋ ਗਈ ਹੈ। ਇਸ ਲੜੀ ਤਹਿਤ 'ਸ਼ਹਾਦਤ ਦਾ ਸੰਕਲਪ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ' ਵਿਸ਼ੇ 'ਤੇ ਪਲੇਠਾ ਭਾਸ਼ਣ ਕਰਵਾਇਆ ਗਿਆ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕਰਵਾਏ ਇਸ ਪ੍ਰੋਗਰਾਮ ਬਾਰੇ ਵਿਭਾਗ ਮੁਖੀ ਡਾ. ਪਰਮਿੰਦਰਜੀਤ ਕੌਰ ਨੇ ਦੱਸਿਆ ਕਿ ਇਹ ਭਾਸ਼ਣ ਸਨੀ ਓਬਰਾਏ ਵਿਵੇਕ ਸਦਨ, ਫਿਊਚਰਿਸਟਿਕ ਯੂਨੀਵਰਸਿਟੀ, ਸ੍ਰੀ ਆਨੰਦਪੁਰ ਸਾਹਿਬ ਦੇ ਉਪ-ਕੁਲਪਤੀ ਪ੍ਰੋ.ਸਰਬਜਿੰਦਰ ਸਿੰਘ ਵੱਲੋਂ ਦਿੱਤਾ ਗਿਆ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਵਿੱਚ ਵੱਖ-ਵੱਖ ਕਿਸਮ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਮਹਾਨ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਸ 350ਵੇਂ ਸ਼ਹੀਦੀ ਵਰ੍ਹੇ ਨੂੰ ਇੱਕ ਲੜੀ ਦੇ ਰੂਪ ਵਿੱਚ ਮਨਾ ਰਹੇ ਹਾਂ। ਉਨ੍ਹਾਂ ਇਸ ਲੜੀ ਦੇ ਪਲੇਠੇ ਸਮਾਗਮ ਨੂੰ ਵਿਉਂਤਣ ਅਤੇ ਆਯੋਜਿਤ ਕਰਨ ਲਈ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਅਤੇ ਮੁਖੀ ਡਾ.ਪਰਮਿੰਦਰਜੀਤ ਕੌਰ ਦੀ ਸ਼ਲਾਘਾ ਕੀਤੀ। ਡਾ.ਸਰਬਜਿੰਦਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਦੁਨੀਆਂ ਦੇ ਬਾਕੀ ਧਰਮਾਂ ਵਿੱਚ ਦਿੱਤੇ 'ਸ਼ਹੀਦੀ' ਦੇ ਸੰਕਲਪ ਨਾਲੋਂ ਬਿਲਕੁਲ ਵਿਲੱਖਣ ਅਤੇ ਅਦੁੱਤੀ ਦੱਸਿਆ। ਉਨ੍ਹਾਂ ਕਿਹਾ ਕਿ ਭਾਵੇਂ ਸ਼ਹਾਦਤ ਦਾ ਸੰਕਲਪ ਹੋਰ ਧਰਮਾਂ ਵਿੱਚ ਵੀ ਹੈ ਪਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਸੰਕਲਪ ਸ੍ਰੇਸ਼ਠਤਾ ਰੱਖਦਾ ਹੈ। ਉਹਨਾਂ ਦੱਸਿਆ ਕਿ ਇਹ ਸ਼ਹੀਦੀ ਹੋਰਨਾਂ ਦੇ ਹਿਤਾਂ ਲਈ ਆਪਣੀ ਸ਼ਹਾਦਤ ਦੇਣ ਦਾ ਅਹਿਦ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਕੇਵਲ ਇੱਕ ਧਰਮ ਦੀ ਨਾ ਹੋ ਕੇ ਪੂਰੀ ਮਾਨਵਤਾ ਲਈ ਸੀ ਉਨ੍ਹਾਂ ਕਿਹਾ ਕਿ ਗੁਰੂ ਜੀ ਦੀ ਸਾਰੀ ਬਾਣੀ ਸ਼ਲੋਕੀ ਇੱਕ ਸੀ। ਉਹਨਾਂ ਗੁਰੂ ਜੀ ਦੇ ਸ਼ਹੀਦ ਹੋਣ ਦੇ ਸਮੇਂ ਦੀ ਸਹੀ ਅਤੇ ਸਟੀਕ ਜਾਣਕਾਰੀ ਰੋਜ਼ਨਾਮਚਿਆਂ ਵਿੱਚੋਂ ਪ੍ਰਾਪਤ ਕਰਨ ਦੀ ਗੱਲ ਉੱਤੇ ਜ਼ੋਰ ਦਿੱਤਾ। ਡੀਨ, ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਸਵਾਗਤੀ ਸ਼ਬਦਾਂ ਦੌਰਾਨ ਆਪਣੇ ਭਾਵ ਸਾਂਝੇ ਕਰਦਿਆਂ ਮਨੁੱਖੀ ਜੀਵਨ ਵਿੱਚ ਗੁਰੂ ਸਾਹਿਬ ਦੀ ਬਾਣੀ ਨੂੰ ਅਪਨਾਉਣ ਦੀ ਗੱਲ ਕੀਤੀ। ਉਨ੍ਹਾਂ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਅਮਲੀ ਜਾਮਾ ਪਹਿਨਾਉਣ 'ਤੇ ਬਲ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਮੁੱਚੀ ਬਾਣੀ ਪਰਮਾਤਮਾ ਨਾਲ ਇੱਕਮਿਕ ਹੋਣ ਦੀ ਗੱਲ ਕਰਦੀ ਹੈ। ਸਮਾਗਮ ਦੇ ਅੰਤ ਵਿੱਚ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ। ਯੂਨੀਵਰਸਿਟੀ ਵਿਖੇ ਆਰੰਭ ਕੀਤੀ ਪ੍ਰੋਗਰਾਮ ਲੜੀ ਬਾਰੇ ਜਾਣਕਾਰੀ ਦਿੰਦਿਆਂ ਇਤਿਹਾਸ ਅਤੇ ਸਿੱਖ ਇਤਿਹਾਸ ਅਧਿਐਨ ਵਿਭਾਗ ਦੇ ਪ੍ਰੋਫੈਸਰ ਡਾ. ਦਲਜੀਤ ਸਿੰਘ ਨੇ ਇਸ ਦੇ ਮਨੋਰਥ ਬਾਰੇ ਦੱਸਿਆ। ਉਨ੍ਹਾਂ ਆਪਣੀ ਖੋਜ ਮੁਤਾਬਕ ਗੁਰੂ ਸਾਹਿਬ ਨਾਲ ਸਬੰਧਤ ਵੱਖ-ਵੱਖ ਤੱਥਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸਾਨੂੰ ਧਾਰਮਿਕ ਸ੍ਰੋਤਾਂ ਦੇ ਨਾਲ-ਨਾਲ ਇਤਿਹਾਸਿਕ ਸ੍ਰੋਤਾਂ ਦਾ ਵੀ ਅਧਿਐਨ ਕਰਨਾ ਚਾਹੀਦਾ ਹੈ, ਜਿਸ ਨਾਲ ਸਥਿਤੀਆਂ ਵਧੇਰੇ ਸਪਸ਼ਟ ਹੁੰਦੀਆਂ ਹਨ। ਅੰਤ ਵਿੱਚ ਉਪ ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਪ੍ਰੋ. ਸਰਬਜਿੰਦਰ ਸਿੰਘ ਦੇ ਸਨਮਾਨ ਦੇ ਨਾਲ-ਨਾਲ ਬਾਬਾ ਸ੍ਰੀ ਬੰਦਾ ਸਿੰਘ ਬਹਾਦਰ ਜੀ ਸੰਪ੍ਰਦਾ ਤੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ ਸ੍ਰੀ ਐਸ.ਐਸ. ਪਾਹਵਾ ਅਤੇ ਡਾ. ਕਾਬਲ ਸਿੰਘ, ਸਾਬਕਾ ਪ੍ਰੋਫ਼ੈਸਰ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦਾ ਵੀ ਸਨਮਾਨ ਕੀਤਾ ਗਿਆ।

## ਮੇਅਰ ਵੱਲੋਂ ਬੇਸਹਾਰਾ ਗਾਵਾਂ ਦੇ ਮੁੱਦੇ 'ਤੇ ਸਖ਼ਤ ਰਵੱਈਆ

### ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣਾ ਮੇਰੀ ਪਹਿਲੀ ਤਰਜੀਹ : ਕੁੰਦਨ ਗੋਗੀਆ



ਪਟਿਆਲਾ, 28 ਜੁਲਾਈ (ਰੁਪਾਣਾ) : ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਸ਼ਹਿਰ ਵਿੱਚ ਬੇਸਹਾਰਾ ਗਾਵਾਂ ਨੂੰ ਖੁਲੇਆਮ ਛੱਡ ਦੇਣ ਅਤੇ ਮਸਲੇ ਕਾਰਨ ਗਊ ਵੰਸ਼ ਅਤੇ ਕਿਸੇ ਵੀ ਸ਼ਹਿਰੀ ਦੇ ਨੁਕਸਾਨ ਤੋਂ ਬਚਾਅ ਲਈ ਸਿੱਧੀ ਨਿਗਰਾਨੀ ਸ਼ੁਰੂ ਕਰ ਦਿੱਤੀ ਗਈ। ਗੋਗੀਆ ਖ਼ੁਦ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੀਆਂ ਸੜਕਾਂ 'ਤੇ ਨਿਕਲ ਕੇ ਮੌਕੇ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਸੜਕਾਂ ਤੇ ਘੁੰਮ ਰਹੀਆਂ ਬੇਸਹਾਰਾ ਗਾਵਾਂ ਨੂੰ ਨਿਗਮ ਟੀਮ ਵੱਲੋਂ ਵਿਸ਼ੇਸ਼ ਤੌਰ 'ਤੇ ਲਗਾਏ ਮਿੰਨੀ ਟਰੱਕ ਵਿੱਚ ਗਊ ਸ਼ਾਲਾ ਭੇਜਿਆ ਗਿਆ। ਉਨ੍ਹਾਂ ਨੇ ਸਾਫ਼ ਅੱਖਰਾਂ ਵਿੱਚ ਕਿਹਾ ਕਿ ਸ਼ਹਿਰ ਦੀ ਸੁਚੱਜੀ ਵਿਵਸਥਾ ਅਤੇ ਲੋਕਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਹੈ। ਮੇਅਰ ਨੇ ਕਿਹਾ ਕਿ ਬੇਸਹਾਰਾ ਗਾਵਾਂ ਜਾ ਹੋਰ ਪਸ਼ੂਆਂ ਕਾਰਨ ਸੜਕਾਂ 'ਤੇ ਆ ਜਾਣ ਕਾਰਨ ਨਾ ਸਿਰਫ ਟ੍ਰੈਫਿਕ ਵਿੱਚ ਰੁਕਾਵਟ ਆਉਂਦੀ ਹੈ, ਸਗੋਂ ਅਕਸਰ ਦੁਰਘਟਨਾਵਾਂ ਵੀ ਵਾਪਰਦੀਆਂ ਹਨ। ਅਸੀਂ ਇਸਨੂੰ ਹੱਲ ਕਰਨ ਲਈ ਸਖ਼ਤ ਕਦਮ ਚੁੱਕਣ ਜਾ ਰਹੇ ਹਾਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਗਰ ਨਿਗਮ ਵੱਲੋਂ ਇੱਕ ਵਿਸ਼ੇਸ਼ ਟੀਮ ਬਣਾਈ ਗਈ ਹੈ ਜੋ ਹਰ ਰੋਜ਼ ਸ਼ਹਿਰ ਦੇ ਮੁੱਖ ਮਾਰਗਾਂ, ਬਜ਼ਾਰਾਂ ਅਤੇ ਚੌਕਾਂ 'ਤੇ ਗਾਵਾਂ ਦੀ ਮੌਜੂਦਗੀ ਦੀ ਜਾਂਚ ਕਰੇਗੀ ਅਤੇ ਉਨ੍ਹਾਂ ਨੂੰ ਕਾਬੂ ਵਿੱਚ ਕਰ ਕੇ ਗਊ ਸ਼ਾਲਾ ਭੇਜੇਗੀ। ਇਸ ਦੇ ਨਾਲ ਹੀ ਮੇਅਰ ਨੇ ਸਬੰਧਤ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਜਿੱਥੇ ਕਿਤੇ ਵੀ ਗਾਵਾਂ ਜਾਂ ਹੋਰ ਪਸ਼ੂ ਬੇਸਹਾਰਾ ਹਾਲਤ ਵਿੱਚ ਮਿਲਣ ਤਾਂ ਉਨ੍ਹਾਂ ਨੂੰ ਤੁਰੰਤ ਨਿਗਮ ਨਾਲ ਸਬੰਧਤ ਗਊ ਸ਼ਾਲਾ ਆਸ਼ਰਮ 'ਚ ਲਿਜਾਇਆ ਜਾਵੇ। ਮੇਅਰ ਕੁੰਦਨ ਗੋਗੀਆ ਨੇ ਇਹ ਵੀ ਕਿਹਾ ਕਿ ਬੇਸਹਾਰਾ ਪਸ਼ੂਆਂ ਦੇ ਮਸਲੇ ਤੋਂ ਇਲਾਵਾ, ਸ਼ਹਿਰ ਨੂੰ ਸਾਫ਼-ਸੁਥਰਾ, ਕੂੜਾ-ਕਰਕਟ ਰਹਿਤ ਅਤੇ ਸਜਾਇਆ ਹੋਇਆ ਬਣਾਉਣ ਲਈ ਨਗਰ ਨਿਗਮ ਵੱਲੋਂ ਵੱਡੀ ਯੋਜਨਾ ਤਿਆਰ ਕੀਤੀ ਗਈ ਹੈ।

## ਮਾਈ ਭਾਗੋ ਬ੍ਰਿਗੇਡ ਵੱਲੋਂ ਵਣ ਮਹਾਂਉਤਸਵ ਬਾਰੇ ਸੈਮੀਨਾਰ ਭਲਕੇ

ਪਟਿਆਲਾ, 28 ਜੁਲਾਈ (ਚ.ਨ.ਸ.) : ਨੌਜਵਾਨੀ ਲਈ ਫ਼ਿਕਰਮੰਦ ਸੰਸਥਾ ਮਾਈ ਭਾਗੋ ਬ੍ਰਿਗੇਡ ਵਲੋਂ ਸਮੇਂ ਵਿਦਿਆਰਥੀਆਂ ਲਈ ਕਈ ਖ਼ਾਸ ਪ੍ਰੋਗਰਾਮ ਉਲੀਕੇ ਜਾਂਦੇ ਹਨ। ਅਜਿਹਾ ਹੀ ਇੱਕ ਸੈਮੀਨਾਰ 30 ਜੁਲਾਈ 10 ਵਜੇ ਵਣ ਮਹਾਂ ਉਤਸਵ ਨੂੰ ਲੈ ਕੇ ਵਿਉਂਤਿਆ ਗਿਆ ਹੈ ਜਿਸ ਦਾ ਵਿਸਤਾਰ ਦੇਂਦਿਆਂ ਬ੍ਰਿਗੇਡ ਦੀ ਮੁੱਖ ਸੇਵਾਦਾਰਨੀ, ਡਾ. ਬੀਬੀ ਕੁਲਵੰਤ ਕੌਰ ਨੇ ਦੱਸਿਆ ਕਿ ਦਰਜਨਾਂ ਸਕੂਲਾਂ ਦੇ ਵਿਦਿਆਰਥੀਆਂ ਤੋਂ ਇਸ ਪ੍ਰਥਾਇ ਚਾਰਟ ਤਿਆਰ ਕਰਵਾਏ ਜਾ ਰਹੇ ਹਨ ਤੇ ਸ੍ਰੀ ਦਸ਼ਮੇਸ਼ ਪਬਲਿਕ ਸਕੂਲ ਮਾਡਲ ਟਾਊਨ, ਅਨੰਤ ਪਬਲਿਕ ਸਕੂਲ ਤੇ ਬੀ.ਐਨ.ਖਾਲਸਾ ਸਕੂਲ ਦੇ ਬੱਚੇ ਭਾਸ਼ਣਾਂ ਰਾਹੀਂ ਵੀ ਆਪਣੀ ਨਵੀਂ ਸੋਚ ਦਾ ਪ੍ਰਗਟਾਵਾ ਕਰਨਗੇ। ਇਸ ਸੈਮੀਨਾਰ ਦੇ ਪ੍ਰਮੁੱਖ ਵਕਤਾ, ਡਾ. ਮਲਕੀਅਤ ਸਿੰਘ ਸਾਬਕਾ ਡੀਨ ਅਕਾਦਮਿਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਣਗੇ ਜੋ ਕਿ ਬੀਤੇ ਪੈਂਤੀ ਸਾਲਾਂ ਤੋਂ ਵਾਤਾਵਰਣ ਵਿਸ਼ੇ ਦੀ ਪੜ੍ਹਾਈ ਕਰਵਾਉਂਦੇ ਰਹੇ ਹਨ। ਪ੍ਰੋ. ਡਾ. ਸ਼ਵਿੰਦਰ ਸਿੰਘ ਰੇਖੀ (ਸਰਕਾਰੀ ਮਹਿੰਦਰਾ ਕਾਲਜ) ਵੀ ਇਸ ਮੌਕੇ ਆਪਣੇ ਵਿਚਾਰ ਰੱਖਣਗੇ। ਬਾਲ ਕਵਿਤਾਵਾਂ ਵੀ ਹੋਣਗੀਆਂ ਤੇ ਅਖੀਰ ਵਿੱਚ ਵਧੀਆ ਰਿਫਰੈਸ਼ਮੈਂਟ ਵੰਡੀ ਜਾਵੇਗੀ। ਸਾਰੇ ਵਿਦਿਆਰਥੀਆਂ ਨੂੰ ਧਾਰਮਿਕ ਸਾਹਿਤ ਤੇ ਸਟੇਸ਼ਨਰੀ ਵੰਡੀ ਜਾਵੇਗੀ।

## ਖ਼ੂਨਦਾਨ ਤੋਂ ਵੱਡਾ ਕੋਈ ਵੀ ਦਾਨ ਨਹੀਂ : ਅਜੀਤਪਾਲ ਸਿੰਘ ਕੋਹਲੀ

### ਆਖਿਲ ਭਾਰਤੀ ਹਿੰਦੂ ਸੁਰਕਸ਼ਾ ਸਮਿਤੀ ਦੇ ਯੂਥ ਵਿੰਗ ਨੇ ਖ਼ੂਨਦਾਨ ਕੈਂਪ ਲਗਾਇਆ



ਪਟਿਆਲਾ, 28 ਜੁਲਾਈ (ਰੁਪਾਣਾ) :ਅਖਿਲ ਭਾਰਤੀ ਹਿੰਦੂ ਸੁਰਕਸ਼ਾ ਸਮਿਤੀ ਦੇ ਯੂਥ ਵਿੰਗ ਦੁਆਰਾ ਸ੍ਰੀ ਹਿੰਦੂ ਤਖਤ, ਸ੍ਰੀ ਸ਼ਿਵ ਸ਼ਕਤੀ ਸੇਵਾ ਦਲ ਲੰਗਰ ਚੈਰੀਟੇਬਲ ਟਰਸਟ ਦੇ ਸਹਿਯੋਗ ਨਾਲ ਪੂਜੀਏ ਪਵਨ ਸ਼ਰਮਾ ਪੰਚਾਨੰਦ ਗਿਰੀ ਮਹਾਰਾਜ ਜੀ ਦੇ ਜਨਮ ਦਿਵਸ 'ਤੇ ਖ਼ੂਨਦਾਨ ਕੈਂਪ ਲਗਾਇਆ। ਜਿਸ ਵਿੱਚ ਨੌਜਵਾਨਾਂ ਨੇ 86 ਯੂਨਿਟ ਖ਼ੂਨ ਇਕੱਤਰ ਕਰਕੇ ਮਾਨਵਤਾ ਦੀ ਸੇਵਾ ਕੀਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਜਗਤ ਗੁਰੂ ਭੁਵਨੇਸ਼ਵਰੀ ਨੰਦ ਗਿਰੀ ਜੀ ਮਹਾਰਾਜ ਅਤੇ ਆਸ਼ੂਤੋਸ਼ ਗੌਤਮ ਨੇ ਖ਼ੂਨਦਾਨ ਕੈਂਪ ਵਿੱਚ ਪਹੁੰਚਕੇ ਕੁਸ਼ਲ ਚੋਪੜਾ ਅਤੇ ਨੌਜਵਾਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਕੁੰਦਨ ਗੋਗੀਆ ਮੇਅਰ, ਵਿਸ਼ਨੂ ਸ਼ਰਮਾ, ਕੇ.ਕੇ ਸ਼ਰਮਾ, ਹੋਬੀ ਧਾਲੀਵਾਲ, ਨਿਖਿਲ ਕੁਮਾਰ ਕਾਕਾ, ਵਰੁਣ ਜਿੰਦਲ, ਜੋਗੇਸ਼ ਗੁਪਤਾ, ਅਸ਼ੋਕ ਸ਼ਰਮਾ, ਕੈਲਾਸ਼ ਸ਼ਰਮਾ, ਸੁਧੀਰ ਬੈਕਟਰ, ਅਮਿਤ ਸ਼ਰਮਾ, ਜਗਮੋਹਨ ਬੰਟੀ, ਕੁਲਦੀਪ ਕੌਸ਼ਲ, ਵਿਕਾਸ ਕਪੂਰ, ਸੁਭਾਸ਼ ਵਰਮਨ, ਪਿੰਟਾ, ਲਛਮਣ ਦਾਸ ਲਛੂ, ਦਿਨੇਸ਼ ਬਿੱਲਾ, ਰਿਸ਼ਬ ਭਸੀਨ, ਰਜੇਸ਼ ਟਪੂ, ਦੀਪਾਂਸ਼ੂ ਸ਼ਰਮਾ, ਧਵਨ ਬੰਸਲ, ਸੁਭਾਸ਼ ਵਰਮਨ, ਤਰਸੇਮ ਸੈਣੀ, ਅਰਵਿੰਦਰ ਬਿੱਟਾ, ਕੁਲਦੀਪ ਸਾਗਰ, ਵਿਵੇਕ ਸ਼ਰਮਾ, ਹਿਮਾਂਸ਼ੂ, ਮਾਨਵ ਕੰਬੋਜ, ਪਵਨ ਕੁਮਾਰ ,ਹਿਮਾਂਸ਼ੂ ਗੌਤਮ, ਬਿੰਨੀ ਅਰੋੜਾ, ਭੂਵਨ, ਆਸ਼ੀਸ਼ ਸੱਚਦੇਵਾ, ਮੈਂਯਅੰਕ ਬਜਾਜ, ਸੁਸ਼ੀਲ ਕੁਮਾਰ, ਲਵਿਸ਼ ਕੱਕੜ, ਅਨਿਲ ਬਾਬੂ, ਵਿਸ਼ਵ ਕਪੂਰ, ਰਾਘਵ ਰਿਸ਼ੀ, ਕਰਨ ਗੋਇਲ, ਕਰਨ ਅਰੋੜਾ, ਗੈਵੀ ਸਿੰਘ, ਧਰਮਿੰਦਰ ਖੰਨਾ, ਗੌਰਵ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਵੱਲੋਂ ਬੇਲਰ ਮਾਲਕਾਂ ਨਾਲ ਬੈਠਕ

ਪਟਿਆਲਾ, 28 ਜੁਲਾਈ (ਚ.ਨ.ਸ.) : ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ.ਜਸਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਡਾ. ਗੁਰਮੀਤ ਸਿੰਘ ਖੇਤੀਬਾੜੀ ਅਫਸਰ ਬਲਾਕ ਪਟਿਆਲਾ ਵੱਲੋ ਬਲਾਕ ਪਟਿਆਲਾ ਦੇ ਬੇਲਰ ਮਾਲਕਾਂ ਨਾਲ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਭਾਗ ਵੱਲੋ ਬੇਲਰ ਮਾਲਕਾਂ ਨੂੰ ਬੇਲਰ ਜ਼ਿਆਦਾ ਤੋ ਜ਼ਿਆਦਾ ਚਲਾਉਣ ਅਤੇ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸਾਂਭਣ ਲਈ ਕਿਸਾਨਾਂ ਨਾਲ ਹੁਣ ਤੋ ਹੀ ਤਾਲ-ਮੇਲ ਰੱਖਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਬੇਲਰ ਮਾਲਕਾਂ ਨੇ ਪਰਾਲੀ ਪ੍ਰਬੰਧਨ ਲਈ ਹਾਂ ਪੱਖੀ ਹੁੰਗਾਰਾ ਭਰਦਿਆਂ ਵਿਭਾਗ ਵੱਲੋਂ ਕਿਤੇ ਜਾ ਰਹੇ ਉਪਾਲਿਆਂ ਦੀ ਸ਼ਲਾਘਾ ਕੀਤੀ। ਬੇਲਰ ਮਾਲਕਾਂ ਵੱਲੋ ਬੇਲਰ ਚਲਾਉਣ ਵਿੱਚ ਪੇਸ਼ ਆ ਰਹੀਆ ਮੁਸ਼ਕਿਲਾ ਸਬੰਧੀ ਵਿਭਾਗ ਨੂੰ ਜਾਣੂ ਕਰਵਾਇਆ ਗਿਆ

## ਮਨਪ੍ਰੀਤ ਸਿੰਘ ਵੱਲੋਂ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਤਹਿਤ ਵਿਦਿਆਰਥੀਆਂ ਨੂੰ ਸਾਹਿਤ ਲਿਖਣ ਲਈ ਕੀਤਾ ਜਾ ਰਿਹੈ ਉਤਸ਼ਾਹਿਤ



ਪਟਿਆਲਾ, 28 ਜੁਲਾਈ (ਅਮਰਜੀਤ ਸਿੰਘ) : ਈ.ਟੀ.ਟੀ. ਅਧਿਆਪਕ ਮਨਪ੍ਰੀਤ ਸਿੰਘ ਵੱਲੋਂ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਲਈ ਸਕਾਰਾਤਮਕ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਦੇ ਤਹਿਤ ਸ.ਮਨਪ੍ਰੀਤ ਸਿੰਘ ਖੋਖਰ ਈ.ਟੀ.ਟੀ. ਅਧਿਆਪਕ ਸਰਕਾਰੀ ਐਲੀਮੈਂਟਰੀ ਸਕੂਲ ਲੌਟ, ਜ਼ਿਲ੍ਹਾ ਪਟਿਆਲਾ, ਜੋ ਕਿ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਨਾਲ ਪਹਿਲੀ ਕਿਤਾਬ ਤੋਂ ਜੁੜੇ ਹੋਏ ਹਨ। ਇਹਨਾਂ ਵੱਲੋਂ ਜੁਲਾਈ 2025 ਵਿੱਚ ਪੰਜਾਬ ਪੱਧਰ ਦੇ ਪ੍ਰਾਇਮਰੀ ਸਕੂਲਾਂ ਦੇ ਬਾਲ ਲੇਖਕਾਂ ਦੀਆਂ ਰਚਨਾਵਾਂ ਦੀ ਕਿਤਾਬ ਨਵੀਆਂ ਕਲਮਾਂ ਨਵੀਂ ਉਡਾਣ ਭਾਗ 27 ਅਤੇ ਭਾਗ 52 ਵਿੱਚ ਆਪਣੇ ਸਕੂਲ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਕਿਤਾਬ ਵਿੱਚ ਛਪਵਾਈਆਂ। ਇਸ ਤੋਂ ਪਹਿਲਾਂ 2024 ਵਿੱਚ ਸੰਗਰੂਰ ਵਿਖੇ ਹੋਈ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਵਿੱਚ ਵੀ ਇਹਨਾਂ ਨੇ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਈਆਂ। ਇਹ ਲਗਾਤਾਰ ਇਸ ਪ੍ਰੋਜੈਕਟ ਲਈ ਮਿਹਨਤ ਕਰਦੇ ਹੋਏ ਆਪਣੀਆਂ ਵਡਮੁੱਲੀਆਂ ਸੇਵਾਵਾਂ ਦੇ ਰਹੇ ਹਨ।

## ਕੋ-ਆਪ੍ਰੇਟਿਵ ਬੈਂਕ 'ਚ ਅਣਪਛਾਤਿਆਂ ਵੱਲੋਂ ਚੋਰੀ ਕਰਨ 'ਤੇ ਮਾਮਲਾ ਦਰਜ



ਸਮਾਣਾ, 28 ਜੁਲਾਈ (ਵਿਜੇ ਕੁਮਾਰ) : ਸਮਾਣਾ-ਭਵਾਨੀਗੜ੍ਹ ਰੋਡ 'ਤੇ ਪਿੰਡ ਗਾਜੇਵਾਸ ਵਿੱਚ ਸਥਿਤ ਕੋ-ਆਪ੍ਰੇਟਿਵ ਬੈਂਕ ਵਿੱਚ ਬੀਤੀ ਰਾਤ ਅਣਪਛਾਤੇ ਚੋਰਾਂ ਨੇ ਸੰਨ੍ਹ ਲਗਾ ਕੇ ਦਾਖਲ ਹੋ ਕੇ ਕੈਮਰੇ, ਕੰਪਿਊਟਰ ਉਪਕਰਣ, ਇਲੈਕਟ੍ਰਾਨਿਕ ਸਾਮਾਨ ਅਤੇ ਬੈਂਕ ਦੇ ਦਸਤਾਵੇਜ਼ ਚੋਰੀ ਕਰ ਲਏ ਹਨ। ਹਾਲਾਂਕਿ, ਚੋਰ ਬੈਂਕ ਦੇ ਲਾਕਰ ਤੋੜਨ ਵਿੱਚ ਅਸਫ਼ਲ ਰਹੇ, ਜਿਸ ਕਾਰਨ ਉਹ ਨਕਦੀ ਚੋਰੀ ਨਹੀਂ ਕਰ ਸਕੇ। ਪੁਲਿਸ ਚੌਕੀ ਦੇ ਬਿਲਕੁਲ ਨਜ਼ਦੀਕ ਸਥਿਤ ਬੈਂਕ ਵਿੱਚ ਹੋਈ। ਇਸ ਚੋਰੀ ਦੀ ਜਾਣਕਾਰੀ ਸੋਮਵਾਰ ਸਵੇਰੇ ਬੈਂਕ ਦੇ ਸੁਰੱਖਿਆ ਗਾਰਡ ਨੂੰ ਬੈਂਕ ਪਹੁੰਚਣ 'ਤੇ ਮਿਲੀ। ਜਦੋਂ ਉਸ ਨੇ ਬੈਂਕ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੇ ਦੇਖਿਆ ਕਿ ਸਾਰੇ ਬਲਬ ਅਤੇ ਪੱਖੇ ਚੱਲ ਰਹੇ ਸਨ ਅਤੇ ਕਾਗਜ਼ਾਤ ਤੇ ਸਾਮਾਨ ਖਿੱਲਰਿਆ ਪਿਆ ਸੀ। ਸੂਚਨਾ ਮਿਲਣ 'ਤੇ ਬੈਂਕ ਮੈਨੇਜਰ ਅਤੇ ਸਦਰ ਪੁਲਿਸ ਮੁੱਖੀ ਤੇ ਗਾਜੇਵਾਸ ਪੁਲਿਸ ਚੌਕੀ ਇੰਚਾਰਜ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਬੈਂਕ ਬ੍ਰਾਂਚ ਮੈਨੇਜਰ ਹਰਜੀਤ ਸਿੰਘ ਅਤੇ ਸੁਰੱਖਿਆ ਗਾਰਡ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਸਮੇਂ ਆਏ ਚੋਰ ਉੱਥੇ ਲੱਗੇ ਵਿੰਡੋ ਏ.ਸੀ. ਨੂੰ ਪਾੜ ਕੇ ਬੈਂਕ ਦੇ ਅੰਦਰ ਦਾਖਲ ਹੋਏ। ਉਨ੍ਹਾਂ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਤਾਰਾਂ ਕੱਟ ਕੇ ਡੀ.ਵੀ.ਆਰ. ਉਖਾੜ ਲਿਆ ਅਤੇ ਬੈਂਕ ਦੀਆਂ ਸਾਰੀਆਂ ਅਲਮਾਰੀਆਂ ਤੇ ਦਰਾਜ਼ਾਂ ਨੂੰ ਵੀ ਪੂਰੀ ਤਰ੍ਹਾਂ ਖੰਗਾਲਿਆ। ਕੈਸ਼ ਲਾਕਰ ਤੋੜਨ ਦੀ ਕੋਸ਼ਿਸ਼ ਅਸਫ਼ਲ ਹੋਣ 'ਤੇ ਚੋਰਾਂ ਨੇ ਉੱਥੇ ਪਏ ਦੋ ਕੰਪਿਊਟਰ, ਸਕ੍ਰੀਨ, ਲੈਪਟਾਪ, ਸੀ.ਪੀ.ਯੂ., ਹਾਰਡਵੇਅਰ ਸਮੇਤ ਹੋਰ ਸਾਮਾਨ ਦੇ ਨਾਲ ਬੈਂਕ ਵਿੱਚ ਰੱਖੀ ਮੈਨੇਜਰ ਦੀ ਕੁਰਸੀ ਅਤੇ ਸੁਰੱਖਿਆ ਗਾਰਡ ਦੀ ਬੰਦੂਕ ਵੀ ਚੋਰੀ ਕਰ ਲਈ। ਸਦਰ ਪੁਲਿਸ ਇੰਚਾਰਜ ਅਜੈ ਕੁਮਾਰ ਪਰੋਚਾ ਨੇ ਦੱਸਿਆ ਕਿ ਬੈਂਕ ਮੈਨੇਜਰ ਹਰਜੀਤ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਅਣਪਛਾਤੇ ਚੋਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਆਪਣੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।

## ਨਸ਼ਾ ਕਰਦਾ ਨੌਜਵਾਨ ਕਾਬੂ, ਨਸ਼ਾ ਛੁਡਾਊ ਕੇਂਦਰ ਭੇਜਿਆ

ਸਮਾਣਾ, 28 ਜੁਲਾਈ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਚਿੱਟੇ/ਹੈਰੋਇਨ ਦਾ ਸੇਵਨ ਕਰਦੇ ਇੱਕ ਨੌਜਵਾਨ ਨੂੰ ਕਾਬੂ ਕਰਕੇ ਉਸ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਗੁਰਚਰਨ ਸਿੰਘ ਪੁੱਤਰ ਮੰਗਤ ਸਿੰਘ ਵਾਸੀ ਪਿੰਡ ਭੇਡਪੁਰੀ ਵਜੋਂ ਹੋਈ ਹੈ। ਸਿਟੀ ਪੁਲਿਸ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਕੁਲਦੀਪ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਅਗਰਸੇਨ ਚੌਕ ਵਿੱਚ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਚਿੱਟੇ/ਹੈਰੋਇਨ ਪੀਣ ਦਾ ਆਦੀ ਹੈ ਅਤੇ ਹੁਣ ਵੀ ਵਣ ਵਿਭਾਗ ਸਮਾਣਾ ਨੇੜੇ ਨਾਮਧਾਰੀ ਕਲੋਨੀ ਰੋਡ ਕਿਨਾਰੇ ਬੈਠਾ ਨਸ਼ਾ ਕਰ ਰਿਹਾ ਹੈ। ਸੂਚਨਾ ਦੇ ਆਧਾਰ @ਤੇ ਪੁਲਿਸ ਪਾਰਟੀ ਸਮੇਤ ਛਾਪਾ ਮਾਰਨ @ਤੇ ਮੁਲਜ਼ਮ ਕੋਲੋਂ ਇੱਕ ਲਾਈਟਰ ਤੇ ਸਿਲਵਰ ਪੇਪਰ ਮਿਲਣ 'ਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ @ਤੇ ਮੁਲਜ਼ਮ ਨੂੰ ਨਸ਼ਾ ਛੁਡਾਓ ਕੇਂਦਰ ਵਿੱਚ ਭੇਜ ਦਿੱਤਾ ਗਿਆ ਹੈ।

## ਹੈਜ਼ਾ, ਹਲਕਾਅ, ਬਿਜਲੀ ਕਰੰਟ, ਦਿਲ ਦੇ ਦੌਰੇ ਤੋਂ ਬਚਣ ਬਾਰੇ ਜਾਣਕਾਰੀ ਦੇਣਾ ਜ਼ਰੂਰੀ : ਮਨਦੀਪ ਕੌਰ




ਪਟਿਆਲਾ, 28 ਜੁਲਾਈ (ਚ.ਨ.ਸ.) :ਬਚਪਨ ਵਿਚ ਮਿਲੇ ਚੰਗੇ ਗਿਆਨ, ਵੀਚਾਰ, ਸਿਹਤ ਸੰਭਾਲ ਦੀ ਜਾਣਕਾਰੀ, ਬੱਚਿਆਂ ਦੇ ਭਵਿੱਖ ਵਿੱਚ ਅਰੋਗਤਾ, ਖੁਸ਼ੀਆਂ, ਸੁਰੱਖਿਆ ਅਤੇ ਸਨਮਾਨ ਪੈਦਾ ਕਰਦੇ ਹਨ, ਇਸ ਲਈ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਵੱਲੋ ਆਪਣੀਆ ਵਿਦਿਆਰਥਣਾਂ ਦੇ ਉਜਵੱਲ ਭਵਿੱਖ ਲਈ ਸਿਹਤ, ਸੁਰੱਖਿਆ, ਅਰੋਗਤਾ, ਫਸਟ ਏਡ ਦੀ ਜਾਣਕਾਰੀ ਦਿਲਵਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ, ਇਹ ਵਿਚਾਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਦੇ ਸਟੇਟ ਐਵਾਰਡੀ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਨੇ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਕਰਵਾਏ ਜਾਗਰੂਕਤਾ ਪ੍ਰੋਗਰਾਮ ਦੌਰਾਨ ਪ੍ਰਗਟ ਕੀਤੇ। ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ, ਰੈੱਡ ਕਰਾਸ ਸੁਸਾਇਟੀ ਅਤੇ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਸਹਾਇਕ ਥਾਣੇਦਾਰ ਰਾਮ ਸਰਨ ਨੇ ਵਿਦਿਆਰਥੀਆਂ ਨੂੰ ਹੈਜ਼ਾ, ਡਾਇਰੀਆ, ਹਲਕਾਅ, ਬਿਜਲੀ ਕਰੰਟ, ਦਿਲ ਦੇ ਦੌਰੇ ਤੋਂ ਬਚਣ, ਇਨ੍ਹਾਂ ਦੇ ਕਾਰਨਾਂ, ਨਿਸ਼ਾਨੀਆਂ, ਮੁੱਢਲੀ ਸਹਾਇਤਾ ਅਤੇ ਸਰਕਾਰੀ ਹਸਪਤਾਲਾਂ ਵਿਖੇ ਮਿਲ਼ਦੇ ਮੁਫ਼ਤ ਇਲਾਜ ਬਾਰੇ ਜਾਣਕਾਰੀ ਦਿੱਤੀ। ਐਨ ਐਸ ਐਸ ਪ੍ਰੋਗਰਾਮ ਅਫਸਰ ਰਾਜਿੰਦਰ ਕੌਰ ਨੇ ਧੰਨਵਾਦ ਕਰਦੇ ਹੋਏ ਡਾਕਟਰ ਕਲਾਮ ਸਾਹਿਬ ਦੀ ਬਰਸੀ ਮੌਕੇ ਉਨ੍ਹਾਂ ਦੇ ਜੀਵਨ, ਉਨ੍ਹਾਂ ਵਲੋਂ ਆਪਣੇ ਦੇਸ਼, ਅਧਿਆਪਕਾਂ, ਮਾਪਿਆਂ ਦੇ ਸੱਚੇ ਸਨਮਾਨ ਬਾਰੇ ਜਾਣਕਾਰੀ ਸਾਂਝੀ ਕੀਤੀ। ਮਿਨਾਕਸ਼ੀ ਗਿੱਲ ਅਤੇ ਸਤਵੰਤ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਜਾਣਕਾਰੀ ਭਵਿੱਖ ਲਈ ਬਹੁਤ ਲਾਭਦਾਇਕ ਹੈ। ਕਾਕਾ ਰਾਮ ਵਰਮਾ ਨੇ ਮਨਦੀਪ ਕੌਰ ਅੰਟਾਲ ਦਾ ਵਿਸ਼ੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚਣੌਤੀਆ ਲਈ ਤਿਆਰ ਕਰਨ ਅਤੇ ਆਤਮ ਨਿਰਭਰ ਬਣਾਉਣ ਲਈ ਲਗਾਤਾਰ ਪ੍ਰਸੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ।

## ਭਗਵਾਨ ਸ੍ਰੀ ਵਿਸ਼ਵਕਰਮਾ ਮੰਦਰ ਕਮੇਟੀ ਦੇ ਪ੍ਰਧਾਨ ਸੁਰਜੀਤ ਸਿੰਘ ਮਹਿਲ ਵੱਲੋਂ ਕਮੇਟੀ ਦਾ ਵਿਸਥਾਰ



ਪਟਿਆਲਾ , 28 ਜੁਲਾਈ (ਚ.ਨ.ਸ.) : ਬੀਤੇ ਦਿਨੀਂ ਭਗਵਾਨ ਸ੍ਰੀ ਵਿਸ਼ਵਕਰਮਾ ਮੰਦਰ ਵਿਸ਼ਵਕਰਮਾਂ ਮਾਰਗ ਲਹੌਰੀ ਗੇਟ ਪਟਿਆਲਾ ਵਿਖੇ ਮੀਟਿੰਗ ਕੀਤੀ ਗਈ। ਪਿਛਲੇ ਦਿਨੀਂ 1/6/2025 ਨੂੰ ਸੁਰਜੀਤ ਸਿੰਘ ਮਹਿਲ ਨੂੰ ਸਮੁੱਚੇ ਭਾਈਚਾਰੇ ਵੱਲੋਂ ਪ੍ਰਧਾਨ ਚੁਣਿਆ ਗਿਆ ਸੀ ਅਤੇ ਟੀਮ ਨੂੰ ਚੁਣਨ ਦੇ ਅਧਿਕਾਰ ਦਿੱਤੇ ਗਏ ਸਨ। ਪ੍ਰਧਾਨ ਸੁਰਜੀਤ ਸਿੰਘ ਮਹਿਲ ਵੱਲੋਂ ਕਮੇਟੀ ਦਾ ਵਿਸਥਾਰ ਕਰਦੇ ਹੋਏ ਜਨਰਲ ਸੈਕਟਰੀ ਅਮਰਜੀਤ ਸਿੰਘ ਰਾਮਗੜ੍ਹੀਆ, ਸੁਰਜੀਤ ਸਿੰਘ ਧੀਮਾਨ ਨੂੰ ਸੀਨੀਅਰ ਵਾਈਸ ਪ੍ਰਧਾਨ, ਬਲਜਿੰਦਰ ਸਿੰਘ ਜੰਡੂ ਮੀਤ ਪ੍ਰਧਾਨ , ਜਗਜੀਤ ਸਿੰਘ ਸੱਗੂ ਸੈਕਟਰੀ, ਰਾਮ ਕ੍ਰਿਸ਼ਨ ਚੇਅਰਮੈਨ ,ਅਮਰਜੀਤ ਸਿੰਘ ਸਪਾਲ ਸਰਪ੍ਰਸਤ ਖਜਾਨਚੀ ਰਾਜਿੰਦਰ ਸਿੰਘ, ਸੁਰਿੰਦਰ ਜੰਡੂ ਜੁਆਇੰਟ ਸਕੱਤਰ,ਮੈਨੇਜਰ ਚਰਨਜੀਤ ਸਿੰਘ ਬੌਬੀ, ਗੁਰਦੀਪ ਸਿੰਘ ਮਹਿਲ ਮੀਡੀਆ ਸਲਾਹਕਾਰ ਚੁਣੇ ਗਏ । ਸੁਝਾਅ ਦਿੱਤਾ ਗਿਆ ਕਿ ਵਿਸ਼ਵਕਰਮਾ ਭਾਈਚਾਰੇ ਦੀ ਮੈਂਬਰਸ਼ਿਪ ਜਲਦੀ ਤੋਂ ਜਲਦੀ ਕੀਤੀ ਜਾਵੇ। ਭਗਵਾਨ ਵਿਸ਼ਵਕਰਮਾ ਜੀ ਦੇ ਪ੍ਰਚਾਰ ਪ੍ਰਸਾਰ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇ ।ਸਰਬਸੰਮਤੀ ਨਾਲ ਕਿ ਹਰ ਸਾਲ ਦੀ ਤਰ੍ਹਾਂ ਭਗਵਾਨ ਵਿਸ਼ਵਕਰਮਾ ਮੰਦਿਰ ਵਿੱਚ ਖ਼ੂਨਦਾਨ ਕੈਂਪ ਲਗਾਇਆ ਜਾਵੇ। ਪ੍ਰਧਾਨ ਸੁਰਜੀਤ ਸਿੰਘ ਮਹਿਲ ਵੱਲੋਂ ਆਏ ਸਾਰੇ ਮੈਂਬਰਾਂ ਧੰਨਵਾਦ ਕੀਤਾ ਗਿਆ।

## ਮਾਤਾ ਸੁਖਜੀਤ ਕੌਰ ਭਾਂਖਰ ਦੀ ਅੰਤਿਮ ਅਰਦਾਸ ਮੌਕੇ ਕਲੱਬ ਨੇ ਲਗਾਇਆ ਖ਼ੂਨਦਾਨ ਕੈਂਪ

### ਖ਼ੂਨਦਾਨ ਸਭ ਤੋਂ ਵੱਡਾ ਦਾਨ : ਹਰਜਸ਼ਨ ਪਠਾਣਮਾਜਰਾ, ਇੰਦਰਜੀਤ ਸੰਧੂ



ਸਨੌਰ, 28 ਜੁਲਾਈ (ਗੁਰਜੀਤ ਸਿੰਘ ਢੋਟ) : ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਸਵ:ਮਾਤਾ ਸੁਖਜੀਤ ਕੌਰ ਭਾਂਖਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਗੁ: ਸਾਹਿਬ ਪਿੰਡ ਭਾਂਖਰ ਵਿਖੇ ਲਗਾਇਆ ਗਿਆ, ਜਿਸ ਦਾ ਰਸਮੀਂ ਉਦਘਾਟਨ ਲਖਵਿੰਦਰ ਸਿੰਘ ਅਤੇ ਬੂਟਾ ਸਿੰਘ ਨੇ ਖ਼ੂਨਦਾਨ ਕਰਕੇ ਕੀਤਾ। ਇਸ ਖ਼ੂਨਦਾਨ ਕੈਂਪ ਵਿੱਚ ਵਿਸ਼ਾਲ, ਅਮਨਦੀਪ ਸਿੰਘ, ਗੁਰਮੁੱਖ ਸਿੰਘ,ਤੇ ਲਵਪ੍ਰੀਤ ਸਿੰਘ ਸਮੇਤ 15 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਐੱਮ.ਐੱਲ.ਏ.ਹਰਮੀਤ ਸਿੰਘ ਪਠਾਨਮਾਜਰਾ ਦੇ ਸਪੁੱਤਰ ਹਰਜਸਨ ਸਿੰਘ ਪਠਾਨਮਾਜਰਾ ਅਤੇ ਇੰਦਰਜੀਤ ਸਿੰਘ ਸੰਧੂ ਵਾਈਸ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: ਨੇ ਸਾਂਝੇ ਤੌਰ 'ਤੇ ਕਿਹਾ ਕਿ ਮਾਤਾ ਸੁਖਜੀਤ ਕੌਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਲਗਾਉਣਾ ਅਤੇ ਲੋੜਵੰਦ ਮਰੀਜਾਂ ਦੀ ਮੱਦਦ ਕਰਨਾ ਪੁੰਨ ਦਾ ਕਾਰਜ ਹੈ। ਖ਼ੂਨਦਾਨ ਮਹਾਂਦਾਨ ਹੈ,ਜੋ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਹਰ ਤਿੰਨ ਮਹੀਨੇ ਬਾਅਦ ਦਾਨ ਕਰਨਾ ਚਾਹੀਦਾ ਹੈ। ਪਤੀ ਗੁਰਮੇਲ ਸਿੰਘ ਗੋਲਾ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਬੂਟੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਰਾਏ, ਦਵਿੰਦਰ ਸਿੰਘ, ਮਹਾਰਾਣੀ ਪ੍ਰਨੀਤ ਕੌਰ, ਹਰਜਸਨ ਸਿੰਘ ਪਠਾਨਮਾਜਰਾ, ਹਰਮੇਲ ਸਿੰਘ ਟੌਹੜਾ, ਇੰਦਰਜੀਤ ਸਿੰਘ ਸੰਧੂ, ਬਿਕਰਮਜੀਤ ਸਿੰਘ ਚਹਿਲ, ਜਸਪਾਲ ਸਿੰਘ ਗਗਰੋਲੀ ਜਿਲਾ ਪ੍ਰਧਾਨ, ਜੱਸੀ ਗੁੱਜਰ ਮੰਡਲ ਪ੍ਰਧਾਨ, ਕ੍ਰਿਸ਼ਨ ਸਿੰਘ ਬਹਿਰੂ, ਭੀਮ ਸਿੰਘ ਤਾਜਲਪੁਰ,ਰਾਮ ਸਿੰਘ ਜਲਵੇੜਾ, ਬਲਵੰਤ ਸਿੰਘ ਬਲਵੇੜਾ, ਐਡਵੋਕੇਟ ਜੋਸਨ ਪਟਿਆਲਾ ਤੇ ਸਾਥੀ, ਮਨਜੀਤ ਸਿੰਘ ਬਲਾਕ ਸੰਮਤੀ ਮੈਂਬਰ ਭਾਂਖਰ, ਗੁਰਬੰਸ ਸਿੰਘ ਪੂਨੀਆ, ਹਰਿੰਦਰਪਾਲ ਸਿੰਘ ਹੈਰੀਮਾਨ, ਅਸਵਨੀ ਕੁਮਾਰ ਬੱਤਾ, ਕ੍ਰਿਸ਼ਨ ਸਿੰਘ ਸਨੌਰ, ਤਰਸੇਮ ਸਿੰਘ ਸਨੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਜਗਜੀਤ ਸਿੰਘ ਕੋਹਲੀ, ਜਥੇਦਾਰ ਦਵਿੰਦਰ ਸਿੰਘ ਭਾਂਖਰ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਸਰਪੰਚ ਸਤਵਿੰਦਰ ਸਿੰਘ ਸੈਲੀ, ਅਮਰਜੀਤ ਸਿੰਘ ਭਾਂਖਰ ਅਤੇ ਸੁਖਵਿੰਦਰ ਸਿੰਘ ਬਰਨਾਲਾ ਹਾਜ਼ਰ ਸੀ।